Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉੱਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com
Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 47, November 19, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਸਿਆਸਤਦਾਨਾਂ ਨੇ ਪੰਜਾਬ ਦੀ ਪਿੱਠ ਲੁਆਈ

## ਪਾਣੀਆਂ ਦੇ ਮਾਮਲੇ ‘ਤੇ ਕਾਨੂੰਨੀ ਜੰਗ ਹਾਰਿਆ ਪੰਜਾਬ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਦੇ ਪਾਣੀਆਂ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਪਿੱਛੋਂ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਸ ਮਸਲੇ ਲਈ ਕੀਤੀਆਂ ‘ਕੁਰਬਾਨੀਆਂ’ ਦੇ ਦਾਅਵੇ ਠੋਕਣ ਲਈ ਸਰਗਰਮੀ ਫੜੀ ਹੋਈ ਹੈ, ਪਰ ਪੰਜਾਬ ਦੀ ਹਾਕਮ ਧਿਰ ਵੱਲੋਂ ਇਸ ਮਸਲੇ ਉਤੇ ਕਾਨੂੰਨੀ ਲੜਾਈ ਵਿਚ ਵਿਖਾਈ ਢਿੱਲ ਉਤੇ ਵੱਡੇ ਸਵਾਲ ਉਠ ਰਹੇ ਹਨ। ਪੰਜਾਬ ਇਸ ਸਮੇਂ ਪਾਣੀ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ, ਪਰ ਅਦਾਲਤ ਦੇ ਤਾਜ਼ਾ ਫੈਸਲੇ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਨਾਲਾਇਕੀਆਂ ਸਾਹਮਣੇ ਆਈਆਂ ਹਨ ਜਿਸ ਕਾਰਨ ਪੰਜਾਬ ਦੇ ਪਾਣੀਆਂ ’ਤੇ ਹੱਕ ਨੂੰ ਖੋਰਾ ਲੱਗਾ ਤੇ ਅਦਾਲਤੀ ਫੈਸਲਾ ਗੁਆਂਢੀ ਸੂਬੇ ਦੇ ਹੱਕ ਵਿਚ ਭੁਗਤ ਗਿਆ। ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪਾਣੀਆਂ ਉਤੇ ਹੱਕ ਲਈ ਕਾਨੂੰਨੀ ਲੜਾਈ ਲੜਨ ਦੀ ਥਾਂ ਜਲਸੇ ਰੈਲੀਆਂ ਵਿਚ ਪਾਣੀਆਂ ਦੇ ਰਾਖੇ ਬਣਨ ’ਤੇ ਜ਼ੋਰ ਦੇਈ ਰੱਖਿਆ। ਦੂਜੇ ਪਾਸੇ ਹਰਿਆਣਾ ਡਟ ਕੇ ਕਾਨੂੰਨੀ ਲੜਾਈ ਲੜਿਆ ਅਤੇ ਜਿੱਤ ਵੀ ਹਾਸਲ ਕੀਤੀ। ਪੰਜ ਜੱਜਾਂ ਦੇ ਫੁੱਲ ਬੈਂਚ ਕੋਲ 12 ਸਾਲ ਤੋਂ ਪੈਂਡਿੰਗ ਮਾਮਲੇ ਨੂੰ ਅੱਗੇ ਵਧਾਉਣ ਲਈ ਤਕਰੀਬਨ ਸਾਲ ਪਹਿਲਾਂ ਹਰਿਆਣਾ 40 ਵਕੀਲਾਂ ਦੀ ਫੌਜ ਨਾਲ ਉਤਰਿਆ ਅਤੇ ਇਕ-ਇਕ ਦਲੀਲ ਰੱਖ ਕੇ ਫੈਸਲਾ ਆਪਣੇ ਹੱਕ ਵਿਚ ਕਰਵਾ ਲਿਆ। ਦੂਜੇ ਪਾਸੇ ਪੰਜਾਬ ਸਰਕਾਰ ਨੇ ਅੱਧੀ ਸੁਣਵਾਈ ਸਿਰਫ ਇਕ ਜੂਨੀਅਰ ਵਕੀਲ ਸਹਾਰੇ ਲੜਦੀ ਰਹੀ ਅਤੇ ਸਾਰਾ ਧਿਆਨ ਸਿਆਸਤ ਖੇਡਣ ਵਿਚ ਲਾਈ ਰੱਖਿਆ। ਐਸ.ਵਾਈ.ਐਲ. ਦੀ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦਾ ਮਤਾ ਪਾਸ ਕੀਤਾ ਗਿਆ। ਅਕਾਲੀ ਦਲ ਨੇ ਆਪਣੇ ਇਸ਼ਤਿਹਾਰਾਂ ਵਿਚ ਇਸ ਨੂੰ ਰੱਜ ਕੇ ਪ੍ਰਚਾਰਿਆ, ਜਦ ਕਿ ਇਸ ਮਤੇ ’ਤੇ ਰਾਜਪਾਲ ਨੇ ਦਸਤਖਤ ਹੀ ਨਹੀਂ ਕੀਤੇ।



### ਹੁਣ ਮਾਣਹਾਨੀ ਮਾਮਲੇ ਵਿਚ ਵੀ ਘਿਰੇ ਮੁੱਖ ਮੰਤਰੀ ਬਾਦਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਅਦਾਲਤੀ ਮਾਣਹਾਨੀ ਪਟੀਸ਼ਨ ‘ਤੇ ਸੁਣਵਾਈ ਲਈ ਸਹਿਮਤੀ ਦੇ ਦਿੱਤੀ। ਇਹ ਪਟੀਸ਼ਨ ਗੁਆਂਢੀ ਸੂਬਿਆਂ ਨਾਲ ਦਰਿਆਈ ਪਾਣੀਆਂ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਵਾਲੇ ਬਿਆਨ ਦੇਣ ਉਤੇ ਪਾਈ ਗਈ ਸੀ। ਬੈਂਚ ਨੇ ਕਿਹਾ ਕਿ ਇਸ ਪਟੀਸ਼ਨ ‘ਤੇ ਸੁਣਵਾਈ ਢੁਕਵੀਂ ਪ੍ਰਕਿਰਿਆ ਮੁਤਾਬਕ ਹੋਵੇਗੀ। ਇਹ ਪਟੀਸ਼ਨ ਰੋਹਤਕ ਆਧਾਰਤ ਐਨ.ਜੀ.ਓ. ‘ਟੂ ਪਲੱਸ ਫਾਈਵ ਮੂਧੇ ਜਨ ਅੰਦੋਲਨ‘ ਦੇ ਪ੍ਰਧਾਨ ਸਤਵੀਰ ਸਿੰਘ ਹੁੱਡਾ ਨੇ ਪਾਈ। ਪਟੀਸ਼ਨਰ ਨੇ ਦਲੀਲ ਦਿੱਤੀ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਆਪਣੇ ਇਸ ਦਾਅਵੇ ‘ਤੇ ਡਟੇ ਹੋਏ ਹਨ ਕਿ ਪੰਜਾਬ ਹੋਰ ਸੂਬਿਆਂ ਨੂੰ ਪਾਣੀ ਦਾ ਇਕ ਤੁਪਕਾ ਵੀ ਨਹੀਂ ਦੇਵੇਗਾ। ਇਹ ਅਦਾਲਤ ਦੀ ਮਾਣਹਾਨੀ ਹੈ।

ਹਰਿਆਣਾ ਇਸ ਮਸਲੇ ਉਤੇ ਮੁੜ ਸੁਪਰੀਮ ਕੋਰਟ ਗਿਆ ਤੇ 12 ਮਾਰਚ 2016 ਨੂੰ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖ ਦੇ ਹੁਕਮ ਮਿਲੇ। ਇਸ ਪਿੱਛੋਂ ਸਿਰਫ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਸਿਆਸਤ ਹੀ ਕੀਤੀ ਤੇ ਕਾਨੂੰਨੀ ਲੜਾਈ ਰੱਬ ਆਸਰੇ ਛੱਡ ਦਿੱਤੀ। ਹੁਣ ਪੰਜਾਬ ਕਾਨੂੰਨੀ ਜੰਗ ਹਾਰ ਗਿਆ ਹੈ ਤੇ ਸੂਬੇ ਦੀਆਂ ਸਿਆਸੀ ਧਿਰਾਂ ਇਸ ਲਈ ਇਕ-ਦੂਜੇ ਨੂੰ ਦੋਸ਼ੀ ਠਹਿਰਾਉਣ ਵਿਚ ਉਲਝੀਆਂ ਹੋਈਆਂ ਹਨ। ਕਾਂਗਰਸ ਦੇ ਸਾਰੇ ਵਿਧਾਇਕਾਂ ਨੇ ਅਸਤੀਫੇ ਦੇ ਦਿੱਤੇ ਹਨ ਅਤੇ ਹਾਕਮ ਧਿਰ ਮਸਲੇ ਦਾ ਹੱਲ ਮਿਲ ਕੇ ਕਰਨ ਲਈ ਵਿਰੋਧੀ ਧਿਰਾਂ ਨੂੰ ਆਵਾਜ਼ਾਂ ਮਾਰ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਪਤਾ ਸੀ ਕਿ ਉਨ੍ਹਾਂ ਦਾ ਪੱਖ ਕਮਜ਼ੋਰ ਹੈ ਤੇ ਫੈਸਲਾ ਉਨ੍ਹਾਂ ਨੇ ਵਿਰੁੱਧ ਆਵੇਗਾ, ਪਰ ਇਸ ਪਾਸੇ ਕੋਈ ਗੰਭੀਰਤਾ ਨਹੀਂ ਵਿਖਾਈ ਗਈ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਹਰਿਆਣਾ ਦਾ ਪੱਖ ਪੂਰਦੇ ਹੋਏ ਸਪਸ਼ਟ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਸ਼ਾਸਨ ਕਾਲ ਸਮੇਂ ਪੰਜਾਬ ਵਿਧਾਨ ਸਭਾ ਵੱਲੋਂ ਪੰਜਾਬ ਦੇ ਪਾਣੀਆਂ ਸਬੰਧੀ ਪਹਿਲੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਐਕਟ ਗ਼ੈਰ-ਸੰਵਿਧਾਨਕ ਹੈ ਅਤੇ ਪੰਜਾਬ ਨੂੰ 31 ਦਸੰਬਰ 1981 ਦੇ ਸਮਝੌਤੇ ਤਹਿਤ

(ਬਾਕੀ ਸਫਾ 6 ’ਤੇ)

### ਮਾਹਰਾਂ ਦਾ ਤਰਕ

**ਚੰਡੀਗੜ੍ਹ:** ਮਾਹਰਾਂ ਦਾ ਤਰਕ ਹੈ ਕਿ ਪਾਣੀਆਂ ਦੇ ਝਗੜਿਆਂ ਦੇ ਹੱਲ ਲਈ ਕੌਮੀ ਅਤੇ ਕੌਮਾਂਤਰੀ ਤੌਰ ‘ਤੇ ਪ੍ਰਵਾਨਿਤ ਸਿਧਾਂਤ ਮੌਜੂਦ ਹਨ। ਸੁਪਰੀਮ ਕੋਰਟ ਨੇ ਸਿਰਫ ਪਾਣੀ ਸਬੰਧੀ ਪਹਿਲੇ ਸਮਝੌਤਿਆਂ ਨੂੰ ਰੱਦ ਕਰਨ ਵਾਲੇ 2004 ਦੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਹੀ ਗੈਰਵਾਜਬ ਠਹਿਰਾਇਆ ਹੈ, ਦਰਿਆਈ ਪਾਣੀਆਂ ਉਤੇ ਪੰਜਾਬ ਦੇ ਹੱਕ ਨੂੰ ਨਹੀਂ। ਇਹ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਸਮੇਂ ਦੇ ਗੁਜ਼ਰਨ ਨਾਲ ਰਾਵੀ-ਬਿਆਸ ਦੇ ਪਾਣੀਆਂ ਦੀ ਮਿਕਦਾਰ ਵੀ ਘੱਟ ਚੁੱਕੀ ਹੈ ਜਿਸ ਨਾਲ ਨਿਸ਼ਚੇ ਹੀ ਪਾਣੀ ਦੀ ਪਹਿਲਾਂ ਨਿਸ਼ਚਿਤ ਮਾਤਰਾ ਦੇ ਅੰਕੜੇ ਅਪ੍ਰਸੰਗਕ ਹੋ ਗਏ ਹਨ। ਇਸ ਤੋਂ ਇਲਾਵਾ ਪੰਜਾਬ ਵੱਲੋਂ ਹਰਿਆਣਾ ਨੂੰ ਗੈਰ-ਰਿਪੇਰੀਅਨ ਸੂਬਾ ਦੱਸਣ ਦੇ ਨੁਕਤੇ ਨੂੰ ਵੀ ਸੁਤੰਤਰ ਅਤੇ ਕਾਨੂੰਨੀ ਪੱਖੋਂ ਮੁੜ ਘੋਖਿਆ ਜਾਣਾ ਚਾਹੀਦਾ ਹੈ।


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
TABLE CLOTH, NAPKINS, CHAIRS ETC.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

## ਪ੍ਰੀਤਮ ਸਿੰਘ ਗਰੇਵਾਲ
## ਦੇਵ ਗਰੇਵਾਲ
## ਤੇ ਸਮੂਹ ਪਰਿਵਾਰ

# *Grewal Enterprises*

**San Jose, CA Ph:408-406-0703**

# ਪੁਰਾਤਨ ਵਿਧੀ ਨਾਲ ਬੀੜ ਤਿਆਰ ਕਰ ਰਿਹਾ ਹੈ ਮਹਿਤਾਬ ਸਿੰਘ

**ਸ੍ਰੀ ਮੁਕਤਸਰ ਸਾਹਿਬ:** ਪੰਜਵੇਂ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਜਿਹੜੀ ਸਿਆਹੀ ਅਤੇ ਕਾਗਜ਼ ਵਰਤਿਆ ਸੀ, ਉਸੇ ਤਰ੍ਹਾਂ ਦੇ ਕਾਗਜ਼ ਅਤੇ ਸਿਆਹੀ ਦੀ ਵਰਤੋਂ ਕਰ ਕੇ ਇੰਜਨੀਅਰ ਮਹਿਤਾਬ ਸਿੰਘ ਹੱਥ ਲਿਖਤ ਬੀੜ ਤਿਆਰ ਕਰਨ ਲਈ ਯਤਨਸ਼ੀਲ ਹੈ। ਇਸ ਬੀੜ ਵਾਸਤੇ ਕਾਗਜ਼ ਵੀ ਹੱਥੀਂ ਤਿਆਰ ਕੀਤਾ ਜਾਵੇਗਾ ਅਤੇ ਸਿਆਹੀ ਵਿਚ ਸੋਨੇ ਸਣੇ ਹੋਰ ਕੀਮਤੀ ਧਾਤਾਂ ਪਾਈਆਂ ਜਾਣਗੀਆਂ।

ਇਥੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਲਿਖਣ ਸਮੱਗਰੀ ਦੀ ਪ੍ਰਦਰਸ਼ਨੀ ਦੌਰਾਨ ਇੰਜਨੀਅਰ ਮਹਿਤਾਬ ਸਿੰਘ ਨੇ ਦੱਸਿਆ ਕਿ ਆਮ ਕਾਗਜ਼ ਅਤੇ ਸਿਆਹੀ ਦੀ ਉਮਰ ਅੱਧੀ ਸਦੀ ਹੁੰਦੀ ਹੈ ਜਦੋਂਕਿ ਇਸ ਤਰ੍ਹਾਂ ਤਿਆਰ ਕੀਤੀ ਬੀੜ ਦੀ ਉਮਰ ਵੱਧ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਕਰੀਬ ਡੇਢ ਸਾਲ ਦੀ ਖੋਜ ਤੋਂ ਬਾਅਦ ਉਹ ਕਾਗਜ਼ ਤੇ ਸਿਆਹੀ ਤਿਆਰ ਕਰਨ ਵਿਚ ਸਫ਼ਲ ਹੋਏ ਹਨ। ਇਸ ਸਿਆਹੀ ਬਾਰੇ ਪੁਰਾਤਨ ਗ੍ਰੰਥਾਂ ਦੇ ਪਿੱਛੇ ਵੇਰਵੇ ਦਿਤੇ ਹਨ ਜੋ ਗੂੜ੍ਹ ਸੰਸਕ੍ਰਿਤ ਵਿਚ ਹਨ। ਇਸ ਪੜ੍ਹਤ ਬਾਰੇ ਪੰਡਿਤਾਂ ਤੇ ਹੋਰ ਵਿਦਵਾਨ ਲਿਖਾਰੀਆਂ ਤੱਕ ਵੀ ਪਹੁੰਚ ਕੀਤੀ ਗਈ ਹੈ। ਕਲਮਾਂ ਵਾਸਤੇ ਕਾਨਾ, ਨੜ੍ਹਾ ਤੇ ਮੋਰ ਖੰਭ ਦੀ ਵਰਤੋਂ ਕੀਤੀ ਜਾਂਦੀ ਹੈ। ਸਿਆਹੀ ਰਗੜਨ ਵਾਸਤੇ ਨਿੰਮ ਦੇ ਘੋਟਣੇ ਮੂਹਰੇ ਸੋਨੇ ਦੀ ਮੇਖ ਲਾਈ ਜਾਂਦੀ ਹੈ। ਖਾਲਸ ਸੋਨਾ, ਬੋਲ੍ਹ, ਕੱਜਲ, ਸੋਨਾ ਮੱਕੀ, ਵਿਜੈਸ਼ਾਹ ਦਾ ਪਾਣੀ, ਲਾਜਵਰਦਾ ਤੇ ਸੋਨਾ ਰੱਤੀ ਆਦਿ ਧਾਤੂਆਂ ਨੂੰ ਸੋਨੇ ਦੀ ਮੇਖ ਲੱਗੇ ਘੋਟਣੇ ਨਾਲ ਤਾਂਬੇ ਦੇ ਕੂੰਡੇ ਵਿਚ ਘੋਟ ਕੇ ਤਿਆਰ ਕੀਤਾ ਜਾਂਦਾ ਹੈ। ਇਹ ਸਿਆਹੀ ਪੱਕੀ ਤੇ ਚਮਕਦਾਰ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਵਾਸਤੇ ਲੱਗਣ ਵਾਲੀ ਇਸ ਤਰ੍ਹਾਂ ਦੀ ਸਿਆਹੀ ਦੀ ਕੀਮਤ ਕਈ ਲੱਖ ਰੁਪਏ ਬਣਦੀ ਹੈ। ਸਿਆਹੀ ਦਾ ਖ਼ਰਚਾ ਪੂਰਾ ਨਾ ਹੋਣ ਕਰ ਕੇ ਹੀ ਉਸ ਦਾ ਹੱਥ ਲਿਖਤ ਕੰਮ ਪਛੜ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਹੋਰ ਕਿਸੇ ਧਾਰਮਿਕ ਸੰਸਥਾ ਨੇ ਅਜੇ ਤੱਕ ਖ਼ਰਚਾ ਨਹੀਂ ਓਟਿਆ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੇ ਪ੍ਰਾਜੈਕਟ ਨੂੰ ਪਾਸ ਕਰਦਿਆਂ ਲਿਖਤੀ ਮਨਜ਼ੂਰੀ ਦੇ ਦਿਤੀ ਹੈ। ਹੁਣ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਪ੍ਰਦਰਸ਼ਨੀਆਂ ਰਾਹੀਂ ਆਪਣੀਆਂ ਹੱਥ ਲਿਖਤਾਂ ਦੀ ਵਿਕਰੀ ਕਰਨ ਤੇ ਆਪਣੀ ਮਨਸ਼ਾ ਆਮ ਲੋਕਾਂ ਤੱਕ ਪਹੁੰਚਾਉਣ ਦਾ ਹੀਲਾ ਕੀਤਾ ਹੈ। ਆਮ ਲਿਖਤਾਂ ਵਾਸਤੇ ਅਖਰੋਟ ਤੇ ਅਨਾਰ ਦੇ ਛਿਲਕੇ ਨੂੰ ਸਰਬ ਲੋਹੇ ਦੇ ਜੰਗਾਲ ਲੱਗੇ ਭਾਂਡੇ ਵਿਚ ਰਗੜ ਕੇ ਸਿਆਹੀ ਤਿਆਰ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕਾਗਜ਼ ਵਾਸਤੇ ਜੈਪੁਰ ਦੇ ਸਾਂਗਾਕੇਰ ਖੇਤਰ ਵਿਚ ਰਹਿਣ ਵਾਲੇ ਪੁਰਾਤਨ ਕਾਰੀਗਰਾਂ ਕੋਲ ਪਹੁੰਚ ਕੀਤੀ ਗਈ ਹੈ। ਇਨ੍ਹਾਂ ਕਾਰੀਗਰਾਂ ਦੇ ਬਜ਼ੁਰਗਾਂ ਨੇ ਹੀ ਗੁਰੂ ਅਰਜਨ ਦੇਵ ਨੂੰ ਕਾਗਜ਼ ਤਿਆਰ ਕਰ ਕੇ ਦਿਤਾ ਸੀ। ਉਹੀ ਫਾਰਮੂਲਾ ਅੱਜ ਵੀ ਵਰਤਿਆ ਜਾ ਰਿਹਾ ਹੈ। ਇਹ ਕਾਗਜ਼ ਤੇਜ਼ਾਬ ਮੁਕਤ ਹੁੰਦਾ ਹੈ ਅਤੇ ਹੱਥ ਨਾਲ ਤਿਆਰ ਕੀਤਾ ਜਾਂਦਾ ਹੈ।

## ਸਿੱਖ ਭਾਈਚਾਰੇ ਵਲੋਂ ਜਸਟਿਨ ਟਰੂਡੋ ਨੂੰ ਸ਼ੁਭਕਾਮਨਾਵਾਂ ਭੇਟ




**ਵੈਨਕੂਵਰ (ਬਿਊਰੋ):** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦਾ ਇਕ ਸਾਲ ਪੂਰਾ ਹੋਣ 'ਤੇ ਇਥੇ ਉਨ੍ਹਾਂ ਦੀ ਵਰ੍ਹੇਗੰਢ ਲੰਘੀ 8 ਨਵੰਬਰ ਨੂੰ ਮਨਾਈ ਗਈ। ਇਸ ਮੌਕੇ ਵੱਖ ਵੱਖ ਭਾਈਚਾਰਿਆਂ ਦੀਆਂ ਸ਼ਖਸੀਅਤਾਂ ਉਨ੍ਹਾਂ ਨੂੰ ਵਧਾਈ ਦੇਣ ਲਈ ਪਹੁੰਚੀਆਂ।

ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ ਕੈਲੀਫੋਰਨੀਆ ਦੇ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ ਖਾਲਸਾ ਵੀ ਪਹੁੰਚੇ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਲੋਈ ਅਤੇ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਦਿਆਂ ਉਨ੍ਹਾਂ ਦੀ ਸਫਲਤਾ ਲਈ ਦੁਆਵਾਂ ਦਿੱਤੀਆਂ ਅਤੇ ਕਿਹਾ ਕਿ ਸਾਡਾ ਉਦੇਸ਼ ਵਿਸ਼ਵ ਵਿਚ ਅਮਨ, ਏਕਤਾ ਤੇ ਖੁਸ਼ੀ ਦੀ ਕਾਇਮੀ ਤੋਂ ਇਲਾਵਾ ਵਾਤਾਵਰਣ ਦੀ ਸੰਭਾਲ ਕਰਨਾ ਹੈ ਤਾਂ ਜੋ ਮਨੁੱਖਤਾ ਦਾ ਭਲਾ ਹੋ ਸਕੇ।

## ਜਨ ਧਨ ਖਾਤਿਆਂ ਵਿਚ ਅਰਬਾਂ ਰੁਪਏ ਜਮ੍ਹਾਂ

**ਨਵੀਂ ਦਿੱਲੀ:** 500 ਤੇ 1000 ਰੁਪਏ ਦੇ ਨੋਟ ਬੰਦ ਕਰਨ ਪਿੱਛੋਂ ਸਿਰਫ ਦੋ ਦਿਨਾਂ ਵਿਚ ਜ਼ੀਰੋ ਬੈਲੈਂਸ ਵਾਲੇ ਜਨ ਧਨ ਖਾਤਿਆਂ ਵਿਚ ਅਚਨਚੇਤ 2 ਲੱਖ ਕਰੋੜ ਰੁਪਏ ਜਮ੍ਹਾਂ ਹੋਣ ਦੇ ਮਾਮਲੇ ਦੀ ਸਰਕਾਰ ਜਾਂਚ ਕਰ ਰਹੀ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਗੈਰਕਾਨੂੰਨੀ ਕਰੰਸੀ ਕਾਰੋਬਾਰ ਕਰਨ ਵਾਲਿਆਂ, 500 ਤੇ 1000 ਰੁਪਏ ਦੇ ਨੋਟ ਬਦਲਣ ਦੀ ਪੇਸ਼ਕਸ਼ ਅਤੇ ਸੋਨੇ ਅਤੇ ਸਰਾਫਾ ਵਿਚ ਬੇਹਿਸਾਬਾ ਧਨ ਨਿਵੇਸ਼ ਕਰਨ ਵਾਲਿਆਂ 'ਤੇ ਬਾਜ਼ ਅੱਖ ਰੱਖ ਰਹੀਆਂ ਹਨ।

## ਪਾਕਿਸਤਾਨੀ ਹਨ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ?

**ਚੰਡੀਗੜ੍ਹ:** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਬਾਰੇ ਪਾਕਿਸਤਾਨ ਸਭ ਤੋਂ ਵੱਡਾ ਦਾਅਵਾ ਕਰ ਰਿਹਾ ਹੈ। ਦਰਅਸਲ ਪਾਕਿਸਤਾਨ ਦਾ ਕਹਿਣਾ ਹੈ ਕਿ ਡੋਨਲਡ ਟਰੰਪ ਪਾਕਿਸਤਾਨੀ ਹਨ। ਉਨ੍ਹਾਂ ਦਾ ਅਸਲੀ ਨਾਮ ਦਾਊਦ ਇਬਰਾਹੀਮ ਖਾਨ ਹੈ।

ਜ਼ਿਕਰਯੋਗ ਹੈ ਕਿ ਟਰੰਪ ਪਾਕਿਸਤਾਨ ਅਤੇ ਇਸਲਾਮ ਦੇ ਆਲੋਚਕ ਹਨ। ਉਹ ਉਸਾਮਾ ਬਿਨ ਲਾਦਿਨ ਨੂੰ ਰਹਿਣ ਲਈ ਸੁਰੱਖਿਅਤ ਜਗ੍ਹਾ ਮੁਹੱਈਆ ਕਰਾਉਣ ਲਈ ਪਾਕਿਸਤਾਨ ਨੂੰ ਮੁਆਫੀ ਮੰਗਣ ਲਈ ਕਹਿ ਚੁੱਕੇ ਹਨ। ਬਾਵਜੂਦ ਇਸ ਦੇ ਪਾਕਿਸਤਾਨੀ ਨਿਊਜ਼ ਚੈਨਲ ਨੇ ਉਨ੍ਹਾਂ ਦਾ ਰਿਸ਼ਤਾ ਪਾਕਿਸਤਾਨ ਨਾਲ ਜੋੜ ਦਿੱਤਾ ਹੈ। ਪਾਕਿਸਤਾਨ ਦੇ ਚੈਨਲ 'ਜੀਓ ਨਿਊਜ਼' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਟਰੰਪ ਦਾ ਅਸਲੀ ਨਾਮ ਦਾਊਦ ਇਬਰਾਹੀਮ ਖਾਨ ਹੈ। ਰਿਪੋਰਟ ਮੁਤਾਬਕ ਟਰੰਪ ਨੇ ਵਜੀਰਿਸਤਾਨ ਦੇ ਇਕ ਮਦਰੱਸੇ ਤੋਂ ਪੜ੍ਹਾਈ ਕੀਤੀ ਹੈ। ਸਾਲ 1954 ਵਿਚ ਇਕ ਸੜਕ ਦੁਰਘਟਨਾ ਵਿਚ ਉਸ ਦੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਬ੍ਰਿਟਿਸ਼ ਭਾਰਤੀ ਸੈਨਾ ਦੇ ਇਕ ਕੈਪਟਨ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ ਅਤੇ 1955 ਵਿਚ ਗੋਦ ਲੈ ਲਿਆ ਸੀ। ਚੈਨਲ ਨੇ ਕਿਹਾ ਹੈ ਕਿ ਨੌਜਵਾਨ ਦਾਊਦ ਨੂੰ ਟਰੰਪ ਪਰਿਵਾਰ ਨੇ ਅਪਨਾਇਆ ਸੀ। ਬ੍ਰਿਟਿਸ਼ ਭਾਰਤੀ ਸੈਨਾ ਦੇ ਇਕ ਕੈਪਟਨ ਉਨ੍ਹਾਂ ਨੂੰ ਲੰਡਨ ਲੈ ਗਏ ਸਨ ਅਤੇ ਚੈਨਲ ਨੇ ਟਰੰਪ ਦੇ ਬਚਪਨ ਦੀਆਂ ਕੁਝ ਤਸਵੀਰਾਂ ਵੀ ਸਬੂਤ ਦੇ ਤੌਰ ਉਤੇ ਪੇਸ਼ ਕਰ ਦਿੱਤੀਆਂ, ਜਿਨ੍ਹਾਂ ਵਿਚ ਉਨ੍ਹਾਂ ਦੇ ਸ਼ਕਲ ਨਾਲ ਮਿਲਦੇ-ਜੁਲਦੇ ਬੱਚੇ ਦੀ ਤਸਵੀਰ ਵੀ ਦਿਖਾਈ ਜਾ ਰਹੀ ਹੈ।




**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



**ਸੰਜਨਾ ਪ੍ਰਭਾਕਰ**
ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

■ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
■1% ਡਾਊਨ ਪੇਮੈਂਟ 'ਤੇ ਲੋਨ
*(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)*
■ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
*email: sanjana4loans@gmail.com*

Arcus LENDING America's Premier Mortgage Experts
*Arcus NMLS # 1035734*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

# ਗੈਰਕਾਨੂੰਨੀ ਪਰਵਾਸੀਆਂ ਬਾਰੇ ਟਰੰਪ ਦੀ ਸੁਰ ਰਤਾ ਕੁ ਬਦਲੀ

**ਵਾਸ਼ਿੰਗਟਨ:** ਚੋਣ ਪ੍ਰਚਾਰ ਦੌਰਾਨ ਪਰਵਾਸੀਆਂ ਵਿਰੁਧ ਭੜਾਸ ਕੱਢਣ ਅਤੇ ਤੁਰੰਤ ਸਖਤ ਨਵੀਆਂ ਨੀਤੀਆਂ ਬਣਾਉਣ ਬਾਰੇ ਵਾਰ-ਵਾਰ ਕਹਿਣ ਵਾਲੇ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਮੁੱਦੇ ਉਤੇ ਹੁਣ ਕੁਝ ਕੁ ਨਰਮੀ ਵਾਲੇ ਪਾਸੇ ਮੋੜਾ ਕੱਟਿਆ ਹੈ। ਚੋਣਾਂ ਜਿੱਤਣ ਤੋਂ ਤੁਰਤ ਬਾਅਦ ਸ੍ਰੀ ਟਰੰਪ ਨੇ ਕੌਮ ਦੇ ਨਾਂ ਜੋ ਭਾਸ਼ਨ ਦਿਤਾ, ਉਸ ਵਿਚ ਉਹ ਚੋਣ ਮੁਹਿੰਮ ਦੌਰਾਨ ਵਾਲੀ ਉਚੀ ਸੁਰ ਨੂੰ ਪਿੱਛੇ ਛੱਡ ਕੇ ਸੰਕੋਚ ਅਤੇ ਸੰਜਮ ਵਾਲੇ ਸੁਰ ਵਿਚ ਨਜ਼ਰ ਆ ਰਹੇ ਸਨ। ਚੋਣ ਮੁਹਿੰਮ ਦੌਰਾਨ ਉਹ ਕਹਿੰਦੇ ਰਹੇ ਕਿ ਜੇ ਉਹ ਜਿੱਤੇ ਤਾਂ ਅਮਰੀਕਾ ਦੀ ਧਰਤੀ ਉਤੇ ਇਕ ਵੀ ਗੈਰ-ਕਾਨੂੰਨੀ ਪਰਵਾਸੀ ਰਹਿਣ ਨਹੀ ਦੇਣਾ, ਪਰ ਚੋਣ ਜਿੱਤਣ ਤੋਂ ਬਾਅਦ ਦੇ ਭਾਸ਼ਨ ਵਿਚ ਉਨ੍ਹਾਂ ਆਪਣੇ ਇਸ ਬਿਆਨ ਜਾਂ ਐਲਾਨ ਨੂੰ ਇਹ ਕਹਿੰਦਿਆਂ ਸੋਧ ਲਿਆ ਕਿ ਉਸ ਦੀ ਮੁਰਾਦ ਅਪਰਾਧੀ ਪਿਛੋਕੜ ਵਾਲੇ ਗੈਰਕਾਨੂੰਨੀ ਪਰਵਾਸੀਆਂ ਤੋਂ ਸੀ, ਸਭਨਾਂ ਤੋਂ ਨਹੀਂ। ਇਸੇ ਤਰ੍ਹਾਂ ਉਨ੍ਹਾਂ ਵਾਰ-ਵਾਰ ਇਹ ਵੀ ਕਿਹਾ ਹੈ ਕਿ ਉਹ ਸਭਨਾਂ ਦੇ ਸਾਂਝੇ ਆਗੂ ਵਜੋਂ ਕੰਮ ਕਰੇਗਾ।

ਫਿਰ ਵੀ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਹਿਲੇਰੀ ਕਲਿੰਟਨ ਉਪਰ ਉਸ ਦੀ ਜਿੱਤ ਨੇ ਰਾਜਸੀ ਮਾਹਿਰਾਂ ਅਤੇ ਟਿਪਣੀਕਾਰਾਂ ਦੇ ਸਭ ਕਿਆਸੇ ਗਲਤ ਸਿੱਧ ਕੀਤੇ ਹਨ ਅਤੇ ਉਸ ਦੀ ਇਹ ਸਨਸਨੀਖੇਜ਼ ਜਿੱਤ ਦੇਰ ਤੱਕ ਚਰਚਾ ਦਾ ਵਿਸ਼ਾ ਬਣੀ ਰਹੇਗੀ। ਆਖਰ ਕਿਹੜੇ ਕਾਰਨ ਸਨ ਜਾਂ ਲੋਕਾਂ ਦੀਆਂ ਡੈਮੋਕਰੇਟਾਂ ਨਾਲ ਕਿਹੜੀਆਂ ਸਖਤ ਨਾਰਾਜ਼ਗੀਆਂ ਸਨ ਕਿ ਫਲੋਰਿਡਾ, ਓਹਾਇਓ ਅਤੇ ਸਭ ਤੋਂ ਵੱਧ ਮਿਸ਼ੀਗਨ ਸਟੇਟ ਜਿਥੋਂ ਉਹ ਪਿਛਲੇ 20-25 ਵਰ੍ਹਿਆਂ ਤੋਂ ਕਦੀ ਨਹੀਂ ਸਨ ਹਾਰੇ, ਇਨ੍ਹਾਂ ਸਭ ਵੱਡੇ ਰਾਜਾਂ ਵਿਚੋਂ ਹਿਲੇਰੀ ਨੂੰ ਨਿਰਾਸ਼ਾਜਨਕ ਹਾਰ ਦਾ ਮੂੰਹ ਵੇਖਣਾ ਪਿਆ। ਸ੍ਰੀ ਟਰੰਪ ਨੇ ਜਿੱਤ ਤੋਂ ਬਾਅਦ ਸੀ.ਬੀ.ਐਸ. ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਪਰਾਧੀ ਪ੍ਰਵਿਰਤੀ ਵਾਲੇ ਪਰਵਾਸੀਆਂ ਨੂੰ ਤਾਂ ਉਹ ਅਹੁਦਾ ਸੰਭਾਲਦਿਆਂ ਸਾਰ ਅਮਰੀਕਾ ਵਿਚੋਂ ਬਾਹਰ ਕੱਢ ਦੇਣਗੇ। ਯਾਦ ਰਹੇ ਕਿ ਅਮਰੀਕਾ ਵਿਚ ਇਸ ਵੇਲੇ ਇਕ ਕਰੋੜ ਦਸ ਲੱਖ ਦੇ ਕਰੀਬ ਗੈਰਕਾਨੂੰਨੀ ਪਰਵਾਸੀ ਹਨ। ਇਨ੍ਹਾਂ ਵਿਚੋਂ 30 ਲੱਖ ਉਹ ਪਰਵਾਸੀ ਹਨ ਜਿਨ੍ਹਾਂ ਕੋਲ ਕੋਈ ਦਸਤਾਵੇਜ ਨਹੀਂ ਹੈ। ਇਨ੍ਹਾਂ ਵਿਚ ਬਹੁਤ ਸਾਰੇ ਭਾਰਤੀ ਮੂਲ ਦੇ ਵੀ ਹਨ।

ਉਧਰ, ਰਿਪਬਲਿਕਨ ਦੇ ਸੀਨੀਅਰ ਆਗੂ ਤੇ ਨੁਮਾਇੰਦਾ ਸਦਨ ਦੇ ਸਪੀਕਰ ਪੌਲ ਰਿਆਨ ਨੇ ਕਿਹਾ ਹੈ ਕਿ ਫਿਲਹਾਲ 'ਡੀਪੋਰਟੇਸ਼ਨ ਫੋਰਸ' ਕਾਇਮ ਕਰਨ ਦਾ ਕੋਈ ਦਾਈਆ ਨਹੀਂ ਹੈ।




## ਟਰੰਪ ਦੀ ਜਿੱਤ ਖਿਲਾਫ ਰੋਹ ਵਧਿਆ

**ਨਿਊ ਯਾਰਕ:** ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੂੰ ਮਿਲੀ ਜਿੱਤ ਤੋਂ ਗੁੱਸੇ ਵਿਚ ਆਏ ਲੱਖਾਂ ਅਮਰੀਕੀ ਸੜਕਾਂ ਉਤੇ ਉਤਰ ਆਏ। ਲੋਕਾਂ ਨੇ ਪੂਰੇ ਮੁਲਕ ਵਿਚ ਥਾਂ-ਥਾਂ ਪ੍ਰਦਰਸ਼ਨ ਕਰਦਿਆਂ ਆਵਾਜਾਈ ਰੋਕੀ ਅਤੇ 'ਟਰੰਪ ਮੇਰਾ ਰਾਸ਼ਟਰਪਤੀ ਨਹੀਂ' ਤੇ 'ਫਾਸ਼ੀਵਾਦਾਂ ਦਾ ਅਮਰੀਕਾ ਨਹੀਂ' ਦੇ ਨਾਅਰੇ ਲਾਏ। ਅਰਬਾਂਪਤੀ ਕਾਰੋਬਾਰੀ ਟਰੰਪ ਦੇ ਮੁਲਕ ਦੇ ਅਗਲੇ ਰਾਸ਼ਟਰਪਤੀ ਵਜੋਂ ਹੋਈ ਚੋਣ ਮਗਰੋਂ ਹੋਏ ਇਨ੍ਹਾਂ ਪ੍ਰਦਰਸ਼ਨਾਂ ਵਿਚ ਹਰ ਉਮਰ ਤੇ ਫਿਰਕੇ ਦੇ ਲੋਕ ਸ਼ਾਮਲ ਹੋਏ।


ਇਸ ਦੌਰਾਨ ਸਿਆਟਲ ਵਿਚ ਪ੍ਰਦਰਸ਼ਨ ਵਾਲੀ ਥਾਂ ਨੇੜੇ ਚੱਲੀ ਗੋਲੀ ਵਿਚ ਪੰਜ ਲੋਕ ਜ਼ਖਮੀ ਹੋ ਗਏ। ਹਾਲਾਂਕਿ ਪੁਲਿਸ ਦਾ ਦਾਅਵਾ ਹੈ ਕਿ ਗੋਲੀਬਾਰੀ ਦਾ ਪ੍ਰਦਰਸ਼ਨਾਂ ਨਾਲ ਕੋਈ ਸਬੰਧ ਨਹੀਂ। ਜਿਨ੍ਹਾਂ ਥਾਵਾਂ ਉਤੇ ਪ੍ਰਦਰਸ਼ਨ ਹੋਏ, ਉਨ੍ਹਾਂ ਵਿਚ ਨਿਊ ਯਾਰਕ, ਸ਼ਿਕਾਗੋ, ਫਿਲਾਡੈਲਫੀਆ, ਬੋਸਟਨ, ਕੈਲੀਫੋਰਨੀਆ, ਕੋਲਾਰਾਡੋ, ਸਿਆਟਲ, ਲਾਸ ਏਂਜਲਸ, ਪੋਰਟਲੈਂਡ, ਐਟਲਾਂਟਾ, ਆਸਟਿਨ, ਡੈਨਵਰ, ਸਾਂ ਫਰਾਂਸਿਸਕੋ ਤੇ ਹੋਰ ਸ਼ਹਿਰ ਸ਼ਾਮਲ ਹਨ।

ਵਾਸ਼ਿੰਗਟਨ ਵਿਚ ਪ੍ਰਦਰਸ਼ਨਕਾਰੀ ਵਾਈਟ ਹਾਊਸ ਦੇ ਬਾਹਰ ਇਕੱਠੇ ਹੋ ਗਏ ਤੇ ਉਨ੍ਹਾਂ ਮੋਮਬੱਤੀਆਂ ਜਗਾ ਕੇ ਆਪਣੇ ਰੋਸ ਦਾ ਮੁਜ਼ਾਹਰਾ ਕੀਤਾ। ਨਿਊ ਯਾਰਕ ਵਿਚ ਪ੍ਰਦਰਸ਼ਨਕਾਰੀਆਂ ਨੇ 14ਵੀਂ ਸਟਰੀਟ ਤੋਂ ਪੰਜਵੇਂ ਐਵੇਨਿਊ ਜਿਥੇ ਟਰੰਪ ਦੀ ਕੰਪੇਨ ਦਾ ਹੈੱਡ ਆਫਿਸ 'ਦਿ ਟਰੰਪ ਟਾਵਰਜ਼' ਸਥਿਤ ਹਨ, ਤੱਕ ਮਾਰਚ ਕੀਤਾ। ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਮਗਰੋਂ ਟਰੰਪ ਟਾਵਰ ਨੂੰ ਜਾਂਦੇ ਰਸਤੇ ਨੂੰ ਜਾਮ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਸ਼ਿਕਾਗੋ ਡਾਊਨਟਾਊਨ ਵਿਚ ਰੈਲੀ ਵੀ ਕੀਤੀ।

ਉਧਰ, ਕੈਲੀਫੋਰਨੀਆ ਵਾਸੀਆਂ ਨੇ ਸੋਸ਼ਲ ਮੀਡੀਆ 'ਤੇ ਆਪਣਾ ਨਜ਼ਰੀਆ ਜ਼ਾਹਰ ਕਰਦਿਆਂ ਕਿਹਾ ਕਿ ਟਰੰਪ ਦੀ ਜਿੱਤ ਤੋਂ ਬਾਅਦ ਕੈਲੀਫੋਰਨੀਆ ਨੂੰ ਅਮਰੀਕਾ ਨਾਲੋਂ ਵੱਖ ਹੋ ਜਾਣਾ ਚਾਹੀਦਾ ਹੈ। ਰਾਸ਼ਟਰਪਤੀ ਚੋਣਾਂ ਦੌਰਾਨ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਵੱਡਾ ਫਤਵਾ ਮਿਲਿਆ ਸੀ।

## ਜੇ ਕਿਤੇ ਬਰਨੀ ਸੈਂਡਰਜ਼ ਹੁੰਦਾ...

**ਵਾਸ਼ਿੰਗਟਨ:** ਡੈਮੋਕਰੈਟਿਕ ਸੈਨੇਟਰ ਬਰਨੀ ਸੈਂਡਰਜ਼ ਨੇ ਕਿਹਾ ਹੈ ਕਿ ਜੇ ਉਹ ਹਿਲੇਰੀ ਕਲਿੰਟਨ ਦੀ ਥਾਂ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਹੁੰਦਾ ਤਾਂ ਉਹ ਡੋਨਲਡ ਟਰੰਪ ਨੂੰ ਵੱਡੇ ਫਰਕ ਨਾਲ ਹਰਾਉਣ ਵਿਚ ਕਾਮਯਾਬ ਹੁੰਦਾ। ਯਾਦ ਰਹੇ ਕਿ ਪਾਰਟੀ ਅੰਦਰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਾਮਜ਼ਦਗੀ ਦੌਰਾਨ ਬਰਨੀ ਨੇ ਹਿਲੇਰੀ ਨੂੰ ਟੱਕਰ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਹਰ ਸਰਵੇਖਣ ਵਿਚ ਉਹ ਸਭ ਤੋਂ ਅੱਗੇ ਜਾ ਰਿਹਾ ਸੀ, ਪਰ ਪਹਿਲਾਂ ਪਾਰਟੀ ਨੇ ਅਤੇ ਫਿਰ ਰਾਸ਼ਟਰਪਤੀ ਬਰਾਕ ਓਬਾਮਾ ਨੇ ਹਿਲੇਰੀ ਦਾ ਸਮਰਥਨ ਕੀਤਾ। ਸੁਪਰ ਡੈਲੀਗੇਟਾਂ ਦੀ ਵੱਡੀ ਗਿਣਤੀ ਵੀ ਹਿਲੇਰੀ ਦੇ ਹੱਕ ਵਿਚ ਡਟੀ ਰਹੀ। ਸਿੱਟੇ ਵਜੋਂ ਬਰਨੀ ਪਛੜ ਗਿਆ। ਹੁਣ ਵੋਟਾਂ ਤੋਂ ਦੋ ਦਿਨ ਪਹਿਲਾਂ ਗਰੇਵਿਸ ਮਾਰਕੀਟਿੰਗ ਵੱਲੋਂ 1600 ਵੋਟਰਾਂ ਉਤੇ ਕਰਵਾਏ ਸਰਵੇਖਣ ਵਿਚ ਇਹ ਰੁਝਾਨ ਸਾਹਮਣੇ ਆਇਆ ਕਿ 75 ਸਾਲਾ ਸੈਨੇਟਰ 56 ਫੀਸਦੀ ਵੋਟਾਂ ਹਾਸਲ ਕਰ ਸਕਦਾ ਸੀ। ਸਰਵੇਖਣ ਮੁਤਾਬਕ, ਇਕ ਤਿਹਾਈ ਨਿਰਪੱਖ ਵੋਟਰ ਸੈਂਡਰਜ਼ ਨੂੰ ਭੁਗਤ ਕਰ ਸਕਦੇ ਸਨ। ਖੁਦ ਬਰਨੀ ਨੇ ਕਿਹਾ ਹੈ ਕਿ ਪਾਰਟੀ ਨਿਰਾਸ਼ ਹੋਏ ਮੱਧ ਵਰਗ ਦੀਆਂ ਵੋਟਾਂ ਹਾਸਲ ਕਰਨ ਵਿਚ ਨਾਕਾਮ ਰਹੀ। ਮਾਹਿਰ ਦੱਸਦੇ ਹਨ ਕਿ ਇਹ ਸਾਰੀਆਂ ਵੋਟਾਂ ਬਰਨੀ ਨੂੰ ਪੈ ਸਕਦੀਆਂ ਸਨ।



## ਬੌਬੀ ਜਿੰਦਲ ਬਾਰੇ ਚਰਚਾ

**ਵਾਸ਼ਿੰਗਟਨ:** ਲੁਸੀਆਨਾ ਦੇ ਗਵਰਨਰ ਬੌਬੀ ਜਿੰਦਲ ਬਾਰੇ ਚਰਚਾ ਹੈ ਕਿ ਉਨ੍ਹਾਂ ਨੂੰ ਟਰੰਪ ਕੈਬਨਿਟ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਯਾਦ ਰਹੇ, ਬੌਬੀ ਜਿੰਦਲ ਨੇ ਵੀ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਪਾਰਟੀ ਵੱਲੋਂ ਦਾਅਵੇਦਾਰੀ ਪੇਸ਼ ਕੀਤੀ ਸੀ, ਪਰ ਉਹ ਪਹਿਲੇ ਗੇੜਾਂ ਵਿਚ ਹੀ ਪਛੜ ਗਏ ਸਨ। ਹੁਣ ਜੇ ਉਨ੍ਹਾਂ ਨੂੰ ਕੈਬਨਿਟ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ ਤਾਂ ਉਹ ਕੈਬਨਿਟ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਭਾਰਤੀ-ਅਮਰੀਕੀ ਹੋਣਗੇ।



## ਐਫ.ਬੀ.ਆਈ. ਮੁਖੀ ਨੇ ਪਾਏ ਬੇੜੀਆਂ 'ਚ ਵੱਟੇ: ਹਿਲੇਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੀ ਚੋਣ ਹਾਰਨ ਵਾਲੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਕਿਹਾ ਕਿ ਉਹ ਐਫ.ਬੀ.ਆਈ. ਮੁਖੀ ਜੇਮਜ਼ ਕੌਮੇ ਕਾਰਨ ਚੋਣ ਹਾਰੀ ਹੈ। ਚੋਣ ਤੋਂ ਕੁਝ ਦਿਨ ਪਹਿਲਾਂ ਜੇਮਜ਼ ਵੱਲੋਂ ਉਨ੍ਹਾਂ ਵਿਰੁੱਧ ਈ-ਮੇਲ ਮਾਮਲੇ ਦੀ ਜਾਂਚ ਮੁੜ ਖੋਲ੍ਹੇ ਜਾਣ ਦੇ ਫੈਸਲੇ ਕਾਰਨ ਉਨ੍ਹਾਂ ਦੀ ਚੋਣ ਪ੍ਰਚਾਰ ਮੁਹਿੰਮ ਨੂੰ ਧੱਕਾ ਲੱਗਿਆ ਤੇ ਉਹ ਇਤਿਹਾਸਕ ਜਿੱਤ ਤੋਂ ਵਾਂਝੀ ਰਹਿ ਗਈ। ਉਨ੍ਹਾਂ ਕਿਹਾ ਕਿ ਚੋਣ ਵਿਚ ਹਾਰ ਦੇ ਕਈ ਕਾਰਨ ਹਨ, ਪਰ ਉਨ੍ਹਾਂ ਦੇ ਮੁਲੰਕਣ ਮੁਤਾਬਕ ਐਫ.ਬੀ.ਆਈ. ਮੁਖੀ ਵੱਲੋਂ ਖੜ੍ਹੇ ਕੀਤੇ ਆਧਾਰਹੀਣ ਸ਼ੰਕਿਆਂ ਕਾਰਨ ਉਨ੍ਹਾਂ ਵੱਲੋਂ ਬਣਾਈ ਗਈ ਜੇਤੂ ਮੁਹਿੰਮ ਨੂੰ ਢਾਹ ਲੱਗੀ ਹੈ। ਜਾਂਚ ਮੁੜ ਖੋਲ੍ਹੇ ਜਾਣ ਦੇ ਫੈਸਲੇ ਤੋਂ ਪਹਿਲਾਂ ਤੱਕ ਉਨ੍ਹਾਂ ਨੂੰ ਚੋਣ ਪ੍ਰਚਾਰ ਮੁਹਿੰਮ ਦੌਰਾਨ ਭਰਪੂਰ ਹੁੰਗਾਰਾ ਤੇ ਸਮਰਥਨ ਮਿਲ ਰਿਹਾ ਸੀ।

## ਅਮਰੀਕੀ ਚੋਣਾਂ 'ਚ ਭਾਰਤੀਆਂ ਨੇ ਵੀ ਗੱਡੇ ਜਿੱਤ ਦੇ ਝੰਡੇ

**ਵਾਸ਼ਿੰਗਟਨ:** ਅਮਰੀਕਾ ਦੀਆਂ ਆਮ ਚੋਣਾਂ ਵਿਚ ਇਸ ਵਾਰ ਭਾਰਤੀ ਮੂਲ ਦੇ ਚਾਰ ਆਗੂਆਂ ਨੇ ਅਮਰੀਕੀ ਕਾਂਗਰਸ (ਸੰਸਦ) ਵਿਚ ਦਾਖਲਾ ਪਾਉਣ ਵਿਚ ਕਾਮਯਾਬੀ ਹਾਸਲ ਕੀਤੀ। ਭਾਰਤੀ ਔਰਤਾਂ ਦੀ ਕਾਰਗੁਜ਼ਾਰੀ ਵੀ ਸ਼ਾਨਦਾਰ ਰਹੀ। ਭਾਰਤੀ ਮੂਲ ਦੀ ਕਮਲਾ ਹੈਰਿਸ (51) ਅਮਰੀਕੀ ਕਾਂਗਰਸ ਦੇ ਉਪਰਲੇ ਸਦਨ ਸੈਨੇਟ ਦੀ ਸੀਟ ਜਿੱਤ ਕੇ ਇਤਿਹਾਸ ਕਾਇਮ ਕੀਤਾ। ਗੌਰਤਲਬ ਹੈ ਕਿ ਬਾਕੀ ਮੁਲਕਾਂ ਦੇ ਉਲਟ ਅਮਰੀਕਾ ਵਿਚ ਸੰਸਦ ਦੇ ਉਪਰਲੇ ਸਦਨ ਨੂੰ ਵੱਧ ਸ਼ਕਤੀਆਂ ਹਾਸਲ ਹਨ। ਬੀਬੀ ਹੈਰਿਸ ਇਸ ਤੋਂ ਪਹਿਲਾਂ ਦੋ ਵਾਰ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਰਹਿ ਚੁੱਕੀ ਹੈ। ਇਨ੍ਹਾਂ ਤੋਂ ਇਲਾਵਾ ਪ੍ਰਮਿਲਾ ਜੈਪਾਲ (51) ਨੇ ਸਿਆਟਲ ਸੀਟ ਜਿੱਤ ਕੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿਚ ਦਾਖਲਾ ਪਾਇਆ। ਉਹ ਇਹ ਮਾਣ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਔਰਤ ਬਣੀ ਹੈ। ਉਨ੍ਹਾਂ ਦੇ ਨਾਲ ਹੀ ਰਾਜਾ ਕ੍ਰਿਸ਼ਨਾਮੂਰਥੀ ਵੀ ਹੇਠਲੇ ਸਦਨ ਵਿਚ ਪੁੱਜਣ 'ਚ ਸਫਲ ਰਹੇ ਹਨ। ਇਸੇ ਤਰ੍ਹਾਂ ਡੈਮੋਕ੍ਰੇਟਿਕ ਉਮੀਦਵਾਰ ਰੋਅ ਖੰਨਾ ਵੀ ਕੈਲੀਫੋਰਨੀਆ ਦੇ 17ਵੇਂ ਜ਼ਿਲ੍ਹੇ ਤੋਂ ਮਾਈਕ ਹੌਂਡਾ ਨੂੰ ਹਰਾ ਕੇ ਪ੍ਰਤੀਨਿਧ ਸਭਾ ਦੇ ਮੈਂਬਰ ਬਣੇ ਹਨ।

# ਟਰੰਪ ਕਿਵੇਂ ਜਿੱਤਿਆ ਰਾਸ਼ਟਰਪਤੀ ਚੋਣ

**ਵਾਸ਼ਿੰਗਟਨ:** ਟਰੰਪ ਦੀ ਜਿੱਤ ਦਾ ਮੁੱਖ ਕਾਰਨ ਉਸ ਨੂੰ ਮੂਲ ਅਮਰੀਕੀ ਗੋਰਿਆਂ ਵੱਲੋਂ ਮਿਲਿਆ ਭਾਰੀ ਸਮਰਥਨ ਮੰਨਿਆ ਜਾ ਰਿਹਾ ਹੈ। ਟਰੰਪ ਵੱਲੋਂ ਮੂਲ ਅਮਰੀਕੀ ਲੋਕਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਨੌਕਰੀਆਂ ਨੂੰ ਦੇਸ਼ ਤੋਂ ਬਾਹਰ ਜਾਣ ਤੋਂ ਬਚਾਉਣ ਦੇ ਐਲਾਨ ਨੇ ਉਸ ਦੀ ਜਿੱਤ ਯਕੀਨੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਚੋਣ ਮੈਨੀਫੈਸਟੋ ਵਿਚ ਵੱਧ ਤੋਂ ਵੱਧ ਨੌਕਰੀਆਂ ਸਿਰਜਣ ਦਾ ਕੀਤਾ ਗਿਆ ਵਾਅਦਾ ਵੀ ਉਸ ਦੀ ਜਿੱਤ ਲਈ ਲਾਹੇਵੰਦ ਸਾਬਤ ਹੋਇਆ। ਦੂਜੇ ਪਾਸੇ ਡੈਮੋਕਰੈਟਿਕ ਪਾਰਟੀ ਦੀਆਂ ਉਦਾਰਵਾਦੀ ਨੀਤੀਆਂ ਦੇ ਫੇਲ੍ਹ ਹੋਣ ਦੇ ਸਿੱਟੇ ਵਜੋਂ ਅਮਰੀਕੀ ਅਰਥਵਿਵਸਥਾ ਵਿਚ ਆਏ ਨਿਘਾਰ ਅਤੇ ਇਸ ਤੋਂ ਉਪਜੇ ਸੱਤਾ ਵਿਰੋਧੀ ਮਾਹੌਲ ਨੇ ਹਿਲੇਰੀ ਕਲਿੰਟਨ ਨੂੰ ਚਿੱਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਹਿਲੇਰੀ ਕਲਿੰਟਨ ਵੱਲੋਂ ਵਿਦੇਸ਼ ਮੰਤਰੀ ਦੇ ਕਾਰਜਕਾਲ ਸਮੇਂ ਈ-ਮੇਲਾਂ ਦੇ ਦੁਰਉਪਯੋਗ ਸਬੰਧੀ ਹੋਏ ਖੁਲਾਸੇ ਨੇ ਵੀ ਉਸ ਦੀ ਭਰੋਸੇਯੋਗਤਾ ਨੂੰ ਢਾਹ ਲਾਈ।

ਇਸ ਚੋਣ ਦੇ ਕਈ ਹੋਰ ਮਹੱਤਵਪੂਰਨ ਪਹਿਲੂ ਵੀ ਪਹਿਲੀ ਵਾਰ ਸਾਹਮਣੇ ਆਏ ਹਨ। ਦੋਵਾਂ ਉਮੀਦਵਾਰਾਂ ਅਤੇ ਪਾਰਟੀਆਂ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਨੀਤੀਆਂ ਉਪਰ ਚਰਚਾ ਕਰਨ ਦੀ ਬਜਾਏ ਇਕ ਦੂਜੇ ਪ੍ਰਤੀ ਦੋਸ਼-ਪ੍ਰਤੀਦੋਸ਼ਾਂ ਦਾ ਸਿਲਸਿਲਾ ਭਾਰੂ ਰਿਹਾ। ਇਸ ਚੋਣ ਨੇ ਅਮਰੀਕੀ ਮੀਡੀਆ ਦੀ ਨਿਰਪੱਖਤਾ ਉਤੇ ਸਵਾਲ ਖੜ੍ਹੇ ਕਰਨ ਤੋਂ ਇਲਾਵਾ ਚੋਣ ਸਰਵੇਖਣਾਂ ਦੀ ਅਸਲੀਅਤ ਦਾ ਪਰਦਾਫਾਸ਼ ਕਰ ਦਿੱਤਾ ਹੈ। ਟਰੰਪ ਨੇ ਗਿਣੇ ਵੋਟਾਂ ਵਿਚੋਂ 48.5 ਫੀਸਦੀ ਹਾਸਲ ਕੀਤੇ ਜਦੋਂਕਿ ਹਿਲੇਰੀ ਨੇ 47 ਪ੍ਰਤੀਸ਼ਤ ਵੋਟ ਹਾਸਲ ਕੀਤੇ ਹਨ। ਟਰੰਪ ਨੇ 23 ਰਾਜਾਂ ਵਿਚ ਜਿੱਤ ਦਾ ਝੰਡਾ ਲਹਿਰਾਇਆ ਜਦੋਂਕਿ ਹਿਲੇਰੀ ਨੇ 17 ਰਾਜਾਂ ਵਿਚ ਹੀ ਜਿੱਤ ਹਾਸਲ ਕੀਤੀ। 162 ਸਾਲ ਪੁਰਾਣੀ ਰਿਪਬਲੀਕਨ ਪਾਰਟੀ ਦੀ ਰਵਾਇਤ ਦੇ ਉਲਟ 70 ਸਾਲਾ ਰੀਅਲ ਅਸਟੇਟ ਕਾਰੋਬਾਰੀ ਨੇ ਸਥਾਪਤੀ ਵਿਰੋਧੀ ਔਸਤ ਅਮਰੀਕੀਆਂ ਦੇ ਭਰਮ ਟੁੱਟਣ ਦੀ ਨਬਜ਼ ਫੜੀ ਅਤੇ ਇਸ ਨੂੰ ਪਰਵਾਸੀ ਵਿਰੋਧੀ ਅਨੈਤਿਕ ਸ਼ਬਦ ਅਲੰਕਾਰ ਵਿਚ ਤਬਦੀਲ ਕਰ ਦਿੱਤਾ।




## ਵਿਵਾਦਾਂ ਨਾਲ ਟਰੰਪ ਦਾ ਰਿਸ਼ਤਾ

**ਵਾਸ਼ਿੰਗਟਨ:** ਅਮਰੀਕਾ ਦੇ 45ਵੇਂ ਰਾਸ਼ਟਰਪਤੀ ਟਰੰਪ 'ਤੇ ਹਮੇਸ਼ਾ ਅਯਾਸ਼ੀ ਦੇ ਇਲਜ਼ਾਮ ਲੱਗਦੇ ਰਹੇ ਹਨ। ਇਸ ਕਰ ਕੇ ਉਨ੍ਹਾਂ ਨਾਲ ਜੁੜੇ ਵਿਵਾਦਾਂ ਦੀ ਲਿਸਟ ਲੰਬੀ ਹੈ। 1970 ਤੋਂ ਲੈ ਕੇ 2005 ਤੱਕ ਟਰੰਪ ਦੇ ਵਿਵਾਦ ਖਾਸ ਕਰ ਕੇ ਔਰਤਾਂ ਨਾਲ ਹੀ ਜੁੜੇ ਹਨ। 1990 ਵਿਚ ਜਿਲ ਹਾਰਥ ਨਾਮ ਦੀ ਔਰਤ ਨੇ ਟਰੰਪ 'ਤੇ ਬਤਮੀਜ਼ੀ ਦੇ ਇਲਜ਼ਾਮ ਲਾਏ ਸਨ। ਟਰੰਪ ਦੀ ਐਕਸ ਪਤਨੀ ਈਵਾਨਾ ਟਰੰਪ ਉਨ੍ਹਾਂ 'ਤੇ ਰੇਪ ਦਾ ਇਲਜ਼ਾਮ ਲਾ ਚੁੱਕੀ ਹੈ, ਹਾਲਾਂਕਿ ਬਾਅਦ ਵਿਚ ਉਨ੍ਹਾਂ ਨੇ ਆਪਣੀ ਕਹਾਣੀ ਬਦਲ ਲਈ ਸੀ। ਬਿਊਟੀ ਕੁਈਨ ਟੈਂਗਰ ਨੇ ਟਰੰਪ 'ਤੇ ਜ਼ਬਰਦਸਤੀ ਬੁੱਲ੍ਹਾਂ ਨੂੰ ਚੁੰਮਣ ਦਾ ਇਲਜ਼ਾਮ ਲਾਇਆ ਸੀ। 1970 ਵਿਚ ਵੀ ਦੋ ਮਹਿਲਾਵਾਂ ਨੇ ਟਰੰਪ 'ਤੇ ਇਲਜ਼ਾਮ ਲਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਕ ਫਲਾਈਟ ਦੌਰਾਨ ਟਰੰਪ ਨੇ ਜ਼ਬਰਦਸਤੀ ਉਨ੍ਹਾਂ ਦੇ ਕੱਪੜਿਆਂ ਵਿਚ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਟਰੰਪ ਨੇ ਇਕ ਵਾਰ ਇਕ ਅਖਬਾਰ ਦੀ ਰਿਪੋਰਟਰ ਨਾਲ ਵੀ ਬਦਸਲੂਕੀ ਕੀਤੀ ਸੀ।

## ਰਾਸ਼ਟਰਪਤੀ ਦੀ ਚੋਣ 'ਚ ਸਿਰਜੇ ਗਏ ਇਤਿਹਾਸ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿਚ ਕਈ ਇਤਿਹਾਸ ਰਚੇ ਗਏ। ਰਾਸ਼ਟਰਪਤੀ ਲਈ ਹੋਈ ਚੋਣ ਵਿਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਹਰਾ ਕੇ ਇਤਿਹਾਸ ਸਿਰਜ ਦਿੱਤਾ ਹੈ। 70 ਸਾਲਾ ਟਰੰਪ ਇਸ ਅਹਿਮ ਅਹੁਦੇ 'ਤੇ ਕਾਬਜ਼ ਹੋਣ ਵਾਲੀ ਅਮਰੀਕਾ ਦੀ ਪਹਿਲੀ ਅਜਿਹੀ ਸ਼ਖ਼ਸੀਅਤ ਹਨ ਜਿਸ ਨੇ ਇਸ ਤੋਂ ਪਹਿਲਾਂ ਨਾ ਕਦੇ ਕੋਈ ਸਿਆਸੀ ਚੋਣ ਲੜੀ ਹੈ ਅਤੇ ਨਾ ਹੀ ਕਿਸੇ ਸਿਆਸੀ ਅਹੁਦੇ 'ਤੇ ਰਹੇ ਹਨ। ਦੂਜੇ ਪਾਸੇ ਅਮਰੀਕਾ ਦੇ 240 ਸਾਲ ਦੇ ਇਤਿਹਾਸ ਵਿਚ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦਾ ਸੁਪਨਾ ਦੇਖਣ ਵਾਲੀ ਹਿਲੇਰੀ ਕਲਿੰਟਨ ਨੂੰ ਕਾਂਟੇ ਦੀ ਟੱਕਰ ਵਾਲੇ ਇਸ ਮੁਕਾਬਲੇ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਸ ਚੋਣ ਪ੍ਰਕਿਰਿਆ ਦੇ ਆਰੰਭ ਤੋਂ ਲੈ ਕੇ ਅੰਤਿਮ ਪੜਾਅ ਤੱਕ ਮੀਡੀਆ ਅਤੇ ਸਿਆਸੀ ਪੰਡਿਤ ਹਿਲੇਰੀ ਕਲਿੰਟਨ ਦੀ ਜਿੱਤ ਦੀਆਂ ਕਿਆਸ-ਅਰਾਈਆਂ ਲਾਉਂਦੇ ਆ ਰਹੇ ਸਨ। ਆਖਰੀ ਚੋਣ ਨਤੀਜਿਆਂ ਵਿਚ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਾਲੇ ਚੁਣਾਵੀ ਮੰਡਲ ਦੀਆਂ 538 ਵੋਟਾਂ ਵਿਚੋਂ 278 ਦੀ ਹਮਾਇਤ ਨਾਲ ਹਿਲੇਰੀ ਕਲਿੰਟਨ ਨੂੰ ਪਛਾੜ ਦਿੱਤਾ।

## ਟਰੰਪ ਦਾ ਵ੍ਹਾਈਟ ਹਾਊਸ ਤੱਕ ਦਾ ਸਫਰ

**ਵਾਸ਼ਿੰਗਟਨ:** ਡੋਨਲਡ ਜਾਨ ਟਰੰਪ ਉਹ ਸ਼ਖਸ ਹਨ ਜੋ ਦੇਸ਼-ਦੁਨੀਆਂ ਦੇ ਸਾਰੇ ਵਿਵਾਦਾਂ ਨਾਲ ਉਲਝਦਿਆਂ ਵ੍ਹਾਈਟ ਹਾਊਸ ਦੇ ਉਮੀਦਵਾਰ ਬਣੇ ਅਤੇ ਅੱਜ ਜਿੱਤ ਵੀ ਗਏ। ਟਰੰਪ ਦੇ ਪਿਤਾ ਜਰਮਨੀ ਅਤੇ ਮਾਂ ਸਕਾਟਲੈਂਡ ਤੋਂ ਹੈ ਅਤੇ ਟਰੰਪ ਨੇ ਤਿੰਨ ਵਿਆਹ ਕੀਤੇ ਹਨ। ਸਕੂਲ ਦੀ ਪੜ੍ਹਾਈ ਦੌਰਾਨ ਉਹ ਕਾਫੀ ਸ਼ਰਾਰਤੀ ਸਨ, ਇਸ ਕਾਰਨ ਉਨ੍ਹਾਂ ਨੂੰ 13 ਸਾਲਾਂ ਦੀ ਉਮਰੇ ਮਿਲਟਰੀ ਅਕਾਦਮੀ ਭੇਜ ਦਿੱਤਾ ਗਿਆ। ਉਹ ਵਹਾਟਰਨ ਸਕੂਲ ਆਫ ਫਾਈਨਾਂਸ ਐਂਡ ਕਮਰਸ ਤੋਂ ਗਰੈਜੂਏਟ ਹਨ। ਉਨ੍ਹਾਂ ਨੇ ਸਾਲ 1968 'ਚ ਇਕਨਾਮਿਕਸ ਨਾਲ ਬੈਚਲਰ ਆਫ ਸਾਇੰਸ 'ਚ ਡਿਗਰੀ ਲਈ। ਉਹ ਸਾਲ 1985 ਤੋਂ 2016 ਦੌਰਾਨ ਅਮਰੀਕਾ ਦੇ ਸਟਾਕ ਮਾਰਕਿਟ ਅਤੇ ਰੀਅਲ ਅਸਟੇਟ ਦੇ ਸੰਦਰਭ 'ਚ ਇਕ ਆਮ ਉਦਮੀ ਰਹੇ ਹਨ। ਟਰੰਪ ਨਿੱਜੀ ਪੱਧਰ ਉਤੇ ਭਾਵੇਂ ਹੀ ਦਿਵਾਲੀਆ ਨਾ ਹੋਏ ਹੋਣ, ਪਰ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਗਏ ਕਈ ਫਾਰਮ ਵਰਗੇ ਹੋਟਲ ਅਤੇ ਕਸੀਨੋ ਦਿਵਾਲੀਆ ਹੋ ਗਏ। ਉਹ ਕਈ ਗੋਲਫ ਕੋਰਸ, ਯੂਨੀਵਰਸਿਟੀ ਚਲਾਉਣ ਦੇ ਨਾਲ-ਨਾਲ ਮਿਸ ਯੂ.ਐਸ.ਏ., ਮਿਸ ਯੂਨੀਵਰਸ ਵਰਗੇ ਮੁਕਾਬਲਿਆਂ 'ਚ ਹਿੱਸੇਦਾਰੀ ਰੱਖਦੇ ਹਨ।



# ਉਮੀਦਵਾਰ ਐਲਾਨਣ ਪੱਖੋਂ ਆਮ ਆਦਮੀ ਪਾਰਟੀ ਦੀ ਚੜ੍ਹਤ ਬਰਕਰਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਚੌਥੀ ਸੂਚੀ ਜਾਰੀ ਕਰ ਕੇ 18 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਆਪ 3 ਸੂਚੀਆਂ ਜਾਰੀ ਕਰ ਕੇ 61 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ ਅਤੇ ਹੁਣ ਕੁੱਲ 79 ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਪਾਰਟੀ ਵੱਲੋਂ ਸਿਰਫ 38 ਉਮੀਦਵਾਰਾਂ ਦਾ ਐਲਾਨ ਕਰਨਾ ਬਾਕੀ ਹੈ।

18 ਉਮੀਦਵਾਰਾਂ ਦੀ ਸੂਚੀ ਵਿਚ ਹਲਕਾ ਗਿੱਲ ਤੋਂ 52 ਸਾਲਾ ਜੀਵਨ ਸੰਗੋਵਾਲ, ਬੁਢਲਾਡਾ ਤੋਂ 59 ਸਾਲਾ ਪ੍ਰਿੰਸੀਪਲ ਬੁੱਧਰਾਮ, ਮੋਗਾ ਤੋਂ 40 ਸਾਲਾ ਰਮੇਸ਼ ਗਰੋਵਰ, ਸ਼ੁਤਰਾਣਾ ਤੋਂ 37 ਸਾਲਾ ਪਲਵਿੰਦਰ ਕੌਰ ਸਰਪੰਚ ਪਿੰਡ ਹਰਿਆਊ, ਰਾਏਕੋਟ ਤੋਂ 42 ਸਾਲਾ ਜਗਤਾਰ ਸਿੰਘ ਜੱਗਾ ਹਿਸੋਵਾਲ, ਉੜਮੁੜ ਤੋਂ ਐਨ.ਆਰ.ਆਈ. ਰਹੇ 47 ਸਾਲਾ ਜਸਵੀਰ ਸਿੰਘ ਗਿੱਲ, ਖੰਨਾ ਤੋਂ 59 ਸਾਲਾ ਐਮ.ਸੀ. ਅਨਿਲ ਦੱਤ ਫੱਲੀ, ਰਾਜਾਸਾਂਸੀ ਤੋਂ 28 ਸਾਲਾ ਜਗਜੋਤ ਸਿੰਘ ਢਿੱਲੋਂ, ਬਾਬਾ ਬਕਾਲਾ ਤੋਂ 33 ਸਾਲਾ ਦਲਬੀਰ ਸਿੰਘ ਤੁੰਗ, ਬਠਿੰਡਾ ਤੋਂ 33 ਸਾਲਾ ਜ਼ੋਨ ਇੰਚਾਰਜ ਦੀਪਕ ਬਾਂਸਲ, ਗੜ੍ਹਸ਼ੰਕਰ

### 18 ਉਮੀਦਵਾਰਾਂ ਦੀ ਚੌਥੀ ਸੂਚੀ ਜਾਰੀ




ਤੋਂ 32 ਸਾਲਾ ਯੂਥ ਵਿੰਗ ਆਗੂ ਜੈ ਕ੍ਰਿਸ਼ਨ ਸਿੰਘ ਰੋੜੀ, ਜ਼ੀਰਾ ਤੋਂ 37 ਸਾਲਾ ਆਜ਼ਾਦ ਐਮ.ਸੀ. ਗੁਰਪ੍ਰੀਤ ਸਿੰਘ ਗੋਰਾ, ਗੁਰਦਾਸਪੁਰ ਤੋਂ 62 ਸਾਲਾ ਪ੍ਰਿੰਸੀਪਲ ਅਮਰਜੀਤ ਸਿੰਘ ਚਾਹਲ, ਦਸੂਹਾ ਤੋਂ 50 ਸਾਲਾ ਬਲਵੀਰ ਕੌਰ ਫੁੱਲ, ਡੇਰਾਬਸੀ ਤੋਂ ਅਕਾਲੀ ਦਲ ਦੇ ਮਰਹੂਮ ਮੰਤਰੀ ਕੈਪਟਨ ਕੰਵਲਜੀਤ ਕੌਰ ਦੀ 71 ਸਾਲਾ ਪਤਨੀ ਸਰਬਜੀਤ ਕੌਰ, ਕਰਤਾਰਪੁਰ ਤੋਂ 46 ਸਾਲਾ ਚੰਦਨ ਗਰੇਵਾਲ, ਚੱਬੇਵਾਲ ਤੋਂ 32 ਸਾਲਾ ਰਮਨ ਕੁਮਾਰ ਅਤੇ ਮਾਲੇਰਕੋਟਲਾ ਤੋਂ 42 ਸਾਲਾ ਟੀ.ਵੀ. ਕਲਾਕਾਰ ਅਰਸ਼ਦ ਡਾਲੀ ਨੂੰ ਟਿਕਟ ਦਿੱਤੀ ਗਈ ਹੈ।

## 'ਆਪਣਾ ਪੰਜਾਬ' ਵੀ ਪਿੜ ਵਿਚ ਨਿੱਤਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਤੋਂ ਤੋੜ ਵਿਛੋੜਾ ਕਰ ਕੇ 'ਆਪਣਾ ਪੰਜਾਬ' ਪਾਰਟੀ ਬਣਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਨੇ 15 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਉਮੀਦਵਾਰ ਐਲਾਨੇ ਗਏ ਸਾਰੇ ਆਗੂ ਪਿਛਲੇ ਸਮੇਂ ਦੌਰਾਨ ਵੱਖ-ਵੱਖ ਕਾਰਨਾਂ ਕਰ ਕੇ ਆਪ ਨੂੰ ਛੱਡ ਚੁੱਕੇ ਸਨ। ਸ੍ਰੀ ਛੋਟੇਪੁਰ ਨੇ 15 ਉਮੀਦਵਾਰਾਂ ਦਾ ਐਲਾਨ ਕਰਦਿਆਂ ਮੰਨਿਆ ਕਿ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨਾਲ ਫਿਲਹਾਲ ਕੋਈ ਚੋਣ ਗੱਠਜੋੜ ਨਾ ਬਣਨ ਕਾਰਨ ਉਨ੍ਹਾਂ ਨੂੰ ਮਜਬੂਰਨ ਆਪਣੇ ਪੱਧਰ 'ਤੇ ਉਮੀਦਵਾਰਾਂ ਦਾ ਐਲਾਨ ਕਰਨਾ ਪਿਆ। ਉਨ੍ਹਾਂ ਕਿਹਾ ਕਿ ਆਪ ਵਿਚੋਂ ਹੀ ਨਿਕਲੇ ਸਵਰਾਜ ਇੰਡੀਆ ਪਾਰਟੀ ਦੇ ਕੌਮੀ ਪ੍ਰਧਾਨ ਯੋਗੇਂਦਰ ਯਾਦਵ ਨੇ ਉਨ੍ਹਾਂ ਨੂੰ ਸਮਰਥਨ ਦੇ ਦਿੱਤਾ ਹੈ, ਪਰ ਡੈਮੋਕ੍ਰੇਟਿਕ ਸਵਰਾਜ ਪਾਰਟੀ ਪੰਜਾਬ ਦੇ ਪ੍ਰਧਾਨ ਪ੍ਰੋ. ਮਨਜੀਤ ਸਿੰਘ ਨਾਲ ਉਨ੍ਹਾਂ ਦੀ ਕੋਈ ਗੱਲ ਨਹੀਂ ਹੋਈ। ਉਨ੍ਹਾਂ ਖੁਲਾਸਾ ਕੀਤਾ ਕਿ ਅਕਾਲੀ ਦਲ ਛੱਡਣ ਵਾਲੇ ਵਿਧਾਇਕ ਪਰਗਟ ਸਿੰਘ ਅਤੇ ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਨਾਲ ਉਨ੍ਹਾਂ ਦੀ ਗੱਲ ਹੁੰਦੀ ਰਹੀ ਹੈ ਅਤੇ ਉਨ੍ਹਾਂ ਸਲਾਹ ਦਿੱਤੀ ਸੀ ਕਿ 'ਆਵਾਜ਼-ਏ-ਪੰਜਾਬ' ਕਾਂਗਰਸ ਤੇ ਅਕਾਲੀ ਦਲ ਦਾ ਖਹਿੜਾ ਛੱਡ ਕੇ ਪੰਜਾਬ ਦੇ ਹਿੱਤਾਂ ਲਈ ਉਨ੍ਹਾਂ ਨਾਲ ਹੱਥ ਮਿਲਾਵੇ, ਪਰ ਫਿਲਹਾਲ ਇਸ ਧਿਰ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਉਹ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨਾਲ ਹੱਥ ਮਿਲਾਉਣ ਲਈ ਅੱਜ ਵੀ ਤਿਆਰ ਹਨ। ਉਹ ਕਾਂਗਰਸ ਅਤੇ ਅਕਾਲੀ ਦਲ ਛੱਡਣ ਵਾਲੇ ਇਮਾਨਦਾਰ ਆਗੂਆਂ ਨੂੰ ਵੀ ਟਿਕਟਾਂ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹੋਰ ਧਿਰਾਂ ਨਾਲ ਗੱਠਜੋੜ ਕਰਨ ਦੀ ਹਾਲੇ ਆਸ ਨਹੀਂ ਛੱਡੀ।

### ਛੋਟੇਪੁਰ ਤੇ ਸਿੱਧੂ ਦੇ ਨਾਂਹ ਪੱਖੀ ਵਿਹਾਰ ਤੋਂ ਡਾ. ਗਾਂਧੀ ਨਿਰਾਸ਼

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ, ਕਾਂਗਰਸ ਤੇ ਆਪ ਵਿਰੁੱਧ ਚੌਥਾ ਫਰੰਟ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ 'ਆਪਣਾ ਪੰਜਾਬ ਪਾਰਟੀ' ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਤੇ 'ਆਵਾਜ਼-ਏ-ਪੰਜਾਬ' ਦੇ ਜਨਮਦਾਤਾ ਨਵਜੋਤ ਸਿੰਘ ਸਿੱਧੂ ਦੇ ਨਾਂਹ ਪੱਖੀ ਵਿਹਾਰ ਤੋਂ ਨਿਰਾਸ਼ ਤੇ ਪ੍ਰੇਸ਼ਾਨ ਹਨ। ਡਾ. ਗਾਂਧੀ ਦਾ ਕਹਿਣਾ ਹੈ ਕਿ ਹੁਣ ਤੱਕ ਅੱਗੇ ਵਧੂ ਫਰੰਟ ਬਣਾਉਣ ਦੀਆਂ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਹੁੰਗਾਰਾ ਨਹੀਂ ਮਿਲਿਆ, ਪਰ ਮੇਰੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਰਹਿਣਗੀਆਂ।

# ਚੋਣ ਕਮਿਸ਼ਨ ਦਾ ਅਫਸਰਸ਼ਾਹੀ 'ਤੇ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਦੇ ਥਾਣਾ ਮੁਖੀਆਂ ਦੇ ਤਬਾਦਲਿਆਂ ਬਾਰੇ ਕੀਤੀ ਗਈ ਅਗਾਊਂ ਸਖਤੀ ਤੋਂ ਬਾਅਦ ਚੋਣ ਕਮਿਸ਼ਨ ਨੇ ਪੁਲਿਸ ਅਫਸਰਾਂ 'ਤੇ ਵੀ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਕਮਿਸ਼ਨ ਨੇ ਆਈ.ਪੀ.ਐਸ. ਅਤੇ ਪੀ.ਪੀ.ਐਸ. ਅਫਸਰਾਂ ਦੇ ਸੇਵਾ ਸਬੰਧੀ ਮੁਕੰਮਲ ਵੇਰਵੇ ਮੰਗ ਲਏ ਹਨ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਪੁਲਿਸ ਕਮਿਸ਼ਨਰ, ਆਈ.ਜੀ., ਡੀ.ਆਈ.ਜੀ., ਐਸ.ਐਸ.ਪੀ., ਐਸ.ਪੀ. ਅਤੇ ਡੀ.ਐਸ.ਪੀ. ਰੈਂਕ ਦੇ ਅਧਿਕਾਰੀਆਂ ਦੇ ਤਬਾਦਲਿਆਂ ਤੇ ਤਾਇਨਾਤੀਆਂ ਸਬੰਧੀ ਸਰਕਾਰ ਤੋਂ ਪੈਨਲ ਮੰਗੇ ਜਾਣ ਦੀ ਵੀ ਜ਼ਰੂਰਤ ਨਹੀਂ ਪਵੇਗੀ।

ਕਮਿਸ਼ਨ ਵੱਲੋਂ ਇਹ ਕਾਰਵਾਈ ਪੰਜਾਬ ਪੁਲਿਸ ਨੂੰ ਚੋਣਾਂ ਦੌਰਾਨ ਹਾਕਮ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਭਾਵ ਤੋਂ ਪੂਰਨ ਤੌਰ ਉਤੇ ਮੁਕਤ ਕਰਾਉਣ ਲਈ ਹੀ ਕੀਤੀ ਜਾ ਰਹੀ ਹੈ। ਇੰਸਪੈਕਟਰ ਰੈਂਕ ਦੇ ਨਾਨ-ਗਜ਼ਟਿਡ ਅਫ਼ਸਰਾਂ ਲਈ ਜ਼ਿਲ੍ਹਿਆਂ ਵਿਚ ਕਾਇਮ ਕੀਤੀਆਂ ਗਈਆਂ ਅਸਾਮੀਆਂ ਤਾਂ ਸਰਕਾਰ ਨੇ ਕਮਿਸ਼ਨ ਦੀ ਇਕੋ ਘੁਰਕੀ ਨਾਲ ਬੰਦ ਕਰ ਦਿੱਤੀਆਂ।

ਕਮਿਸ਼ਨ ਦੇ ਧਿਆਨ ਵਿਚ ਆਇਆ ਹੈ ਕਿ ਐਸ.ਪੀ. ਰੈਂਕ ਦੇ ਅਫਸਰਾਂ ਨੂੰ ਵੀ ਟੇਢੇ ਢੰਗ ਨਾਲ ਮਨਪਸੰਦ ਥਾਂਵਾਂ 'ਤੇ ਲਾਉਣ ਦੀ ਜੁਗਤ ਬਣਾਈ ਗਈ ਹੈ। ਪੰਜਾਬ ਦੀਆਂ ਹਰੇਕ ਚੋਣਾਂ



ਦੌਰਾਨ ਚੋਣ ਕਮਿਸ਼ਨ ਦੇ ਨਿਸ਼ਾਨੇ ਉਤੇ ਰਹਿਣ ਵਾਲੇ ਤੇ ਲੁਧਿਆਣਾ ਸ਼ਹਿਰ ਵਿਚ ਲੰਮਾ ਸਮਾਂ ਤਾਇਨਾਤ ਰਹਿਣ ਤੋਂ ਬਾਅਦ ਇਕ ਐਸ.ਪੀ. ਨੂੰ ਚੋਣਾਂ ਤੋਂ ਪਹਿਲਾਂ ਲੁਧਿਆਣਾ ਜੇਲ੍ਹ ਵਿਚ ਤਾਇਨਾਤ ਕਰਨ ਦੇ ਮਾਮਲੇ ਉਤੇ ਕਮਿਸ਼ਨ ਸਖਤ ਰੁਖ ਅਖਤਿਆਰ ਕਰੇਗਾ।

ਸੂਤਰਾਂ ਅਨੁਸਾਰ ਪੁਲਿਸ ਅਫਸਰਾਂ ਦੇ ਅਪਰਾਧਿਕ ਰਿਕਾਰਡ, ਵਿਜੀਲੈਂਸ ਪੜਤਾਲਾਂ ਅਤੇ ਜੇਕਰ ਕਿਸੇ ਅਪਰਾਧਿਕ ਮਾਮਲੇ ਵਿਚੋਂ ਬਰੀ ਹੋ ਚੁੱਕੇ ਜਾਂ ਕਲੀਨ ਚਿੱਟ ਦੇ ਦਿੱਤੀ ਗਈ ਹੈ, ਬਾਰੇ ਵੀ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਇਸ ਅਭਿਆਸ ਨਾਲ ਪੁਲਿਸ ਅਫਸਰਾਂ ਦੇ ਸੇਵਾ ਰਿਕਾਰਡ ਅਤੇ ਸੇਵਾ ਕਿਰਦਾਰ ਦਾ ਮੁਕੰਮਲ ਬਿਊਰੋ ਸਾਹਮਣੇ ਆ ਜਾਵੇਗਾ।

ਚੋਣ ਅਧਿਕਾਰੀਆਂ ਦਾ ਮੰਨਣਾ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਜਦੋਂ ਕਿਸੇ ਅਫਸਰ ਦੇ ਤਬਾਦਲੇ ਦਾ ਮਾਮਲਾ ਆਉਂਦਾ ਹੈ ਤਾਂ ਸਰਕਾਰ ਵੱਲੋਂ ਤਾਇਨਾਤੀ ਲਈ ਤਿੰਨ ਅਫਸਰਾਂ ਦਾ ਪੈਨਲ ਭੇਜਿਆ ਜਾਂਦਾ ਹੈ ਤੇ ਇਹ ਤਿੰਨ ਅਫਸਰ ਵੀ ਸਰਕਾਰ ਦੀ ਪਸੰਦ ਦੇ ਹੀ ਹੁੰਦੇ ਹਨ। ਪੁਲਿਸ ਦੇ ਗਜ਼ਟਿਡ ਅਫਸਰਾਂ ਦੇ ਰਿਕਾਰਡ ਦਾ ਬਿਊਰਾ ਕਮਿਸ਼ਨ ਕੋਲ ਹੋਣ ਨਾਲ ਪੈਨਲ ਮੰਗੇ ਜਾਣ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸੂਚੀ ਵਿਚੋਂ ਹੀ ਤਾਇਨਾਤੀ ਕਰਨੀ ਹੈ ਤਾਂ ਪੈਨਲ ਦੀ ਕੀ ਲੋੜ ਹੈ।

ਪੰਜਾਬ ਸਰਕਾਰ ਵੱਲੋਂ ਐਸ.ਐਸ.ਪੀ. ਦੇ ਅਹੁਦਿਆਂ 'ਤੇ ਬਹੁਗਿਣਤੀ ਜੂਨੀਅਰ ਪੀ.ਪੀ.ਐਸ. ਅਫਸਰਾਂ ਜਾਂ ਪੀ.ਪੀ.ਐਸ. ਤੋਂ ਪਦਉਨਤ ਹੋਏ ਆਈ.ਪੀ.ਐਸ. ਅਫਸਰਾਂ ਨੂੰ ਹੀ ਤਾਇਨਾਤ ਕੀਤਾ ਹੋਇਆ ਹੈ। ਕਮਿਸ਼ਨ ਵੱਲੋਂ ਇਸ ਮਾਮਲੇ 'ਤੇ ਰਾਜ ਦੇ ਡੀ.ਜੀ.ਪੀ. ਅਤੇ ਹੋਰਨਾਂ ਅਧਿਕਾਰੀਆਂ ਦੀ ਖਿਚਾਈ ਕੀਤੀ ਜਾ ਚੁੱਕੀ ਹੈ। ਕਮਿਸ਼ਨ ਨੂੰ ਖੁਫ਼ੀਆ ਏਜੰਸੀਆਂ ਨੇ ਰਿਪੋਰਟਾਂ ਦਿੱਤੀਆਂ ਹਨ ਕਿ ਰਾਜ ਦਾ ਸਾਰਾ ਪੁਲਿਸ ਤੰਤਰ ਹਾਕਮ ਪਾਰਟੀ ਦੇ ਇਸ਼ਾਰਿਆਂ ਮੁਤਾਬਕ ਕੰਮ ਕਰਦਾ ਹੈ ਤੇ ਕਾਨੂੰਨ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ।

# ਮੁਤਵਾਜ਼ੀ ਜਥੇਦਾਰਾਂ ਵੱਲੋਂ ਬਾਦਲਾਂ ਦੇ ਸਿਆਸੀ ਬਾਈਕਾਟ ਦਾ ਸੱਦਾ



**ਬਠਿੰਡਾ:** ਮੁਤਵਾਜ਼ੀ ਜਥੇਦਾਰਾਂ ਅਤੇ ਪੰਥਕ ਧਿਰਾਂ ਨੇ ਸਿੱਖ ਕੌਮ ਨੂੰ ਬਾਦਲ ਪਰਿਵਾਰ ਦਾ ਮੁਕੰਮਲ ਸਿਆਸੀ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਪੰਥਕ ਆਗੂਆਂ ਨੇ ਬੁੱਢਾ ਜੌਹੜ (ਰਾਜਸਥਾਨ) ਵਿਚ ਕਈ ਘੰਟੇ ਚੱਲੀ ਪੰਥਕ ਇਕੱਤਰਤਾ ਵਿਚ ਵਿਚਾਰਾਂ ਮਗਰੋਂ ਇਹ ਐਲਾਨ ਕੀਤਾ। ਪੰਥਕ ਆਗੂਆਂ ਨੇ ਕੌਮ ਨੂੰ ਆਖਿਆ ਹੈ ਕਿ ਬਾਦਲ ਪਰਿਵਾਰ ਦੇ ਰਾਜਸੀ ਖਾਤਮੇ ਲਈ ਮੁਕੰਮਲ ਸਿਆਸੀ ਬਾਈਕਾਟ ਕੀਤਾ ਜਾਵੇ ਤਾਂ ਜੋ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਸਰਕਾਰ ਨੂੰ ਇਸ ਪਰਿਵਾਰ ਤੋਂ ਆਜ਼ਾਦ ਕਰਾਇਆ ਜਾ ਸਕੇ। ਸੂਤਰਾਂ ਅਨੁਸਾਰ ਪੰਥਕ ਇਕੱਤਰਤਾ ਵਿਚ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਦਮਦਮਾ ਸਾਹਿਬ ਵਿਚ ਹੀ ਸਰਬੱਤ ਖਾਲਸਾ ਸੱਦਣ ਦਾ ਐਲਾਨ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਰਾਜਸਥਾਨ ਦੇ ਬੁੱਢਾ ਜੌਹੜ ਵਿਚ ਪੰਥਕ ਇਕੱਤਰਤਾ ਵਿਚ 11 ਤੋਂ ਚਾਰ ਵਜੇ ਤੱਕ ਵਿਚਾਰ-ਚਰਚਾ ਚਲਦੀ ਰਹੀ। ਰਾਜਸਥਾਨ ਪੁਲਿਸ ਨੇ ਇਸ ਇਕੱਤਰਤਾ ਵਿਚ ਕੋਈ ਦਖਲ ਨਹੀਂ ਦਿੱਤਾ, ਪਰ ਸਮਾਗਮਾਂ ਦੇ ਬਾਹਰ ਪੁਲਿਸ ਦਾ ਪਹਿਰਾ ਰਿਹਾ। ਮੁੱਖ ਤੌਰ 'ਤੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਅਮਰੀਕ ਸਿੰਘ ਅਜਨਾਲਾ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਪਰਮਿੰਦਰ ਸਿੰਘ ਬਾਲਿਆਂ ਵਾਲੀ, ਸਰਬੱਤ ਖਾਲਸਾ ਦੇ ਮੁੱਖ ਪ੍ਰਬੰਧਕ ਭਾਈ ਗੁਰਦੀਪ ਸਿੰਘ ਬਠਿੰਡਾ ਤੋਂ ਇਲਾਵਾ ਅਕਾਲੀ ਦਲ (1920), ਸੁਤੰਤਰ ਅਕਾਲੀ ਦਲ, ਦਲ ਖਾਲਸਾ, ਸੰਤ ਸਮਾਜ, ਅਖੰਡ ਕੀਰਤਨੀ ਜਥੇ, ਏਕਨੂਰ ਖਾਲਸਾ ਫੌਜ ਤੇ ਸਿੰਘ ਸਭਾਵਾਂ ਆਦਿ ਦੇ ਵੱਡੀ ਗਿਣਤੀ ਆਗੂ ਪੰਥਕ ਇਕੱਤਰਤਾ ਵਿਚ ਸ਼ਾਮਲ ਹੋਏ। ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਸਾਰੀਆਂ ਧਿਰਾਂ ਨੇ ਪੰਥਕ ਇਕੱਤਰਤਾ ਵਿਚ ਸਹਿਮਤੀ ਨਾਲ ਬਾਦਲ ਪਰਿਵਾਰ ਦੇ ਰਾਜਸੀ ਬਾਈਕਾਟ ਦਾ ਫੈਸਲਾ ਕੀਤਾ ਹੈ ਅਤੇ ਕੌਮ ਨੂੰ ਵੀ ਬਾਈਕਾਟ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਜੇ ਪੰਜਾਬ ਸਰਕਾਰ ਨੇ ਮੁੜ ਸਰਬੱਤ ਖਾਲਸਾ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸੀਨੀਅਰ ਆਗੂ ਇਸ ਵਾਸਤੇ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੋਣਗੇ।

# ਘਰੇਲੂ ਕਲੇਸ਼ ਵਿਚ ਮੁੜ ਉਲਝੀ ਪੰਜਾਬ ਕਾਂਗਰਸ

**ਚੰਡੀਗੜ੍ਹ:** ਆਗਾਮੀ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਆਗੂਆਂ ਨੇ ਇਕ ਦੂਜੇ ਨੂੰ 'ਕੈਂਚੀਆਂ-ਜੱਫੇ' ਮਾਰਨੇ ਸ਼ੁਰੂ ਕਰ ਦਿੱਤੇ ਹਨ। ਟਿਕਟਾਂ ਦੀ ਵੰਡ ਨੂੰ ਲੈ ਕੇ ਕੈਪਟਨ ਅਤੇ ਬਾਜਵਾ ਧੜਿਆਂ ਨੇ ਇਕ ਦੂਜੇ ਖਿਲਾਫ ਮੋਰਚੇ ਖੋਲ੍ਹ ਦਿੱਤੇ ਹਨ। ਜਿਥੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਹਮਾਇਤੀ ਕਾਂਗਰਸੀ ਨੇਤਾਵਾਂ ਨੇ ਟਿਕਟਾਂ ਦੀ ਵੰਡ ਵਿਚ ਕੈਪਟਨ ਧੜੇ 'ਤੇ ਟਕਸਾਲੀ ਕਾਂਗਰਸੀਆਂ ਨੂੰ ਖੁੱਡੇ ਲਾਉਣ ਦੇ ਦੋਸ਼ ਲਾਏ ਹਨ, ਉਥੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀ

ਕਾਂਗਰਸੀ ਆਗੂਆਂ ਨੇ ਬਾਜਵਾ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਹੈ ਕਿ ਬਾਜਵਾ ਕੋਲ ਟਿਕਟਾਂ ਦੀ ਵੰਡ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਬਾਜਵਾ ਦੇ ਕਰੀਬੀ ਮੰਨੇ ਜਾਂਦੇ ਟਕਸਾਲੀ ਕਾਂਗਰਸੀ ਆਗੂ ਅਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਨੇ ਕੈਪਟਨ ਖਿਲਾਫ ਮੋਰਚਾ ਖੋਲ੍ਹਦਿਆਂ ਕਿਹਾ ਹੈ ਕਿ ਕਾਂਗਰਸ ਵਿਚ ਅਕਾਲੀ ਦੀ ਬੀ-ਟੀਮ ਤਿਆਰ ਕੀਤੀ ਜਾ ਰਹੀ ਹੈ, ਜਿਸ ਨਾਲ ਪਾਰਟੀ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਨੁਕਸਾਨ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਟਕਸਾਲੀ ਆਗੂਆਂ ਨੂੰ ਅੱਖੋਂ ਪਰੋਖੇ ਕਰ ਕੇ ਪਾਰਟੀ ਵਿਚ ਸ਼ਾਮਲ ਹੋਏ

### ਟਿਕਟਾਂ ਦੀ ਵੰਡ ਸਬੰਧੀ ਧੜੇਬੰਦੀ ਉਭਰੀ



ਅਕਾਲੀਆਂ ਨੂੰ ਟਿਕਟਾਂ ਨਾ ਦੇਣ ਦੀਆਂ ਕੋਸ਼ਿਸ਼ਾਂ ਦਾ ਮਸਲਾ ਉਹ ਹਾਈਕਮਾਂਡ ਕੋਲ ਜਲਦ ਚੁੱਕਣਗੇ। ਸ. ਦੂਲੋਂ ਨੇ ਕਿਹਾ ਕਿ ਸਾਲ 2007 ਅਤੇ 2012 ਵਿਚ ਵੀ ਕਾਂਗਰਸ ਨੂੰ ਇਸੇ ਕਾਰਨ ਹਾਰ ਦਾ ਮੂੰਹ ਦੇਖਣਾ ਪਿਆ ਸੀ ਕਿਉਂਕਿ ਉਸ ਵੇਲੇ ਵੀ ਟਕਸਾਲੀ ਆਗੂਆਂ ਦੀ ਜਗ੍ਹਾ ਅਕਾਲੀ ਦਲ ਵਿਚੋਂ ਆਏ ਨੇਤਾਵਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਸਨ, ਪਰ ਉਹ ਮੁੜ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ।

ਉਨ੍ਹਾਂ ਕਿਹਾ ਕਿ ਇਸੇ ਕਾਰਨ ਹੀ ਸੂਬੇ ਦਾ ਹਿੰਦੂ ਅਤੇ ਐਸ.ਸੀ. ਵਰਗ ਪਾਰਟੀ ਨਾਲੋਂ ਟੁੱਟ ਗਿਆ ਸੀ ਜਿਸ ਦਾ ਖਾਮਿਆਜ਼ਾ ਕਾਂਗਰਸ ਪਹਿਲਾਂ ਵੀ ਭੁਗਤ ਚੁੱਕੀ ਹੈ ਅਤੇ ਜੇਕਰ ਫਿਰ ਇਹੀ ਗਲਤੀ ਦੁਹਰਾਈ ਗਈ ਤਾਂ ਪਾਰਟੀ ਦਾ ਨੁਕਸਾਨ ਯਕੀਨੀ ਹੈ। ਸ: ਦੂਲੋਂ ਨੇ ਕਿਹਾ ਕਿ ਸਾਲ 2013 ਵਿਚ ਜੈਪੁਰ 'ਚ ਹੋਏ ਸੈਸ਼ਨ ਵਿਚ ਮਤਾ ਪਾਇਆ ਗਿਆ ਸੀ ਕਿ ਦੂਜੀ ਪਾਰਟੀ 'ਚੋਂ ਆਏ ਆਗੂਆਂ ਨੂੰ ਟਿਕਟ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ 3 ਸਾਲ ਕੋਈ ਅਹੁਦਾ ਦਿੱਤਾ ਜਾਵੇਗਾ।

ਦੂਜੇ ਪਾਸੇ ਸ. ਬਾਜਵਾ ਵੱਲੋਂ ਟਿਕਟਾਂ ਦੀ ਵੰਡ ਬਾਰੇ ਕੀਤੀ ਟਿੱਪਣੀ ਵਿਰੁੱਧ ਕੈਪਟਨ ਧੜੇ ਦੇ ਆਗੂਆਂ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੇ ਕਿਹਾ ਹੈ ਕਿ ਸਾਬਕਾ ਪ੍ਰਦੇਸ਼ ਪ੍ਰਧਾਨ ਬਾਜਵਾ, ਪਾਰਟੀ ਲੀਡਰਸ਼ਿਪ ਦੇ ਵਿਸ਼ੇਸ਼ ਅਧਿਕਾਰ ਨਾਲ ਸਬੰਧਤ ਮਾਮਲਿਆਂ ਤੋਂ ਦੂਰ ਰਹਿਣ ਤਾਂ ਹੀ ਠੀਕ ਰਹੇਗਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਟਿਕਟਾਂ ਦੀ ਵੰਡ ਇਕੱਲਾ ਕਰਨਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਵਿਸ਼ੇਸ਼ ਅਧਿਕਾਰ ਹੈ, ਬਾਜਵਾ ਕੋਲ ਮਾਮਲੇ 'ਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਆਗੂਆਂ ਨੇ ਕਿਹਾ ਕਿ ਬਾਜਵਾ ਆਪਣੇ ਕੰਮ ਨਾਲ ਕੰਮ ਰੱਖਣ ਅਤੇ ਉਹ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਕੰਮਕਾਜ ਵਿਚ ਦਖਲ ਦੇਣ ਦੀ ਕੋਸ਼ਿਸ਼ ਨਾ ਕਰਨ।

**Punjab Times**
**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ:** ਗੁਰਦੁਆਰਾ ਪ੍ਰਬੰਧ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ ਵਿਚ ਲਿਆਉਣ ਲਈ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 96ਵਾਂ ਸਥਾਪਨਾ ਦਿਵਸ ਇਥੇ ਗੁਰਦੁਆਰਾ ਮੰਜੀ ਸਾਹਿਬ ਦੇ ਦੀਵਾਨ ਹਾਲ ਵਿਖੇ ਮਨਾਇਆ ਗਿਆ। ਇਸ ਮੌਕੇ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਿੱਖ ਸੰਗਤ ਨੂੰ ਭਰੋਸਾ ਦਿੱਤਾ ਕਿ ਉਹ ਖ਼ਾਲਸਾ ਪੰਥ ਦੀਆਂ ਉਮੀਦਾਂ 'ਤੇ ਪੂਰਾ ਉਤਰਨ ਦਾ ਯਤਨ ਕਰਨਗੇ ਅਤੇ ਇਸ ਸੰਸਥਾ ਨੂੰ ਸਿਖਰ 'ਤੇ ਲੈ ਕੇ ਜਾਣਗੇ।



*ਅੰਮ੍ਰਿਤਸਰ ਦੇ ਗੁਰਦੁਆਰਾ ਮੰਜੀ ਸਾਹਿਬ ਦੇ ਹਾਲ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ।*

ਪ੍ਰੋ. ਬਡੂੰਗਰ ਨੇ ਸਮੁੱਚੇ ਖ਼ਾਲਸਾ ਪੰਥ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਸਥਾਪਨਾ ਦਿਵਸ ਮੌਕੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਕਾਇਮੀ ਵਾਸਤੇ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਅਤੇ ਹਜ਼ਾਰਾਂ ਸਿੱਖ ਜੇਲ੍ਹਾਂ ਵਿਚ ਗਏ। ਉਪਰੰਤ ਸ਼੍ਰੋਮਣੀ ਕਮੇਟੀ 15 ਨਵੰਬਰ 1920 ਨੂੰ ਹੋਂਦ ਵਿਚ ਆਈ। ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਅਤੇ ਮਾਣਮੱਤੀ ਸੰਸਥਾ ਹੈ। ਲਗਭਗ ਇਕ ਸਦੀ ਦੇ ਆਪਣੇ ਇਤਿਹਾਸ ਵਿਚ ਕਈ ਉਤਰਾਅ-ਚੜ੍ਹਾਅ ਦੇਖਦਿਆਂ ਇਸ ਨੇ ਆਪਣੇ ਕਾਰਜਾਂ ਰਾਹੀਂ ਆਪਣੀ ਸ਼੍ਰੋਮਣੀ ਸਥਿਤੀ ਨੂੰ ਬਰਕਰਾਰ ਰੱਖਿਆ ਹੈ। ਇਸ ਸੰਸਥਾ ਨੇ ਦੇਸ਼ ਵਿਚ ਜਿਥੇ ਵੀ ਔਕੜ ਆਈ, ਅੱਗੇ ਹੋ ਕੇ ਸਿੱਖ ਭਾਈਚਾਰੇ ਦੇ ਨਾਲ-ਨਾਲ ਹਰ ਜਾਤ ਤੇ ਹਰ ਵਰਗ ਦੇ ਲੋਕਾਂ ਦਾ ਸਾਥ ਦਿੱਤਾ। ਇਸ ਮੌਕੇ ਉਨ੍ਹਾਂ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ, ਭਾਈ ਮਨਜੀਤ ਸਿੰਘ, ਅਮਰਜੀਤ ਸਿੰਘ ਬੰਡਾਲਾ, ਅਮਰੀਕ ਸਿੰਘ ਵਿਛੋਆ ਤੇ ਅਮਰਜੀਤ ਸਿੰਘ ਭਲਾਈਪੁਰ ਅਤੇ ਅਜੈਬ ਸਿੰਘ ਅਭਿਆਸੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

# ਓਬਾਮਾ ਨੇ ਟਰੰਪ ਨੂੰ ਕੀਤਾ ਸਾਵਧਾਨ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੀ ਜਗ੍ਹਾ ਲੈਣ ਵਾਲੇ ਡੋਨਲਡ ਟਰੰਪ ਨੂੰ ਸਾਵਧਾਨ ਕੀਤਾ ਹੈ ਕਿ ਉਹ ਇਰਾਨ ਪਰਮਾਣੂ ਸਮਝੌਤੇ ਅਤੇ ਪੈਰਿਸ ਜਲਵਾਯੂ ਤਬਦੀਲੀ ਸਮਝੌਤੇ ਵਰਗੇ ਕੌਮਾਂਤਰੀ ਫ਼ੈਸਲਿਆਂ ਨੂੰ ਰੱਦ ਨਾ ਕਰੇ। ਉਨ੍ਹਾਂ ਕਿਹਾ ਕਿ ਇਨ੍ਹਾਂ ਇਤਿਹਾਸਕ ਸਮਝੌਤਿਆਂ ਉਤੇ ਹਸਤਾਖ਼ਰ ਕਰਨ ਲਈ ਬਹੁਤ ਯਤਨ ਕੀਤੇ ਗਏ ਹਨ।

ਸ੍ਰੀ ਓਬਾਮਾ ਨੇ ਵ੍ਹਾਈਟ ਹਾਊਸ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਜੇ ਤੁਹਾਨੂੰ ਅਸਲ ਵਿਚ ਉਨ੍ਹਾਂ ਦੀ ਜਾਂਚ ਕਰਨ ਬਾਅਦ ਪਤਾ ਲੱਗਦਾ ਹੈ ਕਿ ਇਹ ਕੌਮਾਂਤਰੀ ਸਮਝੌਤੇ ਸਾਡੇ ਲਈ ਚੰਗੇ ਹਨ ਤਾਂ ਇਹ ਪਰੰਪਰਾ ਹੈ ਕਿ ਤੁਸੀਂ ਉਨ੍ਹਾਂ ਨੂੰ ਪ੍ਰਸ਼ਾਸਨ ਵਿਚ ਹੋਰ ਅੱਗੇ ਲਿਜਾਂਦੇ ਹੋਂ ਅਤੇ ਹੋਰ ਦੇਸ਼ਾਂ ਨੂੰ ਅਜਿਹੇ ਕੰਮ ਨਾਲ ਜੋੜਦੇ ਹੋਂ ਜਿਸ ਨਾਲ ਤੁਹਾਡੀ ਮਦਦ ਹੁੰਦੀ ਹੈ।" ਉਨ੍ਹਾਂ ਕਿਹਾ ਕਿ ਇਰਾਨੀ ਪਰਮਾਣੂ ਸਮਝੌਤਾ ਇਸ ਸ਼ਹਿਰ ਵਿਚ ਹੋਈ ਕੁਝ ਬਿਆਨਬਾਜ਼ੀ ਜੋ ਨਵੇਂ ਬਣਨ ਵਾਲੇ ਰਾਸ਼ਟਰਪਤੀ ਲਈ ਨਵੀਂ ਗੱਲ ਨਹੀਂ ਹੈ ਅਤੇ ਅਸਲ ਵਿਚ 'ਫਰਕ' ਦੀ ਚੰਗੀ ਉਦਾਹਰਣ ਹੈ।

ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਇਰਾਨ ਸਮਝੌਤਾ ਹੋਣ ਤੋਂ ਪਹਿਲਾਂ ਲਾਭ-ਹਾਨੀ ਬਾਰੇ ਜ਼ੋਰਦਾਰ ਬਹਿਸ ਹੋਈ ਸੀ। ਸਾਡੇ ਪ੍ਰਸ਼ਾਸਨ ਨੇ ਜਿਸ ਤਰ੍ਹਾਂ ਇਸ ਨੂੰ ਤਿਆਰ ਕੀਤਾ ਹੈ, ਮੈਂ ਉਸ 'ਤੇ ਬਹੁਣ ਮਾਣ ਮਹਿਸੂਸ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਮਾਮਲੇ ਦੇ ਦੋਵੇਂ ਪੱਖਾਂ ਵਿਚ ਸਦਭਾਵਨਾ ਰੱਖਣ ਵਾਲੇ ਲੋਕ ਸਨ। ਅਖ਼ੀਰ ਅਸੀਂ ਇਸ ਦੇ ਸਮਰਥਨ ਲਈ ਕਾਂਗਰਸ ਦੇ ਮੈਂਬਰਾਂ ਤੇ ਲੋਕਾਂ, ਘੱਟ ਤੋਂ ਘੱਟ ਉਨ੍ਹਾਂ ਨੂੰ ਲੋੜੀਂਦੀ ਗਿਣਤੀ 'ਚ ਰਾਜ਼ੀ ਕਰਨ ਵਿਚ ਸਫ਼ਲ ਰਹੇ।"

# ਸਿਆਸਤਦਾਨਾਂ ਨੇ ਪੰਜਾਬ ਦੀ ਪਿੱਠ ਲੁਆਈ

*(ਸਫਾ ਇਕ ਦੀ ਬਾਕੀ)*

ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਪਾਣੀ ਦੇਣਾ ਪਵੇਗਾ। ਹਰਿਆਣਾ ਵਿਚ ਭਾਜਪਾ ਦੀ ਨਿਰੋਲ ਆਪਣੀ ਅਤੇ ਪੰਜਾਬ ਵਿਚ ਇਸ ਦੀ ਭਾਈਵਾਲੀ ਵਾਲੀ ਸਰਕਾਰ ਹੈ। ਕੇਂਦਰ ਸਰਕਾਰ ਵਿਚ ਵੀ ਅਕਾਲੀ ਦਲ ਭਾਈਵਾਲ ਹੈ। ਇਸ ਲਈ ਅਕਾਲੀ ਦਲ ਲਈ ਹੋਰ ਵੀ ਨਮੋਸ਼ੀ ਬਣ ਗਈ ਹੈ। ਅਕਾਲੀ ਦਲ ਨੇ ਹੁਣ ਇਸ ਕੁੜਿੱਕੀ ਵਿਚੋਂ ਨਿਕਲਣ ਤੇ ਇਸ ਸੰਵੇਦਨਸ਼ੀਲ ਮੁੱਦੇ ਉਤੇ ਸਿਆਸੀ ਲਾਹਾ ਲੈਣ ਲਈ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹੁਣ ਆਗਾਮੀ ਵਿਧਾਨ ਸਭਾ ਚੋਣਾਂ 'ਵਿਕਾਸ' ਦੇ ਏਜੰਡੇ ਦੀ ਥਾਂ ਨਹਿਰ ਦੇ ਜਜ਼ਬਾਤੀ ਮੁੱਦੇ ਉਤੇ ਧਿਆਨ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਹੈ। ਲੋਕਾਂ ਨੂੰ ਦਰਿਆਈ ਪਾਣੀਆਂ ਦੇ ਮੁੱਦੇ ਨਾਲ ਜੋੜਨ ਤੇ ਅਕਾਲੀ ਦਲ ਨੂੰ ਪਾਣੀਆਂ ਦੇ ਰਾਖੇ ਵਜੋਂ ਪੇਸ਼ ਕਰਨ ਲਈ ਸਰਕਾਰ ਤੇ ਪਾਰਟੀ ਵੱਲੋਂ ਪੰਜਾਬ ਭਰ ਵਿਚ ਦਸਤਖਤ ਮੁਹਿੰਮ ਵੀ ਚਲਾਈ ਜਾਵੇਗੀ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਨਹਿਰ ਪ੍ਰਾਜੈਕਟ ਲਈ ਪ੍ਰਾਪਤ ਕੀਤੀ ਜ਼ਮੀਨ ਜੋ ਇਸ ਵੇਲੇ ਰਾਜ ਸਰਕਾਰ ਕੋਲ ਹੈ, ਨੂੰ ਸਾਰੀਆਂ ਬੰਦਸ਼ਾਂ ਤੋਂ ਮੁਕਤ ਕਰਦੇ ਹੋਏ ਤੁਰਤ ਪ੍ਰਭਾਵ ਤੋਂ ਡੀ-ਨੋਟੀਫਾਈ ਕਰ ਦਿੱਤਾ ਹੈ, ਜਿਸ ਨਾਲ ਇਹ ਜ਼ਮੀਨ ਬਿਨਾਂ ਕਿਸੇ ਲਾਗਤ ਤੋਂ ਇਸ ਦੇ ਅਸਲ ਮਾਲਕਾਂ ਦੇ ਵਾਰਸਾਂ/ਕਾਨੂੰਨੀ ਨੁਮਾਇੰਦਿਆਂ ਦੇ ਸਪੁਰਦ ਹੋ ਜਾਵੇਗੀ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਮਾਰਚ ਮਹੀਨੇ ਦੌਰਾਨ ਵੀ ਸਰਕਾਰ ਨੇ 3928 ਏਕੜ ਜ਼ਮੀਨ ਅਸਲ ਮਾਲਕ ਕਿਸਾਨਾਂ ਨੂੰ ਦੇਣ ਸਬੰਧੀ ਬਿੱਲ ਵਿਧਾਨ ਸਭਾ ਤੋਂ ਪਾਸ ਕਰਾਇਆ ਸੀ। ਇਸ ਬਿੱਲ 'ਤੇ ਤਤਕਾਲੀ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੇ ਦਸਤਖ਼ਤ ਨਹੀਂ ਕੀਤੇ ਸਨ, ਜਿਸ ਕਰ ਕੇ ਇਹ ਬਿੱਲ ਕਾਨੂੰਨ ਨਹੀਂ ਸੀ ਬਣ ਸਕਿਆ।

**ਸ਼ੁਰੂ ਤੋਂ ਹੀ ਹੋਇਆ ਪੰਜਾਬ ਨਾਲ ਧੱਕਾ**: ਦਰਿਆਈ ਪਾਣੀਆਂ ਦੇ ਮੁੱਦੇ ਉਤੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਤੋਂ ਹੀ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ। ਪੰਜਾਬ ਦੇ ਕੁਦਰਤੀ ਸੋਮਿਆਂ (ਦਰਿਆਵਾਂ) ਦੇ ਪਾਣੀ ਵਿਚੋਂ ਧੱਕੇ ਨਾਲ ਬਿਨਾਂ ਕੋਈ ਮੁੱਲ ਦਿੱਤੇ ਮੁਫਤ ਵਿਚ ਗੈਰ-ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਅਤੇ ਬਿਜਲੀ ਦੇ ਕੇ ਇਕ ਪਾਸੇ ਪੰਜਾਬ ਨੂੰ ਆਰਥਿਕ ਪੱਖੋਂ ਕੰਗਾਲ ਕਰ ਦਿੱਤਾ ਹੈ, ਦੂਜੇ ਪਾਸੇ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈਲਾਂ 'ਤੇ ਨਿਰਭਰ ਬਣਾ ਕੇ ਕਰਜ਼ਈ ਬਣਾਇਆ ਹੈ। ਟਿਊਬਵੈਲਾਂ 'ਤੇ ਨਿਰਭਰਤਾ ਵਧਣ ਕਾਰਨ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਤੇ ਲਗਭਗ ਤਿੰਨ-ਚੌਥਾਈ ਪੰਜਾਬ ਡਾਰਕ ਜ਼ੋਨ ਵਿਚ ਆ ਗਿਆ ਹੈ। ਨਾਸਾ ਦੀ ਇਕ ਰਿਪੋਰਟ ਮੁਤਾਬਕ ਅਗਲੇ ਪੰਦਰਾਂ ਕੁ ਸਾਲਾਂ ਵਿਚ ਹੀ ਪੰਜਾਬ ਬੰਜਰ ਮਾਰੂਥਲ ਬਣਨ ਜਾ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਪੰਜਾਬ ਵਿਚੋਂ ਹਿਜਰਤ ਕਰਨੀ ਪੈ ਸਕਦੀ ਹੈ।

# ਇਮਰਾਨ ਨੇ ਸ਼ਰੀਫ ਪਰਿਵਾਰ ਖਿਲਾਫ ਸਬੂਤ ਸੌਂਪੇ

**ਇਸਲਾਮਾਬਾਦ:** ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਮੁਖੀ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਖ਼ਿਲਾਫ਼ ਪਨਾਮਾ ਪੇਪਰਜ਼ ਲੀਕ ਮਾਮਲੇ ਨਾਲ ਸਬੰਧਤ ਸਬੂਤ ਸੁਪਰੀਮ ਕੋਰਟ ਨੂੰ ਸੌਂਪ ਦਿੱਤੇ। ਉਨ੍ਹਾਂ ਨੇ ਦਿਖਾਇਆ ਹੈ ਕਿ ਪ੍ਰਧਾਨ ਮੰਤਰੀ ਦੇ ਪਰਿਵਾਰ ਨੇ ਕਰ ਚੋਰੀ ਲਈ 1988 ਤੋਂ 14.5 ਕਰੋੜ ਡਾਲਰ ਦਾ ਹਵਾਲਾ ਕਾਰੋਬਾਰ ਕੀਤਾ। ਇਮਰਾਨ ਖ਼ਾਨ ਨੇ ਕਥਿਤ ਬੈਂਕ ਖਾਤਿਆਂ ਦੇ ਬਿਓਰੇ ਵਾਲੇ ਦਸਤਾਵੇਜ਼ ਸੁਪਰੀਮ ਕੋਰਟ ਨੂੰ ਸੌਂਪੇ। ਇਹ ਖਾਤੇ ਸ਼ਰੀਫ ਪਰਿਵਾਰ ਅਤੇ 'ਲੋਨ ਰਾਈਟ ਆਫ ਸਕੀਮ' ਦੇ ਹਨ। ਖ਼ਬਰਾਂ ਮੁਤਾਬਕ, ਦਸਤਾਵੇਜ਼ਾਂ ਤੋਂ ਜ਼ਾਹਰ ਹੁੰਦਾ ਹੈ ਕਿ ਪ੍ਰਧਾਨ ਮੰਤਰੀ ਦੇ ਪਰਿਵਾਰ ਨੇ 1988 ਤੋਂ ਕਰ ਚੋਰੀ ਲਈ 14.5 ਕਰੋੜ ਦਾ ਨਾਜਾਇਜ਼ ਹਵਾਲਾ ਕਾਰੋਬਾਰ ਕੀਤਾ।

# ਜਲੂਰ ਸੰਘਰਸ਼ ਅੱਗੇ ਝੁਕਿਆ ਪ੍ਰਸ਼ਾਸਨ, 17 ਦਲਿਤ ਰਿਹਾ

**ਸੰਗਰੂਰ:** ਜਲੂਰ ਕਾਂਡ ਵਿਚ ਜ਼ਖ਼ਮੀ ਹੋਈ ਗੁਰਦੇਵ ਕੌਰ ਦੀ ਮੌਤ ਮਗਰੋਂ ਜਲੂਰ ਜਬਰ ਵਿਰੋਧੀ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਪੰਜਾਬ ਦੀਆਂ ਵੱਖ-ਵੱਖ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਅੱਗੇ ਝੁਕਦਿਆਂ ਪ੍ਰਸ਼ਾਸਨ ਨੇ ਸੰਗਰੂਰ ਜੇਲ੍ਹ ਵਿਚ ਬੰਦ 17 ਦਲਿਤਾਂ ਨੂੰ ਦੇਰ ਸ਼ਾਮ ਰਿਹਾਅ ਕਰ ਦਿਤਾ। ਰਿਹਾਈ ਮਗਰੋਂ ਜੇਲ੍ਹ ਤੋਂ ਲੈ ਕੇ ਡੀ.ਸੀ. ਦਫ਼ਤਰ ਤੱਕ ਮਾਰਚ ਕੀਤਾ ਗਿਆ।

ਯਾਦ ਰਹੇ ਕਿ ਜੇਲ੍ਹ ਵਿਚ ਬੰਦ ਦਲਿਤਾਂ ਦੀ ਰਿਹਾਈ ਦੀ ਮੰਗ ਐਕਸ਼ਨ ਕਮੇਟੀ ਵੱਲੋਂ ਕੀਤੀ ਜਾ ਰਹੀ ਸੀ। ਪ੍ਰਸ਼ਾਸਨ ਵੱਲੋਂ ਭਾਵੇਂ ਗੁਰਦੇਵ ਕੌਰ ਦੇ ਪਰਿਵਾਰ ਨੂੰ ਮਨਾਉਣ ਦੇ ਯਤਨ ਵੀ ਕੀਤੇ, ਪਰ ਪਰਿਵਾਰ ਪੋਸਟ-ਮਾਰਟਮ ਲਈ ਰਾਜ਼ੀ ਨਾ ਹੋਇਆ। ਇਸ ਤੋਂ ਪਹਿਲਾਂ ਕਿਸਾਨਾਂ-ਮਜ਼ਦੂਰਾਂ ਨੇ ਮੰਗਲਵਾਰ ਨੂੰ ਅਣਮਿਥੇ ਸਮੇਂ ਦੇ ਮੋਰਚੇ ਦੇ ਚੌਥੇ ਦਿਨ ਰੋਸ ਮਾਰਚ ਕਰਦਿਆਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਕੋਠੀ ਦਾ ਘਿਰਾਓ ਕੀਤਾ। ਕਰੀਬ ਢਾਈ ਘੰਟੇ ਕੋਠੀ ਨੇੜੇ ਧੂਰੀ-ਪਟਿਆਲਾ ਬਾਈਪਾਸ 'ਤੇ ਆਵਾਜਾਈ ਮੁਕੰਮਲ ਤੌਰ 'ਤੇ ਠੱਪ ਰਹੀ। ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਦਲਿਤ ਵਿਰੋਧੀ ਕਰਾਰ ਦਿੱਤਾ। ਜਲੂਰ ਜਬਰ ਵਿਰੋਧੀ ਐਕਸ਼ਨ ਕਮੇਟੀ ਨੇ ਢੀਂਡਸਾ ਕੋਠੀ ਦੇ ਘਿਰਾਓ ਅਤੇ 17 ਵਿਅਕਤੀਆਂ ਦੀ ਰਿਹਾਈ ਮਗਰੋਂ ਐਲਾਨ ਕੀਤਾ ਕਿ ਸਾਰੀਆਂ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ। ਘਿਰਾਓ ਦੌਰਾਨ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬੂਟਾ ਸਿੰਘ ਬੁਰਜ ਗਿੱਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜੋਰਾ ਸਿੰਘ ਨਸਰਾਲੀ, ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਦਾਤਾਰ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੰਜੀਵ ਮਿੰਟੂ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੁਰਮੁਖ ਸਿੰਘ ਸਿੱਧੂ, ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਦੇ ਬਹਾਲ ਸਿੰਘ ਨੇ ਸੰਬੋਧਨ ਕੀਤਾ।



*ਸੰਗਰੂਰ ਜੇਲ੍ਹ ਵਿਚੋਂ ਦਲਿਤਾਂ ਦੀ ਰਿਹਾਈ ਮਗਰੋਂ ਕੀਤੀ ਰੈਲੀ ਦੀ ਤਸਵੀਰ।*

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਮਲਾ ਹੈਰਿਸ ਬਾਰੇ ਚੱਲੀ ਚਰਚਾ

**ਵਾਸ਼ਿੰਗਟਨ:** ਰਾਸ਼ਟਰਪਤੀ ਚੋਣਾਂ ਵਿਚ ਹਿਲੇਰੀ ਕਲਿੰਟਨ ਦੀ ਹਾਰ ਤੋਂ ਕੁਝ ਦਿਨ ਬਾਅਦ ਜਾਰੀ ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਮੂਲ ਦੀ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਕਮਲਾ ਹੈਰਿਸ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦੇ ਸਮਰੱਥ ਹੈ। 51 ਸਾਲਾ ਹੈਰਿਸ ਦੀ ਮਾਤਾ ਚੇਨੱਈ ਦੀ ਸੀ ਤੇ ਪਿਤਾ ਜਮਾਇਕਾ ਤੋਂ ਸਨ। ਹੈਰਿਸ ਨੇ ਹੁਣ ਵੱਡੇ ਫਰਕ ਨਾਲ ਕੈਲੀਫੋਰਨੀਆ ਤੋਂ ਅਮਰੀਕੀ ਸੈਨੇਟ ਦੀ ਸੀਟ ਜਿੱਤੀ ਹੈ ਤੇ ਅਜਿਹਾ ਕਰਨ ਵਾਲੀ ਪਹਿਲੀ ਏਸ਼ਿਆਈ ਮਹਿਲਾ ਬਣੀ ਹੈ।



ਜਿੱਤ ਤੋਂ ਫੌਰੀ ਬਾਅਦ ਉਸ ਨੇ ਡੋਨਲਡ ਟਰੰਪ ਦੀਆਂ ਪਰਵਾਸ ਸਬੰਧੀ ਨੀਤੀਆਂ ਵਿਰੁੱਧ ਦੇਸ਼ ਵਿਆਪੀ ਮੁਹਿੰਮ ਵਿੱਢ ਦਿੱਤੀ ਹੈ। 'ਹਫਿੰਗਟਨ ਪੋਸਟ' ਨੇ ਲਿਖਿਆ ਹੈ ਕਿ ਕਮਲਾ ਹੈਰਿਸ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣ ਸਕਦੀ ਹੈ। ਇਸ ਅਖਬਾਰ ਦਾ ਕਹਿਣਾ ਹੈ ਕਿ ਸੈਨੇਟ ਦੀ ਸੀਟ ਜਿੱਤ ਕੇ ਕਮਲਾ ਨੇ ਇਤਿਹਾਸ ਰਚ ਦਿੱਤਾ ਹੈ ਤੇ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਵਜੋਂ ਉਸ ਦਾ ਰਿਕਾਰਡ ਸ਼ਾਨਦਾਰ ਰਿਹਾ ਹੈ।

ਇਸ ਤੋਂ ਇਲਾਵਾ ਡੈਮੋਕਰੈਟਿਕ ਲੀਡਰਸ਼ਿਪ ਦੇ ਬਰਾਕ ਓਬਾਮਾ ਤੇ ਜੋਅ ਬਿਡੇਨ ਵਰਗੇ ਸੀਨੀਅਰ ਆਗੂ ਉਸ ਦੇ ਨਾਲ ਹਨ। ਇਹ ਸਾਰੇ ਹਾਲਾਤ ਕਮਲਾ ਨੂੰ ਸਾਰੇ ਦੇਸ਼ ਵਿਚ ਚੰਗਾ ਹੁੰਗਾਰਾ ਦਿਵਾ ਸਕਦੇ ਹਨ ਤੇ ਉਹ 2020 ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਉਮੀਦਵਾਰ ਵਜੋਂ ਸ਼ਾਮਲ ਹੋ ਸਕਦੀ ਹੈ।

## ਗੁਰੂ ਗੋਬਿੰਦ ਸਿੰਘ ਪ੍ਰਕਾਸ਼ ਪੁਰਬ ਸਬੰਧੀ ਕਮੇਟੀ ਦੇ ਮੁਖੀ ਹੋਣਗੇ ਮੋਦੀ

**ਨਵੀਂ ਦਿੱਲੀ:** ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਕੌਮੀ ਪੱਧਰ ਉਤੇ ਮਨਾਉਣ ਲਈ ਬਣਾਈ ਕਮੇਟੀ ਦੇ ਮੁਖੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੋਣਗੇ। ਸ੍ਰੀ ਮੋਦੀ ਦੀ ਅਗਵਾਈ ਹੇਠ ਕਾਇਮ ਕਮੇਟੀ ਵਿਚ ਕੇਂਦਰੀ ਮੰਤਰੀਆਂ ਰਾਜਨਾਥ ਸਿੰਘ, ਅਰੁਣ ਜੇਤਲੀ, ਸੁਸ਼ਮਾ ਸਵਰਾਜ ਅਤੇ ਮਹੇਸ਼ ਸ਼ਰਮਾ ਦੇ ਨਾਂ ਸ਼ਾਮਲ ਹਨ। ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਪ੍ਰਕਾਸ਼ ਸਿੰਘ ਬਾਦਲ, ਮਨੋਹਰ ਲਾਲ ਖੱਟਰ, ਤਿੱਬਤੀਆਂ ਦੇ ਧਾਰਮਿਕ ਆਗੂ ਦਲਾਈਲਾਮਾ, ਭਾਜਪਾ ਪ੍ਰਧਾਨ ਅਮਿਤ ਸ਼ਾਹ ਤੋਂ ਇਲਾਵਾ ਲਤਾ ਮੰਗੇਸ਼ਕਰ, ਅਮਿਤਾਭ ਬਚਨ, ਧਰਮਿੰਦਰ ਵਰਗੀਆਂ ਫਿਲਮੀ ਹਸਤੀਆਂ ਵੀ ਕਮੇਟੀ ਵਿਚ ਸ਼ਾਮਲ ਹਨ।

ਇਨ੍ਹਾਂ ਦੇ ਨਾਲ ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਅਰਜਨ ਸਿੰਘ, ਸਾਬਕਾ ਥਲ ਸੈਨਾ ਮੁਖੀ ਬਿਕਰਮ ਸਿੰਘ ਅਤੇ ਜਨਰਲ ਜੇ.ਜੇ. ਸਿੰਘ, ਸੇਵਾਮੁਕਤ ਜਸਟਿਸ ਕੁਲਦੀਪ ਸਿੰਘ ਤੋਂ ਇਲਾਵਾ ਅਨਲਜੀਤ ਸਿੰਘ, ਵਿਕਰਮਜੀਤ ਸਿੰਘ ਸਾਹਨੀ, ਪਿੰਗਲਵਾੜਾ ਦੀ ਮੁਖੀ ਇੰਦਰਜੀਤ ਕੌਰ, ਮਿਲਖਾ ਸਿੰਘ ਅਤੇ ਕ੍ਰਿਕਟਰ ਹਰਭਜਨ ਸਿੰਘ ਦੇ ਨਾਂ ਵੀ ਸੂਚੀ ਵਿਚ ਸ਼ਾਮਲ ਹਨ। ਪ੍ਰਕਾਸ਼ ਪੁਰਬ ਦੇ ਕਾਰਜ ਨੇਪਰੇ ਚਾੜ੍ਹਨ ਲਈ ਸਰਕਾਰ ਨੇ ਇਕ ਸੌ ਕਰੋੜ ਰੁਪਏ ਰੱਖੇ ਹਨ।

## ਮੁਸਲਿਮ ਆਗੂ ਨਾਇਕ ਦੇ ਸੰਗਠਨ 'ਤੇ ਪਾਬੰਦੀ

**ਮੁੰਬਈ:** ਮੁਸਲਿਮ ਧਾਰਮਿਕ ਆਗੂ ਜ਼ਾਕਿਰ ਨਾਇਕ ਦੇ ਸੰਗਠਨ ਉਤੇ ਸਰਕਾਰ ਨੇ ਪੰਜ ਸਾਲ ਲਈ ਪਾਬੰਦੀ ਲਾ ਦਿੱਤੀ ਹੈ। ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਕੀਤੇ ਫੈਸਲੇ ਅਨੁਸਾਰ ਵਿਵਾਦਗ੍ਰਸਤ ਮੁਸਲਿਮ ਆਗੂ ਜ਼ਾਕਿਰ ਨਾਇਕ ਦੀਆਂ ਕਥਿਤ ਅਤਿਵਾਦ ਪੱਖੀ ਗਤੀਵਿਧੀਆਂ ਨੂੰ ਦੇਖਦਿਆਂ ਪੰਜ ਸਾਲ ਲਈ ਉਸ ਦੇ ਸੰਗਠਨ 'ਇਸਲਾਮਿਕ ਰਿਸਰਚ ਫਾਊਂਡੇਸ਼ਨ' ਨੂੰ ਗੈਰਕਾਨੂੰਨੀ ਕਰਾਰ ਦੇ ਕੇ ਇਸ ਉਤੇ ਪੰਜ ਸਾਲ ਲਈ ਪਾਬੰਦੀ ਲਾ ਦਿੱਤੀ ਹੈ। ਇਹ ਜਾਣਕਾਰੀ ਗ੍ਰਹਿ ਵਿਭਾਗ ਨੇ ਦਿੱਤੀ ਹੈ।

# 'ਸਿੱਖ ਕੈਪਟਨ ਅਮਰੀਕਾ' ਨੇ ਕੱਟੜਤਾ ਖਿਲਾਫ ਮੁਹਿੰਮ ਵਿੱਢੀ

**ਵਾਸ਼ਿੰਗਟਨ:** 'ਸਿੱਖ ਕੈਪਟਨ ਅਮਰੀਕਾ' ਨੇ 'ਕੱਟੜਤਾ ਵਿਚ ਵਾਧੇ' ਵਿਰੁੱਧ ਲੜਨ ਦਾ ਅਹਿਦ ਲਿਆ ਹੈ। ਵਾਸ਼ਿੰਗਟਨ ਦੇ ਜੰਮਪਲ ਅਤੇ ਕਾਰਟੂਨਿਸਟ ਵਿਸ਼ਵਜੀਤ ਸਿੰਘ ਨੇ ਕਿਹਾ ਕਿ ਉਸ ਨੇ ਟਰੰਪ ਦੇ ਅਮਰੀਕਾ ਦਾ ਰੌਅ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' ਵਿਚ ਹੀ ਦੇਖ ਲਿਆ ਸੀ। ਉਸ ਨੇ 'ਵਾਸ਼ਿੰਗਟਨ ਪੋਸਟ' ਨੂੰ ਦੱਸਿਆ, "ਮੇਰੇ ਲਈ ਇਹ ਸਪਸ਼ਟ ਹੈ ਕਿ ਮੈਂ ਕਿਸੇ ਦਾ ਮਨ ਬਦਲਣ ਨਹੀਂ ਜਾ ਰਿਹਾ। ਮੇਰਾ ਮੰਨਣਾ ਹੈ ਕਿ ਇਹ ਬਹੁਤ ਭਾਵੁਕ ਅਤੇ ਖੁਣਸੀ ਵੋਟਰਾਂ ਦੀ ਜਿੱਤ ਹੈ। ਇਹ ਅਜਿਹੀ ਭਾਵਨਾ ਹੈ ਜਿਸ ਨੂੰ ਚਾਹ ਕੇ ਵੀ ਨਹੀਂ ਛੱਡਿਆ ਜਾ ਸਕਦਾ। ਹੁਣ ਇਹ ਆਦਮੀ ਸਾਡਾ ਅਗਲਾ ਰਾਸ਼ਟਰਪਤੀ ਹੈ।"

ਆਪਣੀ ਉਮਰ ਦੇ 40ਵਿਆਂ ਵਿਚ ਪੁੱਜਿਆ ਵਿਸ਼ਵਜੀਤ 9/11 ਦੇ ਅਤਿਵਾਦੀ ਹਮਲਿਆਂ ਬਾਅਦ ਤੋਂ ਕੱਟੜਤਾ ਵਿਰੁੱਧ ਸਰਗਰਮੀ ਨਾਲ ਲੜ ਰਿਹਾ ਹੈ। ਉਹ 'ਕੈਪਟਨ ਅਮਰੀਕਾ' ਦੀ ਚਮਕ-ਦਮਕ ਵਾਲੀ ਪੁਸ਼ਾਕ ਪਾ ਕੇ ਗਲੀਆਂ ਵਿਚੋਂ ਲੰਘਿਆ ਅਤੇ ਕੁਝ ਰਾਹਗੀਰ ਦਾੜ੍ਹੀ ਵਾਲੇ ਦਸਤਾਰ ਬੰਨ੍ਹੀ ਇਸ ਬੰਦੇ ਦੇ ਸੁਪਰ-ਸੂਟ ਪਾਇਆ ਹੋਣ ਕਾਰਨ ਕਾਫ਼ੀ ਪ੍ਰਭਾਵਿਤ ਹੋਏ। ਉਸ ਨੇ ਕਿਹਾ ਕਿ ਕਈ ਘੱਟ ਗਿਣਤੀ ਗਰੁੱਪਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਪ੍ਰਚਾਰ ਮੁਹਿੰਮ ਦੌਰਾਨ ਟਰੰਪ ਦੇ ਭਾਸ਼ਣਾਂ ਕਾਰਨ ਉਹ ਰੋਜ਼ਾਨਾ ਜੀਵਨ ਵਿਚ ਤਬਦੀਲੀਆਂ ਦੇਖ ਰਿਹਾ ਹੈ।

## ਜਥੇਦਾਰਾਂ ਵੱਲੋਂ ਸਰਬੱਤ ਖਾਲਸਾ ਮੁੜ ਸੱਦਣ ਦਾ ਫੈਸਲਾ

**ਮੋਗਾ :** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੇ ਫਿਰ ਤੋਂ ਸਰਬੱਤ ਖਾਲਸਾ ਸੱਦਣ ਦਾ ਐਲਾਨ ਕੀਤਾ ਹੈ। ਗੁਰਦੁਆਰਾ ਜੋਤੀ ਸਰੂਪ ਪਿੰਡ ਜੋਗੇਵਾਲਾ ਵਿਖੇ ਜਥੇਦਾਰਾਂ ਤੇ ਸੰਤ ਸਮਾਜ ਦੀ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ।ਮੀਟਿੰਗ ਦੌਰਾਨ ਤਲਵੰਡੀ ਸਾਬੋ ਵਿਖੇ ਮੁੜ ਸਰਬੱਤ ਖਾਲਸਾ ਸੱਦਣ ਦਾ ਫੈਸਲਾ ਲੈਂਦਿਆਂ ਅਗਲੇ ਹਫਤੇ ਤੱਕ ਇਸ ਦੀ ਤਰੀਕ ਦਾ ਐਲਾਨ ਕਰਨ ਦੀ ਗੱਲ ਆਖੀ ਗਈ।


ਮੀਟਿੰਗ ਵਿਚ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਬੀਤੇ ਵਰ੍ਹੇ ਚੱਬਾ ਵਿਖੇ ਹੋਏ ਸਰਬੱਤ ਖਾਲਸਾ ਤੋਂ ਬੁਖਲਾਈ ਬਾਦਲ ਸਰਕਾਰ ਨੇ 10 ਨਵੰਬਰ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਣ ਵਾਲੇ ਸਰਬੱਤ ਖਾਲਸਾ 'ਤੇ ਪਾਬੰਦੀ ਲਗਾ ਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਤਲਵੰਡੀ ਸਾਬੋ ਵਿਚ ਮੁੜ ਉਸੇ ਸਥਾਨ 'ਤੇ ਸਰਬੱਤ ਖਾਲਸਾ ਸੱਦਣ ਦਾ ਅਹਿਮ ਫੈਸਲਾ ਲੈਂਦਿਆਂ ਸੰਗਤ ਨੂੰ ਦੱਸਿਆ ਕਿ ਸਿੱਖ ਜਥੇਬੰਦੀਆਂ ਨਾਲ ਮੀਟਿੰਗ ਕਰ ਕੇ ਇਸ ਹਫਤੇ ਤਰੀਕ ਐਲਾਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਵਾਰ ਵੀ ਦਖਲਅੰਦਾਜ਼ੀ ਕੀਤੀ ਤਾਂ ਇਸ ਦੇ ਨਿਕਲਣ ਵਾਲੇ ਭਿਆਨਕ ਸਿੱਟਿਆਂ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

## ਸੈਨ ਫਰਾਂਸਿਸਕੋ ਵਿਚ ਸਿੱਖ ਵਿਦਿਆਰਥੀ ਦੀ ਹੱਤਿਆ

**ਸੈਨ ਫਰਾਂਸਿਸਕੋ:** ਇਥੇ ਕੰਮ ਤੋਂ ਘਰ ਪਰਤ ਰਹੇ ਭਾਰਤੀ ਮੂਲ ਦੇ 17 ਸਾਲਾ ਸਿੱਖ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਵਾਰਦਾਤ ਪਿਛਲੇ ਹਫ਼ਤੇ ਕੈਲੀਫੋਰਨੀਆ ਦੇ ਕੈਨਡਿਨਸਕੀ ਵੇਅ ਵਿਚ ਉਸ ਦੇ ਘਰ ਦੇ ਗੈਰਾਜ ਵਿਚ ਵਾਪਰੀ। ਗੁਰਨੂਰ ਸਿੰਘ ਨਾਹਲ ਜੋ ਹਾਈ ਸਕੂਲ ਵਿਚ ਪੜ੍ਹਦਾ ਸੀ, ਦੇ ਪਰਿਵਾਰ ਨੇ ਦੱਸਿਆ ਕਿ ਗੁਰਨੂਰ ਕੰਮ ਤੋਂ ਪਰਤ ਰਿਹਾ ਸੀ, ਜਦੋਂ ਉਸ ਨੂੰ ਗੋਲੀ ਮਾਰੀ ਗਈ। ਗੁਰਨੂਰ ਦੇ ਰਿਸ਼ਤੇਦਾਰ ਤੇਜਿੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ 'ਤੇ ਸ਼ੱਕ ਨਹੀਂ ਹੈ। ਗੁਰਨੂਰ ਦੀ ਦਾਦੀ ਨੇ ਦੱਸਿਆ ਕਿ ਗੁਰਨੂਰ ਗਰਾਜ ਵਿਚ ਪਿਆ ਮਦਦ ਲਈ ਕੁਰਲਾ ਰਿਹਾ ਸੀ, ਪਰ ਉਦੋਂ ਤਕ ਬਹੁਤ ਦੇਰ ਹੋ ਗਈ ਸੀ। ਜਾਣਕਾਰੀ ਅਨੁਸਾਰ, ਗੁਰਨੂਰ ਦੀ ਦਾਦੀ ਨੇ ਖੜਾਕ ਸੁਣਿਆ। ਉਹ ਬਾਹਰ ਆਈ ਤਾਂ ਦੇਖਿਆ ਕਿ ਗੁਰਨੂਰ ਤੜਫ ਰਿਹਾ ਸੀ।

## ਸਮਾਜ ਸੇਵੀ ਬਲਦੇਵ ਰਾਜ ਪਾਬਲਾ ਦਾ ਦੇਹਾਂਤ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਭਾਈਚਾਰੇ ਵਿਚ ਹਰਮਨ ਪਿਆਰੇ ਸਮਾਜ ਸੁਧਾਰਕ ਬਲਦੇਵ ਰਾਜ ਪਾਬਲਾ ਬੀਤੀ 10 ਨਵੰਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਸਵਰਗੀ ਪਾਬਲਾ ਸੈਨ ਹੋਜ਼ੇ ਦੇ ਇਕ ਹਸਪਤਾਲ ਵਿਚ ਦਿਲ ਦੇ ਓਪਰੇਸ਼ਨ ਤੋਂ ਬਾਅਦ ਵਾਪਸ ਹੋਸ਼ ਵਿਚ ਨਹੀਂ ਪਰਤੇ। ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਬੇਟੇ, ਇੱਕ ਬੇਟੀ ਤੇ 6 ਪੋਤੇ-ਦੋਹਤੇ ਛੱਡ ਗਏ ਹਨ।



ਫਗਵਾੜਾ ਦੇ ਰਹਿਣ ਵਾਲੇ ਸਵਰਗੀ ਪਾਬਲਾ ਮਿਠਬੋਲੇ ਤੇ ਹਰੇਕ ਦੇ ਕੰਮ ਆਉਣ ਵਾਲੀ ਸ਼ਖਸੀਅਤ ਸਨ। ਪਿਛਲੇ ਅੱਠ-ਦਸ ਸਾਲ ਤੋਂ ਇਥੇ ਐਵਰਗਰੀਨ ਲਾਇਬਰੇਰੀ ਵਿਚ ਉਹ ਮੁਫਤ ਸਿਟੀਜ਼ਨ ਕਲਾਸ ਲੈਂਦੇ ਰਹੇ ਜਿੱਥੇ ਉਨ੍ਹਾਂ ਦੇ ਪੜ੍ਹਾਏ ਦੋ ਸੌ ਤੋਂ ਵੱਧ ਉਮੀਦਵਾਰਾਂ ਨੇ ਅਮਰੀਕਾ ਦੀ ਸਿਟੀਜ਼ਨਸ਼ਿਪ ਹਾਸਲ ਕੀਤੀ। ਕੁਝ ਦੇਰ ਪਹਿਲਾਂ ਉਹ ਆਪਣੇ ਛੋਟੇ ਬੇਟੇ ਕੋਲ ਪੋਰਟਲੈਂਡ (ਔਰੇਗਾਨ) ਚਲੇ ਗਏ ਜਿੱਥੇ ਉਨ੍ਹਾਂ ਆਪਣਾ ਸਿਟੀਜ਼ਨ ਕਲਾਸ ਦਾ ਕੰਮ ਜਾਰੀ ਰੱਖਿਆ।

ਸਵਰਗੀ ਪਾਬਲਾ ਦਾ ਸਸਕਾਰ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਖੇ 18 ਨਵੰਬਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਦਰਮਿਆਨ ਹੋਵੇਗਾ। ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗੀ। ਹੋਰ ਜਾਣਕਾਰੀ ਲਈ ਪਰਿਵਾਰ ਨਾਲ ਫੋਨ: 408-728-0058 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

**Now we have 3 locations:**

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote:** **1-408-771-2438**
satwant@satwantins.com

# ਗੁਆਂਢੀਆਂ ਤੋਂ ਦਰਿਆਈ ਪਾਣੀ ਦੀ ਜੰਗ ਹਾਰਿਆ ਪੰਜਾਬ



**ਨਵੀਂ ਦਿੱਲੀ:** ਆਪਣੇ ਗੁਆਂਢੀਆਂ ਤੋਂ ਦਰਿਆਈ ਪਾਣੀਆਂ ਦੀ ਕਾਨੂੰਨੀ ਜੰਗ ਪੰਜਾਬ ਹਾਰ ਗਿਆ ਹੈ। ਸੁਪਰੀਮ ਕੋਰਟ ਨੇ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਐਕਟ 2004 ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ। ਅਦਾਲਤ ਦੇ ਫੈਸਲੇ ਮੁਤਾਬਕ ਪੰਜਾਬ ਨੂੰ ਰਾਵੀ-ਬਿਆਸ ਦਰਿਆਵਾਂ ਦਾ ਪਾਣੀ ਹਰਿਆਣਾ ਅਤੇ ਹੋਰ ਸੂਬਿਆਂ ਨਾਲ ਵੰਡਣਾ ਪਏਗਾ ਅਤੇ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਨੂੰ ਮੁਕੰਮਲ ਕਰਨ ਲਈ ਦਿੱਤੇ ਗਏ ਪਹਿਲਾਂ ਦੋ ਫੈਸਲਿਆਂ ਨੂੰ ਮੰਨਣਾ ਪਏਗਾ। ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ 2004 ਦੀ ਵੈਧਤਾ ਬਾਰੇ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਤੋਂ ਰਾਇ ਮੰਗੀ ਸੀ।

ਫੈਸਲਾ ਦਿੰਦੇ ਸਮੇਂ ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਵੱਲੋਂ ਚਾਰ ਨੁਕਤਿਆਂ ਬਾਰੇ ਰਾਇ ਮੰਗੀ ਗਈ ਸੀ ਅਤੇ ਇਨ੍ਹਾਂ ਸਾਰਿਆਂ ਦੇ ਜਵਾਬ ਨਾਂਹ ਵਿਚ ਹਨ। ਰਾਸ਼ਟਰਪਤੀ ਵੱਲੋਂ ਮੰਗੀ ਗਈ ਰਾਇ ਵਿਚ ਸਵਾਲ ਕੀਤੇ ਗਏ ਸਨ ਕਿ ਪੁਨਰਗਠਨ ਐਕਟ, ਰਾਵੀ-ਬਿਆਸ ਦੇ ਪਾਣੀਆਂ ਬਾਰੇ ਅੰਤਰ-ਰਾਜੀ ਸਮਝੌਤੇ ਅਤੇ ਸੁਪਰੀਮ ਕੋਰਟ ਦੇ ਦੋ ਫੈਸਲੇ ਕੀ ਸੰਵਿਧਾਨਕ ਵਿਵਸਥਾ ਦੇ ਦਾਇਰੇ ਵਿਚ ਆਉਂਦੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ 12 ਜੁਲਾਈ 2004 ਨੂੰ ਐਕਟ ਬਣਾਏ ਜਾਣ ਦੇ ਤੁਰਤ ਬਾਅਦ ਤਤਕਾਲੀ ਮਨਮੋਹਨ ਸਿੰਘ ਸਰਕਾਰ ਨੇ ਰਾਸ਼ਟਰਪਤੀ ਅਬਦੁੱਲ ਕਲਾਮ ਰਾਹੀਂ ਸੁਪਰੀਮ ਕੋਰਟ ਕੋਲੋਂ ਉਕਤ ਸਵਾਲਾਂ 'ਤੇ ਰਾਇ ਮੰਗੀ ਸੀ। 1981 ਦੇ ਸਮਝੌਤੇ ਅਨੁਸਾਰ ਪੰਜਾਬ ਨੂੰ 4.22 ਮਿਲੀਅਨ ਏਕੜ ਫੁੱਟ (ਐਮ.ਏ.ਐਫ.), ਹਰਿਆਣਾ 3.50 ਐਮ.ਏ.ਐਫ., ਰਾਜਸਥਾਨ 8.60 ਐਮ.ਏ.ਐਫ., ਦਿੱਲੀ 0.20 ਐਮ.ਏ.ਐਫ. ਅਤੇ ਜੰਮੂ ਕਸ਼ਮੀਰ ਨੂੰ 0.65 ਐਮ.ਏ.ਐਫ. ਪਾਣੀ ਮਿਲਣਾ ਸੀ।

ਐਸ.ਵਾਈ.ਐਲ. ਨਹਿਰ ਲਈ ਐਕੁਆਇਰ ਕੀਤੀ ਗਈ ਜ਼ਮੀਨ ਪੰਜਾਬ ਵੱਲੋਂ ਵਾਪਸ ਕੀਤੇ ਜਾਣ ਦੇ ਬਿੱਲ ਬਾਰੇ ਬੈਂਚ ਨੇ ਹਰਿਆਣਾ ਦੀ ਜ਼ੁਬਾਨੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਜਿਸ 'ਚ ਹਰਿਆਣਾ ਨੇ ਮੰਗ ਕੀਤੀ ਸੀ ਕਿ 17 ਮਾਰਚ 2016 ਨੂੰ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਹੁਕਮਾਂ ਨੂੰ ਜਾਰੀ ਰੱਖਿਆ ਜਾਵੇ।

ਉਧਰ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਦਾ ਪਾਣੀ ਗੁਆਂਢੀ ਰਾਜਾਂ ਨੂੰ ਦੇਣ ਲਈ ਮਰਹੂਮ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਮਰਹੂਮ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਠਹਿਰਾਇਆ।

## ਕੀ ਹੈ ਸਤਲੁਜ-ਯਮਨਾ ਲਿੰਕ ਦਾ ਪੂਰਾ ਵਿਵਾਦ



**ਚੰਡੀਗੜ੍ਹ:** ਸਤਲੁਜ-ਯਮਨਾ ਲਿੰਕ ਨਹਿਰ ਬਾਰੇ ਪੰਜਾਬ ਤੇ ਹਰਿਆਣਾ ਵਿਚ ਵਿਵਾਦ ਬੜਾ ਪੁਰਾਣਾ ਹੈ। ਇਸ ਨਹਿਰ ਦਾ ਮੁੱਢ ਹਰਿਆਣਾ ਦੇ 1966 ਵਿਚ ਹੋਂਦ ਵਿਚ ਆਉਣ ਦੇ ਨਾਲ ਹੀ ਬੰਨ੍ਹਿਆ ਗਿਆ। ਪੰਜਾਬ-ਹਰਿਆਣਾ ਦੀ ਵੰਡ ਤੋਂ ਬਾਅਦ ਹਰਿਆਣਾ ਨੇ ਆਪਣੇ ਹਿੱਸੇ ਦੇ ਪਾਣੀ ਉਤੇ ਦਾਅਵਾ ਠੋਕਿਆ। 1955 ਵਿਚ ਕੇਂਦਰ ਸਰਕਾਰ ਦੀ ਇੰਟਰ ਸਟੇਟ ਮੀਟਿੰਗ ਅਨੁਸਾਰ ਰਾਵੀ ਤੇ ਬਿਆਸ ਦੇ ਕੁੱਲ 15.85 ਮਿਲੀਅਨ ਏਕੜ ਫੀਟ (ਐਮ16) ਪਾਣੀ ਵਿਚੋਂ ਰਾਜਸਥਾਨ ਨੂੰ 8 ਐਮ16 ਤੇ ਪੰਜਾਬ ਨੂੰ 7.2 ਐਮ16 ਤੇ ਜੰਮੂ ਕਸ਼ਮੀਰ ਨੂੰ 0.65 ਐਮ16 ਪਾਣੀ ਦਿੱਤੇ ਜਾਣ ਬਾਰੇ ਸਮਝੌਤਾ ਹੋਇਆ। ਉਸ ਸਮੇਂ ਪੰਜਾਬ ਨੇ ਘੱਟ ਪਾਣੀ ਦਿੱਤੇ ਜਾਣ ਉਤੇ ਇਤਰਾਜ਼ ਪ੍ਰਗਟਾਇਆ ਸੀ।

ਪੰਜਾਬ ਤੇ ਹਰਿਆਣਾ ਵਿਚ ਵਿਵਾਦ 1966 ਵਿਚ ਉਸ ਸਮੇਂ ਹੋਇਆ ਜਦੋਂ ਦੋਵਾਂ ਸੂਬਿਆਂ ਦੀ ਵੰਡ ਹੋਈ। ਉਦੋਂ ਤੋਂ ਹੁਣ ਤੱਕ ਦੋਵਾਂ ਸੂਬਿਆਂ ਵਿਚ ਇਹ ਵਿਵਾਦ ਲਗਾਤਾਰ ਜਾਰੀ ਹੈ। 1976 ਵਿਚ ਕੇਂਦਰ ਸਰਕਾਰ ਨੇ ਪੰਜਾਬ ਦੇ 7.2 ਐਮ.ਏ.ਐਫ. ਪਾਣੀ ਵਿਚੋਂ 3.5 ਐਮ16 ਹਿੱਸਾ ਹਰਿਆਣਾ ਨੂੰ ਦੇਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਤੋਂ ਬਾਅਦ ਪੰਜਾਬ ਤੋਂ ਹਰਿਆਣਾ ਦੇ ਹਿੱਸੇ ਦਾ ਪਾਣੀ ਲਿਆਉਣ ਲਈ ਸਤਲੁਜ ਨੂੰ ਯਮਨਾ ਨਦੀ ਨਾਲ ਜੋੜਨ ਵਾਲੀ ਨਹਿਰ ਦੀ ਯੋਜਨਾ ਬਣਾਈ ਗਈ। ਨਹਿਰ ਦਾ ਨਾਮ ਰੱਖਿਆ ਗਿਆ ਸਤਲੁਜ-ਯਮਨਾ ਲਿੰਕ ਨਹਿਰ। ਸਾਲ 1981 ਵਿਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਤਤਕਾਲੀਨ ਮੁੱਖ ਮੰਤਰੀਆਂ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮਿਲ ਕੇ ਨਹਿਰ ਸਬੰਧੀ ਸਮਝੌਤੇ ਉਤੇ ਦਸਤਖਤ ਕੀਤੇ।

8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਟੱਕ ਲਾ ਇਸ ਨਹਿਰ ਦੀ ਖੁਦਾਈ ਦੀ ਸ਼ੁਰੂਆਤ ਕੀਤੀ ਸੀ। ਨਹਿਰ ਦੀ ਕੁੱਲ ਲੰਬਾਈ 214 ਕਿਲੋਮੀਟਰ ਹੈ ਜਿਸ ਵਿਚੋਂ ਪੰਜਾਬ ਦੇ ਹਿੱਸੇ ਵਿਚ 122 ਕਿਲੋਮੀਟਰ ਤੇ ਹਰਿਆਣਾ ਦੇ ਹਿੱਸੇ ਵਿਚ 92 ਕਿੱਲੋਮੀਟਰ ਨਹਿਰ ਦਾ ਨਿਰਮਾਣ ਹੋਣਾ ਸੀ। ਇਸ ਨਹਿਰ ਦੇ ਨਿਰਮਾਣ ਦਾ ਜ਼ਿਆਦਾਤਰ ਕੰਮ ਪੂਰਾ ਹੋ ਚੁੱਕਾ ਹੈ, ਜੋ 10 ਫੀਸਦੀ ਬਾਕੀ ਹੈ, ਉਹ ਪੰਜਾਬ ਵਾਲੇ ਪਾਸੇ ਹੈ। ਨਹਿਰ ਦੇ ਨਿਰਮਾਣ ਨੂੰ ਲੈ ਕੇ ਪੰਜਾਬ ਵਿਚ ਹਿੰਸਾ ਵੀ ਹੋਈ ਜਿਸ ਤੋਂ ਬਾਅਦ 1990 ਵਿਚ ਇਸ ਦੇ ਨਿਰਮਾਣ ਉਤੇ ਰੋਕ ਲਾ ਦਿੱਤੀ ਗਈ।

ਇਸ ਨਹਿਰ ਦੇ ਨਿਰਮਾਣ ਨੂੰ ਲੈ ਕੇ ਕਾਫੀ ਰਾਜਨੀਤੀ ਵੀ ਹੋਈ। ਇਸ ਤੋਂ ਬਾਅਦ ਮਾਮਲੇ 1996 ਵਿਚ ਸੁਪਰੀਮ ਕੋਰਟ ਪਹੁੰਚ ਗਿਆ। ਪੰਜਾਬ ਦੀ ਦਲੀਲ ਸੀ ਕਿ ਸੂਬੇ ਵਿਚ ਪਾਣੀ ਦਾ ਪੱਧਰ ਪਹਿਲਾਂ ਹੀ ਘੱਟ ਹੈ। ਇਸ ਲਈ ਹਰਿਆਣਾ ਨੂੰ ਹੋਰ ਵਾਧੂ ਪਾਣੀ ਨਹੀਂ ਦਿੱਤਾ ਜਾ ਸਕਦਾ। ਸੁਪਰੀਮ ਕੋਰਟ ਨੇ ਪੰਜਾਬ ਨੂੰ 2002 ਤੇ 2004 ਵਿਚ ਦੋ ਵਾਰ ਨਹਿਰ ਦੇ ਨਿਰਮਾਣ ਦਾ ਕੰਮ ਪੂਰਾ ਕਰਨ ਦਾ ਨਿਰਦੇਸ਼ ਦਿੱਤਾ। 2004 ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਇਕ ਫੈਸਲੇ ਨੇ ਇਸ ਮਾਮਲੇ ਨੂੰ ਹੋਰ ਭਖਾ ਦਿੱਤਾ। 12 ਜੁਲਾਈ 2004 ਨੂੰ ਪੰਜਾਬ ਵਿਧਾਨ ਸਭਾ ਨੇ ਇਕ ਬਿੱਲ ਪਾਸ ਕਰਕੇ ਕੈਪਟਨ ਸਰਕਾਰ ਨੇ ਪੰਜਾਬ ਦੇ ਪਾਣੀਆਂ ਸਬੰਧੀ ਕੀਤੇ ਗਏ ਸਾਰੇ ਸਮਝੌਤੇ ਰੱਦ ਕਰ ਦਿੱਤੇ। ਪੰਜਾਬ ਦੇ ਸਰਕਾਰ ਦੇ ਇਸ ਫੈਸਲੇ ਖ਼ਿਲਾਫ਼ ਤਤਕਾਲੀਨ ਸਰਕਾਰ ਸੁਪਰੀਮ ਕੋਰਟ ਵਿਚ ਚਲੀ ਗਈ। ਮਾਮਲਾ ਅਦਾਲਤੀ ਦਾਅ ਪੇਚ ਵਿਚ ਸਾਲ-ਦਰ-ਸਾਲ ਉਲਝਦਾ ਗਿਆ। 15 ਮਾਰਚ, 2016 ਨੂੰ ਮੌਜੂਦਾ ਬਾਦਲ ਸਰਕਾਰ ਨੇ ਨਹਿਰ ਲਈ ਕਿਸਾਨਾਂ ਤੋਂ ਐਕਵਾਇਰ ਕੀਤੀ ਗਈ 5000 ਏਕੜ ਜ਼ਮੀਨ ਵਾਪਸ ਕਰਨ ਸਬੰਧੀ ਡੀ-ਨੋਟੀਫ਼ਿਕੇਸ਼ਨ ਦਾ ਬਿੱਲ ਪਾਸ ਕਰ ਦਿੱਤਾ। ਇਸ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਮਾਲਕਾਨਾ ਹੱਕ ਫਿਰ ਤੋਂ ਦੇ ਦਿੱਤਾ ਗਿਆ।

# ਸਿਆਸਤ ਦਾ ਸ਼ਿਕਾਰ ਹੁੰਦਾ ਰਿਹਾ ਪਾਣੀਆਂ ਦਾ ਗੰਭੀਰ ਮਸਲਾ

**ਚੰਡੀਗੜ੍ਹ:** ਪੰਜਾਬ ਦੇ ਪਾਣੀਆਂ ਦਾ ਮਸਲਾ ਹੁਣ ਤੱਕ ਸਿਆਸਤ ਦਾ ਸ਼ਿਕਾਰ ਹੁੰਦਾ ਆਇਆ ਹੈ। ਸੂਬੇ ਦੀ ਹਰ ਸਿਆਸੀ ਧਿਰ ਖੁਦ ਨੂੰ ਪੰਜਾਬ ਦੇ ਪਾਣੀਆਂ ਦੇ ਰਾਖੇ ਵਜੋਂ ਪੇਸ਼ ਕਰਦੀ ਰਹੀ ਹੈ, ਪਰ ਸੱਤਾ ਮਿਲਦੇ ਹੀ ਇਹ ਮਸਲਾ ਭੁੱਲ ਭੁਲਾ ਦਿੱਤਾ ਜਾਂਦਾ ਰਿਹਾ ਹੈ। ਸੱਚਾਈ ਇਹ ਹੈ ਕਿ ਪੰਜਾਹ ਸਾਲਾਂ ਦੌਰਾਨ ਪੰਜਾਬ ਦੇ ਪਾਣੀਆਂ ਨੂੰ ਲੱਗੀ ਅੱਗ ਵਿਚ ਸੂਬੇ ਦੇ ਲੋਕਾਂ ਨੂੰ ਵੱਡੀ ਕੀਮਤ ਉਤਾਰਨੀ ਪਈ ਹੈ। ਇਸ ਮੁੱਦੇ ਉਤੇ ਕਈ ਸਰਕਾਰਾਂ ਬਣੀਆਂ ਅਤੇ ਟੁੱਟੀਆਂ, ਪਰ ਪੰਜਾਬੀਆਂ ਦੇ ਪੱਲੇ ਕੁਝ ਨਹੀਂ ਪਿਆ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 2004 ਵਿਚ ਜਲ ਸਮਝੌਤੇ ਰੱਦ ਕਰਨ ਲਈ ਬਣਾਏ ਕਾਨੂੰਨ ਨੂੰ ਸੁਪਰੀਮ ਕੋਰਟ ਵੱਲੋਂ ਨਾਵਾਜਬ ਕਰਾਰ ਦਿੱਤਾ ਗਿਆ ਹੈ। ਇਹ ਬਿੱਲ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕੀਤਾ ਸੀ ਅਤੇ ਧਾਰਾ 5 ਸ਼ਾਮਲ ਕਰਨ ਕਰ ਕੇ ਉਸ ਵਕਤ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਸੀ। ਧਾਰਾ ਪੰਜ ਅਨੁਸਾਰ ਜਿੰਨਾ ਪਾਣੀ ਕਾਨੂੰਨ ਬਣਨ ਤੱਕ ਕਿਸੇ ਰਾਜ ਨੂੰ ਜਾਂਦਾ ਸੀ ਇਹ ਜਾਂਦਾ ਰਹਿਣਾ ਸੀ। ਪੰਜਾਬ ਦੇ ਕਾਨੂੰਨੀ ਮਾਹਰਾਂ ਨੇ ਇਸ ਉਤੇ ਸਵਾਲ ਉਠਾਉਂਦਿਆਂ ਕਿਹਾ ਸੀ ਕਿ ਪੰਜਾਬ ਨੇ ਪਹਿਲੀ ਵਾਰ ਆਪਣੇ ਰੀਪੇਰੀਅਨ ਸਿਧਾਂਤ ਦੇ ਸਟੈਂਡ ਨਾਲ ਸਮਝੌਤਾ ਕਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ 2007 ਵਾਲੇ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ ਸੱਤਾ ਵਿਚ ਆਉਣ ਉਤੇ ਉਹ ਜਲ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਦੀ ਧਾਰਾ 5 ਨੂੰ ਰੱਦ ਕਰ ਦੇਣਗੇ, ਪਰ ਨੌਂ ਸਾਲਾਂ ਦੇ ਕਾਰਜਕਾਲ ਦੌਰਾਨ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ।

ਪਾਣੀਆਂ ਦੇ ਮੁੱਦੇ ਉਤੇ ਮਾਹਰ ਅਤੇ ਪਾਣੀਆਂ ਸਬੰਧੀ ਪੰਜਾਬ ਸਰਕਾਰ ਦੇ ਸਲਾਹਕਾਰ ਪ੍ਰੀਤਮ ਸਿੰਘ ਕੁਮੇਦਾਨ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਰਾਇ ਨੇ ਪੰਜਾਬ ਦਾ ਫਾਇਦਾ ਹੀ ਕੀਤਾ ਹੈ ਕਿਉਂਕਿ ਇਸ ਨਾਲ ਧਾਰਾ ਪੰਜ ਵੀ ਖਤਮ ਹੋ ਜਾਵੇਗੀ। ਇਹ ਰਾਇ ਤਾਂ ਐਸ.ਵਾਈ.ਐਲ. ਦੇ ਮੁੱਦੇ ਬਾਰੇ ਹੈ, ਪਾਣੀਆਂ ਦਾ ਕੇਸ ਅਲੱਗ ਤੋਂ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ, ਜਿਸ ਵਿਚ ਬੁਨਿਆਦੀ ਸੰਵਿਧਾਨਕ ਸਵਾਲ ਉਠਾਏ ਗਏ ਹਨ। ਐਸ.ਵਾਈ.ਐਲ. ਬਣਾਉਣ ਜਾਂ ਨਾ ਬਣਾਉਣ ਉਤੇ ਪੰਗਾ ਪਾਉਣ ਦੇ ਬਜਾਇ ਪਾਣੀਆਂ ਦੇ ਸੰਵਿਧਾਨਕ ਤਰੀਕੇ ਨਾਲ ਬਟਵਾਰੇ ਉੱਤੇ ਸਟੈਂਡ ਲੈਣ ਦੀ ਲੋੜ ਹੈ।

ਅਕਾਲੀ-ਭਾਜਪਾ ਸਰਕਾਰ, ਕਾਂਗਰਸ ਅਤੇ ਸਿਆਸਤ ਦੇ ਨਵੇਂ ਖਿਡਾਰੀ ਆਮ ਆਦਮੀ ਪਾਰਟੀ ਵੱਲੋਂ ਅੰਦੋਲਨਾਂ, ਅਸਤੀਫ਼ਿਆਂ ਅਤੇ ਹਰ ਕੁਰਬਾਨੀ ਦੇਣ ਤੱਕ ਦੇ ਐਲਾਨਾਂ ਨੇ ਪੰਜਾਬ ਨੂੰ ਮੁੜ ਪੰਜਾਹ ਸਾਲ ਪੁਰਾਣੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ। ਭਾਸ਼ਾ ਦੇ ਆਧਾਰ ਉਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ 'ਤੇ ਹੋਏ ਅੰਦੋਲਨ ਤੋਂ ਬਾਅਦ ਜੋ ਸੂਬਾ ਮਿਲਿਆ ਪਾਣੀਆਂ ਦੀ ਵੰਡ ਦਾ ਮਾਮਲਾ ਉਸ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਪੰਜਾਬ ਪੁਨਰਗਠਨ ਕਾਨੂੰਨ 1966 ਦੇ ਅਧੀਨ ਪੰਜਾਬ ਦੇ ਪਾਣੀਆਂ ਅਤੇ ਹੈੱਡ ਵਰਕਸਾਂ ਉਤੇ ਕੇਂਦਰ ਸਰਕਾਰ ਦਾ ਦਖਲ ਵਧਾ ਦਿੱਤਾ ਸੀ। ਕੁਮੇਦਾਨ ਅਨੁਸਾਰ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਗੈਰ ਸੰਵਿਧਾਨਕ ਹੈ। ਸੰਵਿਧਾਨਕ ਤੌਰ ਉਤੇ ਪਾਣੀ ਰਾਜਾਂ ਦਾ ਵਿਸ਼ਾ ਹੈ। ਇਸ ਬਾਰੇ ਕੇਂਦਰ ਸਰਕਾਰ ਫੈਸਲਾ ਨਹੀਂ ਲੈ ਸਕਦੀ, ਪਰ ਐਮਰਜੰਸੀ ਦੇ ਦੌਰਾਨ 24 ਮਾਰਚ 1976 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਰਾਵੀ ਅਤੇ ਬਿਆਸ ਦੇ 7.20 ਮਿਲੀਅਨ ਏਕੜ ਫੁੱਟ ਪਾਣੀ ਵਿਚੋਂ 3.5-3.5 ਮਿਲੀਅਨ ਏਕੜ ਫੁੱਟ ਪਾਣੀ ਪੰਜਾਬ ਅਤੇ ਹਰਿਆਣਾ ਦਰਮਿਆਨ ਵੰਡ ਦਿੱਤਾ ਅਤੇ .2 ਮਿਲੀਅਨ ਏਕੜ ਫੁੱਟ ਪਾਣੀ ਦਿੱਲੀ ਨੂੰ ਦੇ ਦਿੱਤਾ। ਪੰਜਾਬ ਸਰਕਾਰ ਨੇ 1979 ਵਿਚ ਸੁਪਰੀਮ ਕੋਰਟ ਵਿਚ ਕਾਨੂੰਨ ਦੀ ਧਾਰਾ 78 ਨੂੰ ਚੁਣੌਤੀ ਵੀ ਦਿੱਤੀ। ਸੁਪਰੀਮ ਕੋਰਟ ਤੋਂ ਫੈਸਲਾ ਕਰਵਾਉਣ ਦੇ ਬਜਾਇ 31 ਦਸੰਬਰ 1981 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਤੋਂ ਜਬਰੀ ਸਮਝੌਤਾ ਕਰਵਾ ਕੇ ਕੇਸ ਵਾਪਸ ਕਰਵਾ ਦਿੱਤਾ।

ਇੰਦਰਾ ਗਾਂਧੀ ਵੱਲੋਂ ਕਪੂਰੀ ਪਿੰਡ ਵਿਖੇ ਐਸ.ਵਾਈ.ਐਲ. ਨਹਿਰ ਕੱਢਣ ਲਈ ਲਗਾਏ ਟੱਕ ਤੋਂ 8 ਅਪਰੈਲ 1982 ਨੂੰ ਅਕਾਲੀ ਦਲ ਅਤੇ ਸੀ.ਪੀ.ਐਮ. ਨੇ ਸਾਂਝਾ ਮੋਰਚਾ ਸ਼ੁਰੂ ਕਰ ਦਿੱਤਾ। ਇਹੀ ਮੋਰਚਾ ਧਰਮ ਯੁੱਧ ਮੋਰਚੇ ਵਿਚ ਤਬਦੀਲ ਹੁੰਦਾ ਹੋਇਆ ਖਾੜਕੂਵਾਦ ਤੱਕ ਚਲਾ ਗਿਆ। ਇਸ ਵਿਚ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ, ਦਰਬਾਰ ਸਾਹਿਬ ਉਤੇ ਹਮਲਾ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ ਹੱਤਿਆ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਇਕ ਤੋਂ ਤਿੰਨ ਨਵੰਬਰ ਤੱਕ ਹੋਏ ਸਿੱਖਾਂ ਦੇ ਕਤਲੇਆਮ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ।



## ਹੁਣ ਪੰਜਾਬੀਆਂ ਨੂੰ ਤਾਰਨੀ ਪਵੇਗੀ ਕੀਮਤ

**ਬਠਿੰਡਾ:** ਸੁਪਰੀਮ ਕੋਰਟ ਦਾ ਪਾਣੀਆਂ ਬਾਰੇ ਫੈਸਲਾ ਪੰਜਾਬ ਦੇ ਲੋਕਾਂ ਖਾਸਕਰ ਕਿਸਾਨਾਂ ਲਈ ਕਾਫੀ ਮਾਰੂ ਸਾਬਤ ਹੋਵੇਗਾ। ਮਾਲਵਾ ਖਿੱਤੇ ਦੇ ਤਕਰੀਬਨ ਤਿੰਨ ਹਜ਼ਾਰ ਪਿੰਡਾਂ ਦਾ 10 ਲੱਖ ਏਕੜ ਉਪਜਾਊ ਰਕਬਾ ਮਾਰੂਥਲ ਵਿਚ ਤਬਦੀਲ ਹੋਣ ਦਾ ਡਰ ਵੀ ਬਣ ਗਿਆ ਹੈ। ਨਵੇਂ ਫੈਸਲੇ ਮਗਰੋਂ ਸਤਲੁਜ-ਯਮਨਾ ਲਿੰਕ ਨਹਿਰ ਬਣਦੀ ਹੈ ਤਾਂ ਮਾਲਵੇ ਦੇ ਅੱਧੀ ਦਰਜਨ ਜ਼ਿਲ੍ਹੇ 'ਟੇਲਾਂ ਵਾਲੇ ਜ਼ਿਲ੍ਹੇ' ਬਣ ਜਾਣਗੇ। ਹਾੜ੍ਹੀ ਦੀ ਫਸਲ ਦੀ ਬਿਜਾਂਦ ਵਿਚ ਰੁੱਝੀ ਕਿਸਾਨੀ ਨੂੰ ਨਵੇਂ ਫੈਸਲੇ ਨੇ ਫਿਕਰਮੰਦ ਕਰ ਦਿੱਤਾ ਹੈ। ਨੰਗਲ ਡੈਮ ਵਿਚੋਂ ਹੀ ਐਸ.ਵਾਈ.ਐਲ. ਨੂੰ ਪਾਣੀ ਦੇਣ ਦੀ ਵਿਉਂਤਬੰਦੀ ਹੋ ਰਹੀ ਹੈ, ਜਿਥੋਂ ਮੁੱਖ ਸਰਹਿੰਦ ਨਹਿਰ ਨਿਕਲਦੀ ਹੈ ਅਤੇ ਇਹੋ ਨਹਿਰ ਮਾਲਵਾ ਦੇ 14 ਜ਼ਿਲ੍ਹਿਆਂ ਦੇ ਰਕਬੇ ਨੂੰ ਸਿੰਜਦੀ ਹੈ।

ਵੇਰਵਿਆਂ ਅਨੁਸਾਰ ਮਾਲਵਾ ਖੇਤਰ ਵਿਚ 3.05 ਕਿਊਸਿਕ ਪਾਣੀ ਪ੍ਰਤੀ ਹਜ਼ਾਰ ਏਕੜ ਨੂੰ ਮਿਲ ਰਿਹਾ ਹੈ ਜਦੋਂਕਿ ਲੋੜ 5.50 ਕਿਊਸਿਕ ਪਾਣੀ ਦੀ ਹੈ। ਸਤਲੁਜ ਯਮਨਾ ਲਿੰਕ ਨਹਿਰ ਦੀ ਸਮਰੱਥਾ 6700 ਕਿਊਸਿਕ ਪਾਣੀ ਦੀ ਹੈ। ਇਸ ਹਿਸਾਬ ਨਾਲ ਮਾਲਵਾ ਖੇਤਰ ਨੂੰ ਮਿਲਣ ਵਾਲੇ ਨਹਿਰੀ ਪਾਣੀ 'ਤੇ ਵੱਡਾ ਕੱਟ ਲੱਗਣਾ ਹੈ। ਬਠਿੰਡਾ, ਮਾਨਸਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦਾ ਧਰਤੀ ਹੇਠਲਾ ਪਾਣੀ ਮਾੜਾ ਹੈ। ਨਵੇਂ ਹਾਲਾਤ ਵਿਚ ਮਾਲਵੇ ਦਾ ਸਮੁੱਚਾ ਖੇਤੀ ਅਰਥਚਾਰਾ ਹੀ ਡਾਵਾਂਡੋਲ ਹੋ ਜਾਵੇਗਾ। ਜੋ ਹਰੀਕੇ ਹੈੱਡ ਤੋਂ ਰਾਜਸਥਾਨ ਨੂੰ 10 ਹਜ਼ਾਰ ਕਿਊਸਿਕ ਪਾਣੀ ਜਾ ਰਿਹਾ ਹੈ, ਉਸ ਉਤੇ ਕੋਈ ਸਿੱਧਾ ਅਸਰ ਨਹੀਂ ਪਵੇਗਾ।

ਮਾਹਰਾਂ ਦਾ ਕਹਿਣਾ ਹੈ ਕਿ ਐਸ.ਵਾਈ.ਐਲ ਚੱਲਦੀ ਹੈ ਤਾਂ ਮਾਲਵੇ ਦੇ ਛੇ ਜ਼ਿਲ੍ਹਿਆਂ ਦਾ ਰਕਬਾ ਮੁੜ ਮਾਰੂਥਲ ਵਿਚ ਤਬਦੀਲ ਹੋ ਜਾਵੇਗਾ। 'ਵਾਟਰ ਮਨੀ' ਦੇ ਹਿਸਾਬ ਨਾਲ ਦੇਖੀਏ ਤਾਂ ਸਾਲਾਨਾ 6700 ਕਰੋੜ ਰੁਪਏ ਦਾ ਪਾਣੀ ਹਰਿਆਣਾ ਨੂੰ ਚਲਾ ਜਾਇਆ ਕਰੇਗਾ। ਵੇਰਵਿਆਂ ਅਨੁਸਾਰ ਭਾਖੜਾ ਮੇਨ ਲਾਈਨ ਦਾ 70 ਫੀਸਦੀ ਪਾਣੀ ਪਹਿਲਾਂ ਹੀ ਹਰਿਆਣਾ ਨੂੰ ਜਾ ਰਿਹਾ ਹੈ। ਵੱਡੀ ਮਾਰ ਮਾਲਵਾ ਖੇਤਰ ਨੂੰ ਹੀ ਪੈਣੀ ਹੈ, ਜਿਥੇ ਪਹਿਲਾਂ ਹੀ ਪਾਣੀ ਦੀ ਮਾਰ ਕਾਰਨ ਮਨੁੱਖੀ ਸਿਹਤ ਵੀ ਦਾਅ 'ਤੇ ਲੱਗੀ ਹੋਈ ਹੈ। ਬਠਿੰਡਾ ਨਹਿਰ ਮੰਡਲ ਅਧੀਨ ਤਕਰੀਬਨ ਸੱਤ ਜ਼ਿਲ੍ਹੇ ਪੈਂਦੇ ਹਨ, ਜਿਨ੍ਹਾਂ ਦਾ ਤਕਰੀਬਨ ਪੌਣੇ ਸੱਤ ਲੱਖ ਏਕੜ ਰਕਬਾ ਸਿੰਜਾਈ ਅਧੀਨ ਹੈ। ਇਹ ਰਕਬਾ ਪੂਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

ਸੂਤਰ ਆਖਦੇ ਹਨ ਕਿ ਪੀਣ ਵਾਲੇ ਪਾਣੀ ਦਾ ਵੱਖਰਾ ਸੰਕਟ ਬਣਨਾ ਹੈ। ਮਾਲਵੇ ਦੇ ਬਹੁਤੇ ਜਲ ਘਰ ਨਹਿਰੀ ਪਾਣੀ 'ਤੇ ਅਧਾਰਤ ਹਨ। ਨਰਮਾ ਪੱਟੀ ਨੂੰ ਪਹਿਲਾਂ ਹੀ ਨਹਿਰੀ ਪਾਣੀ ਦੀ ਥੁੜ੍ਹ ਹੈ। ਇਸ ਖਿੱਤੇ ਦੇ ਤਕਰੀਬਨ 300 ਪਿੰਡ ਪਹਿਲਾਂ ਹੀ ਟੇਲਾਂ ਉਤੇ ਪੈਂਦੇ ਹਨ, ਜਿਨ੍ਹਾਂ ਨੂੰ ਹਮੇਸ਼ਾ ਪਾਣੀ ਦਾ ਤਰਸੇਵਾਂ ਬਣਿਆ ਰਿਹਾ ਹੈ। ਸੂਤਰ ਆਖਦੇ ਹਨ ਕਿ ਭਾਵੇਂ ਫੌਰੀ ਤੌਰ 'ਤੇ ਕੋਈ ਨੁਕਸਾਨ ਨਹੀਂ, ਪਰ ਐਸ.ਵਾਈ.ਐਲ. ਬਣਨ ਦੀ ਸੂਰਤ ਵਿਚ ਮਾਲਵੇ ਦੇ ਸਾਹ ਸੂਤੇ ਜਾਣੇ ਹਨ।

# ਮਹਾਤੜਾਂ 'ਤੇ ਹੀ ਭਾਰੂ ਪਈ ਮੋਦੀ ਦੀ ਕਾਲੇ ਧਨ ਵਿਰੁਧ ਜੰਗ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਵੱਲੋਂ ਵੱਡੇ ਨੋਟਾਂ (500-1000) 'ਤੇ ਲਾਈ ਪਾਬੰਦੀ ਤਕਰੀਬਨ ਦੋ ਹਫਤਿਆਂ ਤੋਂ ਲੋਕਾਂ ਲਈ ਪਰੇਸ਼ਾਨੀ ਬਣੀ ਹੋਈ ਹੈ। ਭਾਵੇਂ ਪ੍ਰਧਾਨ ਮੰਤਰੀ ਨੇ ਇਸ ਨੂੰ ਕਾਲੇ ਧਨ ਤੇ ਭ੍ਰਿਸ਼ਟਾਚਾਰ ਖਿਲਾਫ਼ ਜੰਗ ਦਾ ਹਿੱਸਾ ਦੱਸਿਆ ਸੀ, ਪਰ ਇਹ ਆਮ ਲੋਕਾਂ 'ਤੇ ਹੀ ਭਾਰੂ ਪੈ ਗਈ। ਲੋਕਾਂ ਕੋਲ ਰਾਸ਼ਨ ਪਾਣੀ ਖਰੀਦਣ ਜੋਗੇ ਵੀ ਪੈਸੇ ਨਾ ਰਹੇ। ਬੈਂਕਾਂ ਅੱਗੇ ਦਿਨ ਭਰ ਲੰਮੀਆਂ ਕਤਾਰਾਂ ਬਣਾ ਕੇ ਵੀ ਆਮ ਲੋਕ ਹੀ ਖੜ੍ਹੇ ਰਹੇ, ਪਰ ਵੱਡੇ ਲੋਕਾਂ ਨੂੰ ਘੇਰਨ ਵਿਚ ਮੋਦੀ ਦਾ ਐਲਾਨ ਨਾਕਾਮ ਰਿਹਾ। ਧਨਾਢਾਂ ਨੇ ਮੋਦੀ ਦੇ ਐਲਾਨ ਵਾਲੇ ਦਿਨ ਸ਼ਾਮ ਨੂੰ ਹੀ ਬੋਰੀਆਂ ਭਰ-ਭਰ ਪੈਸਿਆਂ ਦੀਆਂ ਸੁਨਿਆਰਿਆਂ ਦੀਆਂ ਦੁਕਾਨਾਂ 'ਤੇ ਲਿਆ ਸੁੱਟੀਆਂ ਤੇ ਮੂੰਹ ਬੋਲੀ ਕੀਮਤ 'ਤੇ ਸੋਨਾ ਖਰੀਦਿਆ। ਦੋ ਦਿਨਾਂ ਵਿੱਚ ਹੀ ਸੋਨੇ ਦਾ ਭਾਅ ਦੁਗਣਾ ਹੋ ਗਿਆ।

ਸੋਨਾ ਖਰੀਦਣ ਵਿਚ ਪੰਜਾਬੀ ਕਿਸੇ ਤੋਂ ਪਿੱਛੇ ਨਾ ਰਹੇ, ਜਿਵੇਂ ਹੀ 500-1000 ਦੇ ਨੋਟਾਂ 'ਤੇ ਪਾਬੰਦੀ ਲੱਗੀ ਤਾਂ ਘਬਰਾਏ ਲੋਕਾਂ ਨੇ ਕੈਸ਼ ਨੂੰ ਟਿਕਾਣੇ ਲਾਉਣ ਲਈ ਸੋਨਾ ਖਰੀਦਣ ਦਾ ਰਸਤਾ ਚੁਣ ਲਿਆ। ਧਨਤੇਰਸ ਵਾਲੇ ਦਿਨ ਤੋਂ ਵੀ ਜ਼ਿਆਦਾ ਸੋਨਾ ਦੋ ਦਿਨਾਂ ਵਿਚ ਖਰੀਦਿਆ ਗਿਆ। ਮੋਦੀ ਦੇ ਐਲਾਨ ਵਾਲੇ ਦਿਨ ਰਾਤ ਤੱਕ ਜੋ ਸੋਨਾ 30 ਹਜ਼ਾਰ 800 ਰੁਪਏ ਪ੍ਰਤੀ ਤੋਲਾ ਸੀ, ਉਹ ਬਲੈਕ ਵਿਚ 48 ਤੋਂ 50 ਹਜ਼ਾਰ ਵਿਚ ਤੇ ਡੇਢ ਲੱਖ ਰੁਪਏ ਤੱਕ ਵਿਕਿਆ। ਜਦਕਿ ਇਹੀ ਸੋਨਾ ਲੁਧਿਆਣਾ ਵਿਚ 55 ਤੋਂ 60 ਹਜ਼ਾਰ ਰੁਪਏ ਵਿਚ ਵਿਕਿਆ।

ਭਾਰਤ ਵਿਚ ਸੋਨੇ ਦੀ ਮੰਗ ਇੰਨੀ ਜ਼ਿਆਦਾ ਵਧੀ ਕਿ ਪਿਛਲੇ 8 ਸਾਲਾਂ ਦਾ ਰਿਕਾਰਡ ਟੁੱਟ ਗਿਆ। ਮੋਦੀ ਦੇ ਫੈਸਲੇ ਨਾਲ ਵਿਆਹ-ਸ਼ਾਦੀਆਂ ਉਤੇ ਬਹੁਤ ਮਾਰੂ ਅਸਰ ਪੈ ਰਿਹਾ ਹੈ। ਭਾਵੇਂ ਮੋਦੀ ਦੇ ਐਲਾਨ ਨੇ ਪ੍ਰਭਾਵ ਦਿੱਤਾ ਸੀ ਕਿ ਨੋਟਾਂ ਦੇ ਭਰੇ ਟਰੱਕ ਇਕ ਦਿਨ, ਜਾਂ ਹੱਦ ਦੋ ਦਿਨਾਂ ਦੇ ਅੰਦਰ, ਦੇਸ਼ ਦੇ ਵੱਖ-ਵੱਖ ਸ਼ਹਿਰਾਂ ਦੀਆਂ ਬੈਂਕ ਬਰਾਂਚਾਂ ਤੇ ਡਾਕ ਘਰਾਂ ਵਿਚ ਪਹੁੰਚ ਜਾਣਗੇ। ਦੋ ਤਿੰਨ ਦਿਨ ਔਖਿਆਈ ਹੋਵੇਗੀ, ਫਿਰ ਗੱਡੀ ਲੀਹ ਉਤੇ ਆ ਜਾਵੇਗੀ, ਪਰ ਗੱਡੀ ਲੀਹ ਉਤੇ ਨਹੀਂ ਆ ਰਹੀ। ਆਮ ਬੰਦੇ ਨੂੰ ਸਭ ਕੰਮ ਛੱਡ ਕੇ ਬੈਂਕਾਂ ਜਾਂ ਏ.ਟੀ.ਐਮ. ਬੂਥਾਂ ਦੇ ਬਾਹਰ ਕਤਾਰਬੰਦ ਹੋਣਾ ਪੈ ਰਿਹਾ ਹੈ। ਮੋਦੀ ਦੀ ਨੀਤੀ ਦਾ ਵਿਰੋਧ ਕਰਨ ਵਾਲੇ ਨੇਤਾਵਾਂ ਅਤੇ ਅਰਥ ਸ਼ਾਸਤਰੀਆਂ ਦਾ ਤਰਕ ਹੈ ਕਿ 85 ਫੀਸਦੀ ਕਾਲਾ ਧਨ ਤਾਂ ਪਹਿਲਾਂ ਹੀ ਦੇਸ਼ ਤੋਂ ਬਾਹਰ ਹੈ ਜਿਸ ਨੂੰ ਪਰਤਾਉਣ ਵਿਚ ਸਰਕਾਰ ਨਾਕਾਮ ਰਹੀ ਹੈ। ਬਾਕੀ ਪੰਦਰਾਂ ਫੀਸਦੀ ਕਾਲੇ ਧਨ ਵਿਚੋਂ ਅੱਧਾ ਕੁ ਸੋਨੇ ਅਤੇ ਜ਼ਮੀਨ-ਜਾਇਦਾਦ ਦੇ ਕਾਰੋਬਾਰ ਵਿਚ ਖਪਿਆ ਹੋਇਆ ਹੈ। ਵੱਡੇ ਨੋਟ ਬੰਦ ਕਰ ਕੇ ਸਰਕਾਰ 6-7 ਫੀਸਦੀ ਕਾਲੇ ਧਨ ਦਾ ਹੀ ਸਫਾਇਆ ਕਰ ਸਕਦੀ ਹੈ। ਛੇ-ਸੱਤ ਫੀਸਦੀ ਕਾਲੇ ਧਨ ਦੀ ਰਕਮ ਵੀ 150 ਲੱਖ ਕਰੋੜ ਰੁਪਏ ਅਨੁਮਾਨੀ ਗਈ ਹੈ।

**ਪੰਜਾਬ ਦੀਆਂ ਸਿਆਸੀ ਧਿਰਾਂ ਲਈ ਝਟਕਾ**

ਕੇਂਦਰ ਸਰਕਾਰ ਵੱਲੋਂ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਫੈਸਲੇ ਨਾਲ ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕਾਲੇ ਧਨ ਦੀ ਵਰਤੋਂ ਕਰਨੀ ਇਕ ਤਰ੍ਹਾਂ ਨਾਲ ਅਸੰਭਵ ਹੋ ਗਈ ਹੈ। ਇਸ ਫੈਸਲੇ ਨਾਲ ਪੰਜਾਬ ਦੀਆਂ ਰਾਜਸੀ ਪਾਰਟੀਆਂ ਦੀਆਂ ਗਿਣਤੀਆਂ-ਮਿਣਤੀਆਂ ਫੇਲ੍ਹ ਹੋ ਗਈਆਂ। ਇਸ ਫੈਸਲੇ ਤੋਂ ਬਾਅਦ ਚੋਣ ਕਮਿਸ਼ਨ ਨੇ ਵੀ ਆਮਦਨ ਕਰ ਵਿਭਾਗ ਰਾਹੀਂ ਸਿਆਸਤਦਾਨਾਂ ਵੱਲੋਂ ਕਰੰਸੀ ਤਬਦੀਲ ਕੀਤੇ ਜਾਣ ਦੀ ਪੈੜ ਨੱਪਣੀ ਆਰੰਭ ਕਰ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ 'ਆਪ' ਦੇ ਸੰਭਾਵੀ ਤੇ ਐਲਾਨੇ ਜਾ ਚੁੱਕੇ ਉਮੀਦਵਾਰਾਂ ਨਾਲ ਗੱਲ ਕਰਨ ਤੋਂ ਇਹ ਤੱਥ ਸਾਹਮਣੇ ਆਏ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਰੀਬ 500 ਕਰੋੜ ਰੁਪਏ ਦੇ ਕਾਲੇ ਧਨ ਦੀ ਵਰਤੋਂ ਹੋਣੀ ਸੀ। ਪੰਜਾਬ ਦੇ ਰਾਜਸੀ ਹਲਕਿਆਂ ਵਿਚ ਪ੍ਰਭਾਵ ਹੈ ਕਿ ਇਕ ਦਹਾਕੇ ਤੋਂ ਹਕੂਮਤ 'ਤੇ ਕਾਬਜ਼ ਅਕਾਲੀ ਦਲ ਵੱਲੋਂ ਸਭ ਤੋਂ ਜ਼ਿਆਦਾ ਧਨ ਬਲ ਵਰਤੀ ਜਾਣੀ ਹੈ। ਸਾਲ 2012 ਦੀਆਂ ਚੋਣਾਂ ਦੌਰਾਨ ਵੀ ਇਹੀ ਪ੍ਰਭਾਵ ਬਣਿਆ ਸੀ। ਚੋਣ ਕਮਿਸ਼ਨ ਵੱਲੋਂ ਵੀ ਚੋਣਾਂ ਦੌਰਾਨ ਕਾਲੇ ਧਨ ਦੀ ਵਰਤੋਂ ਰੋਕਣ ਲਈ ਕਈ ਕਦਮ ਚੁੱਕੇ ਜਾਂਦੇ ਰਹੇ ਹਨ, ਪਰ ਪੁਲਿਸ ਤੇ ਸਿਵਲ ਪ੍ਰਸ਼ਾਸਨ ਦਾ ਰਾਜਸੀਕਰਨ ਹੋਣ ਕਾਰਨ ਇਸ 'ਚ ਖਾਸ ਕਾਮਯਾਬੀ ਨਹੀਂ ਮਿਲੀ। ਕਮਿਸ਼ਨ ਨੇ 2012 ਤੇ 14 ਦੀਆਂ ਚੋਣਾਂ ਦੌਰਾਨ ਪੰਜਾਬ ਵਿਚੋਂ ਕਰੋੜਾਂ ਰੁਪਏ ਜ਼ਬਤ ਤਾਂ ਕੀਤੇ ਪਰ ਇਹ ਪੈਸਾ ਸਿਆਸੀ ਧਿਰਾਂ ਦਾ ਨਹੀਂ, ਆਮ ਲੋਕਾਂ ਦਾ ਹੀ ਸੀ।

### ਵੱਡੇ ਲੋਕਾਂ ਨੂੰ ਘੇਰਨ ਵਿਚ ਨਾਕਾਮ ਰਹੀ ਮੁਹਿੰਮ



### ਅਸਲੀ ਤੋਂ ਪਹਿਲਾਂ ਪਹੁੰਚੇ 2000 ਦੇ ਨਕਲੀ ਨੋਟ

**ਤਰਨ ਤਾਰਨ:** ਮੋਦੀ ਸਰਕਾਰ ਨੇ ਜਾਅਲੀ ਕਰੰਸੀ ਤੇ ਕਾਲੇ ਧਨ ਨੂੰ ਲਗਾਮ ਪਾਉਣ ਲਈ 1000 ਤੇ 500 ਦੇ ਨੋਟ ਬੰਦ ਕੀਤੇ ਹਨ, ਪਰ ਬਾਜ਼ਾਰ ਵਿਚ 2000 ਦੇ ਨਕਲੀ ਨੋਟ ਪਹੁੰਚ ਵੀ ਚੁੱਕੇ ਹਨ।ਇਸ ਦੀ ਮਿਸਾਲ ਕਸਬਾ ਭਿੱਖੀਵਿੰਡ ਦੇ ਮੇਨ ਚੌਕ ਵਿਚ ਦੁਕਾਨਦਾਰ ਸੋਨੂੰ ਮਲਹੋਤਰਾ ਤੋਂ ਮਿਲਦੀ ਹੈ ਜਿਸ ਨੂੰ ਕੋਈ ਵਿਅਕਤੀ 2000 ਰੁਪਏ ਦਾ ਨਕਲੀ ਨੋਟ ਦੇ ਕੇ ਠੱਗ ਗਿਆ।ਦੱਸਣਯੋਗ ਹੈ ਕਿ ਨਕਲੀ ਨੋਟਾਂ ਨਾਲ ਤਿੰਨ ਦੁਕਾਨਦਾਰ ਠੱਗੀ ਦਾ ਸ਼ਿਕਾਰ ਹੋ ਚੁੱਕੇ ਹਨ।



### ਸ਼੍ਰੋਮਣੀ ਕਮੇਟੀ ਦਾ ਖਜ਼ਾਨਾ ਵੀ ਡੋਲਿਆ

**ਅੰਮ੍ਰਿਤਸਰ:** ਮੋਦੀ ਸਰਕਾਰ ਵੱਲੋਂ ਬੰਦ ਕੀਤੇ ਗਏ ਇਕ ਹਜ਼ਾਰ ਤੇ ਪੰਜ ਸੌ ਰੁਪਏ ਦੇ ਨੋਟਾਂ ਕਾਰਨ ਧਾਰਮਿਕ ਅਸਥਾਨਾਂ ਵਿਖੇ ਸ਼ਰਧਾਲੂਆਂ ਵੱਲੋਂ ਸ਼ਰਧਾ ਸਹਿਤ ਪੰਜ ਸੌ ਤੇ ਹਜ਼ਾਰ ਰੁਪਏ ਦੇ ਭੇਟ ਕੀਤੇ ਜਾਂਦੇ ਮਾਇਆ ਦੇ ਗੱਫਿਆਂ 'ਤੇ ਵੀ ਡਾਢਾ ਅਸਰ ਪਿਆ ਹੈ। ਸ਼੍ਰੋਮਣੀ ਕਮੇਟੀ ਨੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਇਸ ਨਾਲ ਸਬੰਧਤ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਨੂੰ 500 ਅਤੇ 1000 ਰੁਪਏ ਦੇ ਨੋਟਾਂ ਨੂੰ ਮੁਕੰਮਲ ਤੌਰ 'ਤੇ ਬੰਦ ਕੀਤੇ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ-85 ਦੇ ਸਮੂਹ ਮੈਨੇਜਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲਾਂ ਨੂੰ ਪੰਜ ਸੌ ਅਤੇ ਇਕ ਹਜ਼ਾਰ ਦੇ ਨੋਟਾਂ ਨੂੰ ਮੁਕੰਮਲ ਤੌਰ 'ਤੇ ਬੰਦ ਕੀਤੇ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ।

### ਭਿਖਾਰੀ ਦੇ ਨੋਟ ਬਾਹਰ ਕਢਵਾਏ

**ਇੰਦੌਰ:** ਦੇਸ਼ ਵਿਚ ਪੰਜ ਸੌ ਤੇ ਇਕ ਹਜ਼ਾਰ ਦੇ ਨੋਟ ਬੰਦ ਕੀਤੇ ਜਾਣ ਦੇ ਫੈਸਲੇ ਨਾਲ ਹੁਣ ਲੋਕ ਆਪਣੇ ਦੱਬੇ ਹੋਏ ਖਜ਼ਾਨੇ ਨੂੰ ਹੌਲੀ-ਹੌਲੀ ਕਰ ਕੇ ਬਾਹਰ ਕੱਢਣ ਲੱਗ ਪਏ ਹਨ। ਮੋਦੀ ਸਰਕਾਰ ਦੇ ਹੁਕਮ ਨੇ ਇੰਦੌਰ ਦੇ ਇਕ ਅੰਨ੍ਹੇ ਭਿਖਾਰੀ ਦੇ ਦੱਬੇ ਇਕ ਲੱਖ ਰੁਪਏ ਦੀ ਜ਼ਿਆਦਾ ਰਾਸ਼ੀ ਬਾਹਰ ਕਢਵਾ ਦਿੱਤੀ ਹੈ।



ਭਿਖਾਰੀ ਸੀਤਾ ਰਾਮ ਨੂੰ ਜਦੋਂ ਸਰਕਾਰ ਦੇ ਹੁਕਮ ਦਾ ਪਤਾ ਲੱਗਾ ਤਾਂ ਉਹ ਆਪਣੇ ਨਾਲ ਪੈਸਿਆਂ ਵਾਲਾ ਝੋਲਾ ਲੈ ਕੇ ਸਰਪੰਚ ਦੇ ਘਰ ਪਹੁੰਚਿਆ। ਭੀਖ ਮੰਗ ਕੇ ਗੁਜ਼ਾਰਾ ਕਰਨ ਵਾਲੇ ਇਸ ਭਿਖਾਰੀ ਜੋੜੇ ਕੋਲੇ ਇੰਨੇ ਪੈਸੇ ਦੇਖ ਕੇ ਇਕ ਵਾਰ ਤਾਂ ਪੂਰੀ ਪੰਚਾਇਤ ਹੈਰਾਨ ਰਹਿ ਗਈ। ਪਿੰਡ ਦੇ ਸਰਪੰਚ ਅਨੁਸਾਰ ਜਦੋਂ ਭਿਖਾਰੀ ਨੇ ਪੈਸੇ ਉਸ ਦੇ ਟੇਬਲ ਉਤੇ ਰੱਖੇ ਤਾਂ ਉਹ ਹੈਰਾਨ ਹੋ ਗਿਆ। ਭਿਖਾਰੀ ਨੇ ਸਰਪੰਚ ਨੂੰ ਇਹ ਨੋਟ ਬਦਲਾਉਣ ਦੀ ਬੇਨਤੀ ਕੀਤੀ। ਸਰਪੰਚ ਈਸ਼ਵਰ ਸਿੰਘ ਪਵਾਰ ਅਨੁਸਾਰ ਕੁਝ ਨੋਟ ਤਾਂ ਅਜਿਹੇ ਹਨ ਜਿਸ ਨੂੰ ਚੂਹਿਆਂ ਨੇ ਖਾਹ ਲਿਆ ਹੈ।

### ਮੋਦੀ ਨੂੰ ਲੋਕਾਂ ਦੇ ਦਿਲੋਂ ਲਾਹਿਆ

**ਲੁਧਿਆਣਾ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 500 ਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਫੈਸਲੇ ਤੋਂ ਬਾਅਦ ਟਵਿੱਟਰ 'ਤੇ 3 ਲੱਖ ਲੋਕਾਂ ਨੇ ਮੋਦੀ ਦਾ ਸਾਥ ਛੱਡ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੇ ਫੈਸਲੇ ਤੋਂ ਬਾਅਦ ਭਾਵੇਂ ਦੇਸ਼ ਵਿਚ ਮਿਲਿਆ ਜੁਲਿਆ ਪ੍ਰਤੀਕਰਮ ਹੈ, ਪਰ ਟਵਿੱਟਰ 'ਤੇ ਮੋਦੀ ਵੱਲੋਂ ਕੀਤੇ ਫੈਸਲੇ ਦੀ ਜ਼ਿਆਦਾਤਰ ਲੋਕਾਂ ਨੇ ਨੁਕਤਾਚੀਨੀ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਟਵਿੱਟਰ 'ਤੇ ਸਭ ਤੋਂ ਵੱਧ ਲੋਕਾਂ ਨਾਲ ਸਾਂਝ ਹੈ ਤੇ ਇਸ ਤੋਂ ਬਾਅਦ ਸੁਪਰ ਸਟਾਰ ਅਮਿਤਾਬ ਬਚਨ ਦਾ ਨੰਬਰ ਆਉਂਦਾ ਸੀ, ਪਰ ਮੋਦੀ ਦੇ ਇਸ ਫੈਸਲੇ ਤੋਂ ਬਾਅਦ ਉਨ੍ਹਾਂ ਦੀ ਲੋਕਪ੍ਰਿਯਤਾ 'ਚ ਕਮੀ ਆਈ ਹੈ।

# ਦਰਿਆਈ ਪਾਣੀਆਂ ਦੇ ਮਸਲੇ ਨੇ ਮਘਾਈ ਪੰਜਾਬ ਦੀ ਸਿਆਸੀ ਜੰਗ

**ਚੰਡੀਗੜ੍ਹ:** ਐਸ.ਵਾਈ.ਐਲ. ਨਹਿਰ ਦੇ ਮੁੱਦੇ ਉਤੇ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਉਬਾਲ ਆ ਗਿਆ ਹੈ। ਕਾਂਗਰਸ ਦੇ ਸਾਰੇ ਵਿਧਾਇਕਾਂ ਵੱਲੋਂ ਅਸਤੀਫੇ ਦੇਣ ਪਿੱਛੋਂ ਹਾਕਮ ਧਿਰ ਅਕਾਲੀ ਦਲ ਨੇ ਵੀ ਇਸ ਮੁੱਦੇ 'ਤੇ ਸਰਗਰਮੀ ਫੜ ਲਈ ਹੈ। ਆਮ ਆਦਮੀ ਪਾਰਟੀ (ਆਪ) ਨੇ ਇਸ ਮੁੱਦੇ 'ਤੇ ਕਪੂਰੀ ਮੋਰਚਾ ਲਾ ਕੇ ਰਵਾਇਤੀ ਧਿਰਾਂ ਨੂੰ ਵੰਗਾਰਿਆ ਹੈ। ਉਧਰ, ਅਕਾਲੀ ਦਲ ਨੇ ਇਸ ਮਾਮਲੇ ਨੂੰ ਸੰਵਿਧਾਨ ਬਨਾਮ ਸੁਪਰੀਮ ਕੋਰਟ ਬਣਾਉਣ ਦੀ ਰਣਨੀਤੀ ਬਣਾਈ ਹੈ। ਅਕਾਲੀ ਦਲ ਦੇ ਬੁਲਾਰੇ ਅਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਦੇਸ਼ ਦਾ ਸੰਵਿਧਾਨ ਰਪੇਰੀਅਨ ਸਿਧਾਂਤ ਦੇ ਆਧਾਰ ਉਤੇ ਕੰਮ ਕਰਦਾ ਹੈ। ਜਲ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ 2004 ਵੀ ਵਿਧਾਨ ਪਾਲਿਕਾ ਦੇ ਦਾਇਰੇ ਵਿਚ ਆਉਂਦਾ ਹੈ।

ਪਟਿਆਲਾ ਤੋਂ ਆਪ ਦੇ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਰੋਸ ਪ੍ਰਦਰਸ਼ਨ ਮੌਕੇ ਕਿਹਾ ਕਿ ਉਹ ਵੀ ਐਸ.ਵਾਈ.ਐਲ. ਨਹਿਰ ਦਾ ਮੁੱਦਾ ਸੰਸਦ ਵਿਚ ਉਠਾਉਣਗੇ। ਉਨ੍ਹਾਂ ਕਿਹਾ ਕਿ ਜੇਕਰ ਸਾਰੇ ਸਹਿਮਤ ਹੋਣਗੇ ਤਾਂ ਉਹ ਵੀ ਸੰਸਦ ਮੈਂਬਰੀ ਤੋਂ ਅਸਤੀਫਾ ਦੇ ਦੇਣਗੇ।

ਅਕਾਲੀ-ਭਾਜਪਾ ਸਰਕਾਰ ਐਸ.ਵਾਈ.ਐਲ. ਨਹਿਰ ਲਈ ਗ੍ਰਹਿਣ ਕੀਤੀ ਗਈ ਜ਼ਮੀਨ ਵਿਚੋਂ ਲਗਪਗ 3928 ਏਕੜ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦੀਆਂ ਸੰਭਾਵਨਾਵਾਂ ਵੀ ਤਲਾਸ਼ ਰਹੀ ਹੈ। ਅਕਾਲੀ ਦਲ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਐਸ.ਵਾਈ.ਐਲ. ਦੇ ਮੁੱਦੇ ਨੂੰ ਵਰਤਣ ਦੇ ਰੌਂਅ ਵਿਚ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਵਿਧਾਇਕਾਂ ਦੇ ਅਸਤੀਫਿਆਂ ਨੂੰ ਡਰਾਮਾ ਕਰਾਰ ਦਿੰਦਿਆਂ ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਅਮਰਿੰਦਰ ਸਿੰਘ ਨੂੰ ਪਾਰਲੀਮੈਂਟ ਵਿਚ ਅਕਾਲੀ ਦਲ ਨਾਲ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ ਸੀ। ਉਧਰ, ਕਾਂਗਰਸ ਦੇ ਸਾਰੇ 41 ਵਿਧਾਇਕਾਂ ਵੱਲੋਂ ਪੰਜਾਬ ਵਿਧਾਨ ਸਭਾ ਤੋਂ ਅਸਤੀਫੇ ਦੇਣ ਮਗਰੋਂ ਪਾਰਟੀ ਨੇ ਐਸ.ਵਾਈ.ਐਲ. ਨਹਿਰ ਮੁੱਦੇ ਤੇ ਤਿੱਖਾ ਅੰਦੋਲਨ ਛੇੜਨ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲਿੰਕ ਨਹਿਰ ਦੇ ਮੁੱਦੇ ਉਤੇ ਉਹ ਲੋਕਾਂ ਕੋਲੋਂ ਫਤਵਾ ਲੈਣਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਿਧਾਇਕਾਂ ਦੇ ਜੇਕਰ ਅਸਤੀਫੇ ਪ੍ਰਵਾਨ ਨਾ ਹੋਏ ਤਾਂ ਵੀ ਉਹ ਸੈਸ਼ਨ ਵਿਚ ਨਹੀਂ ਜਾਣਗੇ। ਕੈਪਟਨ ਮੁਤਾਬਕ ਕਾਂਗਰਸ ਦੇ ਬਾਕੀ ਸੰਸਦ ਮੈਂਬਰ ਦੇਸ਼ ਸਾਹਮਣੇ ਪੰਜਾਬ ਦਾ ਪੱਖ ਪੇਸ਼ ਕਰਨਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਦੱਸਣਗੇ ਕਿ 1978 ਵਿਚ ਬਾਦਲ ਨੇ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਦੇਵੀ ਲਾਲ ਕੋਲੋਂ ਨਹਿਰ ਦੀ ਉਸਾਰੀ ਲਈ ਦੋ ਕਰੋੜ ਰੁਪਏ ਲਏ ਸਨ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਇਸ ਮੁੱਦੇ ਉਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ।



### ਬਾਦਲ ਦੀ ਨਾਲਾਇਕੀ ਕਾਰਨ ਪੰਜਾਬ ਹਾਰਿਆ: ਕੈਪਟਨ

**ਅਬੋਹਰ:** ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਆਖਰੀ ਸਾਹ ਤੱਕ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਝਗੜੇ ਦਾ ਮੁੱਢ ਅਕਾਲੀਆਂ ਨੇ ਉਸ ਵੇਲੇ ਬੰਨ੍ਹਿਆ ਜਦੋਂ ਇਨ੍ਹਾਂ ਨੇ 1966 ਵਿਚ ਪੰਜਾਬੀ ਸੂਬਾ ਬਣਾਇਆ। ਅਕਾਲੀ-ਭਾਜਪਾ ਸਰਕਾਰ ਦੀ ਨਾਲਾਇਕੀ ਕਾਰਨ ਸੁਪਰੀਮ ਕੋਰਟ ਦਾ ਫੈਸਲਾ ਪੰਜਾਬ ਵਿਰੋਧੀ ਆਇਆ ਹੈ।

### ਡਰਾਮਾ ਨਾ ਕਰੇ ਕੈਪਟਨ ਅਮਰਿੰਦਰ ਸਿੰਘ: ਬਾਦਲ

**ਮੁਹਾਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਸਤਲੁਜ-ਯਮਨਾ ਲਿੰਕ ਦੇ ਮੁੱਦੇ 'ਤੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਅੱਜ ਵੀ ਆਪਣੇ ਪੁਰਾਣੇ ਸਟੈਂਡ 'ਤੇ ਕਾਇਮ ਹੈ। ਪਾਣੀਆਂ ਦੇ ਮੁੱਦੇ 'ਤੇ ਹਰ ਕੁਰਬਾਨੀ ਲਈ ਤਿਆਰ ਹਾਂ ਅਤੇ ਪਾਣੀਆਂ ਦੀ ਰਾਖੀ ਲਈ ਫੈਸਲਾਕੁਨ ਆਖਰੀ ਦਮ ਤੱਕ ਲੜੀ ਜਾਵੇਗੀ। ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਚੀਚੀ ਉਂਗਲ ਨੂੰ ਖੂਨ ਲਗਾ ਕੇ ਸ਼ਹੀਦ ਬਣਨ ਦਾ ਡਰਾਮਾ ਕੀਤਾ ਜਾ ਰਿਹਾ ਹੈ ਜਦੋਂ ਕਿ ਅਸਲੀਅਤ ਸਭ ਦੇ ਸਾਹਮਣੇ ਹੈ।

### 'ਆਪ' ਨੇ ਕਪੂਰੀ ਵਿਚ ਲਾਇਆ ਮੋਰਚਾ

**ਘਨੌਰ:** ਆਮ ਆਦਮੀ ਪਾਰਟੀ ਵੱਲੋਂ ਐਸ.ਵਾਈ.ਐਲ. ਮੁੱਦੇ 'ਤੇ ਪਿੰਡ ਕਪੂਰੀ ਨੇੜੇ ਸਤਲੁਜ ਯਮੁਨਾ ਲਿੰਕ ਨਹਿਰ ਅਤੇ ਭਾਖੜਾ ਦੀ ਨਰਵਾਣਾ ਬ੍ਰਾਂਚ ਨਹਿਰ ਦੀ ਸਾਂਝੀ ਪਟੜੀ 'ਤੇ ਅਕਾਲੀ-ਭਾਜਪਾ ਸਰਕਾਰ ਅਤੇ ਕਾਂਗਰਸ ਖਿਲਾਫ਼ ਸੂਬਾ ਪੱਧਰੀ ਧਰਨਾ ਵਿੱਢ ਦਿੱਤਾ ਗਿਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਬੁਲਾਰੇ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੈ ਸਿੰਘ ਨੇ ਆਖਿਆ ਕਿ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਦਾ ਜਿੰਨਾ ਨੁਕਸਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਹੈ, ਉਨਾ ਕਿਸੇ ਹੋਰ ਨੇ ਨਹੀਂ ਕੀਤਾ। ਦੋਵੇਂ ਧਿਰਾਂ ਐਸ.ਵਾਈ.ਐਲ. ਮੁੱਦੇ ਉਤੇ ਪਿਛਲੇ ਕਰੀਬ ਚਾਰ ਦਹਾਕਿਆਂ ਤੋਂ ਸਿਆਸੀ ਰੋਟੀਆਂ ਸੇਕ ਰਹੀਆਂ ਹਨ। ਹੁਣ ਜਦੋਂ ਵਿਧਾਨ ਸਭਾ ਚੋਣਾਂ ਵਿਚ ਮਹਿਜ਼ ਦੋ ਮਹੀਨੇ ਰਹਿ ਗਏ ਹਨ ਤਾਂ ਕਾਂਗਰਸੀ ਵਿਧਾਇਕ ਅਸਤੀਫ਼ੇ ਦੇ ਕੇ ਪੰਜਾਬ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਿਚ ਜੁਟ ਗਏ ਹਨ।

### ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਨੂੰ ਅਪੀਲ

**ਅੰਮ੍ਰਿਤਸਰ:** ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਨੂੰ ਸੂਬਾ ਵਿਰੋਧੀ ਕਰਾਰ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੀ ਹੱਕੀ ਮੰਗ ਨੂੰ ਪ੍ਰਵਾਨ ਕਰਦਿਆਂ ਸੂਬੇ ਦੇ ਪਾਣੀ ਨੂੰ ਕਿਸੇ ਵੀ ਸੂਰਤ ਵਿਚ ਨਾ ਖੋਹਿਆ ਜਾਵੇ।



ਇਹ ਮਤਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤਾ ਗਿਆ। ਇਸ ਦੌਰਾਨ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦੀ ਮੰਗ ਤੋਂ ਫਿਲਹਾਲ ਟਾਲਾ ਵੱਟਿਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਹਾਲ ਵਿਚ ਨਵ-ਨਿਯੁਕਤ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤੇ ਮਤਿਆਂ ਬਾਰੇ ਉਨ੍ਹਾਂ ਦੱਸਿਆ ਕਿ ਮਤਾ ਪਾਸ ਕਰ ਕੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਪਾਣੀ ਨੂੰ ਕਿਸੇ ਵੀ ਸੂਰਤ ਵਿਚ ਨਾ ਖੋਹਿਆ ਜਾਵੇ।

# ਪੰਜਾਬ ਸਰਕਾਰ ਦਾ ਕਿਸਾਨ ਹਿਤੈਸ਼ੀ ਹੋਣ ਦਾ ਫੀਤਾ ਲੱਥਿਆ

**ਚੰਡੀਗੜ੍ਹ:** ਕਿਸਾਨਾਂ ਨੂੰ ਝੋਨੇ ਦੀ ਖਰੀਦ ਦੀ ਅਦਾਇਗੀ ਨਾ ਹੋਣ ਨੇ ਅਕਾਲੀ-ਭਾਜਪਾ ਸਰਕਾਰ ਦੇ 24 ਘੰਟਿਆਂ ਵਿਚ ਅਦਾਇਗੀ ਕਰਨ ਦੇ ਵਾਅਦਿਆਂ ਅਤੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਸੂਬੇ ਵਿਚ ਇਸ ਵਾਰ ਝੋਨੇ ਦੀ ਬੰਪਰ ਫਸਲ ਦੇ ਸਿੱਟੇ ਵਜੋਂ ਮੰਡੀਆਂ ਵਿਚ ਹੁਣ ਤਕ ਲਗਭਗ 160 ਲੱਖ ਮੀਟਰਿਕ ਟਨ ਝੋਨਾ ਆ ਚੁੱਕਿਆ ਹੈ ਜਿਸ ਵਿਚ ਲਗਭਗ 159 ਲੱਖ ਮੀਟਰਿਕ ਟਨ ਦੀ ਖਰੀਦ ਹੋ ਚੁੱਕੀ ਹੈ, ਪਰ ਅਦਾਇਗੀ ਸਿਰਫ ਅੱਧੀ ਫਸਲ ਦੀ ਹੀ ਹੋਈ ਹੈ। ਮਾਮਲਾ ਸਿਰਫ ਅਦਾਇਗੀ ਨਾ ਹੋਣ ਦਾ ਹੀ ਨਹੀਂ, ਬਲਕਿ ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਨੂੰ ਪ੍ਰਤੀ ਕੁਇੰਟਲ 3 ਕਿੱਲੋ ਦੀ ਕਟੌਤੀ ਤੋਂ ਇਲਾਵਾ 100 ਰੁਪਏ ਪ੍ਰਤੀ ਦਿਨ ਕਿਰਾਇਆ ਦੇਣ ਲਈ ਵੀ ਮਜਬੂਰ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਕੇਂਦਰ ਸਰਕਾਰ ਵੱਲੋਂ ਐਲਾਨਿਆ ਗਿਆ ਘੱਟੋ-ਘੱਟ ਸਮਰਥਨ ਮੁੱਲ ਵੀ ਕਿਸਾਨਾਂ ਦੀਆਂ ਜੇਬਾਂ ਵਿਚ ਪੈਂਦਾ ਨਜ਼ਰ ਨਹੀਂ ਆ ਰਿਹਾ।

ਦੱਸਣਯੋਗ ਹੈ ਕਿ ਪੰਜਾਬ 'ਤੇ ਹਮੇਸ਼ਾ ਇਹ ਦੋਸ਼ ਲੱਗਦੇ ਹਨ ਕਿ ਉਹ ਕੇਂਦਰ ਸਰਕਾਰ ਵੱਲੋਂ ਜਾਰੀ ਕੇਂਦਰੀ ਫੰਡਾਂ ਦਾ ਹਿਸਾਬ ਕਿਤਾਬ ਨਹੀਂ ਦਿੰਦਾ। ਇਸੇ ਕਰ ਕੇ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕੇਂਦਰ ਨੇ ਪੰਜਾਬ ਸਰਕਾਰ ਨੂੰ ਝੋਨੇ ਦੀ ਖਰੀਦ ਲਈ ਜਾਰੀ ਕੀਤੀ ਜਾਣ ਵਾਲੀ ਸੀ.ਸੀ.ਐਲ. ਰੋਕ ਲਈ ਅਤੇ ਲਗਭਗ 18,000 ਕਰੋੜ ਰੁਪਏ ਦੀਆਂ ਫਸਲਾਂ ਦੀ ਖਰੀਦ ਦਾ ਹਿਸਾਬ ਕਿਤਾਬ ਸਾਫ ਕਰਨ ਲਈ ਕਹਿ ਦਿੱਤਾ। ਚੋਣ ਵਰ੍ਹਾ ਹੋਣ ਦਾ ਵਾਸਤਾ ਪਾ ਕੇ ਅਤੇ ਭਾਜਪਾ ਦੇ ਸੀਨੀਅਰ ਨੇਤਾਵਾਂ ਨਾਲ ਚੰਗੇ ਸਬੰਧਾਂ ਦੇ ਬਲਬੂਤੇ ਭਾਵੇਂ ਮੁੱਖ ਮੰਤਰੀ 22,450 ਕਰੋੜ ਰੁਪਏ ਦੀ ਸੀ.ਸੀ.ਐਲ. ਜਾਰੀ ਕਰਵਾਉਣ ਵਿਚ ਸਫਲ ਹੋ ਗਏ, ਪਰ

ਮੰਡੀਆਂ ਵਿਚ ਕਿਸਾਨਾਂ ਨੂੰ ਰੱਜ ਕੇ ਪਏ ਧੱਕੇ



ਇਸ ਦੇ ਬਾਵਜੂਦ ਪੰਜਾਬ ਸਰਕਾਰ 30 ਅਕਤੂਬਰ ਤੱਕ ਪ੍ਰਵਾਨਿਤ ਇਸ ਲਿਮਿਟ ਵਿਚੋਂ ਸਿਰਫ 12,043 ਕਰੋੜ ਰੁਪਏ ਦੀ ਅਦਾਇਗੀ ਹੀ ਕਿਸਾਨਾਂ ਨੂੰ ਕਰ ਸਕੀ ਹੈ।

ਲਿਮਿਟ ਦੀ ਮਿਆਦ ਖਤਮ ਹੋਣ ਕਰ ਕੇ ਉਸ ਨੂੰ ਮੁੜ ਨਵਿਆਉਣ ਵਿਚ ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਦੀ ਢਿੱਲੀ ਕਾਰਗੁਜ਼ਾਰੀ ਦਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਇੰਨਾ ਹੀ ਨਹੀਂ, ਵਿਭਾਗ ਨੇ ਬੰਪਰ ਫਸਲ ਦੀ ਅਗਾਊਂ ਜਾਣਕਾਰੀ ਦੇ ਬਾਵਜੂਦ ਕੇਂਦਰ ਸਰਕਾਰ ਨੂੰ ਝੋਨੇ ਦੀ ਖਰੀਦੀ ਜਾਣ ਵਾਲੀ ਫਸਲ ਦੀ ਕੁੱਲ ਅਦਾਇਗੀ ਦਾ ਅਨੁਮਾਨਿਤ ਪ੍ਰਸਤਾਵ ਵੀ ਲਗਭਗ 4000 ਕਰੋੜ ਰੁਪਏ ਦਾ ਘੱਟ ਭੇਜਿਆ ਅਤੇ ਹੁਣ ਇਸ ਲਈ ਵੱਖਰੇ ਤੌਰ 'ਤੇ ਮੰਗ ਭੇਜੀ ਗਈ ਹੈ। ਇਨ੍ਹਾਂ ਕਾਰਨਾਂ ਕਰ ਕੇ ਕਿਸਾਨਾਂ ਨੂੰ ਝੋਨੇ ਦੀ ਲਗਭਗ 15,000 ਕਰੋੜ ਰੁਪਏ ਦੀ ਅਦਾਇਗੀ ਨਹੀਂ ਹੋ ਰਹੀ।

ਝੋਨੇ ਦੀ ਅਦਾਇਗੀ ਨਾ ਹੋਣ ਕਾਰਨ ਜਿਥੇ ਕਿਸਾਨਾਂ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਇਸ ਨਾਲ ਸੂਬੇ ਦੀ ਸਮੁੱਚੀ ਆਰਥਿਕਤਾ ਵੀ ਡਗਮਗਾਉਂਦੀ ਨਜ਼ਰ ਆ ਰਹੀ ਹੈ। ਸਰਕਾਰ ਦੀ ਆਈ-ਚਲਾਈ ਵੀ ਝੋਨੇ ਦੀ ਖਰੀਦ ਤੋਂ ਪ੍ਰਾਪਤ ਹੁੰਦੇ ਵੈਟ ਦੇ ਸਹਾਰੇ ਹੀ ਚੱਲ ਰਹੀ ਹੈ ਜਦੋਂਕਿ ਮਾਰਕਿਟ ਵੀ ਇਸ ਫਸਲ ਦੇ ਪੈਸੇ ਦੇ ਆਸਰੇ ਹੀ ਹੁਲਾਰੇ ਵਿਚ ਆਉਂਦੀ ਹੈ। ਇਕ ਪਾਸੇ ਕਿਸਾਨ ਆਪਣੀ ਫਸਲ ਦੀ ਅਦਾਇਗੀ ਲਈ ਖਰੀਦ ਏਜੰਸੀਆਂ ਅਤੇ ਆੜ੍ਹਤੀਆਂ ਦੇ ਮੂੰਹ ਵੱਲ ਵੇਖ ਰਹੇ ਹਨ, ਪਰ ਦੂਜੇ ਪਾਸੇ ਮੁੱਖ ਮੰਤਰੀ ਸੌੜੇ ਸਿਆਸੀ ਮੰਤਵਾਂ ਲਈ ਸੰਗਤ ਦਰਸ਼ਨਾਂ ਵਿਚ ਕਰੋੜਾਂ ਰੁਪਏ ਵੰਡੀ ਜਾ ਰਹੇ ਹਨ।

# ਸ਼ੇਰ-ਏ-ਪੰਜਾਬ ਦਾ ਬੁੱਤ ਬਣਾਉਣ ਦਾ ਵਾਅਦਾ ਵਫਾ ਨਾ ਹੋਇਆ

**ਸੰਗਰੂਰ:** ਪੰਜਾਬ ਦੇ ਲੋਕਾਂ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦੇ ਦਾਅਵੇ ਕਰਨ ਵਾਲੀ ਅਕਾਲੀ-ਭਾਜਪਾ ਸਰਕਾਰ ਦੇ ਹਰ ਵਰ੍ਹੇ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਮਨਾਉਣ ਦੇ ਐਲਾਨ ਸਮੇਂ ਦੀ ਧੂੜ ਵਿਚ ਗੁਆਚ ਗਏ ਹਨ। ਬਾਦਲ ਸਰਕਾਰ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਮਨਾਉਣਾ ਪਿਛਲੇ ਤਿੰਨ ਸਾਲਾਂ ਤੋਂ ਭੁੱਲੀ ਹੋਈ ਹੈ। ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਗਏ ਐਲਾਨ ਨੂੰ 19 ਵਰ੍ਹੇ ਬੀਤਣ ਦੇ ਬਾਵਜੂਦ ਇਤਿਹਾਸਕ ਪਿੰਡ ਬਡਰੁੱਖਾਂ ਵਿਚ ਸ਼ੇਰ-ਏ-ਪੰਜਾਬ ਦਾ ਬੁੱਤ ਲਗਾਉਣ ਦਾ ਵਾਅਦਾ ਵਫਾ ਨਹੀਂ ਹੋਇਆ।



ਅਕਾਲੀ ਸਰਕਾਰ ਵੱਲੋਂ ਵੱਖ-ਵੱਖ ਸਮੇਂ ਆਪਣੇ ਕਾਰਜਕਾਲ ਦੌਰਾਨ ਚਾਰ ਵਾਰ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਪਿੰਡ ਬਡਰੁੱਖਾਂ ਵਿਚ ਸਰਕਾਰੀ ਤੌਰ 'ਤੇ ਸੂਬਾ ਪੱਧਰੀ ਸਮਾਗਮ ਕਰ ਕੇ ਮਨਾਇਆ ਜਾ ਚੁੱਕਿਆ ਹੈ। ਸਾਲ 1997, 2001, 2007 ਤੇ 2013 ਵਿਚ ਹੋਏ ਸੂਬਾ ਪੱਧਰੀ ਸਮਾਗਮ ਦੌਰਾਨ ਐਲਾਨ ਕੀਤਾ ਗਿਆ ਕਿ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਇਕ ਸੁੰਦਰ ਪਾਰਕ ਬਣਾ ਕੇ ਉਸ ਵਿਚ ਘੋੜੇ ਉਤੇ ਸਵਾਰ ਮਹਾਰਾਜਾ ਦਾ ਕਾਂਸੀ ਦਾ ਬੁੱਤ ਬਣਾਇਆ ਜਾਵੇਗਾ, ਪਰ 19 ਸਾਲ ਬੀਤਣ ਉਤੇ ਵੀ ਵਾਅਦਾ ਵਫਾ ਨਾ ਹੋ ਸਕਿਆ। ਸ਼ੇਰ-ਏ-ਪੰਜਾਬ ਦੇ ਜਨਮ ਦਿਹਾੜੇ 'ਤੇ ਹੋਏ ਵਾਅਦਿਆਂ ਦੀ ਸੂਚੀ ਵਿਚ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਪਿੰਡ ਬਡਰੁੱਖਾਂ ਵਿਚ ਤਿੰਨ ਕਰੋੜ ਦੀ ਲਾਗਤ ਨਾਲ ਇਕ ਆਦਰਸ਼ ਸਕੂਲ ਬਣਾਉਣਾ, ਮੈਡੀਕਲ ਕਾਲਜ ਸਥਾਪਤ ਕਰਨਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਰਫੋਂ ਲੜਕੀਆਂ ਦਾ ਸਕੂਲ ਖੋਲ੍ਹਣਾ ਵੀ ਸ਼ਾਮਲ ਸੀ, ਪਰ ਇਹ ਵਾਅਦੇ ਵੀ ਬੇਵਫ਼ਾਈ ਦੀ ਭੇਟ ਚੜ੍ਹ ਗਏ। ਪਿੰਡ ਵਿਚ ਮੌਜੂਦ ਇਤਿਹਾਸਕ ਕਿਲ੍ਹੇ ਦੇ ਉਹ ਬੁਰਜ ਨੂੰ ਵੀ ਸਮੇਂ ਦੀ ਸਰਕਾਰਾਂ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਸੰਭਾਲਣ ਦੀ ਲੋੜ ਨਹੀਂ ਸਮਝੀ ਗਈ, ਜਿਸ ਵਿਚ ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦਾ 13 ਨਵੰਬਰ 1776 ਨੂੰ ਜਨਮ ਹੋਣਾ ਦੱਸਿਆ ਹੈ।

ਪਿੰਡ ਵਿਚ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਸ਼ੇਰ-ਏ-ਪੰਜਾਬ ਦੀ ਯਾਦ ਵਿਚ ਬਣਾਇਆ ਗੁਰਦੁਆਰਾ ਮੌਜੂਦ ਹੈ ਜਿੱਥੇ ਸਿੱਖ ਕੌਮ ਦੇ ਚਾਰ ਜਰਨੈਲਾਂ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ਼ਾਮ ਸਿੰਘ ਅਟਾਰੀ ਦੇ ਘੋੜੇ ਉਤੇ ਸਵਾਰ ਬੁੱਤ ਸਥਾਪਤ ਹਨ। ਪਿੰਡ ਵਾਸੀਆਂ ਦੀ ਮੰਗ ਹੈ ਕਿ ਸ਼ੇਰ-ਏ-ਪੰਜਾਬ ਦੀ ਸ਼ਾਨਦਾਰ ਯਾਦਗਾਰ ਸਥਾਪਿਤ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਨੂੰ ਹਮੇਸ਼ਾ ਯਾਦ ਰੱਖਣ।

# ਜਪਾਨ ਤੇ ਭਾਰਤ ਵਿਚਾਲੇ ਇਤਿਹਾਸਕ ਪਰਮਾਣੂ ਸੰਧੀ

**ਟੋਕੀਓ:** ਜਪਾਨ ਨੇ ਆਪਣੇ ਰਵਾਇਤੀ ਰੁਖ ਤੋਂ ਹਟਦਿਆਂ ਭਾਰਤ ਨਾਲ ਇਤਿਹਾਸਕ ਸਿਵਲ ਪਰਮਾਣੂ ਸਹਿਯੋਗ ਸੰਧੀ 'ਤੇ ਦਸਤਖ਼ਤ ਕੀਤੇ। ਇਸ ਨਾਲ ਪਰਮਾਣੂ ਖੇਤਰ ਵਿਚ ਦੋਵੇਂ ਮੁਲਕਾਂ ਦੀਆਂ ਸਨਅਤਾਂ ਵਿਚਕਾਰ ਗਠਜੋੜ ਦੇ ਦਰਵਾਜ਼ੇ ਖੁੱਲ੍ਹ ਗਏ ਹਨ। ਦੋਵੇਂ ਮੁਲਕਾਂ ਨੇ ਦੁਵੱਲੇ ਸਬੰਧਾਂ ਨੂੰ ਹੱਲਾਸ਼ੇਰੀ ਦੇਣ ਲਈ 9 ਹੋਰ ਸਮਝੌਤਿਆਂ 'ਤੇ ਵੀ ਦਸਤਖ਼ਤ ਕੀਤੇ ਹਨ।

ਆਪਣੇ ਜਪਾਨੀ ਹਮਰੁਤਬਾ ਸ਼ਿੰਜ਼ੋ ਐਬੇ ਨਾਲ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਤੋਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਹੋਏ ਸਮਝੌਤਿਆਂ ਵਿਚ ਪਰਮਾਣੂ ਊਰਜਾ ਦੀ ਸ਼ਾਂਤੀਪੂਰਨ ਵਰਤੋਂ



'ਚ ਸਹਿਯੋਗ ਨਾਲ ਜੁੜੀ ਸੰਧੀ ਵੀ ਸ਼ਾਮਲ ਹੈ। ਭਾਰਤ ਅਤੇ ਜਪਾਨ ਵੱਲੋਂ ਛੇ ਸਾਲਾਂ ਤੋਂ ਵੱਧ ਸਮੇਂ ਤਕ ਗੱਲਬਾਤ ਤੋਂ ਬਾਅਦ ਇਹ ਸੰਧੀ ਸਿਰੇ ਚੜ੍ਹੀ। ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਕਿਹਾ ਕਿ ਪਰਮਾਣੂ ਸਮਝੌਤਾ ਅਮਰੀਕਾ ਅਤੇ ਕੁਝ ਹੋਰ ਮੁਲਕਾਂ ਨਾਲ ਕੀਤੇ ਗਏ ਸਮਝੌਤਿਆਂ ਵਾਂਗ ਹੀ ਹੈ, ਪਰ ਹਿਫਾਜ਼ਤ ਅਤੇ ਸੁਰੱਖਿਆ ਪੱਖੋਂ ਕੁਝ ਵਾਧੂ ਸ਼ਰਤਾਂ ਰੱਖੀਆਂ ਗਈਆਂ ਹਨ ਜਿਨ੍ਹਾਂ 'ਚ ਜਪਾਨ ਦੇ ਤੌਖ਼ਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ।

## ਜਾਪਾਨੀ ਸਨਅਤਕਾਰਾਂ ਨੂੰ ਭਾਈਵਾਲੀ ਦਾ ਸੱਦਾ

**ਕੋਬੇ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਾਪਾਨ ਦੇ ਉਦਯੋਗਾਂ ਨੂੰ ਵੱਡੇ ਯੋਗਦਾਨ ਅਤੇ ਸਾਂਝੇਦਾਰੀ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਲ ਜਾਪਾਨ ਅਤੇ ਭਾਰਤ ਦੇ ਐਮ.ਐਸ.ਐਮ.ਈ. ਖੇਤਰ ਨੂੰ ਲਾਭ ਹੋਵੇਗਾ ਅਤੇ ਇਸ ਖੇਤਰ ਲਈ ਇਹ ਹਿੱਸੇਦਾਰੀ 'ਮੁਹਾਂਦਰਾ' ਬਦਲਣ ਵਾਲੀ ਸਿੱਧ ਹੋ ਸਕਦੀ ਹੈ। ਇਥੇ ਕਾਰੋਬਾਰ ਜਗਤ ਦੇ ਆਗੂਆਂ ਨਾਲ ਭੋਜ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਹਯੋਗੋ ਪ੍ਰੈਫੇਕਚਰ ਨਾਲ ਆਪਣੇ ਤਾਅਲੁਕਾਤ ਤੋਂ ਇਲਾਵਾ 2007 ਤੇ 2012 ਵਿਚ ਜਪਾਨ ਦੇ ਓਸਾਕਾ ਬੇਅ ਵਿਚ ਸਥਿਤ ਸ਼ਹਿਰ ਕੋਬੇ ਦੇ ਆਪਣੇ ਸਫਰ ਨੂੰ ਯਾਦ ਕੀਤਾ।

## ਮੁੰਬਈ ਦੀ ਅਦਾਲਤ ਵੱਲੋਂ ਮਾਲਿਆ ਭਗੌੜਾ ਕਰਾਰ

**ਮੁੰਬਈ:** ਮੁੰਬਈ ਦੀ ਇਕ ਵਿਸ਼ੇਸ਼ ਅਦਾਲਤ ਨੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੂੰ ਭਗੌੜਾ ਕਰਾਰ ਦਿੰਦਿਆਂ ਉਸ ਦੀ ਸਾਰੀ ਘਰੇਲੂ ਜਾਇਦਾਦ, ਸ਼ੇਅਰ ਅਤੇ ਡਿਬੈਂਚਰ ਨੂੰ ਜ਼ਬਤ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਤੋਂ ਪਹਿਲਾ ਬੰਬੇ ਹਾਈ ਕੋਰਟ ਮਾਲਿਆ ਨੂੰ ਭਗੌੜਾ ਕਰਾਰ ਕਰ ਚੁੱਕੀ ਹੈ।

# ਹਾਈ ਕੋਰਟ ਨੇ ਦਿੱਲੀ ਨੂੰ ਪਲੀਤ ਕਰਨ ਦਾ ਦੋਸ਼ ਪੰਜਾਬ ਸਿਰ ਮੜ੍ਹਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਸਰਕਾਰੀ ਅਣਗਹਿਲੀ ਅਤੇ ਪੰਜਾਬ ਵਿਚ ਪਰਾਲੀ ਨੂੰ ਸਾੜਿਆ ਜਾਣਾ ਦਿੱਲੀ ਦੇ ਦੋ ਕਰੋੜ ਲੋਕਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਉਮਰ ਤਿੰਨ ਸਾਲ ਘਟ ਗਈ ਹੈ ਅਤੇ ਇਹ ਨਰ ਸੰਘਾਰ ਅਤੇ ਹੱਤਿਆ ਤੋਂ ਘੱਟ ਨਹੀਂ ਹੈ। ਬੈਂਚ ਨੇ ਕਿਹਾ ਕਿ ਗੰਭੀਰ ਹਾਲਾਤ ਕਾਰਨ ਛੇ ਕਰੋੜ ਤੋਂ ਵੱਧ ਜੀਵਨ ਵਰ੍ਹੇ ਬਰਬਾਦ ਹੋ ਰਹੇ ਹਨ ਜਾਂ ਇਸ ਨਾਲ 10 ਲੱਖ ਮੌਤਾਂ ਹੁੰਦੀਆਂ ਹਨ।

ਬੈਂਚ ਨੇ ਇਹ ਵੀ ਆਖਿਆ ਕਿ ਕੀ ਵੋਟ ਦੇਣ ਵਾਲਿਆਂ ਦੀ ਜ਼ਿੰਦਗੀ ਤੋਂ ਵੱਧ ਅਹਿਮ ਕੀ ਵੋਟ ਹੁੰਦੇ ਹਨ। ਉਨ੍ਹਾਂ ਇਕ ਹਫਤਾਵਾਰੀ ਰਸਾਲੇ 'ਚ ਪ੍ਰਕਾਸ਼ਤ ਵਾਤਾਵਰਨ ਅਧਿਐਨ ਦਾ ਜ਼ਿਕਰ ਕਰਦਿਆਂ ਇਹ ਸਖ਼ਤ ਟਿੱਪਣੀਆਂ ਕੀਤੀਆਂ। ਬੈਂਚ ਅਤੇ ਅਦਾਲਤੀ ਮਿੱਤਰ ਕੈਲਾਸ਼ ਵਾਸਦੇਵ ਨੇ ਸੈਟੇਲਾਈਟ ਤਸਵੀਰਾਂ ਦੇਖ ਕੇ ਕਿਹਾ ਕਿ ਪੰਜਾਬ ਮੁੱਖ ਦੋਸ਼ੀ ਹੈ ਜਿਥੇ ਪਰਾਲੀ ਨੂੰ ਅੱਗ ਲਾਏ ਜਾਣ ਕਾਰਨ ਦਿੱਲੀ 'ਚ ਸਾਹ ਲੈਣਾ ਔਖਾ ਹੋ ਰਿਹਾ ਹੈ।

## ਯੂਨੀਸੈਫ ਵਲੋਂ ਦਿੱਲੀ ਦੇ ਪ੍ਰਦੂਸ਼ਣ 'ਤੇ ਚਿੰਤਾ ਜ਼ਾਹਿਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਬੱਚਿਆਂ ਨਾਲ ਸਬੰਧਤ ਸੰਸਥਾ ਯੂਨੀਸੈਫ ਨੇ ਕਿਹਾ ਕਿ ਦਿੱਲੀ ਵਿਚ ਪ੍ਰਦੂਸ਼ਣ ਸਬੰਧੀ ਹਾਲਾਤ ਬਦਤਰ ਹੋ ਗਏ ਹਨ ਤੇ ਸਾਰੀ ਦੁਨੀਆਂ ਵਾਸਤੇ ਪ੍ਰਦੂਸ਼ਣ ਦੀ ਸਮੱਸਿਆ ਦਾ ਹੱਲ ਲੱਭਣ ਲਈ ਜਾਗਣ ਦਾ ਵੇਲੇ ਆ ਗਿਆ ਹੈ। ਸੰਸਥਾ ਦਾ ਕਹਿਣਾ ਹੈ ਕਿ ਜੇ ਇਸ ਸਮੱਸਿਆ ਦੇ ਹੱਲ ਲਈ ਫੈਸਲਾਕੁਨ ਕਦਮ ਨਾ ਚੁੱਕੇ ਗਏ ਤਾਂ ਅਜਿਹੇ ਹਾਲਾਤ ਆਮ ਗੱਲ ਬਣ ਜਾਵੇਗੀ ਤੇ ਲੋਕਾਂ ਦੀ ਸਿਹਤ ਲਗਾਤਾਰ ਪ੍ਰਭਾਵਿਤ ਹੁੰਦੀ ਰਹੇਗੀ। ਇਸ ਵੇਲੇ ਹਰ ਸਾਹ ਨਾਲ ਦਿੱਲੀ ਵਿਚਲੇ ਬੱਚੇ ਪ੍ਰਭਾਵਿਤ ਹੋ ਰਹੇ ਹਨ।

# ਸਿੱਖ ਇਤਿਹਾਸ ਦੀ ਸ਼ਾਨਦਾਰ ਪੇਸ਼ਕਾਰੀ ਹੈ 'ਚਾਰ ਸਾਹਿਬਜ਼ਾਦੇ-2'

**ਜਲੰਧਰ:** ਚਾਰ ਸਾਹਿਬਜ਼ਾਦਿਆਂ ਦੀ ਲਾਮਿਸਾਲ ਕੁਰਬਾਨੀ ਨੂੰ ਪਹਿਲੀ ਵਾਰ ਵੱਡੇ ਪਰਦੇ 'ਤੇ ਵਿਖਾਉਣ ਤੋਂ ਬਾਅਦ ਉਘੇ ਫਿਲਮ ਨਿਰਦੇਸ਼ਕ ਹੈਰੀ ਬਵੇਜਾ ਇਕ ਵਾਰ ਫਿਰ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਗੌਰਵਮਈ ਇਤਿਹਾਸ ਨੂੰ ਦਰਸਾਉਂਦੀ 3-ਡੀ ਐਨੀਮੇਟਿਡ ਫਿਲਮ 'ਚਾਰ ਸਾਹਿਬਜ਼ਾਦੇ-2: ਰਾਇਜ਼ ਆਫ ਬੰਦਾ ਸਿੰਘ ਬਹਾਦਰ' ਲੈ ਕੇ ਆਏ ਹਨ। ਦੇਸ਼-ਵਿਦੇਸ਼ ਦੇ ਸਿਨੇਮਾ ਘਰਾਂ 'ਚ ਇਹ ਫਿਲਮ ਰਿਲੀਜ਼ ਹੋਈ ਹੈ।

ਇਸ ਫਿਲਮ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ ਮਾਧੋ ਦਾਸ ਬੈਰਾਗੀ ਤੋਂ ਸਿੰਘ ਸਜੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫਤਿਹ ਕਰਨ ਤੋਂ ਇਲਾਵਾ ਪਹਿਲੇ ਖਾਲਸਾ ਰਾਜ ਦੀ ਸਥਾਪਨਾ ਲਈ ਲੜੀਆਂ ਲੜਾਈਆਂ ਤੇ ਦਿੱਤੀ ਲਾਸਾਨੀ ਸ਼ਹਾਦਤ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਫਿਲਮ ਵਿਚ ਸ੍ਰੀ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਸਾ ਨਦੀ 'ਤੇ ਆਪਣੇ ਪਰਿਵਾਰ ਨਾਲ ਪਏ ਵਿਛੋੜੇ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ




ਚਮਕੌਰ ਦੀ ਲੜਾਈ ਵਿਚ ਹੋਈ ਸ਼ਹਾਦਤ ਤੇ ਫਿਰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਨੂੰ ਨਿੱਕੀ ਉਮਰ 'ਚ ਹੀ ਨੀਂਹਾਂ ਵਿਚ ਚਿਣਵਾਏ ਜਾਣ ਤੇ ਠੰਢੇ ਬੁਰਜ ਵਿਚ ਮਾਤਾ ਗੁਜਰੀ ਦੇ ਸਦੀਵੀਂ ਵਿਛੋੜੇ ਦੇ ਦ੍ਰਿਸ਼ ਦਰਸ਼ਕਾਂ ਨੂੰ ਇਸ ਕਦਰ ਭਾਵੁਕ ਕਰਦੇ ਹਨ ਕਿ ਉਨ੍ਹਾਂ ਦੀਆਂ ਅੱਖਾਂ 'ਚ ਆਪ ਮੁਹਾਰੇ ਅੱਥਰੂ ਵਹਿ ਤੁਰਦੇ ਹਨ। ਫਿਲਮ 'ਚ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਸ਼ਹਾਦਤ ਦੇ ਨਾਲ-ਨਾਲ ਧਰਮ ਖਾਤਰ ਅਣਗਿਣਤ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਸਿੰਘਣੀਆਂ ਦੀ ਕੁਰਬਾਨੀ ਨੂੰ ਵੀ ਹੈਰੀ ਬਵੇਜਾ ਨੇ ਬਹੁਤ ਹੀ ਭਾਵੁਕਤਾ ਨਾਲ ਪੇਸ਼ ਕੀਤਾ ਹੈ।

ਅੱਜ ਤੋਂ 350 ਸਾਲ ਪਹਿਲਾਂ ਦੇ ਸਿੱਖ ਇਤਿਹਾਸ ਨੂੰ ਦਰਸਾਉਂਦੀ ਇਹ ਫਿਲਮ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਦੇ ਪਿਛੋਕੜ 'ਚ ਚੱਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ 'ਚ ਆ ਕੇ ਮਾਧੋ ਦਾਸ ਬੈਰਾਗੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣਦਾ ਹੈ। ਗੁਰੂ ਸਾਹਿਬ ਉਸ ਨੂੰ ਮੁਗਲਾਂ ਦੇ ਖਿਲਾਫ ਪੰਜਾਬ ਜਾਣ ਦਾ ਆਦੇਸ਼ ਦਿੰਦੇ ਹਨ। ਫਿਰ ਕਿਸ ਤਰ੍ਹਾਂ ਸਮਾਣਾ, ਸਢੌਰ ਤੇ ਕਪੂਰੀ ਆਦਿ ਦੇ ਰਾਜਿਆਂ ਨੂੰ ਹਰਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਂਦਾ ਹੋਇਆ ਵਜ਼ੀਰ ਖਾਨ ਕੋਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਂਦਾ ਹੈ, ਇਹ ਫਿਲਮ ਨੂੰ ਦੇਖਣ ਤੋਂ ਬਾਅਦ ਹੀ ਪਤਾ ਲੱਗਦਾ ਹੈ। ਫਿਲਮ ਨੂੰ ਉਘੇ ਬਾਲੀਵੁੱਡ ਅਦਾਕਾਰ ਓਮ ਪੁਰੀ ਦੀ ਅਵਾਜ਼ 'ਚ ਡੱਬ ਕੀਤਾ ਗਿਆ ਹੈ। ਇਸੇ ਤਰ੍ਹਾਂ ਫਿਲਮ ਦਾ ਸੰਗੀਤ ਵੀ ਸਮੇਂ ਤੇ ਘਟਨਾਵਾਂ ਦੇ ਅਨੁਕੂਲ ਤਿਆਰ ਕੀਤਾ ਗਿਆ ਹੈ। ਗਾਇਕ ਸੁਖਵਿੰਦਰ ਸਿੰਘ, ਦਿਲਜੀਤ ਤੇ ਅਮਰਿੰਦਰ ਗਿੱਲ ਵੱਲੋਂ ਧਾਰਮਿਕ ਗੀਤਾਂ ਤੇ ਸ਼ਬਦਾਂ ਨੂੰ ਆਵਾਜ਼ ਦਿੱਤੀ ਗਈ ਹੈ।

# ਕੌਮਾਂਤਰੀ ਸਰਹੱਦ 'ਤੇ ਭਾਰਤ-ਪਾਕਿਸਤਾਨ ਵਿਚਾਲੇ ਤਲਖੀ ਵਧੀ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਕੌਮਾਂਤਰੀ ਸਰਹੱਦ ਅਤੇ ਕੰਟਰੋਲ ਰੇਖਾ (ਐਲ.ਓ.ਸੀ.) ਉਪਰ ਪਾਕਿਸਤਾਨ ਤੇ ਭਾਰਤ ਦਰਮਿਆਨ ਗੋਲੀਬੰਦੀ ਦੀਆਂ ਉਲੰਘਣਾਵਾਂ ਜਾਰੀ ਹਨ। ਦੋਵੇਂ ਦੇਸ਼ ਇਨ੍ਹਾਂ ਉਲੰਘਣਾਵਾਂ ਲਈ ਇਕ ਦੂਜੇ ਨੂੰ ਦੋਸ਼ੀ ਦੱਸ ਰਹੇ ਹਨ, ਪਰ ਇਸ ਕਾਰਨ ਸਰਹੱਦ 'ਤੇ ਦੋਵੇਂ ਪਾਸੇ ਵੱਡਾ ਜਾਨੀ ਨੁਕਸਾਨ ਹੋ ਰਿਹਾ ਹੈ। ਉੜੀ 'ਚ ਦਹਿਸ਼ਤੀ ਹਮਲੇ ਦੇ ਪ੍ਰਤੀਕਰਮ ਵਜੋਂ ਭਾਰਤੀ ਫ਼ੌਜ ਵੱਲੋਂ ਮਕਬੂਜ਼ਾ ਕਸ਼ਮੀਰ ਅੰਦਰ ਸਰਜੀਕਲ ਕਾਰਵਾਈ ਤੋਂ ਬਾਅਦ ਇਨ੍ਹਾਂ ਘਟਨਾਵਾਂ 'ਚ ਲਗਾਤਾਰ ਵਾਧਾ ਹੋਇਆ ਹੈ।

ਜੰਮੂ ਖਿੱਤੇ ਵਿਚ ਕੌਮਾਂਤਰੀ ਸਰਹੱਦ ਉਤੇ ਜਿਥੇ ਭਾਰਤੀ ਪਾਸੇ ਬੀ.ਐਸ.ਐਫ. ਅਤੇ ਪਾਕਿਸਤਾਨੀ ਪਾਸੇ ਰੇਂਜਰਜ਼ ਤਾਇਨਾਤ ਹਨ, ਮੋਰਟਰਾਂ ਤੇ ਲੰਮੀ ਦੂਰੀ ਤੱਕ ਮਾਰ ਕਰਨ ਵਾਲੀਆਂ ਤੋਪਾਂ ਦੀ ਵਰਤੋਂ ਗੋਲੀਬੰਦੀ ਦੀਆਂ ਉਲੰਘਣਾਵਾਂ ਨੂੰ ਵੱਧ ਖਤਰਨਾਕ ਬਣਾ ਰਹੀ ਹੈ। ਦਰਅਸਲ, 29 ਸਤੰਬਰ ਤੋਂ ਬਾਅਦ ਜੰਮੂ ਖਿਤੇ ਵਿਚ ਕੌਮਾਂਤਰੀ ਸਰਹੱਦ 'ਤੇ ਅਜਿਹੀਆਂ 83 ਅਤੇ ਕੰਟਰੋਲ ਰੇਖਾ (ਐਲ.ਓ.ਸੀ.) ਉਤੇ 27

### ਗੋਲੀਬੰਦੀ ਦੀ ਉਲੰਘਣਾ ਵਿਚ ਲਗਾਤਾਰ ਵਾਧਾ

ਉਲੰਘਣਾਵਾਂ ਰਿਕਾਰਡ ਕੀਤੀਆਂ ਗਈਆਂ ਹਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਥੇ ਮਾਹੌਲ ਜੰਗੀ ਅਖਾੜੇ ਵਾਲਾ ਬਣਦਾ ਜਾ ਰਿਹਾ ਹੈ।

ਭਾਰਤੀ ਪਾਸੇ ਹੁਣ ਤੱਕ ਬੀ.ਐਸ.ਐਫ. ਜਵਾਨਾਂ ਸਮੇਤ ਸੱਤ ਫੌਜੀਆਂ ਦੀ ਮੌਤ ਹੋਈ ਹੈ। ਇਨ੍ਹਾਂ ਤੋਂ ਇਲਾਵਾ ਇਕ ਦਰਜਨ ਤੋਂ ਵੱਧ ਸਿਵਲੀਅਨ ਮਾਰੇ ਜਾ ਚੁੱਕੇ ਹਨ ਅਤੇ ਦੋ ਦਰਜਨ ਦੇ ਕਰੀਬ ਜਖ਼ਮੀ ਹੋਣ ਦੇ ਅੰਕੜੇ ਸਾਹਮਣੇ ਆਏ ਹਨ। ਪਾਕਿਸਤਾਨ ਵੱਲੋਂ ਪਿਛਲੇ ਸਵਾ ਮਹੀਨੇ ਦੌਰਾਨ ਚਾਰ ਵਾਰ ਭਾਰਤੀ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕੀਤੇ ਜਾਣਾ ਦਰਸਾਉਂਦਾ ਹੈ ਕਿ ਨੁਕਸਾਨ ਉਸ ਪਾਸੇ ਵੀ ਕਾਫੀ ਹੋ ਰਿਹਾ ਹੈ। ਭਾਰਤੀ ਸਰਹੱਦ ਨਾਲ ਲੱਗਦੇ ਕੋਟਲੀ ਜ਼ਿਲ੍ਹੇ ਵਿਚ ਤਿੰਨ ਬੰਦਿਆਂ ਦੇ ਮਰਨ ਅਤੇ ਇਕ ਦਰਜਨ ਦੇ ਜ਼ਖ਼ਮੀ ਹੋਣ ਦੀਆਂ ਖਬਰਾਂ ਪਾਕਿਸਤਾਨੀ ਮੀਡੀਆ ਵਿਚ ਨਸ਼ਰ ਹੋਈਆਂ ਹਨ।

### ਇਕ-ਦੂਜੇ ਦੇ ਹਾਈ ਕਮਿਸ਼ਨਰ ਤਲਬ

**ਇਸਲਾਮਾਬਾਦ:** ਇਕ ਦੂਜੇ ਉਤੇ ਲਗਾਤਾਰ ਲਾਏ ਜਾ ਰਹੇ ਗੋਲੀਬੰਦੀ ਦੀ ਉਲੰਘਣਾ ਦੇ ਦੋਸ਼ਾਂ ਦੌਰਾਨ ਭਾਰਤ ਤੇ ਪਾਕਿਸਤਾਨ ਨੇ ਇਕ ਦੂਜੇ ਦੇ ਡਿਪਟੀ ਹਾਈ ਕਮਿਸ਼ਨਰਾਂ ਨੂੰ ਤਲਬ ਕੀਤਾ ਹੈ। ਭਾਰਤ ਨੇ ਇਸਲਾਮਾਬਾਦ ਵਿਚ ਤਾਇਨਾਤ ਆਪਣੇ ਅੱਠ ਅਫਸਰਾਂ ਦਾ ਨਾਂ ਮੀਡੀਆ ਵਿਚ ਉਜਾਗਰ ਕੀਤੇ ਜਾਣ ਦਾ ਪਾਕਿਸਤਾਨ ਕੋਲ ਵਿਰੋਧ ਕੀਤਾ ਕਿਉਂਕਿ ਇਸ ਨਾਲ ਉਨ੍ਹਾਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਕਿਹਾ ਕਿ ਮੰਤਰਾਲੇ ਵੱਲੋਂ ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਕੌਮਾਂਤਰੀ ਸਰਹੱਦ ਤੇ ਕੰਟਰੋਲ ਰੇਖਾ ਉਤੇ ਗੋਲੀਬੰਦੀ ਦੀ ਉਲੰਘਣਾ ਕਰਨ 'ਤੇ ਤਲਬ ਕੀਤਾ ਗਿਆ। ਇਸ ਦੌਰਾਨ ਪਾਕਿਸਤਾਨ ਵੱਲੋਂ ਵੀ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਕਰਨ 'ਤੇ ਭਾਰਤੀ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਗਿਆ। ਭਾਰਤੀ ਡਿਪਟੀ ਹਾਈ ਕਮਿਸ਼ਨਰ ਨੂੰ ਦੋ ਹਫਤਿਆਂ ਵਿਚ ਛੇਵੀਂ ਵਾਰ ਤਲਬ ਕਰਨ 'ਤੇ ਭਾਰਤ ਨੇ ਪਾਕਿਸਤਾਨ ਦਾ ਵਿਰੋਧ ਕੀਤਾ ਹੈ।

### ਭਾਰਤੀ ਡਿਪਲੋਮੈਟਾਂ ਨੇ ਪਾਕਿਸਤਾਨ ਛੱਡਿਆ

**ਇਸਲਾਮਾਬਾਦ:** ਪਾਕਿਸਤਾਨ ਵਿਦੇਸ਼ ਵਿਭਾਗ ਨੇ ਦੱਸਿਆ ਕਿ ਭਾਰਤੀ ਹਾਈ ਕਮਿਸ਼ਨ ਦੇ ਜਿਨ੍ਹਾਂ ਅੱਠ ਅਧਿਕਾਰੀਆਂ 'ਤੇ ਖੁਫ਼ੀਆ ਏਜੰਸੀਆਂ ਲਈ ਜਾਸੂਸੀ ਕਰਨ ਦਾ ਦੋਸ਼ ਲਾਇਆ ਗਿਆ ਸੀ, ਉਨ੍ਹਾਂ ਵਿਚੋਂ ਛੇ ਅਧਿਕਾਰੀ ਦੇਸ਼ ਛੱਡ ਚੁੱਕੇ ਹਨ। ਵਿਦੇਸ਼ ਵਿਭਾਗ ਦੀ ਤਰਜਮਾਨ ਨਫ਼ੀਸ ਜ਼ਕਾਰੀਆ ਨੇ ਪਾਕਿਸਤਾਨ ਵਿਚ ਤਬਾਹਕੁਨ ਕਾਰਵਾਈਆਂ ਵਿਚ ਸ਼ਾਮਲ ਪਾਏ ਗਏ ਅੱਠ ਭਾਰਤੀ ਡਿਪਲੋਮੈਟਾਂ ਵਿਚੋਂ ਛੇ ਦੇਸ਼ ਛੱਡ ਚੁੱਕੇ ਹਨ।

## ਚੀਨ ਨੇ ਬਣਾਈ ਸਭ ਤੋਂ ਉਚੀ ਸੁਰੰਗ

**ਬੀਜਿੰਗ:** ਚੀਨ ਨੇ ਤਿੱਬਤ ਨੂੰ ਜੋੜਨ ਲਈ ਦੁਨੀਆਂ ਦੀ ਸਭ ਤੋਂ ਉਚਾਈ ਵਾਲੀ ਸੁਰੰਗ ਦਾ ਨਿਰਮਾਣ ਕਾਰਜ ਪੂਰਾ ਕਰ ਲਿਆ। ਇਸ ਦੀ ਲਾਗਤ 17 ਕਰੋੜ ਡਾਲਰ (1131 ਕਰੋੜ ਰੁਪਏ) ਆਈ ਹੈ। ਇਸ ਦਾ ਨਿਰਮਾਣ ਸਿਚੁਆਨ-ਤਿੱਬਤ ਹਾਈਵੇ 'ਤੇ ਕੀਤਾ ਗਿਆ ਹੈ। ਇਹ ਸੁਰੰਗ ਸਮੁੰਦਰ ਤੋਂ 6,168 ਮੀਟਰ ਦੀ ਉਚਾਈ 'ਤੇ ਸਥਿਤ ਹੈ।

## ਮੁਅੱਤਲ ਸੰਸਦ ਮੈਂਬਰ ਪੂਨਮ ਆਜ਼ਾਦ 'ਆਪ' ਵਿਚ ਸ਼ਾਮਲ

**ਨਵੀਂ ਦਿੱਲੀ:** ਭਾਜਪਾ ਦੇ ਮੁਅੱਤਲ ਸੰਸਦ ਮੈਂਬਰ ਅਤੇ ਤਿੰਨ ਵਾਰ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਰਹੇ ਕੀਰਤੀ ਆਜ਼ਾਦ ਦੀ ਪਤਨੀ ਪੂਨਮ ਆਜ਼ਾਦ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ ਹੈ। ਉਨ੍ਹਾਂ ਦੇ 'ਆਪ' ਵਿਚ ਸ਼ਾਮਲ ਹੋਣ ਤੋਂ ਫ਼ੌਰੀ ਬਾਅਦ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਹੋਰ ਸੀਨੀਅਰ ਆਗੂਆਂ ਨੇ ਕਿਹਾ ਕਿ ਪੂਨਮ ਵੱਲੋਂ



ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਈ ਜਾਵੇਗੀ।

ਮੀਡੀਆ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਆਜ਼ਾਦ ਨੇ ਕਿਹਾ ਕਿ ਉਨ੍ਹਾਂ ਨੂੰ 'ਆਪ' ਵਿਚ ਨੌਜਵਾਨਾਂ ਦਾ ਸੁਨਹਿਰਾ ਭਵਿਖ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕਾਰਨ ਉਨ੍ਹਾਂ ਨੂੰ ਭਾਜਪਾ ਛੱਡਣੀ ਪਈ ਹੈ। ਇਸ ਤੋਂ ਪਹਿਲਾਂ ਪੂਨਮ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਵੀ ਮੁਲਾਕਾਤ ਕੀਤੀ। ਸ੍ਰੀ ਸਿਸੋਦੀਆ ਨੇ ਕਿਹਾ ਕਿ ਸ੍ਰੀਮਤੀ ਆਜ਼ਾਦ ਲੋਕ ਮਸਲਿਆਂ ਲਈ ਜੂਝਦੀ ਰਹੀ ਹੈ।

## ਵਿਕੀਲੀਕਸ ਸੰਸਥਾਪਕ ਅਸਾਂਜੇ ਤੋਂ ਪੁੱਛਗਿੱਛ

**ਲੰਡਨ:** ਸਵੀਡਨ ਦੇ ਅਧਿਕਾਰੀਆਂ ਨੇ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਤੋਂ ਜਬਰ ਜਨਾਹ ਦੇ ਇਕ ਮਾਮਲੇ 'ਚ ਇਕਵਾਡੋਰ ਦੇ ਦੂਤਾਵਾਸ ਵਿਚ ਪੁੱਛਗਿੱਛ ਕੀਤੀ ਹੈ।

ਸਵੀਡਨ ਦੇ ਮੁੱਖ ਸਰਕਾਰੀ ਵਕੀਲ ਇੰਗਰਿਡ ਇਸਗ੍ਰੇਨ ਨੇ ਅਸਾਂਜੇ ਤੋਂ 2010 ਦੇ ਇਕ ਜਬਰ ਜਨਾਹ ਮਾਮਲੇ ਦੀ ਪੁੱਛਗਿੱਛ ਕਰਨ ਉਪਰੰਤ ਦੱਸਿਆ ਕਿ ਪਿਛਲੇ 4 ਸਾਲਾਂ ਤੋਂ ਚੱਲ ਰਹੀ ਜਾਂਚ ਤੇ ਪੁੱਛਗਿੱਛ ਤੋਂ ਬਾਅਦ ਹੁਣ ਇਸ ਮਾਮਲੇ ਦਾ ਕੋਈ ਫੈਸਲਾ ਹੋ ਸਕੇਗਾ।

## Matrimonial

### ਕੰਨਿਆ ਦੀ ਲੋੜ ਹੈ

Well settled, financially independent, Jat Sikh Family of business owners and doctors living in the USA for past 50yrs seeking a suitable match for their son 27, 6'-3", completing his 2nd year of medical residency training. Charming, athletic with down to earth values and fully aware of both Punjabi and English cultures. Western born match Preferred. Cont. balkar76@gmail.com 47-50

Wanted suitable NRI girl for handsome, fair complexion Ramdasia Sikh boy 28, 5'-9", I.T.I. in Electronics, working in Dubai. Sister settled in CA, U.S.A. Contact: 0091-99152-19146 (India) or 408-915-1268 (U.S.A.) 46-49

### ਜੀਵਨ ਸਾਥੀ ਦੀ ਲੋੜ

Wanted traditional, simple & sincere girl for a boy in late 40s, 5'- 6" teaching professional, having legal US status. Caste no bar. Radhasoamie, Fijian, Divorcee/Widow can be considered. Only serious inquiries. Email details & photo: commoncartoon@gmail.com or call Ph: 323-351-5737 47-50


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605

www.princebarbershop.com



DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

ਪੰਜਾਬ ਟਾਈਮਜ਼

*ਸਨਿਚਰਵਾਰ, 19 ਨਵੰਬਰ 2016*

## ਟਰੰਪ ਦੀ ਜਿੱਤ: ਸਿਆਸਤ ਦਾ ਕਾਰੋਬਾਰ

ਆਖਰਕਾਰ ਪ੍ਰਸਿੱਧ ਕਾਰੋਬਾਰੀ ਡੋਨਲਡ ਟਰੰਪ ਲਈ ਵ੍ਹਾਈਟ ਹਾਊਸ ਦੇ ਦਰਵਾਜ਼ੇ ਖੁੱਲ੍ਹ ਗਏ। ਜਦੋਂ ਚੋਣ ਮੁਹਿੰਮ ਛਿੜੀ ਸੀ ਤਾਂ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਹਾਸਲ ਕਰਨ ਵਾਲਿਆਂ ਵਿਚੋਂ ਉਸ ਨੂੰ ਸਭ ਤੋਂ ਗੈਰ-ਸੰਜੀਦਾ ਦਾਅਵੇਦਾਰ ਮੰਨਿਆ ਗਿਆ ਸੀ। ਬਹੁਤੀ ਵਾਰ ਤਾਂ ਉਸ ਦੀ ਚਰਚਾ ਕਿਸੇ ਫਿਲਮ ਵਿਚ ਕੁਝ ਸਮੇਂ ਲਈ ਨਮੂਦਾਰ ਹੁੰਦੇ ਕਿਸੇ ਕਮੇਡੀ ਕਲਾਕਾਰ ਵਜੋਂ ਵੀ ਹੋਈ, ਪਰ ਜਿਉਂ-ਜਿਉਂ ਚੋਣ ਮੁਹਿੰਮ ਨੇ ਗਤੀ ਫੜੀ, ਡੋਨਲਡ ਟਰੰਪ ਧੁਸ ਦੇ ਕੇ ਸਭ ਤੋਂ ਅੱਗੇ ਆਣ ਖਲੋਂਦਾ ਗਿਆ ਅਤੇ ਅੱਜ ਉਹ ਹਰ ਊਜ, ਦੋਸ਼ ਅਤੇ ਨੁਕਤਾਚੀਨੀ ਨੂੰ ਪਛਾੜਦਾ ਅਮਰੀਕਾ ਦਾ ਰਾਸ਼ਟਰਪਤੀ ਹੈ। ਉਸ ਦੀ ਸ਼ਖਸੀਅਤ, ਕਾਰੋਬਾਰ ਅਤੇ ਵਿਹਾਰ ਉਤੇ ਬੜੇ ਤਿੱਖੇ ਹਮਲੇ ਹੋਏ, ਪਰ ਅੱਜ ਦੇ ਸੰਸਾਰ ਦੇ ਅਮਰੀਕੀ ਬੰਦੇ ਨੇ ਉਸ ਨੂੰ ਆਪਣਾ ਅਗਲਾ ਲੀਡਰ ਚੁਣ ਲਿਆ। ਇਹ ਅੱਜ ਦੇ ਸਮੇਂ ਦਾ ਸੱਚ ਹੈ ਜਿਸ ਉਤੇ ਬਹੁਤਿਆਂ ਨੂੰ ਯਕੀਨ ਹੀ ਨਹੀਂ ਸੀ। ਇਸੇ ਕਰ ਕੇ ਕਿੰਨੇ ਸਾਰੇ ਸਿਆਸੀ ਮਾਹਿਰ ਇਸ ਸੱਚ ਦੀਆਂ ਵੱਖ-ਵੱਖ ਪਰਤਾਂ ਫਰੋਲਣ ਲੱਗੇ ਹੋਏ ਹਨ। ਉਂਜ, ਇਸ ਸੱਚ ਦੀਆਂ ਪਰਤਾਂ ਕੁਝ-ਕੁਝ ਪਹਿਲਾਂ ਵੀ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਸਨ। ਅਸਲ ਵਿਚ ਉਸ ਨੇ ਸਥਾਪਤੀ-ਵਿਰੋਧੀ ਨਾਰਾਜ਼ਗੀ ਦੀ ਨਬਜ਼ ਫੜ ਲਈ ਸੀ ਅਤੇ ਫਿਰ ਅਤਿਵਾਦ, ਗੈਰਕਾਨੂੰਨੀ ਪਰਵਾਸ ਵਰਗੇ ਹੋਰ ਮੁੱਦੇ ਉਸ ਦੀ ਚੋਣ ਮੁਹਿੰਮ ਵਿਚ ਨਾਲੋ-ਨਾਲ ਜੁੜਦੇ ਗਏ। ਇਸ ਤੋਂ ਵੀ ਵੱਡੀ ਗੱਲ, ਹਰ ਪਛਾੜ ਦੇ ਬਾਵਜੂਦ ਉਸ ਨੇ ਆਪਣੀ 'ਵਿਲੱਖਣ' ਮੁਹਿੰਮ ਮੱਠੀ ਨਹੀਂ ਪੈਣ ਦਿੱਤੀ। ਇਸੇ ਕਰ ਕੇ ਹੁਣ ਜਿਹੜੇ ਇਹ ਤਵੱਕੋ ਕਰ ਰਹੇ ਹਨ ਕਿ ਡੋਨਲਡ ਟਰੰਪ ਇਕ ਖਾਸ ਤਬਦੀਲੀ ਤੋਂ ਬਾਅਦ, ਵੱਖਰਾ ਰਾਸ਼ਟਰਪਤੀ ਸਾਬਤ ਹੋ ਸਕਦਾ ਹੈ, ਉਨ੍ਹਾਂ ਨੂੰ ਵੀ ਹੁਣ ਤੱਕ ਇਹ ਖਬਰ ਹੋ ਗਈ ਹੋਵੇਗੀ ਕਿ ਡੋਨਲਡ ਟਰੰਪ ਦਾ ਕਾਰਜਕਾਲ ਉਸ ਦੀ ਚੋਣ ਮੁਹਿੰਮ ਨਾਲੋਂ ਕੋਈ ਬਹੁਤਾ ਵੱਖਰਾ ਨਹੀਂ ਹੋਣ ਲੱਗਾ।

ਖਬਰਾਂ ਸਨ ਕਿ ਡੋਨਲਡ ਟਰੰਪ ਦੀ ਜਿੱਤ ਤੋਂ ਬਾਅਦ ਉਸ ਦਾ ਕਾਰੋਬਾਰ ਉਸ ਦੇ ਬੱਚੇ ਸੰਭਾਲਣਗੇ, ਪਰ ਇਹ ਬੱਚੇ ਹੁਣ ਉਸ ਦੀ ਖਾਸ ਟੀਮ ਵਿਚ ਵੀ ਸ਼ਾਮਲ ਕਰ ਲਏ ਗਏ ਹਨ। ਉਂਜ ਤਾਂ ਡੋਨਲਡ ਟਰੰਪ ਰਾਸ਼ਟਰਪਤੀ ਹੁੰਦਿਆਂ ਆਪਣਾ ਕਾਰੋਬਾਰ ਵੀ ਆਪ ਚਲਾ ਸਕਦਾ ਹੈ, ਕਿਉਂਕਿ ਫੈਡਰਲ ਕਾਨੂੰਨਾਂ ਵਿਚ ਕਿਤੇ ਨਹੀਂ ਲਿਖਿਆ ਕਿ ਕੋਈ ਰਾਸ਼ਟਰਪਤੀ ਆਪਣਾ ਕਾਰੋਬਾਰ ਨਹੀਂ ਚਲਾ ਸਕਦਾ, ਪਰ ਹਿਤਾਂ ਦੇ ਟਕਰਾਅ ਦੇ ਮਾਮਲਿਆਂ ਕਾਰਨ ਟਰੰਪ ਲਈ ਅਜਿਹਾ ਕਰਨਾ ਮੁਸ਼ਕਿਲ ਹੀ ਹੋਣਾ ਹੈ। ਹੁਣ ਸਵਾਲਾਂ ਦਾ ਸਵਾਲ ਇਹ ਵੀ ਬਣ ਰਿਹਾ ਹੈ ਕਿ ਜੇ ਉਸ ਦੇ ਬੱਚਿਆਂ ਨੇ ਸਾਰਾ ਕਾਰੋਬਾਰ ਸੰਭਾਲਣਾ ਹੈ, ਤਾਂ ਉਹ ਟਰੰਪ ਦੀ ਫੈਸਲੇ ਕਰਨ ਵਾਲੀ ਖਾਸ ਟੀਮ ਵਿਚ ਕੀ ਕਰਨਗੇ? ਅਜੇ ਤਾਂ ਉਸ ਟੀਮ ਬਾਰੇ ਵੀ ਰੌਲਾ ਪੈ ਗਿਆ ਹੈ ਜਿਸ ਨੇ ਪਹਿਲੇ ਰਾਸ਼ਟਰਪਤੀ ਤੋਂ ਸਮੁੱਚਾ ਕਾਰਜਭਾਰ ਸੰਭਾਲਣਾ ਹੈ। ਪਹਿਲਾਂ ਇਸ ਟੀਮ ਦੇ ਮੁਖੀ ਦੀ ਛੁੱਟੀ ਕਰ ਕੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੂੰ ਇਹ ਕਮਾਨ ਸੌਂਪਣੀ ਪਈ; ਹੁਣ ਖਬਰਾਂ ਹਨ ਕਿ ਇਸ ਟੀਮ ਵਿਚ 'ਸਭ ਅੱਛਾ' ਨਹੀਂ ਚੱਲ ਰਿਹਾ। ਇਸ ਟੀਮ ਦਾ ਇਕ ਹੋਰ ਅਹਿਮ ਮੈਂਬਰ ਮਾਈਕ ਡੀ. ਰੋਜਰਜ਼ ਲਾਂਭੇ ਹੋ ਗਿਆ ਹੈ। ਰੋਜਰਜ਼ ਦੀ ਅਹਿਮੀਅਤ ਇਸ ਕਰ ਕੇ ਵੀ ਵਧੇਰੇ ਸੀ ਕਿਉਂਕਿ ਉਹ ਟਰੰਪ ਅਤੇ ਰਿਪਬਲਿਕਨ ਪਾਰਟੀ ਵਿਚਕਾਰ ਕੜੀ ਦਾ ਕੰਮ ਕਰ ਰਿਹਾ ਸੀ। ਜੱਗ ਜਾਣਦਾ ਹੈ ਕਿ ਟਰੰਪ ਅਤੇ ਰਿਪਬਲਿਕਨ ਪਾਰਟੀ ਦੇ ਆਗੂਆਂ ਵਿਚਕਾਰ ਪਾੜ ਪੈ ਚੁੱਕਾ ਹੈ। ਉਸ ਨੂੰ ਪਾਰਟੀ ਦਾ ਸਮੁੱਚਾ ਸਮਰਥਨ ਮਿਲਣ ਲਈ ਅਜੇ ਸਮਾਂ ਲੱਗੇਗਾ। ਇਹ ਪਾੜਾ ਵਧਣ ਦੇ ਆਸਾਰ ਇਸ ਕਰ ਕੇ ਵੀ ਹਨ, ਕਿਉਂਕਿ ਉਸ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਿਸੇ ਵੀ ਪਾਰਟੀ ਆਗੂ ਨੂੰ ਗੌਲਣ ਤੋਂ ਨਾਂਹ ਕਰ ਦਿੱਤੀ ਸੀ। ਅਜਿਹੀ ਸੂਰਤ ਵਿਚ ਟਰੰਪ ਆਪਣਾ ਕਾਰਜਕਾਲ ਕਿਸ ਤਰ੍ਹਾਂ ਅਗਾਂਹ ਵਧਾਉਂਦਾ ਹੈ, ਸਭ ਲਈ ਦਿਲਚਸਪ ਹੋਵੇਗਾ।

ਉਂਜ, ਇਸ ਤੋਂ ਵੀ ਦਿਲਚਸਪ ਚੋਣਾਂ ਬਾਰੇ ਹੋ ਰਿਹਾ ਵਿਸ਼ਲੇਸ਼ਣ ਹੈ। ਮੀਡੀਆ ਵਿਚ ਬਹਿਸ ਹੈ ਕਿ ਜੇ ਡੈਮੋਕਰੈਟਿਕ ਪਾਰਟੀ ਨੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਪਾਰਟੀ ਵੱਲੋਂ ਉਮੀਦਵਾਰ ਬਣਾਉਣ ਦੀ ਜ਼ਿਦ ਨਾ ਕੀਤੀ ਹੁੰਦੀ ਤਾਂ ਅੱਜ ਡੋਨਲਡ ਟਰੰਪ ਦੀ ਥਾਂ ਬਰਨੀ ਸੈਂਡਰਜ਼ ਮੁਲਕ ਦਾ ਅਗਲਾ ਰਾਸ਼ਟਰਪਤੀ ਹੋ ਸਕਦਾ ਸੀ। ਦਰਅਸਲ, ਪ੍ਰਾਇਮਰੀ ਮੁਹਿੰਮਾਂ ਦੌਰਾਨ ਸੈਂਡਰਜ਼ ਨੂੰ ਮਿਲੇ ਹੁੰਗਾਰੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਸਭ ਤੋਂ ਵੱਡੀ ਗੱਲ, ਸੈਂਡਰਜ਼ ਆਪਣੀ ਸਿਆਸਤ ਅਤੇ ਮੁੱਦਿਆਂ ਬਾਰੇ ਐਨ ਸਪਸ਼ਟ ਸੀ। ਦੂਜੇ, ਉਸ ਦੀ ਚੋਣ ਮੁਹਿੰਮ ਨੂੰ ਨਵੀਂ ਪੀੜ੍ਹੀ ਨੇ ਖੂਬ ਹੁਲਾਰਾ ਦਿੱਤਾ ਸੀ ਜਿਸ ਤੋਂ ਇਹ ਜ਼ਾਹਰ ਹੋ ਰਿਹਾ ਸੀ ਕਿ ਇਹ ਸ਼ਖਸ ਬਰਾਕ ਓਬਾਮਾ ਤੋਂ ਅਗਲੀ ਗੱਲ ਕਰਨ ਦੇ ਸਮਰੱਥ ਹੈ। ਹੁਣ ਜਦੋਂ ਨਤੀਜਾ ਆਇਆ ਹੈ, ਤਾਂ ਉਸ ਦੇ ਉਨੇ ਹੀ ਸਪਸ਼ਟ ਬਿਆਨ ਆਏ ਹਨ। ਮੱਧਵਰਗੀ ਕਾਮਿਆਂ ਦੀ ਨਾਰਾਜ਼ਗੀ ਦੀ ਗੱਲ ਕਰ ਕੇ ਉਸ ਨੇ ਇਕ ਵਾਰ ਫਿਰ ਆਪਣੀ ਸਿਆਸਤ ਬਾਰੇ ਗੱਲ ਤੋਰੀ ਹੈ। ਉਸ ਨੇ ਟਰੰਪ ਨੂੰ ਬਣਦਾ ਸਮਰਥਨ ਦੇਣ ਦੀ ਗੱਲ ਤਾਂ ਕੀਤੀ ਹੀ ਹੈ, ਨਾਲ ਇਹ ਵੀ ਆਖ ਸੁਣਾਇਆ ਹੈ ਕਿ ਟਰੰਪ ਨੂੰ ਟੱਕਰ ਦੇਣ ਦੀ ਲੋੜ ਵੇਲੇ ਉਹ ਪੂਰੇ ਤਾਣ ਨਾਲ ਮੈਦਾਨ ਵਿਚ ਜੂਝਣ ਲਈ ਤਿਆਰ ਹੈ। ਜ਼ਾਹਰ ਹੈ ਕਿ ਟਰੰਪ ਦਾ ਕਾਰਜਕਾਲ ਸਾਧਾਰਨ ਨਹੀਂ ਹੋਵੇਗਾ। ਇਕ ਪਾਸੇ ਪਾਰਟੀ ਹੈ, ਦੂਜੇ ਪਾਸੇ ਪਰਿਵਾਰ ਤੇ ਕਾਰੋਬਾਰ। ਤੀਜੀ ਧਿਰ ਵਿਰੋਧੀ ਧਿਰ ਹੈ ਅਤੇ ਚੌਥੀ ਧਿਰ ਬਿਨਾ ਸ਼ੱਕ ਲੋਕ ਬਣਨਗੇ। ਟਰੰਪ ਹੁਣ ਇਨ੍ਹਾਂ ਚਹੁੰ ਕੂੰਟਾਂ ਨਾਲ ਕਿਵੇਂ ਨਜਿੱਠਣਗੇ, ਇਹੀ ਲੋਕਾਂ ਦੀ ਉਤਸੁਕਤਾ ਹੈ। ਸਾਬਕਾ ਵਿਦੇਸ਼ ਮੰਤਰੀ ਨੇ ਇਕ ਖਾਸ ਟਿੱਪਣੀ ਕੀਤੀ ਹੈ ਕਿ ਡੋਨਲਡ ਟਰੰਪ ਜਦੋਂ ਜ਼ਿੰਮੇਵਾਰ ਅਧਿਕਾਰੀਆਂ ਨਾਲ ਬੈਠਣਗੇ ਤਾਂ ਉਸ ਨੂੰ ਖਬਰ ਹੋਵੇਗੀ ਕਿ ਕਾਰੋਬਾਰ ਅਤੇ ਸਿਆਸਤ ਵਿਚ ਕਿੰਨਾ ਫਰਕ ਹੁੰਦਾ ਹੈ! ਅਮਰੀਕੀਆਂ ਨੇ ਮੁਲਕ ਦੀ ਕਮਾਨ ਇਕ ਕਾਰੋਬਾਰੀ ਨੂੰ ਸੌਂਪੀ ਹੈ, ਉਹ ਕਿਸ ਤਰ੍ਹਾਂ ਦੀ ਸਿਆਸਤ ਨੂੰ ਆਗਾਂਹ ਵਧਾਉਂਦਾ ਹੈ, ਇਹ ਤਾਂ ਸਮੇਂ ਨੇ ਹੀ ਦੱਸਣਾ ਹੈ; ਫਿਲਹਾਲ ਟਰੰਪ ਨੂੰ ਬਿਖੜਾ ਪੈਂਡਾ ਉਡੀਕ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੱਤੇ ਖੋਲ੍ਹੇ ਜਦ ਮੋਦੀ ਨੇ!*

ਮੋਦੀ ਰੰਗ ਦਾ ਪੱਤਾ ਕਹਿੰਦੇ ਭਾਜਪਾ ਦਾ, ਹੁਣ ਵੱਖਰਾ ਰੰਗ ਦਿਖਲਾ ਦਿੱਤਾ।
ਵੋਟਾਂ ਖਾਤਰ ਜੁ ਨੋਟਾਂ ਦੀ ਖੇਡ ਖੇਡੀ, ਸਾਰਾ ਮੁਲਕ ਹੀ ਲਾਈਨਾਂ 'ਚ ਲਾ ਦਿੱਤਾ।
ਕਾਲੇ ਧਨ ਨੇ ਲੋਕਾਂ ਦੀ ਮਿੱਝ ਕੱਢੀ, ਹੁਣ ਮੋਦੀ ਨੇ ਦਿਨੇ ਤਾਰੇ ਦਿਖਾ ਛੱਡੇ।
ਕੇਹੀ ਵਗੀ ਏ ਹਵਾ ਇਹ ਕੁਝ ਦਿਨ ਤੋਂ, ਲੋਕੀ ਵੱਢ ਕੇ ਸੁੱਕਣੇ ਪਾ ਛੱਡੇ।
ਉਪਰੋਂ ਆਖਦਾ ਕਰੋ ਕੁਝ ਸਬਰ ਲੋਕੋ, ਥੋਡੇ ਖਾਤਰ ਹੀ ਜਫਰ ਪਏ ਜਾਲਦੇ ਆਂ।
ਮੇਰਾ ਘਰ ਨਾ ਬਾਰ, ਨਾ ਬਾਲ ਕੋਈ, ਥੋਡੀ ਖਾਤਰ ਹੀ ਸਿਆਸਤਾਂ ਪਾਲਦੇ ਆਂ।

# ਰਾਸ਼ਟਰਪਤੀ ਦੀ ਚੋਣ: ਅਮਲੀ ਸੂਝ ਤੇ ਸਿਆਸੀ ਸਥਾਪਤੀ

***ਐਤਕੀਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਨੂੰ ਕੁਲ ਦੁਨੀਆਂ ਦਿਲਚਸਪੀ ਨਾਲ ਦੇਖ ਰਹੀ ਸੀ, ਪਰ ਮਸ਼ਹੂਰ ਕਾਰੋਬਾਰੀ ਅਤੇ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰ ਡੋਨਲਡ ਟਰੰਪ ਦੀ ਜਿੱਤ ਨਾਲ ਸਭ ਗਿਣਤੀਆਂ-ਮਿਣਤੀਆਂ ਪੁੱਠੀਆਂ ਪੈ ਗਈਆਂ। ਚੋਣ ਮਾਹਿਰ ਹੁਣ ਚੋਣ ਨਤੀਜਿਆਂ ਬਾਰੇ ਬਹਿਸਾਂ ਕਰ ਰਹੇ ਹਨ। ਬਹਿਸ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਦੀ ਚੋਣ ਬਾਰੇ ਵੀ ਹੋ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਬਰਨੀ ਸੈਂਡਰਜ਼, ਡੋਨਲਡ ਟਰੰਪ ਨੂੰ ਬਿਹਤਰ ਤਰੀਕੇ ਨਾਲ ਠੱਲ੍ਹ ਪਾ ਸਕਦਾ ਸੀ। ਇਸ ਪ੍ਰਸੰਗ ਵਿਚ ਗੁਰਦਿਆਲ ਬੱਲ ਅਤੇ ਬਲਦੇਵ ਦੂਹੜੇ ਦਾ ਲੇਖ 'ਰਾਸ਼ਟਰਪਤੀ ਦੀ ਚੋਣ: ਅਮਲੀ ਸੂਝ ਤੇ ਸਿਆਸੀ ਸਥਾਪਤੀ' ਛਾਪਿਆ ਜਾ ਰਿਹਾ ਜਿਸ ਵਿਚ ਕੁਝ ਨੁਕਤੇ ਆਮ ਬਹਿਸ ਨਾਲੋਂ ਹਟ ਕੇ ਵਿਚਾਰੇ ਗਏ ਹਨ। -ਸੰਪਾਦਕ***

**ਗੁਰਦਿਆਲ ਬੱਲ**
**ਬਲਦੇਵ ਦੂਹੜੇ**

ਬਹੁਤ ਵਾਰੀ ਮੁਲਕਾਂ ਵਿਚ ਅਰਥਚਾਰਾ ਅੱਗੇ ਲੰਘ ਜਾਂਦਾ ਹੈ ਅਤੇ ਸਭਿਆਚਾਰ ਪਛੜ ਜਾਂਦਾ ਹੈ। ਇਸ ਤਬਦੀਲੀ ਵਿਚ ਬਹੁਤ ਸਾਰੇ ਲੋਕਾਂ ਦੀਆਂ ਜ਼ਿੰਦਗੀਆਂ ਆਪਣੀ ਚੂਲ ਵਿਚੋਂ ਨਿਕਲ ਜਾਂਦੀਆਂ ਹਨ; ਪਰ ਪ੍ਰਚਲਿਤ ਸਿਆਸਤ ਪੁਰਾਣੇ ਰਿਸ਼ਤਿਆਂ ਵਿਚ ਫਸੀ, ਪੁਰਾਣੀ ਜ਼ੁਬਾਨ ਬੋਲ ਰਹੀ ਹੁੰਦੀ ਹੈ। ਅਮਰੀਕਾ ਵਿਚ ਕੁਝ ਅਜਿਹਾ ਹੀ ਵਾਪਰ ਰਿਹਾ ਸੀ। ਬਹੁਤ ਸਾਰੀਆਂ ਗੱਲਾਂ ਗਲਤ ਹੋ ਰਹੀਆਂ ਸਨ, ਪਰ ਪ੍ਰਚਲਿਤ ਸਿਆਸਤ ਵਿਚ ਉਸ ਬਾਰੇ ਖੁੱਲ੍ਹ ਕੇ ਗੱਲ ਕਰਨ ਤੋਂ ਸਿਆਸਤਦਾਨ ਝਿਜਕਦੇ ਸਨ। ਜਦੋਂ ਡੋਨਾਲਡ ਟਰੰਪ ਨੇ ਸਿਆਸੀ ਦਰੁਸਤਗੀ ਨੂੰ ਤਿਆਗ ਕੇ ਆਪਣੇ ਖਰਵੇਂ ਸਟਾਈਲ ਵਿਚ ਅਮਲੀ ਸੂਝ ਦੀ ਗੱਲ ਕਰਨੀ ਸ਼ੁਰੂ ਕੀਤੀ, ਤਾਂ ਬਹੁਤ ਸਾਰੇ ਅਮਰੀਕਨ ਲੋਕਾਂ ਦੇ ਦਿਲਾਂ ਨੂੰ ਉਸ ਦੀਆਂ ਗੱਲਾਂ ਟੁੰਬਣ ਲੱਗੀਆਂ।

ਟਰੰਪ ਦੇ ਫਿਕਰਾਂ ਵਿਚੋਂ ਇਕ ਫਿਕਰ ਸੀ, ਅਮਰੀਕਾ ਵਿਚੋਂ ਸਨਅਤੀ ਨੌਕਰੀਆਂ ਵਿਦੇਸ਼ਾਂ ਵਿਚ ਰਵਾਨਾ ਹੋ ਰਹੀਆਂ ਸਨ। ਵਡੀਆਂ ਕਾਰਪੋਰੇਸ਼ਨਾਂ ਆਪਣਾ ਉਤਪਾਦਨ ਚੀਨ ਅਤੇ ਮੈਕਸੀਕੋ ਵਲ ਭੇਜ ਚੁੱਕੀਆਂ ਹਨ ਅਤੇ ਭੇਜ ਰਹੀਆਂ ਹਨ। ਇਸ ਨਾਲ ਉਤਪਾਦਨ ਵਿਚ ਲੱਗੇ ਕਾਮਿਆਂ ਉਤੇ ਬਹੁਤ ਭੈੜਾ ਅਸਰ ਪਿਆ ਹੈ। ਜੋ ਕਾਮੇ ਤੀਹ-ਚਾਲੀ ਡਾਲਰ ਪ੍ਰਤੀ ਘੰਟਾ ਲੈਂਦੇ ਸਨ, ਉਹ ਹੁਣ ਜਾਂ ਤਾਂ ਵਿਹਲੇ ਬੈਠੇ ਹਨ, ਤੇ ਜਾਂ ਫਿਰ ਅੱਠ-ਨੌਂ ਡਾਲਰ ਪ੍ਰਤੀ ਘੰਟੇ 'ਤੇ ਕੰਮ ਕਰ ਰਹੇ ਹਨ। ਇਸ ਗੱਲ ਨਾਲ ਅਮਰੀਕਾ ਦੇ ਮੱਧਵਰਗ ਨੂੰ ਬਹੁਤ ਵੱਡਾ ਧੱਕਾ ਲੱਗਾ ਹੈ।

ਇਸ ਵਰਤਾਰੇ ਦੇ ਸ਼ਿਕਾਰ ਹੋਏ ਲੋਕਾਂ ਵਿਚ ਬਹੁਤ ਵੱਡੀ ਗਿਣਤੀ ਘੱਟ ਪੜ੍ਹੇ ਗੋਰੇ ਲੋਕਾਂ ਦੀ ਹੈ। ਉਹ ਦਰਦ ਹੰਢਾਅ ਰਹੇ ਹਨ ਅਤੇ ਸਿਆਸੀ ਲੋਕ ਉਨ੍ਹਾਂ ਦੀ ਗੱਲ ਨਹੀਂ ਸੀ ਸੁਣਦੇ। ਅੰਦਰੋ-ਅੰਦਰ ਉਨ੍ਹਾਂ ਅੰਦਰ ਗੁੱਸਾ ਜਮ੍ਹਾਂ ਹੋ ਰਿਹਾ ਸੀ। ਡੋਨਲਡ ਟਰੰਪ ਨੇ ਇਨ੍ਹਾਂ ਲੋਕਾਂ ਨੂੰ ਆਵਾਜ਼ ਦਿਤੀ ਅਤੇ ਸਨਅਤ ਨੂੰ ਬਾਹਰ ਜਾਣ ਤੋਂ ਰੋਕਣ ਦੀ ਗੱਲ ਕੀਤੀ ਤਾਂ ਇਸ ਵਰਗ ਦੇ ਲੋਕਾਂ ਨੂੰ ਇਹ ਬਹੁਤ ਰਾਸ ਬੈਠੀ।

ਅਜਿਹੀਆਂ ਹੀ ਕਈ ਹੋਰ ਸਮੱਸਿਆਵਾਂ ਸਨ ਜਿਨ੍ਹਾਂ ਬਾਰੇ ਸਿਆਸਤਦਾਨ ਖੁੱਲ੍ਹ ਕੇ ਗੱਲ ਨਹੀਂ ਸੀ ਕਰਦੇ। ਮਿਸਾਲ ਵਜੋਂ ਅਤਿਵਾਦ ਦੀ ਸਮੱਸਿਆ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ। ਅਤਿਵਾਦ ਵਿਰੁਧ ਅਮਰੀਕਨ ਲੋਕਾਂ ਵਿਚ ਗੁੱਸਾ ਸੀ ਅਤੇ ਉਹ ਸਮਝਦੇ ਹਨ ਕਿ ਮੁਸਲਿਮ ਅਵਾਸੀਆਂ ਵਿਚ ਅਤਿਵਾਦੀ ਵੀ ਮੁਲਕ ਅੰਦਰ ਆ ਰਹੇ ਹਨ। ਸਿਆਸਤਦਾਨ ਸਿਆਸੀ ਦਰੁਸਤਗੀ ਕਾਰਨ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਸਨ ਕਰਦੇ। ਟਰੰਪ ਨੇ ਜਦੋਂ ਮੁਸਲਿਮ ਲੋਕਾਂ ਦੀ ਇਮੀਗ੍ਰੇਸ਼ਨ ਉਤੇ ਅਸਥਾਈ ਰੋਕ ਲਾਉਣ ਦੀ ਗੱਲ ਕੀਤੀ ਤਾਂ ਇਹ ਬਹੁਤ ਸਾਰੇ ਅਮਰੀਕਨ ਲੋਕਾਂ ਦੇ ਦਿਲ ਦੀ ਗੱਲ ਸੀ। ਟਰੰਪ ਉਤੇ ਭਾਵੇਂ ਇਸ ਨਾਲ ਨਸਲਵਾਦ ਦੇ ਦੂਸ਼ਣ ਵੀ ਲੱਗੇ, ਪਰ ਉਸ ਦੀ ਇਕ ਖਾਸ ਕਿਸਮ ਦੇ ਵਰਗ ਵਿਚ ਵੋਟ ਬੈਂਕ ਬਣ ਗਈ। ਇੰਜ ਲਗਦਾ ਹੈ ਕਿ ਇਹ ਗੱਲ ਉਸ ਨੇ ਕਦੇ ਲਾਗੂ ਨਹੀਂ ਕਰਨੀ, ਪਰ ਇਸ ਨਾਲ ਉਹ ਬਹੁਤ ਸਾਰੇ ਗੋਰੇ ਅਮਰੀਕਨ ਲੋਕਾਂ ਦੇ ਦਿਲ ਜਿੱਤ ਗਿਆ।

ਇਵੇਂ ਹੀ ਮੈਕਸੀਕੋ ਦਾ ਬਾਰਡਰ ਟੱਪ ਕੇ ਆ ਰਹੇ ਗੈਰਕਾਨੂੰਨੀ ਅਵਾਸੀਆਂ ਦੀ ਗੱਲ ਸੀ। ਜਦੋਂ ਟਰੰਪ ਨੇ ਮੈਕਸੀਕੋ ਦੇ ਬਾਰਡਰ 'ਤੇ ਕੰਧ ਬਣਾਉਣ ਦੀ ਗੱਲ ਕੀਤੀ ਤਾਂ ਅਰਧ-ਉਮਰੇ ਗੋਰੇ ਲੋਕਾਂ ਲਈ ਇਹ ਮਨਪਸੰਦ ਗੱਲ ਸੀ। ਕੰਧ ਬਣਾਉਣ ਦਾ ਕੰਮ ਪਤਾ ਨਹੀਂ ਕਿੰਨਾ ਕੁ ਸੰਭਵ ਹੈ, ਖਾਸ ਕਰ ਮੈਕਸੀਕੋ ਤੋਂ ਉਸ ਕੰਧ ਦਾ ਖਰਚਾ ਲੈਣਾ ਸ਼ਾਇਦ ਬਿਲਕੁਲ ਸੰਭਵ ਨਹੀਂ, ਪਰ ਉਸ ਨੂੰ ਚੋਣ ਵਿਚ ਵੋਟਾਂ ਲੈਣ ਵਿਚ ਅਜਿਹੀਆਂ ਗੱਲਾਂ ਕਾਰਗਰ ਸਾਬਤ ਹੋਈਆਂ।

ਇਕ ਹੋਰ ਗੱਲ ਹੈ ਜੋ ਸਥਾਪਤੀ ਵਾਲੇ ਲੋਕ ਨਹੀਂ ਸਨ ਕਰਨੀ ਚਾਹੁੰਦੇ। ਉਹ ਹੈ, ਲਗਾਤਾਰ ਵਧਦਾ ਦੌਲਤ ਦਾ ਪਾੜਾ। ਦੌਲਤ ਬਹੁਤ ਥੋੜ੍ਹੇ ਹੱਥਾਂ ਵਿਚ ਇਕੱਠੀ ਹੁੰਦੀ ਜਾ ਰਹੀ ਹੈ ਅਤੇ ਅਮਰੀਕਾ ਦੀ ਮੱਧਵਰਗੀ ਜਮਾਤ ਗਰੀਬ ਹੋ ਰਹੀ ਹੈ। ਇਹ ਗੱਲ ਭਾਵੇਂ ਹੁਣ ਬਹੁਤ ਸਾਰੇ ਅਰਥ ਸ਼ਾਸਤਰੀ ਵੀ ਕਰਨ ਲੱਗ ਪਏ ਹਨ ਜਿਵੇਂ ਟਾਮਸ ਪਿਕਟੀ; ਪਰ ਵਾਸ਼ਿੰਗਟਨ ਦੇ ਸਿਆਸਤਦਾਨ ਅਜਿਹੀ ਗੱਲ ਨਹੀਂ ਕਰਨੀ ਚਾਹੁੰਦੇ। ਇਹ ਗੱਲ ਜਦੋਂ ਬਰਨੀ ਸੈਂਡਰਜ਼ ਨੇ ਕੀਤੀ ਤਾਂ ਉਸ ਨਾਲ ਇਕ ਸਿਆਸੀ ਲਹਿਰ ਹੋਂਦ ਵਿਚ ਆ ਗਈ। ਉਂਜ, ਸਿਆਸੀ ਤੌਰ 'ਤੇ ਸਥਾਪਿਤ ਤਾਕਤਾਂ ਇਨ੍ਹਾਂ ਦੋਹਾਂ ਬਾਹਰੀ ਬੰਦਿਆਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸਨ। ਬਰਨੀ ਸੈਂਡਰਜ਼ ਨੂੰ ਡੈਮੋਕਰੈਟਿਕ ਪਾਰਟੀ ਦੀ ਸਥਾਪਤੀ ਨੇ ਜਾਣ-ਬੁਝ ਕੇ ਉਮੀਦਵਾਰ ਬਣਨ ਤੋਂ ਰੋਕਿਆ ਅਤੇ ਹਿਲੇਰੀ ਕਲਿੰਟਨ ਨੂੰ ਇਹ ਮੌਕਾ ਬਖਸ਼ ਦਿੱਤਾ। ਇਵੇਂ ਹੀ ਰਿਪਬਲੀਕਨ ਪਾਰਟੀ ਨੇ ਡੋਨਲਡ ਟਰੰਪ ਨੂੰ ਉਮੀਦਵਾਰ ਬਣਨ ਤੋਂ ਰੋਕਣ ਲਈ ਕਈ ਕੁਝ ਕੀਤਾ, ਪਰ ਲੋਕਾਂ ਦੀ ਚੋਣ ਨੂੰ ਉਹ ਠੱਲ੍ਹ ਨਹੀਂ ਪਾ ਸਕੇ। ਨਤੀਜਾ ਇਹ ਹੋਇਆ ਕਿ ਟਰੰਪ ਇਲੈਕਸ਼ਨ ਜਿੱਤ ਗਿਆ। ਜੇ ਬਰਨੀ ਸੈਂਡਰਜ਼ ਨੂੰ ਵੀ ਮੌਕਾ ਮਿਲਿਆ ਹੁੰਦਾ, ਤਾਂ ਸੈਂਡਰਜ਼ ਅਤੇ ਟਰੰਪ ਦਾ ਮੁਕਾਬਲਾ ਬੜਾ ਦਿਲਚਸਪ ਹੋਣਾ ਸੀ।




*ਚੋਣ ਤੋਂ ਇਕ-ਦੋ ਹਫਤੇ ਪਹਿਲਾਂ ਹਿਲੇਰੀ ਨੇ ਸੀਰੀਆ ਵਿਚ 'ਨੋ ਫਲਾਈ ਜ਼ੋਨ' ਪੈਦਾ ਕਰਨ ਬਾਰੇ ਗੱਲ ਕੀਤੀ ਸੀ। ਇਹ ਮੂਰਖ ਕਿਸਮ ਦਾ ਖਿਆਲ ਸੀ। 'ਨੋ ਫਲਾਈ ਜ਼ੋਨ' ਸਥਾਪਿਤ ਕਰਨ ਦਾ ਭਾਵ ਸੀ, ਰੂਸੀ ਜਹਾਜ਼ਾਂ ਨੂੰ ਉਡਣ ਤੋਂ ਰੋਕਿਆ ਜਾਵੇ। ਇਸ ਨਾਲ ਸੰਸਾਰ ਜੰਗ ਲੱਗ ਸਕਦੀ ਹੈ। ਸੀਰੀਆ ਵਰਗੇ ਛੋਟੇ ਜਿਹੇ ਮੁਲਕ ਬਦਲੇ ਸਾਰੀ ਦੁਨੀਆ ਨੂੰ ਸੰਸਾਰ ਜੰਗ ਵਿਚ ਧਕੇਲਣਾ ਮਹਾਂਮੂਰਖਤਾ ਹੋਵੇਗੀ। ਟਰੰਪ ਦੇ ਖਿਆਲ ਇਸ ਨਾਲੋਂ ਵੱਖਰੇ ਸਨ। ਟਰੰਪ ਨੇ ਕਿਹਾ ਕਿ ਅਸਦ ਨੂੰ ਹਟਾਉਣ ਨਾਲ ਅਰਾਜਕਤਾ ਦਾ ਮਾਹੌਲ ਬਣੇਗਾ। ਇਸ ਲਈ ਅਮਰੀਕਾ ਅਤੇ ਰੂਸ ਨੂੰ ਰਲ ਕੇ ਆਈ.ਐਸ. ਖਿਲਾਫ ਲੜਨਾ ਚਾਹੀਦਾ ਹੈ, ਨਾ ਕਿ ਅਸਦ ਦੇ ਖਿਲਾਫ। ਇਹ ਪ੍ਰਚਲਿਤ ਸਿਆਸੀ ਸੋਚ ਨਾਲੋਂ ਅਮਲੀ ਸੂਝ ਦਾ ਫਰਕ ਸੀ। ਇਹ ਗੱਲ ਵੀ ਆਮ ਲੋਕਾਂ ਨੂੰ ਬਿਹਤਰ ਲੱਗੀ। ਨਤੀਜਾ ਸਭ ਦੇ ਸਾਹਮਣੇ ਹੈ।*

ਪ੍ਰਚਲਿਤ ਸਿਆਸੀ ਸੋਚ ਅਤੇ ਹਕੀਕਤ ਦਾ ਫਰਕ ਵਿਦੇਸ਼ੀ ਪਾਲਿਸੀ ਵਿਚ ਵੀ ਦਿਸਦਾ ਸੀ। ਮਿਸਾਲ ਵਜੋਂ ਲਿਬੀਆ ਅਤੇ ਇਰਾਕ ਵਿਚ ਅਰਾਜਕਤਾ ਪੈਦਾ ਕਰਨ ਤੋਂ ਬਾਅਦ ਅਮਰੀਕਾ ਸੀਰੀਆ ਵਿਚ ਜਾ ਵੜਿਆ। ਸੀਰੀਆ ਦੇ ਰਾਸ਼ਟਰਪਤੀ ਅਸਦ ਉਤੇ ਇਹ ਇਲਜ਼ਾਮ ਲਾਇਆ ਗਿਆ ਕਿ ਉਹ ਤਾਨਾਸ਼ਾਹ ਹੈ ਅਤੇ ਆਪਣੇ ਲੋਕਾਂ ਉਤੇ ਜ਼ੁਲਮ ਕਰਦਾ ਹੈ। ਇਲਜ਼ਾਮ ਭਾਵੇਂ ਠੀਕ ਵੀ ਹੋਵੇ, ਪਰ ਅਸਦ ਨੇ ਕਦੇ ਵੀ ਇੰਨੇ ਲੋਕ ਨਹੀਂ ਸਨ ਮਾਰਨੇ ਜਿੰਨੇ ਅਮਰੀਕਾ ਦੀ ਮੁਦਾਖਲਤ ਨਾਲ ਹੁਣ ਤੱਕ ਮਰ ਚੁੱਕੇ ਹਨ ਅਤੇ ਜਿੰਨੇ ਬੇਘਰ ਹੋ ਕੇ ਕੌਮਾਂਤਰੀ ਸ਼ਰਨਾਰਥੀ ਬਣ ਚੁੱਕੇ ਹਨ। ਫਿਰ ਸੀਰੀਆ ਦੀ ਮੁਦਾਖਲਤ ਨਾਲ ਆਈ.ਐਸ. ਹੋਂਦ ਵਿਚ ਆ ਗਈ। ਹੁਣ ਆਈ.ਐਸ. ਨੂੰ ਹਰਾਉਣ ਲਈ ਬੇਅੰਤ ਜਾਨਾਂ ਬਰਬਾਦ ਕੀਤੀਆਂ ਜਾ ਰਹੀਆਂ ਹਨ।

ਚੋਣ ਤੋਂ ਇਕ-ਦੋ ਹਫਤੇ ਪਹਿਲਾਂ ਹੀ ਹਿਲੇਰੀ ਨੇ ਸੀਰੀਆ ਵਿਚ 'ਨੋ ਫਲਾਈ ਜ਼ੋਨ' ਪੈਦਾ ਕਰਨ ਬਾਰੇ ਗੱਲ ਕੀਤੀ ਸੀ। ਇਹ ਅਤਿ ਮੂਰਖ ਕਿਸਮ ਦਾ ਖਿਆਲ ਸੀ। 'ਨੋ ਫਲਾਈ ਜ਼ੋਨ' ਸਥਾਪਿਤ ਕਰਨ ਦਾ ਭਾਵ ਸੀ, ਰੂਸੀ ਜਹਾਜ਼ਾਂ ਨੂੰ ਉਡਣ ਤੋਂ ਰੋਕਿਆ ਜਾਵੇ। ਇਸ ਨਾਲ ਸੰਸਾਰ ਜੰਗ ਲੱਗ ਸਕਦੀ ਹੈ। ਸੀਰੀਆ ਵਰਗੇ ਛੋਟੇ ਜਿਹੇ ਮੁਲਕ ਬਦਲੇ ਸਾਰੀ ਦੁਨੀਆ ਨੂੰ ਸੰਸਾਰ ਜੰਗ ਵਿਚ ਧਕੇਲਣਾ ਮਹਾਂਮੂਰਖਤਾ ਹੋਵੇਗੀ। ਟਰੰਪ ਦੇ ਖਿਆਲ ਇਸ ਨਾਲੋਂ ਵੱਖਰੇ ਸਨ। ਟਰੰਪ ਨੇ ਕਿਹਾ ਕਿ ਅਸਦ ਨੂੰ ਹਟਾਉਣ ਨਾਲ ਅਰਾਜਕਤਾ ਦਾ ਮਾਹੌਲ ਬਣੇਗਾ। ਇਸ ਲਈ ਅਮਰੀਕਾ ਅਤੇ ਰੂਸ ਨੂੰ ਰਲ ਕੇ ਆਈ.ਐਸ. ਖਿਲਾਫ ਲੜਨਾ ਚਾਹੀਦਾ ਹੈ, ਨਾ ਕਿ ਅਸਦ ਦੇ ਖਿਲਾਫ। ਇਹ ਪ੍ਰਚਲਿਤ ਸਿਆਸੀ ਸੋਚ ਨਾਲੋਂ ਅਮਲੀ ਸੂਝ ਦਾ ਫਰਕ ਸੀ। ਇਹ ਗੱਲ ਵੀ ਆਮ ਲੋਕਾਂ ਨੂੰ ਬਿਹਤਰ ਲੱਗੀ। ਨਤੀਜਾ ਸਭ ਦੇ ਸਾਹਮਣੇ ਹੈ।

ਇਕ ਹੋਰ ਸਮੱਸਿਆ ਇਹ ਸੀ ਕਿ ਅਮਰੀਕਾ ਦੀ ਸਰਕਾਰ ਪਿਛਲੇ ਕਈ ਸਾਲਾਂ ਤੋਂ ਸਥਗਤ ਹੋਈ ਖੜ੍ਹੀ ਸੀ। ਵਾਸ਼ਿੰਗਟਨ ਦੀ ਸਥਗਤੀ ਅਤੇ ਬੇਗਾਨਗੀ ਕਾਰਨ, ਵਾਸ਼ਿੰਗਟਨ ਨਾਲ ਅਮਰੀਕਨ ਲੋਕਾਂ ਦਾ ਨਫਰਤ ਵਾਲਾ ਰਿਸ਼ਤਾ ਬਣ ਚੁੱਕਾ ਸੀ। ਲੋਕਾਂ ਨੇ ਗੁਪਤ ਲੋਕ-ਸੂਝ ਦਿਖਾਈ ਅਤੇ ਅਜਿਹੇ ਬੰਦੇ ਨੂੰ ਰਾਸ਼ਟਰਪਤੀ ਬਣਾਇਆ ਜੋ ਵਾਸ਼ਿੰਗਟਨ ਵਿਚ ਸਥਾਪਤ ਤਾਕਤਾਂ ਲਈ ਬਾਹਰੀ ਬੰਦੀ ਸੀ। ਸਿਰਫ ਇੰਨਾ ਹੀ ਨਹੀਂ, ਸਗੋਂ ਉਸ ਨੂੰ ਕਾਂਗਰਸ ਅਤੇ ਸੈਨੇਟ ਵਿਚ ਵੀ ਬਹੁਗਿਣਤੀ ਦੇ ਦਿਤੀ। ਇਸ ਨਾਲ ਵਾਸ਼ਿੰਗਟਨ ਵਿਚ ਮਾੜੀ ਪਾਰਟੀਬਾਜ਼ੀ ਵਾਲੀ ਸਿਆਸੀ ਸਥਗਤੀ ਦਾ ਅੰਤ ਕਰ ਦਿਤਾ। ਹੁਣ ਬਹੁਤ ਵੱਖਰਾ ਮਾਹੌਲ ਪੈਦਾ ਹੋਵੇਗਾ।

ਰੂਸ ਨਾਲ ਜੰਗੀ ਹਾਲਾਤ ਬਣਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਦੇ ਉਲਟ ਟਰੰਪ ਰੂਸ ਨਾਲ ਚੰਗਾ ਰਿਸ਼ਤਾ ਬਣਾਉਣ ਦੀ ਗੱਲ ਕਰ ਰਿਹਾ ਹੈ। ਇਸ ਨਾਲ ਦੁਨੀਆ ਵਿਚ ਅਮਨ-ਸ਼ਾਂਤੀ ਦੀ ਸੰਭਾਵਨਾ ਦੇ ਵਧਣ ਦੇ ਚਾਂਸ ਹਨ। ਸੋ ਇੰਜ ਲਗਦਾ ਹੈ ਕਿ ਵਾਸ਼ਿੰਗਟਨ ਨੂੰ ਜਗਾਉਣ ਲਈ ਅਮਰੀਕੀਆਂ ਨੇ ਅਮਲੀ ਸੂਝ ਤੋਂ ਕੰਮ ਲਿਆ ਹੈ ਜਿਸ ਨਾਲ, ਬਾਵਜੂਦ ਡੋਨਲਡ ਟਰੰਪ ਦੇ ਖਰਵੇਂ ਸਟਾਈਲ ਦੇ, ਮਾਹੌਲ ਤਬਦੀਲੀ ਵਲ ਤੁਰਿਆ ਹੈ। ਇਹ ਗੱਲ ਦੇਖਣ ਵਾਲੀ ਹੈ ਕਿ ਕੀ ਟਰੰਪ ਆਪਣੇ ਬਦਲੇਬਾਜ਼ ਸੁਭਾਅ ਤੋਂ ਉਤਾਂਹ ਉਠ ਕੇ ਕੰਮ ਕਰ ਸਕੇਗਾ ਕਿ ਨਹੀਂ। -0-

# ਨੋਟਬੰਦੀ: ਸਿਰਫ ਦੋ ਫੀਸਦੀ ਘਟੇਗਾ ਕਾਲਾ ਧਨ

***ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਾਲੇ ਧਨ ਦੀ ਲੜਾਈ ਦੇ ਨਾਂ ਉਤੇ ਸਮੁੱਚਾ ਮੁਲਕ ਬੈਂਕਾਂ ਅਤੇ ਏ.ਟੀ.ਐਮਜ਼ ਅੱਗੇ ਕਤਾਰਾਂ ਵਿਚ ਲਾ ਦਿੱਤਾ। ਆਰਥਿਕ ਮਾਹਰ ਵਾਰ-ਵਾਰ ਇਕੋ ਨੁਕਤਾ ਦੁਹਰਾ ਰਹੇ ਹਨ ਕਿ ਨੋਟਬੰਦੀ ਕਾਲੇ ਧਨ ਦੀ ਸਮੱਸਿਆ ਦਾ ਹੱਲ ਨਹੀਂ ਹੈ, ਮੋਦੀ ਸਰਕਾਰ ਨੇ ਇਹ ਫੈਸਲਾ ਸਿਆਸੀ ਲਾਹਾ ਲੈਣ ਲਈ ਕੀਤਾ ਹੈ। ਪੱਤਰਕਾਰ ਅਭੈ ਕੁਮਾਰ ਦੂਬੇ ਨੇ ਆਪਣੇ ਲੇਖ 'ਨੋਟਬੰਦੀ: ਸਿਰਫ ਦੋ ਫੀਸਦੀ ਘਟੇਗਾ ਕਾਲਾ ਧਨ' ਵਿਚ ਇਸ ਬਾਬਤ ਹੀ ਚਰਚਾ ਕੀਤੀ ਹੈ ਅਤੇ ਯਾਦ ਦਿਵਾਇਆ ਹੈ ਕਿ 1978 ਵਿਚ ਵੀ ਮੋਰਾਰਜੀ ਦੇਸਾਈ ਸਰਕਾਰ ਨੇ ਅਜਿਹਾ ਹੀ ਕੀਤਾ ਸੀ। ਉਸ ਸਮੇਂ ਵੀ ਕਾਲੇ ਧਨ ਉਤੇ ਕੋਈ ਖਾਸ ਅਸਰ ਨਹੀਂ ਸੀ ਪਿਆ। -ਸੰਪਾਦਕ***

ਕਾਲਾ ਧਨ ਖ਼ਤਮ ਹੋਵੇ, ਇਹ ਸਾਰੇ ਨੇਕ ਦਿਲ ਅਤੇ ਇਮਾਨਦਾਰ ਲੋਕ ਚਾਹੁੰਦੇ ਹਨ, ਪਰ ਕੀ ਉਸ ਨੂੰ ਖ਼ਤਮ ਕਰਨ ਦਾ ਇਹੀ ਤਰੀਕਾ ਸਹੀ ਹੈ ਜੋ ਮੋਦੀ ਸਰਕਾਰ ਨੇ ਅਪਣਾਇਆ ਹੈ? ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਲੇ ਧਨ ਦੇ ਖਿਲਾਫ ਇਨਾ ਦਲੇਰੀ ਭਰਿਆ ਕਦਮ ਪਿਛਲੇ 38 ਸਾਲਾਂ ਤੋਂ ਨਹੀਂ ਸੀ ਉਠਾਇਆ ਗਿਆ।

1978 ਵਿਚ ਮੋਰਾਰਜੀ ਦੇਸਾਈ ਨੇ 1000, 5000 ਅਤੇ 10,000 ਦੇ ਨੋਟਾਂ ਦਾ ਚਲਨ ਖ਼ਤਮ ਕਰ ਦਿਤਾ ਸੀ। ਉਸ ਤੋਂ ਬਾਅਦ 11-12 ਸਾਲ ਤੱਕ 1000 ਦਾ ਵੱਡਾ ਨੋਟ ਚਲਨ ਵਿਚ ਨਹੀਂ

**ਅਭੈ ਕੁਮਾਰ ਦੂਬੇ**

ਆਇਆ। ਕੀ ਇਸ ਦੌਰਾਨ ਕਾਲਾ ਧਨ ਖ਼ਤਮ ਹੋਇਆ? ਅੰਕੜੇ ਦੱਸਦੇ ਹਨ ਕਿ ਇਸ ਦੌਰਾਨ ਅਤੇ ਉਸ ਦੇ ਮਗਰੋਂ ਅੱਜ ਤੱਕ ਕਾਲਾ ਧਨ ਦੁੱਗਣੀ-ਚੌਗੁਣੀ ਰਫ਼ਤਾਰ ਨਾਲ ਵਧਦਾ ਰਿਹਾ। ਉਸ ਸਮੇਂ ਆਈ.ਜੀ. ਪਟੇਲ ਰਿਜ਼ਰਵ ਬੈਂਕ ਦੇ ਗਵਰਨਰ ਸਨ। ਨੋਟਬੰਦੀ ਦੇ ਉਸ ਕਦਮ ਬਾਰੇ ਉਨ੍ਹਾਂ ਦੇ ਵਿਚਾਰ ਜਾਣਨਾ ਅੱਜ ਸਭ ਲਈ ਜਾਣਕਾਰੀ ਵਾਲਾ ਹੋ ਸਕਦਾ ਹੈ। ਉਦੋਂ ਆਈ.ਜੀ. ਪਟੇਲ ਨੇ ਕਿਹਾ ਸੀ ਕਿ ਬਹੁਤਾ ਕਾਲਾ ਧਨ ਬੈਂਕਿੰਗ ਪ੍ਰਣਾਲੀ ਵਿਚ ਹੀ ਹੈ ਅਤੇ ਇਹ ਮੰਨਣਾ ਬਚਗਾਨੀ ਗੱਲ ਹੋਵੇਗੀ ਕਿ ਇਸ ਨੂੰ ਨਕਦੀ ਦੇ ਰੂਪ ਵਿਚ ਕਿਤੇ ਛੁਪਾ ਕੇ ਰੱਖਿਆ ਗਿਆ ਹੈ। ਦਰਅਸਲ, ਪਟੇਲ ਨੇ ਉਸ ਸਮੇਂ ਜੋ ਕਿਹਾ ਸੀ, ਉਹ ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਸਹੀ ਸਾਬਤ ਹੋ ਰਿਹਾ ਹੈ। ਨਾ ਤਾਂ ਉਸ ਸਮੇਂ ਮੋਰਾਰਜੀ ਦੇਸਾਈ ਨੇ ਕਾਲੇ ਧਨ ਦੇ ਸਰੋਤਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਨਾ ਹੀ ਅੱਜ ਨਰੇਂਦਰ ਮੋਦੀ ਨੇ ਅਜਿਹਾ ਕਰਨ ਦੀ ਤਕਲੀਫ਼ ਕੀਤੀ ਹੈ। ਨੋਟਬੰਦੀ ਕਰਨਾ ਕਾਲੇ ਧਨ ਦੇ ਮੁਦਰਿਕ ਸਿੱਟਿਆਂ 'ਤੇ ਹਮਲਾ ਕਰਨਾ ਹੈ, ਕਾਲੇ ਧਨ ਦੇ ਕਾਰਨਾਂ 'ਤੇ ਨਹੀਂ।

ਪਟੇਲ ਦੀ ਉਸ ਦਲੀਲ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ। ਮੰਨ ਲਓ ਕਿ ਕਿਸੇ ਸਿਆਸਤਦਾਨ ਦੇ ਕੋਲ 100 ਕਰੋੜ ਰੁਪਏ ਦਾ ਕਾਲਾ ਧਨ ਹੈ। ਉਹ ਉਸ ਨੂੰ ਚੋਣਾਂ ਵਿਚ ਖ਼ਰਚ ਕਰਨਾ ਚਾਹੁੰਦਾ ਹੈ। ਸਵਾਲ ਇਹ ਹੈ ਕਿ ਉਹ ਆਪਣਾ 100 ਕਰੋੜ ਰੁਪਿਆ ਕਿਥੇ ਰੱਖੇਗਾ? ਉਸ ਦੇ ਸਾਹਮਣੇ ਦੋ ਬਦਲ ਹਨ। ਪਹਿਲਾ, ਉਸ ਵੱਡੀ ਰਕਮ ਨੂੰ ਕਿਧਰੇ ਗੁਪਤ ਥਾਂ 'ਤੇ ਛੁਪਾ ਦੇਵੇ ਅਤੇ ਲੋੜ ਪੈਣ 'ਤੇ ਉਥੋਂ ਕੱਢ ਕੇ ਉਸ ਦੀ ਵਰਤੋਂ ਕਰੇ। ਦੂਜਾ, ਫੌਰੀ ਜ਼ਰੂਰਤਾਂ ਦੀ ਪੂਰਤੀ ਲਈ ਉਹ 4-5 ਕਰੋੜ ਰੁਪਿਆ ਤਾਂ ਆਪਣੇ ਹੱਥ ਵਿਚ ਰੱਖੇ ਅਤੇ ਬਾਕੀ 95 ਫ਼ੀਸਦੀ ਰਕਮ ਬੇਨਾਮੀ ਖਾਤਿਆਂ ਵਿਚ ਹੌਲੀ-ਹੌਲੀ ਇਸ ਤਰ੍ਹਾਂ ਜਮ੍ਹਾਂ ਕਰਾਉਂਦਾ ਰਹੇ ਤਾਂ ਕਿ ਆਮਦਨ ਕਰ ਵਾਲਿਆਂ ਦੀ ਨਜ਼ਰ ਉਸ 'ਤੇ ਨਾ ਪੈ ਸਕੇ। 50ਵੇਂ ਅਤੇ 60ਵੇਂ ਦਹਾਕੇ ਵਿਚ ਪਹਿਲਾਂ ਵਾਲਾ ਤਰੀਕਾ ਅਪਣਾਇਆ ਜਾਂਦਾ ਸੀ। ਉਸ ਸਮੇਂ ਚੇਤੰਨ ਲੋਕਾਂ ਨੂੰ ਇਹ ਯਾਦ ਹੋਵੇਗਾ ਕਿ ਤਦ ਫਿਲਮੀ ਸਿਤਾਰਿਆਂ 'ਤੇ ਛਾਪੇ ਪੈਂਦੇ ਸਨ ਤਾਂ ਉਨ੍ਹਾਂ ਦੇ ਗੱਦਿਆਂ ਅਤੇ ਬਾਥਰੂਮਾਂ ਦੀਆਂ ਛੱਤਾਂ ਵਿਚੋਂ ਨਕਦੀ ਬਰਾਮਦ ਹੁੰਦੀ ਸੀ; ਪਰ 1970 ਦੇ ਦਹਾਕੇ ਦੇ ਅਖੀਰ ਤੋਂ ਇਹ ਦੂਸਰਾ ਤਰੀਕਾ ਅਪਣਾਇਆ ਜਾਣ ਲੱਗਾ ਹੈ। ਅਸਲੀਅਤ ਇਹ ਹੈ ਕਿ ਕਾਲਾ ਧਨ ਕਿਸੇ ਇਕ ਜਾਂ ਕੁਝ ਥਾਂਵਾਂ 'ਤੇ ਜਮ੍ਹਾਂ ਪਈ ਰਕਮ ਨਾ ਹੋ ਕੇ ਇਕ ਚਾਲੂ ਰਾਸ਼ੀ ਹੈ ਜੋ ਤੇਜ਼ੀ ਨਾਲ ਅਰਥ-ਵਿਵਸਥਾ ਦੇ ਵੱਖ-ਵੱਖ ਖੇਤਰਾਂ ਵਿਚ ਚਲਦੀ ਰਹਿੰਦੀ ਹੈ ਅਤੇ ਬੈਂਕਿੰਗ ਪ੍ਰਣਾਲੀ ਦੀ ਮਦਦ ਨਾਲ ਟਿਕਦੀ ਅਤੇ ਅੱਗੇ ਵਧਦੀ ਰਹਿੰਦੀ ਹੈ। ਇਸ ਲਈ ਜਦੋਂ ਪੰਜਾਬ, ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਚੋਣਾਂ ਸਿਰ 'ਤੇ ਆਉਣਗੀਆਂ ਤਾਂ ਉਥੋਂ ਦੀਆਂ ਸਿਆਸੀ ਤਾਕਤਾਂ ਆਪਣਾ ਕਾਲਾ ਧਨ ਆਪਣੇ ਉਨ੍ਹਾਂ ਬੇਨਾਮੀ ਖਾਤਿਆਂ ਵਿਚੋਂ ਕਢਵਾਉਣਗੀਆਂ ਅਤੇ ਉਸ ਸਮੇਂ ਉਹ ਕਾਲਾ ਧਨ ਉਨ੍ਹਾਂ ਦੇ ਹੱਥ ਵਿਚ ਸਹੀ ਕਰੰਸੀ ਦੇ ਤੌਰ 'ਤੇ ਆਏਗਾ। ਜ਼ਾਹਰਾ ਤੌਰ 'ਤੇ ਸਰਕਾਰ ਦਾ ਇਹ ਦਾਅਵਾ ਖੋਖਲਾ ਹੈ ਕਿ 500 ਅਤੇ 1000 ਦੇ ਨੋਟ ਬੰਦ ਕਰਨ ਨਾਲ ਚੋਣਾਂ ਵਿਚ ਖਰਚ ਹੋਣ ਵਾਲੇ ਕਾਲੇ ਧਨ 'ਤੇ ਅਸਰ ਪਏਗਾ। ਸਮਝਣ ਵਾਲੀ ਇਕ ਗੱਲ ਇਹ ਵੀ ਹੈ ਕਿ ਮੌਜੂਦਾ ਕਦਮ 1978 ਦੀ ਨੋਟਬੰਦੀ ਵਰਗਾ ਨਹੀਂ ਹੈ। ਇਹ ਤਾਂ ਨੋਟਬੰਦੀ ਹੈ ਹੀ ਨਹੀਂ। ਵੱਡੀ ਕੀਮਤ ਦੇ ਪੁਰਾਣੇ ਨੋਟ ਖ਼ਤਮ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਥਾਂ ਉਸੇ ਕੀਮਤ ਦੇ ਨਹੀਂ, ਸਗੋਂ ਉਸ ਤੋਂ ਵੱਡੀ ਕੀਮਤ ਦੇ ਨੋਟ ਲਿਆਂਦੇ ਗਏ ਹਨ। 2000 ਰੁਪਏ ਦਾ ਨਵਾਂ ਨੋਟ ਸਭ ਤੋਂ ਪਹਿਲਾਂ ਬਾਜ਼ਾਰ ਵਿਚ ਆ ਚੁੱਕਾ ਹੈ। ਹੁਣ 500 ਦਾ ਨਵਾਂ ਨੋਟ ਵੀ ਆ ਗਿਆ ਹੈ। 1000 ਦਾ ਨਵਾਂ ਨੋਟ ਵੀ ਆਏਗਾ। ਹੁਣ 2000 ਦੇ ਨੋਟ ਕਰ ਕੇ ਤਾਂ ਕਾਲੇ ਧਨ ਨੂੰ ਲਿਜਾਣਾ ਹੋਰ ਵੀ ਆਸਾਨ ਹੋ ਜਾਵੇਗਾ।

'ਇਕਨਾਮਿਕਸ ਟਾਈਮਜ਼' ਨੇ ਹਾਲ ਹੀ ਵਿਚ ਹਿਸਾਬ-ਕਿਤਾਬ ਲਗਾ ਕੇ ਇਕ ਅਨੁਮਾਨ



ਪ੍ਰਕਾਸ਼ਿਤ ਕੀਤਾ ਹੈ। ਇਸ ਅਨੁਸਾਰ ਭਾਰਤ ਵਿਚ ਕਾਲੇ ਧਨ ਦੀ ਅਰਥ-ਵਿਵਸਥਾ ਦਾ ਆਕਾਰ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ 20 ਤੋਂ 60 ਫ਼ੀਸਦੀ ਦੇ ਵਿਚਕਾਰ ਹੈ। ਕੁਲ ਮੁਦਰਾ ਜੋ ਚਲਣ ਵਿਚ ਹੈ, ਉਸ ਦੀ ਮਾਤਰਾ ਜੀ.ਡੀ.ਪੀ. ਦੇ 12 ਫ਼ੀਸਦੀ ਦੇ ਬਰਾਬਰ ਬੈਠਦੀ ਹੈ। ਇਸ ਵਿਚ ਜਿੰਨੀ ਮੁਦਰਾ 500-1000 ਦੇ ਪੁਰਾਣੇ ਨੋਟਾਂ ਦੀ ਸ਼ਕਲ ਵਿਚ ਰੱਦ ਕੀਤੀ ਗਈ ਹੈ, ਉਸ ਦਾ ਜੋ ਹਿਸਾਬ ਬੈਂਕਿੰਗ ਪ੍ਰਣਾਲੀ ਦੇ ਬਾਹਰ ਹੈ, ਕਿਸੇ ਨਾ ਕਿਸੇ ਤਰ੍ਹਾਂ ਬੈਂਕਿੰਗ ਪ੍ਰਣਾਲੀ ਵਿਚ ਹੀ ਮੁੜ ਕੇ ਪਹੁੰਚ ਰਿਹਾ ਹੈ ਅਤੇ ਜਲਦੀ ਹੀ ਉਹ ਨਵੇਂ ਨੋਟਾਂ ਦੀ ਸ਼ਕਲ ਵਿਚ ਚਲਨ ਵਿਚ ਆ ਜਾਵੇਗਾ। ਅਜਿਹੇ ਤਰੀਕੇ ਬਹੁਤ ਸਾਰੇ ਹਨ, ਦੱਖਣੀ ਭਾਰਤ ਦਾ ਇਕ ਰਾਜਨੇਤਾ ਗਰੀਬਾਂ ਨੂੰ ਵਿਆਜ ਰਹਿਤ ਕਰਜ਼ਾ ਦੇ ਰਿਹਾ ਹੈ ਤਾਂ ਕਿ 6 ਮਹੀਨੇ ਬਾਅਦ ਨਵੀਂ ਮੁਦਰਾ ਵਿਚ ਉਹ ਧਨ ਉਸ ਨੂੰ ਵਾਪਸ ਮਿਲ ਸਕੇ। ਜਨ-ਧਨ ਯੋਜਨਾ ਵਿਚ ਖੁੱਲ੍ਹੇ ਖਾਤੇ ਪੱਛਮੀ ਬੰਗਾਲ ਦੇ ਮਾਲਦਾ ਤੋਂ ਉਤਰ ਪ੍ਰਦੇਸ਼ ਦੇ ਆਗਰਾ ਤੱਕ ਵੱਡੇ ਪੈਮਾਨੇ ਵਿਚ ਖਰੀਦੇ ਜਾ ਰਹੇ ਹਨ ਤਾਂ ਕਿ ਉਨ੍ਹਾਂ ਵਿਚ ਕਾਲਾ ਧਨ ਜਮ੍ਹਾਂ ਕਰਾਇਆ ਜਾ ਸਕੇ ਅਤੇ ਬਾਅਦ ਵਿਚ ਕਮਿਸ਼ਨ ਦੇ ਕੇ ਉਸ ਨੂੰ ਨਵੀਂ ਮੁਦਰਾ ਵਿਚ ਕਢਵਾਇਆ ਜਾ ਸਕੇ। ਮੰਦਿਰਾਂ ਦੇ ਖਜ਼ਾਨੇ ਦਾ ਇਸ ਦੇ ਲਈ ਇਸਤੇਮਾਲ ਤਾਂ 1978 ਤੋਂ ਹੀ ਹੋ ਰਿਹਾ ਹੈ। ਜਿਨ੍ਹਾਂ ਕੰਪਨੀਆਂ ਦੇ ਖਾਤੇ ਵਿਚ ਨਕਦੀ ਦਿਖਾਈ ਗਈ ਅਤੇ ਜਿਨ੍ਹਾਂ ਦੀ ਅਸਲ ਵਿਚ ਉਹ ਨਕਦੀ ਨਹੀਂ ਹੈ, ਉਹ ਵੀ ਕਾਲੇ ਧਨ ਦੀ ਇਸ ਧੁਆਈ ਵਿਚ ਭੂਮਿਕਾ ਨਿਭਾਅ ਰਹੀਆਂ ਹਨ। ਇਸ ਤੋਂ ਇਲਾਵਾ ਸੋਨਾ ਅਤੇ ਡਾਲਰ ਮਹਿੰਗੀਆਂ ਦਰਾਂ 'ਤੇ ਖਰੀਦਣ ਦਾ ਬਦਲ ਤਾਂ ਖੁੱਲ੍ਹਾ ਹੀ ਹੈ। ਇਨ੍ਹਾਂ ਸਾਰੇ ਤਰੀਕਿਆਂ ਨੂੰ ਅਪਣਾਉਣ ਦੇ ਬਾਅਦ ਵੀ ਜੋ ਨਕਦੀ ਕਾਲੇ ਧਨ ਦੇ ਰੂਪ ਵਿਚ ਰਹਿ ਜਾਵੇਗੀ, ਉਹੀ ਇਸ ਕਦਮ ਦੀ ਸ਼ਿਕਾਰ ਹੋਵੇਗੀ। 'ਦ ਇਕਨਾਮਿਕ ਟਾਈਮਜ਼' ਅਨੁਸਾਰ, ਇਹ ਰਕਮ ਜੀ.ਡੀ.ਪੀ. ਦੇ 2 ਫ਼ੀਸਦੀ ਤੋਂ ਵਧ ਨਹੀਂ ਹੋ ਸਕਦੀ। ਅਖ਼ਬਾਰ ਪੁੱਛਦਾ ਹੈ ਕਿ, ਕੀ ਕਾਲੇ ਧਨ ਦੀ ਅਰਥ-ਵਿਵਸਥਾ 'ਤੇ ਹਮਲਾ ਕਰਨ ਲਈ ਇੰਨੀ ਰਕਮ ਬਰਬਾਦ ਹੋਣੀ ਕਾਫੀ ਹੈ? ਇਕ ਹੋਰ ਮਾਹਰ ਪ੍ਰਣਬ ਸੇਨ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਇਹ ਕਦਮ ਖੋਖਲਾ ਹੈ ਅਤੇ ਇਸ ਨਾਲ ਸਿਰਫ ਸਿਆਸੀ ਪ੍ਰਚਾਰ ਹੀ ਮਿਲ ਸਕਦਾ ਹੈ। ਪ੍ਰਣਬ ਸੇਨ 'ਇੰਟਰਨੈਸ਼ਨਲ ਗ੍ਰੋਥ ਸੈਂਟਰ' ਦੇ ਭਾਰਤ ਸਥਿਤ ਨਿਰਦੇਸ਼ਕ ਹਨ। ਵਿੱਤੀ ਦੈਨਿਕ 'ਮਿੰਟ' ਵਿਚ ਲਿਖਦੇ ਹੋਏ ਉਨ੍ਹਾਂ ਕਿਹਾ ਹੈ ਕਿ ਕਾਲਾ ਧਨ ਰੁਕੀ ਹੋਈ ਨਹੀਂ, ਬਲਕਿ ਚਾਲੂ ਆਮਦਨੀ ਦੇ ਰੂਪ ਵਿਚ ਹੁੰਦਾ ਹੈ। ਭਾਰਤੀ ਅਰਥ-ਵਿਵਸਥਾ ਦੇ ਅਣਉਪਚਾਰਕ ਖੇਤਰ ਦਾ ਆਕਾਰ ਲਗਪਗ ਜੀ.ਡੀ.ਪੀ. ਦਾ 45 ਫ਼ੀਸਦੀ ਹੈ ਅਤੇ ਇਸੇ ਤੋਂ 80 ਫ਼ੀਸਦੀ ਰੁਜ਼ਗਾਰ ਪੈਦਾ ਹੁੰਦਾ ਹੈ। ਇਹ ਪੂਰਾ ਖੇਤਰ ਨਕਦੀ ਲੈਣ-ਦੇਣ 'ਤੇ ਚਲਦਾ ਹੈ ਜਿਸ ਨੂੰ ਤਕਨੀਕੀ ਰੂਪ ਵਿਚ ਕਾਲਾ ਧਨ ਮੰਨਿਆ ਜਾ ਸਕਦਾ ਹੈ। ਮੋਦੀ ਸਰਕਾਰ ਦਾ ਇਹ ਕਦਮ ਇਸੇ ਖੇਤਰ 'ਤੇ ਬੇਰਹਿਮ ਸੱਟ ਵਾਂਗ ਹੈ। ਇਸੇ ਤਰ੍ਹਾਂ ਨਾਲ ਇਹ ਅਣਉਪਚਾਰਕ ਵਿੱਤੀ ਖੇਤਰ ਹੈ ਜੋ ਨਿਧੀ, ਹੁੰਡੀ ਅਤੇ ਚਿਟ ਫੰਡ ਨਾਲ ਚਲਦਾ ਹੈ। ਇਸ ਖੇਤਰ ਵੱਲੋਂ ਮੁਹੱਈਆ ਕਰਾਈ ਗਈ ਪੂੰਜੀ 'ਤੇ ਵੀ ਲੱਖਾਂ-ਕਰੋੜਾਂ ਦਾ ਰੁਜ਼ਗਾਰ ਨਿਰਭਰ ਹੈ। ਮੋਦੀ ਸਰਕਾਰ ਦਾ ਇਹ ਕਦਮ ਇਸ ਖੇਤਰ ਲਈ ਤਾਂ ਮੌਤ ਦੀ ਘੰਟੀ ਵਾਂਗ ਹੈ। ਧਿਆਨ ਰਹੇ ਕਿ ਮੁਲਕ ਦੇ ਜੀ.ਡੀ.ਪੀ. ਦਾ 26 ਫ਼ੀਸਦੀ ਇਸ ਖੇਤਰ ਵਿਚੋਂ ਆਉਂਦਾ ਹੈ।

ਇਸ ਤਰ੍ਹਾਂ ਦੇਖਿਆ ਜਾਏ ਤਾਂ ਮੋਦੀ ਸਰਕਾਰ ਦੇ ਇਸ ਕਦਮ ਨਾਲ ਸਿਰਫ ਇਕ ਠੋਸ ਫਾਇਦਾ ਦਿਖਾਈ ਦਿੰਦਾ ਹੈ। ਜਾਅਲੀ ਨੋਟਾਂ ਦੀ ਅਰਥ-ਵਿਵਸਥਾ ਕੁਝ ਦਿਨਾਂ ਲਈ ਖ਼ਤਮ ਹੋ ਜਾਏਗੀ, ਪਰ ਇਸ ਦੇ ਪਰ੍ਹੇ ਇਸ ਕਦਮ ਦੇ ਫਾਇਦੇ ਸਿਰਫ ਕਾਲਪਨਿਕ ਹੀ ਹਨ। ਸਵਾਲ ਤਾਂ ਇਥੋਂ ਤੱਕ ਪੁੱਛਿਆ ਜਾ ਰਿਹਾ ਹੈ ਕਿ ਕੀ ਜੋ 12 ਹਜ਼ਾਰ ਕਰੋੜ ਰੁਪਏ ਨਵੇਂ ਨੋਟਾਂ ਦੇ ਛਾਪਣ ਵਿਚ ਖਰਚ ਕੀਤੇ ਗਏ ਹਨ, ਉਸ ਨਾਲ ਓਨਾ ਫਾਇਦਾ ਵੀ ਮਿਲ ਸਕੇਗਾ? ਇਸ ਲੇਖ ਵਿਚ ਜਨਤਾ ਨੂੰ ਆਈਆਂ ਮੁਸ਼ਕਿਲਾਂ ਦੀ ਚਰਚਾ ਨਹੀਂ ਕੀਤੀ ਗਈ, ਉਹ ਇਸ ਤੋਂ ਵੱਖਰੀਆਂ ਹਨ।

# ਖੇਤੀ ਸੰਕਟ ਬਨਾਮ ਕੁਪੋਸ਼ਣ

ਕੁਪੋਸ਼ਣ ਸਰੀਰਕ ਮੁੱਦਾ ਹੋਣ ਦੇ ਨਾਲ-ਨਾਲ ਸਮਾਜਿਕ ਅਤੇ ਸਿਆਸੀ ਮੁੱਦਾ ਵੀ ਹੈ। ਕੁਪੋਸ਼ਤ ਜਣੇ ਦੀ ਸਮਰੱਥਾ ਅਤੇ ਪੂਰਨ ਤੌਰ 'ਤੇ ਵਿਗਸਣ ਦੀ ਸੰਭਾਵਨਾ ਜਦੋਂ ਭੁੱਖ ਅਤੇ ਗਰੀਬੀ ਅੱਗੇ ਹਾਰਦੀ ਹੈ ਤਾਂ ਕਿਸੇ ਮੁਲਕ ਦੇ ਵਿਕਾਸ ਦੇ ਅੰਕੜਿਆਂ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਉਨ੍ਹਾਂ ਸਮਿਆਂ ਵਿਚ ਕੁਪੋਸ਼ਣ ਦੇ ਮੁੱਦੇ 'ਤੇ ਗੱਲ ਕਰਨੀ ਹੋਰ ਵੀ ਜ਼ਰੂਰੀ ਹੈ ਜਦੋਂ ਆਲਮੀ ਪੱਧਰ 'ਤੇ

**ਕੁਲਦੀਪ ਕੌਰ**
**ਫੋਨ: +91-98554-04330**

ਮੋਟਾਪਾ ਘਟਾਉਣ ਦਾ ਕਾਰੋਬਾਰ ਅਰਬਾਂ-ਖਰਬਾਂ ਵਿਚ ਹੋ ਰਿਹਾ ਹੈ।

ਅਮਰੀਕਾ ਦੇ ਨਾਮੀ ਸਿਹਤ ਮੈਗਜ਼ੀਨ ਵਿਚ ਛਪੀ ਰਿਪੋਰਟ ਅਨੁਸਾਰ, ਪਿਛੜੇ ਅਤੇ ਘੱਟ ਆਮਦਨੀ ਵਾਲੇ ਮੁਲਕਾਂ ਦੀਆਂ ਅਠਾਰਾਂ ਕਰੋੜ ਔਰਤਾਂ ਕੁਪੋਸ਼ਣ ਨਾਲ ਜੂਝ ਰਹੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਗਿਣਤੀ ਭਾਰਤੀ ਔਰਤਾਂ ਦੀ ਹੈ। ਇਸ ਰਿਪੋਰਟ ਸਬੰਧੀ ਦਿਲਚਸਪ ਤੱਥ ਇਹ ਹੈ ਕਿ ਇਸ ਵਿਚ ਦੂਜੇ ਅਤੇ ਤੀਜੇ ਨੰਬਰ 'ਤੇ ਉਹ ਮੁਲਕ ਸ਼ਾਮਿਲ ਹਨ ਜਿਨ੍ਹਾਂ ਦੀ ਗਿਣਤੀ ਅਤਿ ਪਛੜਿਆਂ ਵਿਚ ਹੁੰਦੀ ਹੈ; ਜਿਵੇਂ ਮੈਡਾਗਾਸਕਰ, ਸੈਨੇਗਲ, ਤਿਮਉਰ ਲਸਤੇ, ਅਲਬਾਨੀਆ ਅਤੇ ਸਿਉਰਾ ਲਿਉਨ ਆਦਿ। ਇਸ ਦਾ ਦੂਜਾ ਅਰਥ ਇਹ ਬਣਦਾ ਹੈ ਕਿ ਭਾਰਤ ਦੀਆਂ ਔਰਤਾਂ ਵਿਚ ਕੁਪੋਸ਼ਣ ਉਨ੍ਹਾਂ ਮੁਲਕਾਂ ਦੀਆਂ ਔਰਤਾਂ ਨਾਲੋਂ ਵੀ ਵੱਡੀ ਪੱਧਰ 'ਤੇ ਹੈ ਜਿਹੜੇ ਵਿਕਾਸ-ਸੂਚਕਾਂ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿਚ ਭਾਰਤ ਤੋਂ ਬਹੁਤ ਪਿਛਾਂਹ ਹਨ।

ਔਰਤਾਂ ਵਿਚ ਕੁਪੋਸ਼ਣ ਸਬੰਧੀ ਕੁਝ ਤੱਥ ਪਹਿਲਾਂ ਹੀ ਸਥਾਪਿਤ ਹਨ। ਕੁਪੋਸ਼ਣ ਦਾ ਪੱਧਰ ਗਰੀਬ ਅਤੇ ਦਿਹਾਤੀ ਖੇਤਰਾਂ ਦੀਆਂ ਔਰਤਾਂ ਵਿਚ ਵੱਧ ਹੈ। ਇਸ ਤੋਂ ਬਿਨਾ ਸਿੱਖਿਆ ਤੋਂ ਵਾਂਝੀਆਂ ਰਹਿ ਗਈਆਂ ਔਰਤਾਂ ਵਿਚ ਵੀ ਕੁਪੋਸ਼ਣ ਜ਼ਿਆਦਾ ਹੁੰਦਾ ਹੈ। ਇਥੇ ਮਹੱਤਵਪੂਰਨ ਤੱਥ ਇਹ ਹੈ ਕਿ ਕੁਪੋਸ਼ਣ ਕੋਈ ਅਜਿਹੀ ਬਿਮਾਰੀ ਨਹੀਂ ਜਿਸ ਦਾ ਇਲਾਜ ਤਾਕਤ ਵਧਾਉਣ ਦੀਆਂ ਗੋਲੀਆਂ ਜਾਂ ਦਿਨ ਵਿਚ ਇਕ-ਅੱਧੀ ਵਧੀਆ ਖੁਰਾਕ ਦੇ ਨਾਲ ਕੀਤਾ ਜਾ ਸਕੇ। ਕੁਪੋਸ਼ਣ ਦੀਆਂ ਜੜ੍ਹਾਂ ਸਮਾਜਿਕ ਪ੍ਰਬੰਧ ਦੁਆਰਾ ਕੀਤੇ ਵਿਤਕਰੇ ਅਤੇ ਭਾਰਤੀ ਸਮਾਜ ਦੀ ਸ਼੍ਰੇਣੀ-ਵੰਡ ਨਾਲ ਜੁੜੀਆਂ ਹੋਈਆਂ ਹਨ। ਜੇ ਕੁਪੋਸ਼ਣ ਦੇ ਅੰਕੜਿਆਂ ਦੀ ਚੀਰ-ਫਾੜ ਕੀਤੀ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੁਪੋਸ਼ਣ ਦੀ ਦਰ ਉਨ੍ਹਾਂ ਵਰਗਾਂ ਵਿਚ ਜ਼ਿਆਦਾ ਹੈ ਜਿਹੜੇ ਵਰਗਾਂ ਦੀ ਨਾ ਤਾਂ ਸੱਤਾ ਦੇ ਗਲਿਆਰਿਆਂ ਵਿਚ ਕੋਈ ਆਵਾਜ਼ ਹੈ ਅਤੇ ਨਾ ਹੀ ਉਨ੍ਹਾਂ ਕੋਲ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰਾ ਕਰਨ ਲਈ ਲੋੜੀਂਦੇ ਸਾਧਨ ਹਨ।

ਆਲਮੀ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜੇਸ਼ਨ) ਨੇ ਕੁਪੋਸ਼ਣ ਦੇ ਕਾਰਕਾਂ ਨੂੰ ਸੂਚੀਬੱਧ ਕੀਤਾ ਹੋਇਆ ਹੈ। ਦਿਲਚਸਪ ਤੱਥ ਇਹ ਹੈ ਕਿ ਇਨ੍ਹਾਂ ਕਾਰਕਾਂ ਦਾ ਸਬੰਧ ਖੁਰਾਕੀ ਤੱਤਾਂ ਨਾਲ ਘੱਟ ਅਤੇ ਕਿਸੇ ਵਿਅਕਤੀ ਦੀ ਜੀਵਨ-ਪੱਧਰ ਦੀ ਦਰ ਨਾਲ ਜ਼ਿਆਦਾ ਜੁੜਦਾ ਹੈ। ਇਨ੍ਹਾਂ ਵਿਚੋਂ ਵੀ ਕੁਝ ਤਾਂ ਸਿੱਧੇ ਤੌਰ 'ਤੇ ਸਮਾਜਿਕ ਵਿਤਕਰਿਆਂ ਅਤੇ ਸਮਾਜਿਕ ਸੰਸਥਾਵਾਂ ਦੀ ਕਾਰਗੁਜ਼ਾਰੀ ਨਾਲ ਜੁੜੇ ਹੋਏ ਹਨ। ਭਾਰਤ ਵਰਗੇ ਖੇਤੀ ਪ੍ਰਧਾਨ ਮੁਲਕਾਂ ਵਿਚ ਖੇਤੀ ਖੇਤਰ ਸਬੰਧੀ ਅਪਣਾਈਆਂ ਨੀਤੀਆਂ ਕੁਪੋਸ਼ਣ ਦਾ ਮੂਲ ਕਾਰਨ ਬਣ ਕੇ ਸਾਹਮਣੇ ਆ ਰਹੀਆਂ ਹਨ। ਇਸ ਤੱਥ ਨੂੰ ਚਾਰ ਨੁਕਤਿਆਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ, 1990 ਤੋਂ ਬਾਅਦ ਅਵਾਮ ਦਾ ਜਿਹੜਾ ਤਬਕਾ ਖੇਤੀ ਖੇਤਰ ਵਿਚੋਂ ਬਾਹਰ ਧਕੇਲਿਆ ਗਿਆ ਹੈ, ਉਹੀ ਤਬਕਾ ਤਾਂ ਆਪਣੀ ਸਮਾਜਿਕ ਹਾਲਤ ਕਾਰਨ ਪਹਿਲਾਂ



ਹੀ ਗਰੀਬੀ-ਕੁਪੋਸ਼ਣ-ਬਿਮਾਰੀ ਦੇ ਚੱਕਰਵਿਊ ਵਿਚ ਫਸਿਆ ਹੋਇਆ ਹੈ। ਦੂਜਾ, ਖੇਤੀ ਦਾ ਕੰਟਰੋਲ ਬਹੁਕੌਮੀ ਕੰਪਨੀਆਂ ਦੇ ਹੱਥਾਂ ਵਿਚ ਜਾਣ ਕਾਰਨ ਮੁਨਾਫੇ ਦੀ ਲਾਲਸਾ ਵਿਚ ਮਣਾਂ-ਮੂੰਹੀ ਅਜਿਹੇ ਰਸਾਇਣਾਂ ਅਤੇ ਖਾਦਾਂ ਦੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ ਨੇ ਉਪਜ ਦੀ ਪੌਸ਼ਟਿਕਤਾ ਨੂੰ ਹੀ ਚੂਸ ਲਿਆ। ਇਸ ਦਾ ਬਹੁਕੌਮੀ ਕੰਪਨੀਆਂ ਨੂੰ ਦੋ ਤਰ੍ਹਾਂ ਨਾਲ ਫਾਇਦਾ ਹੋਇਆ ਹੈ। ਇਕ ਤਾਂ ਉਨ੍ਹਾਂ ਨੇ ਆਪਣੇ ਉਤਪਾਦਾਂ (ਖਾਦਾਂ, ਬੀਜ, ਸੰਦ ਆਦਿ) ਦੀਆਂ ਮਨਮਰਜ਼ੀ ਦੀਆਂ ਕੀਮਤਾਂ ਵਸੂਲੀਆਂ ਹਨ; ਦੂਜਾ, ਉਨ੍ਹਾਂ ਨੇ ਖੇਤੀ ਉਤਪਾਦਾਂ ਨੂੰ ਜੰਕ ਫੂਡ ਦੇ ਰੂਪਾਂ ਵਿਚ ਦੁਗਣੇ-ਤਿਗਣੇ ਭਾਅ 'ਤੇ ਵੇਚਿਆ ਹੈ। ਉਪਰੋਂ ਇਸ ਜੰਕ ਫੂਡ ਦੀ ਪੌਸ਼ਟਿਕਤਾ ਦੇ ਦਾਅਵਿਆਂ ਅਤੇ ਮਨੁੱਖੀ ਸਰੀਰਾਂ ਤੇ ਦੁਰਪ੍ਰਭਾਵਾਂ ਬਾਰੇ ਲਗਾਤਾਰ ਚਿੰਤਾਜਨਕ ਰਿਪੋਰਟਾਂ ਛਪ ਰਹੀਆਂ ਹਨ। ਜੰਕ ਫੂਡ ਦੀ ਬਹੁਕਰੋੜੀ ਇਸ਼ਤਿਹਾਰਬਾਜ਼ੀ ਨਾਲ ਪੂਰੇ ਸਮਾਜ ਦੀ ਖੁਰਾਕ ਨਾਲ ਜੁੜੀ ਹੋਈ ਸੰਵੇਦਨਾ ਅਤੇ ਸਮਝ ਖੁੰਢੀ ਹੋਈ ਹੈ। ਤੀਜਾ, ਭਾਰਤ ਵਰਗੇ ਖੇਤੀ ਪ੍ਰਧਾਨ ਮੁਲਕਾਂ ਵਿਚ ਵਿਗਿਆਨਕ ਚੇਤਨਾ ਅਤੇ ਤਕਨੀਕੀ ਗਿਆਨ ਦੀ ਵਰਤੋਂ ਸਮਾਜਿਕ ਭਲਾਈ ਦੀ ਜਗ੍ਹਾ 'ਤੇ ਪੂੰਜੀ ਅਤੇ ਮੁਨਾਫੇ ਲਈ ਕੀਤੇ ਜਾਣ ਨੇ ਇਸ ਨੂੰ ਹਾਸ਼ੀਏ ਤੋਂ ਹੇਠਲੇ ਵਰਗਾਂ ਲਈ ਗੈਰ-ਵਿਹਾਰਕ ਬਣਾ ਦਿੱਤਾ ਹੈ। ਚੌਥਾ, ਅਣਗੌਲਿਆ ਪਰ ਸੰਵੇਦਨਸ਼ੀਲ ਤੱਥ ਇਹ ਹੈ ਕਿ ਕੁਪੋਸ਼ਣ ਦਾ ਵੱਡਾ ਕਾਰਨ ਸੀਵਰੇਜ ਦਾ ਮਾੜਾ ਪ੍ਰਬੰਧ, ਪੀਣ ਲਈ/ਭੋਜਨ ਪਕਾਉਣ ਲਈ ਸਾਫ ਪਾਣੀ ਦੀ ਅਣਹੋਂਦ ਅਤੇ ਵੱਡੀ ਗਿਣਤੀ ਆਬਾਦੀ ਦਾ ਗੰਦੀਆਂ ਬਸਤੀਆਂ ਵਿਚ ਵਸੇਬਾ ਹੈ। ਇਸ ਸਬੰਧ ਵਿਚ ਹੋ ਰਹੇ ਨਵੇਂ ਅਧਿਐਨ ਦੱਸਦੇ ਹਨ ਕਿ ਗੰਦੀਆਂ ਬਸਤੀਆਂ ਵਿਚ ਕੁਪੋਸ਼ਣ, ਭੋਜਨ ਦੀ ਅਣਹੋਂਦ ਕਾਰਨ ਘੱਟ, ਪਰ ਭੋਜਨ ਨੂੰ ਸਫਾਈ ਨਾਲ ਨਾ ਬਣਾਉਣ ਕਾਰਨ ਜ਼ਿਆਦਾ ਹੁੰਦਾ ਹੈ। ਇਨ੍ਹਾਂ ਬਸਤੀਆਂ ਵਿਚ ਰਹਿੰਦੇ ਗਰੀਬ ਲੋਕ, ਖਾਸ ਕਰ ਕੇ ਬੱਚੇ ਬਚਪਨ ਤੋਂ ਹੀ ਟਾਇਲਟਾਂ ਦੀ ਅਣਹੋਂਦ ਕਾਰਨ ਲੱਖਾਂ ਤਰ੍ਹਾਂ ਦੇ ਜਰਮਾਂ ਦੀ ਲਪੇਟ ਵਿਚ ਰਹਿੰਦੇ ਹਨ। ਅੰਤੜੀਆਂ ਦੀਆਂ ਨਾਮੁਰਾਦ ਬਿਮਾਰੀਆਂ ਕਾਰਨ ਖਾਧੇ ਹੋਏ ਭੋਜਨ ਦੀ ਬਹੁਤੀ ਪੌਸ਼ਟਿਕਤਾ ਨਸ਼ਟ ਹੋ ਜਾਂਦੀ ਹੈ। ਅਧਿਐਨਾਂ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਬਸਤੀਆਂ ਵਿਚ ਮੁੱਢਲੀਆਂ ਸਹੂਲਤਾਂ ਦੀ ਅਣਹੋਂਦ ਹੀ ਇਨ੍ਹਾਂ ਨੂੰ ਬਿਮਾਰੀ-ਕਰਜ਼ਾ-ਕੁਪੋਸ਼ਣ-ਬਿਮਾਰੀ ਦੇ ਕੁਚੱਕਰ ਵਿਚ ਫਸਾਈ ਰੱਖਦੀ ਹੈ।

ਕੁਪੋਸ਼ਣ ਨਾਲ ਨਜਿੱਠਣ ਦੇ ਸਰਕਾਰੀ ਪ੍ਰਬੰਧ ਵਿਚ ਸਭ ਤੋਂ ਵੱਡੀ ਖਾਮੀ ਇਸ ਦੀਆਂ ਨੀਤੀਆਂ ਦਾ ਜਗਾੜੂ ਅਤੇ 'ਬੂਹੇ ਆਈ ਜੰਨ, ਵਿੰਨ੍ਹੋ ਕੁੜੀ ਦੇ ਕੰਨ' ਦੀ ਤਰਜ਼ ਦਾ ਹੋਣਾ ਹੈ। ਖੇਤੀ ਖੇਤਰ ਦੇ ਮੌਜੂਦਾ ਸੰਕਟ ਦਾ ਤਤਕਾਲੀ ਹੱਲ ਕੁਪੋਸ਼ਣ ਅਤੇ ਗਰੀਬੀ ਦੇ ਖਾਤਮੇ ਦੀ ਪਹਿਲੀ ਸ਼ਰਤ ਹੈ। ਅਜੇ ਤੱਕ ਮੁਲਕ ਦੀ ਬਹੁਗਿਣਤੀ ਆਬਾਦੀ ਆਪਣੀ ਗੁਜ਼ਰ-ਬਸਰ ਲਈ ਖੇਤਾਂ 'ਤੇ ਨਿਰਭਰ ਹੈ। ਖੇਤੀ ਖੇਤਰ ਦੀ ਖੜੋਤ ਨੂੰ ਪਹਿਲ ਦੇ ਆਧਾਰ 'ਤੇ ਤੋੜਨਾ ਮੁਲਕ ਨੂੰ ਕੁਪੋਸ਼ਣ, ਗਰੀਬੀ ਤੇ ਉਜਾੜਿਆਂ ਦੇ ਮੱਕੜਜਾਲ ਵਿਚੋਂ ਬਾਹਰ ਕੱਢਣਾ ਹੈ। ਇਹ ਮੰਨ ਲੈਣਾ ਸਰਕਾਰੀ ਖੁਸ਼ਫਹਿਮੀ ਤੋਂ ਵੱਧ ਕੁਝ ਨਹੀਂ ਕਿ ਮੁਲਕ ਦਾ ਵਿਕਾਸ ਰਾਕਟਾਂ, ਤੋਪਾਂ, ਫੈਕਟਰੀਆਂ ਤੇ ਵੱਡਆਕਾਰੀ ਇਮਾਰਤਾਂ ਦੀ ਉਸਾਰੀ ਕਰਨਾ ਹੈ। ਗਰੀਬੀ ਦੂਰ ਕਰਨ ਅਤੇ ਵਿਕਾਸ ਕਰਨ ਦਾ ਦੂਜਾ ਅਰਥ ਸਾਰੇ ਨਾਗਰਿਕਾਂ ਲਈ ਸਾਫ ਪਾਣੀ, ਟਾਇਲਟਾਂ ਅਤੇ ਭੋਜਨ ਪਕਾਉਣ ਲਈ ਸਾਫ-ਸੁਥਰੀ ਜਗ੍ਹਾ ਮੁਮਕਿਨ ਬਣਾਉਣਾ ਵੀ ਹੈ।

# ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਪ੍ਰੋ. ਕਿਰਪਾਲ ਸਿੰਘ ਬਡੂੰਗਰ

ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਸਰਬਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਜਾਣਾ ਬੜਾ ਅਹਿਮ ਹੈ। ਪ੍ਰੋ. ਬਡੂੰਗਰ ਉਚ ਕੋਟੀ ਦਾ ਚਿੰਤਕ ਤੇ ਵਿਦਵਾਨ ਹੀ ਨਹੀਂ ਅਪਣੇ ਸਾਥੀਆਂ ਨੂੰ ਨਾਲ ਲੈ ਕੇ ਚਲਣ ਲਈ ਵੀ ਜਾਣਿਆ ਜਾਂਦਾ ਹੈ। ਆਸ ਹੈ ਕਿ ਹੁਣ ਸ਼੍ਰੋਮਣੀ ਕਮੇਟੀ ਪਿਛਲੇ ਸਮੇਂ ਵਿਚ ਆਈਆਂ ਡੇਰਾਵਾਦ ਵਰਗੀਆਂ ਤਰੁਟੀਆਂ ਨਾਲ ਨਜਿਠਣ ਵਿਚ ਪੂਰੀ ਤਰ੍ਹਾਂ ਸਫਲ ਹੋ ਸਕੇਗੀ।



ਪ੍ਰੋ. ਕਿਰਪਾਲ ਸਿੰਘ ਬਡੂੰਗਰ

ਪ੍ਰੋ. ਬਡੂੰਗਰ ਦੇ ਜੱਦੀ ਪਿੰਡ ਬਡੂੰਗਰ ਦੀ ਪਹਿਚਾਣ ਨੂੰ ਪਟਿਆਲਾ ਸ਼ਹਿਰ ਨੇ ਅਪਣੇ ਨੇੜੇ ਪੈਂਦੇ ਅਲੀਪੁਰ ਰਾਈਆਂ, ਅਬੋਵਾਲ, ਤ੍ਰਿਪੜੀ, ਸੈਦਾ ਵਾਂਗ ਉਕਾ ਹੀ ਖਾ ਜਾਣਾ ਸੀ ਜੇ ਇਸ ਪਿੰਡ ਦਾ ਜੰਮਪਲ ਕਿਰਪਾਲ ਸਿੰਘ ਬਡੂੰਗਰ ਏਨੀਆਂ ਮੱਲਾਂ ਨਾ ਮਾਰਦਾ। ਉਨ੍ਹਾਂ ਦੇ ਨਵੇਂ ਅਹੁਦੇ ਨੇ ਇਸ ਤੱਥ ਉਤੇ ਪੱਕੀ ਮੋਹਰ ਲਾ ਦਿੱਤੀ ਹੈ। ਪੰਜਾਬੀਆਂ ਦੀ ਨਵੀਂ ਪਨੀਰੀ ਆਸ ਕਰਦੀ ਹੈ ਪ੍ਰੋ. ਬਡੂੰਗਰ ਇਸ ਪਦਵੀ ਨੂੰ ਕਟੜਪੰਥੀ ਤੇ ਰਾਜਨੀਤੀ ਵਾਲੀ ਭਾਵਨਾ ਤੋਂ ਉਪਰ ਰੱਖਣ ਵਿਚ ਪੂਰੀ ਤਰ੍ਹਾਂ ਸਫਲ ਹੋਣਗੇ। ਅਜੋਕੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਅਸੀਂ ਪ੍ਰੋ ਕਿਰਪਾਲ ਸਿੰਘ ਬਡੂੰਗਰ ਨੂੰ ਹਰ ਮੈਦਾਨ ਫਤਿਹ ਪਾਉਂਦਿਆਂ ਵੇਖਣ ਦੇ ਚਾਹਵਾਨ ਹਾਂ।


**ਪੁਰਾਣੇ ਨੋਟ ਤੇ ਨਵੇਂ ਨੋਟ:** ਮੋਦੀ ਸਰਕਾਰ ਵਲੋਂ 500 ਤੇ 1000 ਰੁਪਏ ਦੇ ਪੁਰਾਣੇ ਨੋਟ ਬੰਦ ਕਰਨ ਦੇ ਫੈਸਲੇ ਨੇ ਗੋਰੀ ਸਰਕਾਰ ਦਾ 1946 ਦਾ ਫੈਸਲਾ ਚੇਤੇ ਕਰਵਾ ਦਿੱਤਾ ਹੈ ਜਦ ਉਨ੍ਹਾਂ ਨੇ ਅਪਣਾ 1938 ਵਾਲਾ ਫੈਸਲਾ ਪੱਕੇ ਤੌਰ ਤੇ ਰੱਦ ਕਰ ਦਿੱਤਾ ਸੀ ਜਿਸਦੇ ਅਧੀਨ 1938 ਤੋਂ 1946 ਤੱਕ ਚਲਦੇ ਆ ਰਹੇ 1000 ਰੁਪਏ ਤੇ 10,000 ਰੁਪਏ ਦੇ ਨੋਟ ਬੰਦ ਕਰਵਾ ਦਿੱਤੇ ਸਨ। ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਭਾਰਤ ਸਰਕਾਰ ਨੇ ਵੀ 1,000 ਰੁਪਏ, 5,000 ਰੁਪਏ ਤੇ 10,000 ਰੁਪਏ ਦੇ ਨੋਟ 1954 ਵਿਚ ਦੁਬਾਰਾ ਮਾਰਕਿਟ ਵਿਚ ਲਿਆਂਦੇ ਤੇ 1978 ਵਿਚ ਰੱਦ ਕੀਤੇ। ਮੋਦੀ ਸਰਕਾਰ ਵੱਲੋਂ ਰੱਦ ਕੀਤੇ 500 ਦੇ ਨੋਟ 1987 ਵਿਚ ਚਾਲੂ ਹੋਏ ਸਨ ਤੇ 1,000 ਰੁਪਏ ਵਾਲੇ ਸੰਨ 2000 ਵਿਚ।




ਹਾਂ, ਸਰਕਾਰ ਵੱਲੋਂ 2,000 ਰੁਪਏ ਦੇ ਨੋਟ ਮਾਰਕਿਟ ਵਿਚ ਲਿਆਉਣਾ ਨਵੀਂ ਗੱਲ ਹੈ ਤੇ ਇਹ ਵੀ ਕਿ ਇਸ ਦੇ ਪਿਛਲੇ ਪਾਸੇ ਮੰਗਲਾਇਨ ਦੀ ਤਸਵੀਰ ਛਾਪੀ ਗਈ ਹੈ, ਜਿਸ ਰਾਹੀਂ ਵੇਖਣ ਵਾਲਿਆਂ ਨੂੰ ਭਾਰਤ ਦੀ ਪੁਲਾੜ ਵਿਚ ਕੀਤੀ ਪਹਿਲਕਦਮੀ ਦਾ ਚੇਤਾ ਆਵੇ। ਇਸ ਫੈਸਲੇ ਨੇ ਮੈਨੂੰ ਅਪਣੀ ਮੁਢਲੀ ਵਿਦਿਆ ਦੇ ਦਿਨ ਚੇਤੇ ਕਰਵਾ ਦਿੱਤੇ ਹਨ ਜਦੋਂ ਸਰਕਾਰ ਨੇ ਇੱਕ ਰੁਪਏ ਦਾ ਨੋਟ ਵਡੀ ਗਿਣਤੀ ਵਿਚ ਮਾਰਕਿਟ ਵਿਚ ਲਿਆਂਦਾ ਸੀ। ਮੇਰੇ ਨਾਲ ਪੜ੍ਹਦਾ ਇੱਕ ਮੁੰਡਾ ਉਹ ਨੋਟ ਪਾਰਦਰਸ਼ੀ ਕਪੜੇ ਵਾਲੀ ਕਮੀਜ਼ ਦੀ ਅਗਲੀ ਜੇਬ ਵਿਚ ਪਾ ਕੇ ਲੋਕਾਂ ਨੂੰ ਦਿਖਾਉਂਦਾ ਫਿਰਦਾ ਸੀ। ਮੈਨੂੰ ਇਹ ਵੀ ਚੇਤੇ ਹੈ, ਇਸ ਨੋਟ ਦੇ ਪਿਛੇ ਕਣਕ ਦੀ ਬੱਲੀ ਦਾ ਚਿੱਤਰ ਹੁੰਦਾ ਸੀ। ਉਸ ਅਨਾਜ ਦੇ ਚਿੰਨ੍ਹ ਵੱਜੋਂ ਜਿਹੜਾ ਲੋਕਾਈ ਦਾ ਢਿੱਡ ਭਰਦਾ ਸੀ। ਨਵੀਂ ਸਰਕਾਰ ਦਾ ਨਵਾਂ ਪੈਂਤੜਾ ਲੋਕਾਂ ਨੂੰ ਕੀ ਦੇਵੇਗਾ? ਸਮੇਂ ਨੇ ਦੱਸਣਾ ਹੈ।

**ਡਾ. ਐਸ ਐਸ ਛੀਨਾ ਦਾ ਪਾਕਿਸਤਾਨ:** ਜਦੋਂ ਕਦੀ ਵੀ ਭਾਰਤ-ਪਾਕਿਸਤਾਨ ਸਬੰਧਾਂ ਵਿਚ ਤਣਾਅ ਆਉਂਦਾ ਹੈ, ਮੈਨੂੰ 1998 ਵਿਚ ਕੀਤੀ ਆਪਣੀ ਪਾਕਿਸਤਾਨ ਯਾਤਰਾ ਚੇਤੇ ਆ ਜਾਂਦੀ ਹੈ। ਇਧਰੋਂ ਉਜੜ ਕੇ ਉਧਰ ਵੱਸੇ ਪਾਕਿਸਤਾਨੀ ਅੱਜ ਵੀ ਇਧਰੋਂ ਵਾਲੀ ਧਰਤੀ ਨੂੰ ਅਪਣਾ ਦੇਸ਼ ਕਹਿ ਕੇ ਚੇਤੇ ਕਰਦੇ ਹਨ ਤੇ ਇਧਰੋਂ ਗਏ ਮਹਿਮਾਨਾਂ ਤੇ ਮੁਲਾਕਾਤੀਆਂ ਨੂੰ ਹੱਥੀਂ ਛਾਂਵਾਂ ਕਰਦੇ ਹਨ। ਇਹੀਓ ਵਰਤ-ਵਰਤਾਰਾ ਮੈਂ ਕਿਸੇ ਸਮੇਂ ਬਲਰਾਜ ਸਾਹਨੀ ਦੇ ਪਾਕਿਸਤਾਨ ਸਫਰਨਾਮੇ ਵਿਚ ਪੜ੍ਹਿਆ ਸੀ ਤੇ ਹੁਣ ਡਾ. ਸਰਬਜੀਤ ਸਿੰਘ ਛੀਨਾ ਦੇ ਉਸ ਸਫਰਨਾਮੇ ਵਿਚ ਜਿਹੜਾ ਉਸ ਨੇ ਇੱਕ ਦਹਾਕਾ ਪਹਿਲਾਂ ਇੱਕ ਵੱਡੇ ਡੈਲੀਗੇਸ਼ਨ ਦੇ ਮੈਂਬਰ ਵੱਜੋਂ ਕੀਤਾ ਸੀ।

ਇਹ ਸਫਰਨਾਮਾ ਮੇਰੇ ਕੋਲ ਕਈ ਸਾਲਾਂ ਤੋਂ ਪਿਆ ਹੈ ਪਰ ਮੈਂ ਇਸ ਦੇ ਵਰਕੇ ਭਾਰਤ-ਪਾਕਿ ਤਣਾ-ਤਣੀ ਦਾ ਚੰਗੇਰਾ ਬਦਲ ਲਭਣ ਲਈ ਹੁਣੇ ਹੁਣੇ ਫਰੋਲੇ ਹਨ। ਖਾਸ ਕਰਕੇ ਡਾ. ਛੀਨਾ ਵਲੋਂ ਕੀਤੀ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਪਿੰਡ ਗਾਹ ਤੇ ਛੀਨਾ ਦੇ ਅਪਣੇ ਪਿੰਡ 96 ਚੱਕ ਦੀ ਫੇਰੀ ਨਾਲ ਸਬੰਧਤ ਛੀਨਾ ਦੇ ਜੱਦੀ ਪਿੰਡ ਨੂੰ ਚਰਨਾਲੀ ਸਟੇਸ਼ਨ ਲਗਦਾ ਸੀ ਤੇ ਛੀਨਾ ਦੇ ਮਾਪਿਆਂ ਨੇ ਇਹ ਵੀ ਦੱਸਿਆ ਸੀ ਕਿ ਉਨ੍ਹਾਂ ਦਾ ਜੱਦੀ ਘਰ ਬਹੁਤ ਵੱਡਾ ਤੇ ਖੁਲ੍ਹਾ ਸੀ। ਉਨ੍ਹਾਂ ਦੇ ਚੁਬਾਰੇ ਦੀ ਛੱਤ ਤੋਂ ਪਿੰਡ ਦੇ ਖੇਤਾਂ ਤੇ ਫਸਲਾਂ ਦਾ ਨਜ਼ਾਰਾ ਵੇਖਣ ਵਾਲਾ ਸੀ। ਉਥੇ ਜਦੋਂ ਉਸ ਪਿੰਡ ਵਿਚ ਛੀਨਾ ਨੂੰ ਇੱਕ ਵੀ ਚੁਬਾਰਾ ਨਜ਼ਰ ਨਾ ਆਇਆ ਤਾਂ ਉਸ ਦੇ ਮਨ ਨੂੰ ਧੱਕਾ ਜਿਹਾ ਲੱਗਾ। ਫੇਰ ਪਤਾ ਲੱਗਾ ਕਿ ਉਹ ਚੁਬਾਰਾ ਤਾਂ ਦੇਸ਼ ਵੰਡ ਤੋਂ ਥੋੜ੍ਹਾ ਪਿੱਛੋਂ ਹੀ ਢਹਿ ਗਿਆ ਸੀ ਤੇ ਉਂਜ ਵੀ ਉਸ ਘਰ ਵਿਚ 4-5 ਪਰਿਵਾਰ ਵਸ ਚੁੱਕੇ ਸਨ। ਡਾ. ਛੀਨਾ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਉਹ ਸਾਰੇ ਦੇ ਸਾਰੇ ਪਰਿਵਾਰ ਮੈਂਬਰ ਇੰਜ ਅਹੁਲ ਕੇ ਉਸ ਨੂੰ ਮਿਲੇ ਜਿਵੇਂ ਉਹਦੇ ਮੁੱਦਤਾਂ ਦੇ ਜਾਣੂ ਹੋਣ। ਉਨ੍ਹਾਂ ਵਲੋਂ ਮਿਲੀ ਮੁਹੱਬਤ ਨੇ ਛੀਨਾ ਨੂੰ ਇਹ ਪ੍ਰਭਾਵ ਦਿੱਤਾ, ਜਿਵੇਂ ਛੀਨਾ ਹਾਲੀ ਵੀ ਉਨ੍ਹਾਂ ਘਰਾਂ ਦਾ ਮਾਲਕ ਹੋਵੇ ਤੇ ਉਹ ਲੋਕ ਉਥੇ ਪ੍ਰਾਹੁਣਿਆਂ ਵਾਂਗ ਰਹਿ ਰਹੇ ਹੋਣ। ਇਸ ਮੋਹ ਮੁਹੱਬਤ ਨੇ ਡਾ. ਛੀਨਾ ਨੂੰ ਪੈਰਾਂ ਤੋਂ ਚੁੱਕ ਕੇ ਆਕਾਸ਼ ਵਿਚ ਉਡਣ ਲਾ ਦਿੱਤਾ। ਇਹ ਦੇਖ ਕੇ ਛੀਨਾ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੋਇਆ ਕਿ ਉਹ ਲੋਕ ਪਿੱਛੇ ਰਹਿ ਗਏ ਭਾਰਤ ਨੂੰ ਹਾਲੀ ਵੀ ਅਪਣਾ ਦੇਸ਼ ਕਿਉਂ ਕਹਿ ਰਹੇ ਸਨ।




ਸਰਬਜੀਤ ਛੀਨਾ ਨੂੰ ਉਹ ਬੰਦੇ ਵੀ ਮਿਲੇ ਜਿਹੜੇ ਉਸ ਦੇ ਮਾਪਿਆਂ ਨਾਲ ਵਿਚਰਦੇ ਰਹੇ ਸਨ ਤੇ ਉਹ ਵੀ ਜਿਹੜੇ ਉਤਸਕ ਹੋ ਕੇ ਪਿਛੇ ਛੱਡੇ ਆਪਣੇ ਪਿੰਡਾਂ ਬਾਰੇ ਵਧੇਰੇ ਸੁਣਨਾ ਚਾਹੁੰਦੇ ਸਨ। ਡਾ. ਛੀਨਾ ਦੇ ਸਫਰਨਾਮੇ ਵਿਚਲੇ ਭਾਵੁਕ ਤੇ ਮਨਮੋਹਣੇ ਪਲਾਂ ਨੂੰ ਸ਼ਬਦਾਂ ਵਿਚ ਕੈਦ ਕਰਨਾ ਸੌਖਾ ਨਹੀਂ। ਉਧਰਲੀ ਵਸੋਂ ਦੀ ਸਾਡੀ ਵਸੋਂ ਨਾਲ ਡੂੰਘੀ ਸਾਂਝ ਦੀ ਥਾਹ ਪਾਉਣੀ ਹੋਵੇ ਤਾਂ ਪੂਰਾ ਸਫਰਨਾਮਾ ਪੜ੍ਹਨਾ ਚਾਹੀਦਾ ਹੈ। ਇਹ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਦਾ ਉਹ ਕਾਂਡ ਵੀ ਪੜ੍ਹਨ ਵਾਲਾ ਹੈ ਜਿਸ ਵਿਚ ਉਸ ਨੇ ਇਕ ਈਦੀ ਨਾਂ ਦੇ ਸਮਾਜ ਸੇਵਕ ਦੀ ਸਮਾਜ ਸੇਵਾ ਬਾਰੇ ਵਿਸਥਾਰ ਨਾਲ ਲਿਖਿਆ ਹੈ। ਈਦੀ ਫਾਊਂਡੇਸ਼ਨ ਇਹ ਮੰਨ ਕੇ ਚਲਦੀ ਹੈ ਕਿ ਇਨਸਾਨੀਅਤ ਤੋਂ ਬਿਨਾਂ ਧਰਮ ਦਾ ਕੋਈ ਆਧਾਰ ਨਹੀਂ ਤੇ ਲੋਕ ਕਲਿਆਣ ਤੋਂ ਬਿਨਾਂ ਰਾਜਨੀਤੀ ਉਕਾ ਹੀ ਖੋਖਲੀ ਹੈ। ਜੇ ਭਾਰਤੀ ਤੇ ਪਾਕਿਸਤਾਨੀ ਇਹ ਨੀਤੀ ਅਪਨਾ ਲੈਣ ਤਾਂ ਦੋਵੇਂ ਪਾਸੇ ਭਾਈਚਾਰਕ, ਸਮਾਜਕ ਤੇ ਰਾਜਨੀਤਕ ਸਾਂਝ ਏਨੀ ਵਧ ਸਕਦੀ ਹੈ ਕਿ ਦੁਨੀਆਂ ਰਸ਼ਕ ਕਰੇਗੀ।

**ਅੰਤਿਕਾ:** ਮੀਰ ਤਕੀ ਮੀਰ

ਸ਼ਾਮ ਹੀ ਸੇ ਬੁਝਾ ਸਾ ਰਹਿਤਾ ਹੈ,
ਦਿਲ ਹੈ ਗੋਯਾ ਚਿਰਾਗ਼ ਮੁਫ਼ਲਸ ਕਾ।

---

ਦਿਲ ਵੁਹ ਨਗਰ ਨਹੀਂ
ਕਿ ਫਿਰ ਆਬਾਦ ਹੋ ਸਕੇ,
ਪਛਤਾਓਗੇ, ਯਿਹ ਬਸਤੀ ਉਜਾੜ ਕੇ।

---

# ਘਰ, ਫੁੱਲ, ਕਿਤਾਬਾਂ ਤੇ ਬੱਚੇ

## ਜੀਵਨ ਰਿਸ਼ਮਾਂ

ਘਰ ਮਨੁੱਖ ਦੀ ਪਹਿਲੀ ਰੀਝ। ਘਰ ਉਮੰਗਾਂ ਸਧਰਾਂ ਦੀ ਪੂਰਤੀ। ਘਰ ਮਨੁੱਖ ਦੀ ਮੰਜ਼ਿਲ ਦਾ ਪਹਿਲਾ ਕਦਮ। ਘਰ ਬੰਦੇ ਦੀ ਪੂੰਜੀ ਦਾ ਬਾਹਰੀ ਖਜ਼ਾਨਾ। ਘਰ ਮਾਣ-ਸਨਮਾਨ ਦਾ ਪ੍ਰਤੀਕ। ਘਰ ਸਿਰ ਢੱਕਣ ਦੀ ਬੇਫਿਕਰੀ। ਘਰ ਪਰਿਵਾਰ ਦਾ ਆਗਾਜ਼। ਘਰ ਮਨੁੱਖੀ ਮਿਹਨਤ ਦੀ ਸੁੱਚੀ ਬਰਕਤ। ਘਰ ਬੰਦੇ ਦੀ ਪਹਿਚਾਣ ਦਾ ਸਿਰਨਾਵਾਂ।

ਮਨੁੱਖ ਦੀ ਵਿਆਹ ਪਿਛੋਂ ਪ੍ਰਬਲ ਖਾਹਿਸ਼ ਹੁੰਦੀ ਹੈ ਕਿ ਉਸ ਦਾ ਆਪਣਾ ਘਰ ਹੋਵੇ। ਵਿਆਹ ਦੀ ਖੁਸ਼ੀ ਥੋੜੀ ਜਿਹੀ ਠੰਡੀ ਪੈਣ ਤੋਂ ਮਗਰੋਂ ਜਦੋਂ ਸਾਂਝੇ ਘਰਾਂ ਵਿਚ ਇਹ ਘਰ ਦੀ ਸੋਚ ਪ੍ਰਬਲ ਹੁੰਦੀ ਹੈ, ਉਦੋਂ ਇੱਕ ਘਰ ਵਿਚੋਂ ਇੱਕ ਹੋਰ ਘਰ ਜਨਮ ਲੈਂਦਾ ਹੈ। ਮੇਰੇ ਨਾਲ ਵੀ ਇਹੋ ਵਰਤਾਰਾ ਘਰ ਬਣਾਉਣ ਲਈ ਜਾਗ ਬਣਿਆ।



ਸੰਤੋਖ ਮਿਨਹਾਸ
ਫੋਨ: 559-283-6376

ਸਰਦਾ ਪੁਰਦਾ ਘਰ ਸੀ ਪਰ ਲਾਣਾ ਵੱਡਾ ਸੀ। ਵੱਡੇ ਭਰਾ ਨੇ ਆਪਣਾ ਘਰ ਬਣਾ ਲਿਆ ਸੀ। ਹਰ ਜੋੜੇ ਵਾਂਗ ਅਸੀਂ ਵੀ ਆਪਣਾ ਘਰ ਬਣਾਉਣ ਦੀ ਵਿਉਂਤ ਲਈ ਘੁਸਰ-ਮੁਸਰ ਸ਼ੁਰੂ ਕਰ ਦਿੱਤੀ। ਆਖਰ ਇਹ ਪ੍ਰਵਾਨ ਚੜ੍ਹੀ। ਅਸੀਂ ਦੋਵੇਂ ਜੀਅ ਚੰਗੀਆਂ ਸਰਕਾਰੀ ਨੌਕਰੀਆਂ 'ਤੇ ਸਾਂ। ਘਰ ਵਲੋਂ ਵੀ ਮਦਦ ਸੀ। ਅਸੀਂ ਹੌਲੀ ਹੌਲੀ ਘਰ ਬਣਾਉਣਾ ਸ਼ੁਰੂ ਕੀਤਾ। ਜਿਵੇਂ ਮੱਧ ਸ਼੍ਰੈਣੀ ਦੇ ਆਮ ਲੋਕ ਜੁਗਾੜ ਫਿੱਟ ਕਰਦੇ ਹਨ, ਅਸੀਂ ਵੀ ਔਖੇ-ਸੌਖੇ ਕੰਧਾਂ ਖੜ੍ਹੀਆਂ ਕਰ ਲੈਂਟਰ ਪਾ ਲਿਆ। ਹੁਣ ਤਾਂ ਘਰਾਂ ਲਈ ਬੈਂਕਾਂ ਤੋਂ ਝੱਟ ਕਰਜ਼ਾ ਮਿਲ ਜਾਂਦੇ, ਪਰ ਉਦੋਂ ਇਹ ਨਹੀਂ ਸੀ ਮਿਲਦਾ। ਫੇਰ ਛੇ ਕੁ ਮਹੀਨਿਆਂ ਬਾਅਦ ਪਲੱਸਤਰ ਕਰਾ ਲਿਆ। ਧੀਮੀ ਗਤੀ ਦੇ ਸਮਾਚਾਰ ਵਾਂਗ ਛੇ ਕੁ ਮਹੀਨੇ ਹੋਰ ਠਹਿਰ ਕੇ ਫਰਸ਼ ਪੁਆ ਲਏ। ਇਸ ਤਰ੍ਹਾਂ ਦੋ ਕੁ ਸਾਲਾਂ ਵਿਚ ਅਸੀਂ ਘਰ ਨੂੰ ਲੱਕੜ ਦੇ ਕੰਮ 'ਤੇ ਲੈ ਆਏ। ਜਿਵੇਂ ਇਹ ਆਮ ਹੀ ਹੈ, ਔਰਤਾਂ ਨੂੰ ਘਰ ਵਿਚ ਸਭ ਤੋਂ ਜਿਆਦਾ ਰਸੋਈ ਪਿਆਰੀ ਹੁੰਦੀ ਹੈ। ਮੇਰੀ ਘਰਵਾਲੀ ਦੀ ਵੀ ਰੀਝ ਸੀ ਕਿ ਉਸ ਦੀ ਰਸੋਈ ਕਿਸੇ ਨਾਲੋਂ ਘੱਟ ਨਾ ਹੋਵੇ। ਮੇਰੇ ਬਹੁਤੇ ਦੋਸਤ ਪੜ੍ਹਨ-ਲਿਖਣ ਵਾਲੇ ਸਨ, ਜਿਨ੍ਹਾਂ ਵਿਚ ਸਕੂਲ ਟੀਚਰ, ਪ੍ਰੋਫੈਸਰ, ਵਕੀਲ ਤੇ ਲੇਖਕ ਸ਼ਾਮਲ ਸਨ। ਮੈਂ ਡਰਾਇੰਗ ਰੂਮ ਵਿਚ ਕਿਤਾਬਾਂ ਲਈ ਇੱਕ ਵੱਖਰੀ ਸ਼ੈਲਫ ਬਣਾਉਣੀ ਚਾਹੁੰਦਾ ਸਾਂ ਤਾਂ ਕਿ ਮੇਰੀਆਂ ਸਾਲਾਂ ਬੱਧੀ ਖਰੀਦੀਆਂ ਕਿਤਾਬਾਂ ਸਾਂਭੀਆਂ ਜਾ ਸਕਣ ਅਤੇ ਮਹਿਮਾਨਾਂ 'ਤੇ ਵੀ ਚੰਗਾ ਪ੍ਰਭਾਵ ਪਵੇ। ਇਸ ਲਈ ਮੈਂ ਉਚੇਚ ਕਰਕੇ ਮਹਿਮਾਨ ਕਮਰੇ ਵਿਚ ਕਿਤਾਬਾਂ ਲਈ ਪਹਿਲੀ ਨਜ਼ਰੇ ਚੰਗੇ ਲੱਗਣ ਵਾਲੇ ਸ਼ੈਲਫ ਬਣਵਾਏ। ਕਿਤਾਬਾਂ ਮੇਰੀਆਂ ਦੋਸਤ ਹਨ, ਮੇਰੇ ਲਈ ਰਾਹ-ਦਸੇਰਾ ਹਨ, ਮੇਰੀ ਪਛਾਣ ਹਨ। ਮੈਂ ਅੱਜ ਜੋ ਵੀ ਹਾਂ ਕਿਤਾਬਾਂ ਕਰਕੇ ਹਾਂ। ਜਿਸ ਬੰਦੇ ਦਾ ਜਿਉਣ ਕਿਤਾਬਾਂ ਹੋਣ ਉਨ੍ਹਾਂ ਦੀ ਸਾਂਭ-ਸੰਭਾਲ ਲਈ ਉਚੇਚ ਜ਼ਰੂਰੀ ਹੋ ਜਾਂਦਾ ਹੈ। ਕਿਤਾਬਾਂ ਮੇਰਾ ਰੁਜ਼ਗਾਰ ਵੀ ਬਣੀਆਂ ਤੇ ਘਰ ਦਾ ਸ਼ਿੰਗਾਰ ਵੀ।

ਇਸ ਨਵੇਂ ਘਰ ਦੇ ਮੂਹਰੇ ਸਾਡੇ ਜੱਦੀ ਘਰ ਦੀ ਨਿੰਮ ਹੈ ਜੋ ਘਰ ਦੀ ਪਛਾਣ ਬਣੀ ਹੋਈ ਹੈ। ਆਂਢ-ਗਵਾਂਢ ਵਿਚ ਇਸ ਨਿੰਮ ਦਾ ਆਪਣਾ ਹੀ ਮਾਣ-ਸਨਮਾਨ ਹੈ, ਫਿਰ ਵੀ ਆਪਣੇ ਘਰ ਨੂੰ ਨਵੀਂ ਦਿੱਖ ਦੇਣ ਲਈ ਫੁੱਲ, ਬੂਟੇ, ਵੇਲਾਂ ਲਾਉਣ ਦੇ ਆਹਰ ਵਿਚ ਮੈਂ ਜੁਟ ਗਿਆ। ਜਿਵੇਂ ਕਿਤਾਬਾਂ ਪ੍ਰਤੀ ਮੋਹ ਹੈ, ਉਸੇ ਤਰ੍ਹਾਂ ਫੁੱਲ-ਬੂਟਿਆਂ ਨਾਲ ਵੀ ਮੇਰਾ ਤੇਹ ਹੈ। ਫੁੱਲਾਂ ਨਾਲ ਗੱਲਾਂ ਕਰਨਾ ਮੈਨੂੰ ਚੰਗਾ ਲੱਗਦਾ ਹੈ। ਫੁੱਲ ਹੁੰਗਾਰਾ ਭਰਦੇ ਹਨ। ਮਨ ਦਾ ਸਕੂਨ ਬਣਦੇ ਹਨ। ਜ਼ਿੰਦਗੀ ਦੀ ਵਿਚਿੱਤਰਤਾ ਰੰਗਾਂ ਦੀ ਬਦੌਲਤ ਹੈ। ਫੁੱਲ ਜ਼ਿੰਦਗੀ ਵਿਚ ਰੰਗ ਭਰਦੇ ਹਨ। ਜ਼ਿੰਦਗੀ ਦੀ ਖੂਬਸੂਰਤੀ ਰੰਗਾਂ ਦੀ ਲੀਲਾ ਹੈ। ਰੰਗਾਂ ਵਿਚ ਵਸਣਾ ਫੁੱਲਾਂ ਦੇ ਜਲੌਅ ਦੀ ਆਰਤੀ ਹੈ। ਰੰਗਹੀਣ ਬੰਦਾ ਕਾਲਖ ਦੀ ਨਿਆਈਂ ਹੈ। ਕਾਇਨਾਤ ਦੀ ਮਹਿਮਾ ਫੁੱਲਾਂ ਦੀ ਬਖਸ਼ਿਸ਼ ਦਾ ਸਰਮਾਇਆ ਹੈ। ਚਾਨਣ ਰੰਗਾਂ ਦਾ ਪਰਾਗਾ। ਮਨੁੱਖ ਦੇ ਆਸੇ-ਪਾਸੇ ਖਿੰਡਿਆ ਰੰਗਾਂ ਦਾ ਕ੍ਰਿਸ਼ਮਾ ਕੁਦਰਤ ਦੀ ਸਵੱਲੀ ਨਜ਼ਰ ਹੈ। ਸੂਰਜ ਦੀਆਂ ਕਿਰਨਾਂ ਦੇ ਲਟਬੌਰੇ ਰੰਗ ਮਨੁੱਖੀ ਰੂਹ ਦਾ ਖੇੜਾ। ਸਮੁੱਚਾ ਜੀਵਨ ਹੀ ਰੰਗਾਂ ਦੀ ਖੇਡ ਹੈ। ਇਹ ਰੰਗ ਮੇਰੇ ਅੰਦਰ ਵੀ ਕਿਤੇ ਵੱਸੇ ਹੋਏ ਹਨ। ਫੁੱਲਾਂ ਤੋਂ ਬਗੈਰ ਘਰ ਮੈਨੂੰ ਪੱਥਰਾਂ ਦਾ ਤਾਬੂਤ ਲੱਗਦਾ ਹੈ। ਮੈਂ ਘਰ ਨੂੰ ਸਜਾਉਣ ਲਈ ਪਹਿਲਾਂ ਗਮਲੇ ਖਰੀਦੇ। ਫਿਰ ਨਰਸਰੀਆਂ ਤੋਂ ਭਾਲ ਕੇ ਤੇ ਕੁਝ ਦੋਸਤਾਂ ਦੇ ਘਰਾਂ ਵਿਚੋਂ ਕਲਮਾਂ ਲਿਆ ਕੇ ਗਮਲਿਆਂ ਵਿਚ ਲਾਈਆਂ। ਮੌਸਮੀ ਫੁੱਲਾਂ ਲਈ ਵੱਖਰੀਆਂ ਕਿਆਰੀਆਂ ਤਿਆਰ ਕੀਤੀਆਂ। ਵਿਹੜੇ ਦੀ ਖੂਬਸੂਰਤੀ ਲਈ ਰੰਗ-ਬਰੰਗੀਆਂ ਬੁਗਨਵੇਲੀਆ ਕੰਧਾਂ 'ਤੇ ਚੜ੍ਹਾਈਆਂ। ਕਮਰਿਆਂ ਦੀ ਦਿੱਖ ਨੂੰ ਹਰਾ-ਭਰਾ ਬਣਾਉਣ ਲਈ ਕਰਟਨ-ਵੇਲ ਤੋਂ ਕੰਮ ਲਿਆ। ਮੇਰੇ ਇੱਕ ਲੇਖਕ ਮਿੱਤਰ ਨੇ ਕਈ ਬੂਟਿਆਂ ਤੇ ਵੇਲਾਂ ਦੇ ਨਾਂ ਉਨ੍ਹਾਂ ਲੇਖਕਾਂ ਦੇ ਨਾਂ 'ਤੇ ਰੱਖੇ ਜਿਨ੍ਹਾਂ ਦਾ ਮੇਰੇ 'ਤੇ ਜਿਆਦਾ ਪ੍ਰਭਾਵ ਸੀ। ਘਰ 'ਤੇ ਭਾਵੇਂ ਮੈਂ ਬਹੁਤੇ ਪੈਸੇ ਨਹੀਂ ਸਨ ਖਰਚੇ ਤੇ ਨਾ ਹੀ ਮੇਰੇ ਹਿੱਸੇ ਵਾਲਾ ਘਰ ਬਹੁਤਾ ਵੱਡਾ ਸੀ ਪਰ ਹੋਰ ਘਰਾਂ ਨਾਲੋਂ ਵਿਲੱਖਣ ਜ਼ਰੂਰ ਸੀ। ਦੋਸਤ-ਮਿੱਤਰ ਆਉਂਦੇ, ਠਹਿਰਦੇ ਸੌਖ ਮਹਿਸੂਸ ਕਰਦੇ। ਬਹੁਤੀ ਵਾਰੀ ਸਾਹਿਤ ਸਭਾ ਦੀ ਮੀਟਿੰਗ ਦਾ ਗੁਣਾ ਵੀ ਮੇਰੇ ਘਰ 'ਤੇ ਪੈਂਦਾ। ਮੈਨੂੰ ਖੁਸ਼ੀ ਹੈ ਕਿ ਜਿਨ੍ਹਾਂ ਲੇਖਕਾਂ ਦੇ ਨਾਂ 'ਤੇ ਵੇਲ-ਬੂਟਿਆਂ ਦੇ ਨਾਂ ਸਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਇਸ ਘਰ ਫੇਰੀ ਪਾਈ। ਦਿਲਚਸਪ ਗੱਲ ਹੈ, ਇੱਕ ਵਾਰੀ ਗੁਰਸ਼ਰਨ ਭਾਜੀ ਰਾਤ ਨੂੰ ਨਾਟਕ ਖੇਡ ਕੇ ਮੇਰੇ ਘਰ ਠਹਿਰੇ। ਮੈਂ ਉਨ੍ਹਾਂ ਨੂੰ ਉਹ ਬੂਟਾ ਵਿਖਾਇਆ ਜਿਹੜਾ ਉਨ੍ਹਾਂ ਦੇ ਨਾਂ 'ਤੇ ਸੀ। ਬੜਾ ਹੱਸੇ! ਇਹ ਕੈਕਟਸ ਦਾ ਬੂਟਾ ਸੀ ਜਿਸ ਨੂੰ ਸੂਰਜ ਛਿਪਣ ਤੋਂ ਬਾਅਦ ਚਿੱਟੇ ਫੁੱਲ ਖਿੜਦੇ ਹਨ। ਕੈਕਟਸ ਚਿੱਟੇ ਫੁੱਲਾਂ ਨਾਲ ਰਾਤ ਨੂੰ ਖਿੜ ਕੇ ਆਪਣੀ ਆਭਾ ਦੇ ਪੂਰੇ ਜੋਬਨ 'ਤੇ ਸੀ। ਹਨੇਰੇ ਵਿਚ ਚਾਨਣ ਵੰਡਣ ਵਾਲਾ ਵਣਜਾਰਾ ਕੋਲ ਖੜਾ ਸੀ। ਇਹ ਫੁੱਲਾਂ ਦੇ ਨਾਂਵਾਂ ਦੀ ਸਵੀਕ੍ਰਿਤੀ ਮੇਰਾ ਵੱਡਾ ਹਾਸਲ ਸੀ।




ਇਹ ਕਿਤਾਬਾਂ, ਫੁੱਲਾਂ, ਦੋਸਤ-ਮਿੱਤਰਾਂ ਨਾਲ ਭਰਿਆ ਘਰ ਕਦੇ ਕਦੇ ਐਂ ਲੱਗਦਾ ਅਜੇ ਊਣਾ ਹੈ; ਜਿਵੇਂ ਅਜੇ ਵੀ ਮੇਰੇ ਹਾਣ ਦਾ ਨਹੀਂ ਬਣਿਆ। ਸਮਾਂ ਪੈਣ 'ਤੇ ਮੈਨੂੰ ਇਹ ਸਭ ਦਾ ਸਭ ਫਿੱਕਾ ਫਿੱਕਾ ਲੱਗਣ ਲੱਗਾ। ਫੁੱਲ, ਕਿਤਾਬਾਂ, ਦੋਸਤ-ਭਾਵੇਂ ਇਹ ਸਾਰੀਆਂ ਚੀਜ਼ਾਂ ਮੇਰੀ ਹੋਂਦ ਨਾਲ ਜੁੜੀਆਂ ਹੋਈਆਂ ਹਨ। ਪਰ ਹੁਣ ਇਨ੍ਹਾਂ ਨਾਲ ਉਹ ਮੋਹ ਨਹੀਂ ਸੀ ਰਿਹਾ ਜੋ ਹੋਣਾ ਚਾਹੀਦਾ ਸੀ। ਇਹ ਸਭ ਵਸਤਾਂ ਘਰ ਲਈ ਇੱਕ ਰਸਮੀ ਵਰਤਾਰਾ ਬਣ ਕੇ ਰਹਿ ਗਈਆਂ ਲੱਗਦੀਆਂ। ਫੁੱਲ-ਕਿਤਾਬਾਂ ਘਰ ਦੇ ਖਲਾਅ ਨੂੰ ਤਾਂ ਭਰਦੇ ਪਰ ਘਰ ਪੂਰਤੀ ਦਾ ਹਾਸਲ ਖੁਸਦਾ ਮਹਿਸੂਸ ਹੁੰਦਾ ਸੀ।

ਸਾਡੇ ਵਿਆਹ ਨੂੰ ਦਸ ਸਾਲ ਹੋ ਗਏ ਸਨ। ਇਨ੍ਹਾਂ ਦਿਨਾਂ ਵਿਚ ਹੀ ਸਾਨੂੰ ਪੜ੍ਹਾਈ ਦੀਆਂ ਡਿਗਰੀਆਂ ਦਾ ਫੋਬੀਆ ਹੋ ਗਿਆ ਸੀ। ਪਤਨੀ ਨੇ ਪਹਿਲਾਂ ਮੈਥ ਆਨਰਜ਼ ਕੀਤਾ ਫਿਰ ਐਮ ਏ ਪੁਲੀਟੀਕਲ ਸਾਇੰਸ ਤੇ ਐਮ ਕਾਮ ਕੀਤੀ। ਮੈਂ ਵੀ ਨਾਲ ਨਾਲ ਪੈਰ ਵਿਚ ਪੈਰ ਧਰਦਾ ਰਿਹਾ। ਇਹ ਸਾਰਾ ਕੁੱਝ ਵਿਹਲ ਨੂੰ ਭਰਨ ਦਾ ਇੱਕ ਬਹਾਨਾ ਸੀ। ਉਦੋਂ ਹੀ ਸਾਡੇ ਘਰ ਪਹਿਲੇ ਬੱਚੇ ਨੇ ਜਨਮ ਲਿਆ। ਘਰ ਦਾ ਮਾਹੌਲ ਹੀ ਬਦਲ ਗਿਆ। ਇਸ ਨੰਨੀ ਪਰੀ ਦੇ ਆਉਣ ਨਾਲ ਸਾਰਾ ਘਰ ਭਰਿਆ ਭਰਿਆ ਲੱਗਣ ਲੱਗਾ। ਘਰ ਵਿਚ ਇੱਕ ਖਾਸ ਤਰ੍ਹਾਂ ਦਾ ਹੁਲਾਸ ਪੈਦਾ ਹੋ ਗਿਆ। ਮੈਨੂੰ ਘਰ ਦੀ ਹਰ ਚੀਜ਼ ਪਿਆਰੀ ਲੱਗਣ ਲੱਗ ਪਈ। ਬੱਚੇ ਦੀ ਕਿਲਕਾਰੀ ਘਰ ਦੇ ਸੰਨਾਟੇ ਨੂੰ ਤੋੜਦੀ ਹੈ। ਚੁੱਪ ਦਾ ਆਲਮ ਘਰ ਵਿਚ ਪਸਰਿਆ ਘੁਣ ਹੈ ਜੋ ਹੌਲੀ ਹੌਲੀ ਹਰ ਚੀਜ਼ ਨੂੰ ਖਾ ਜਾਂਦੀ ਹੈ। ਪੈਸਾ ਬਾਜ਼ਾਰੀ ਵਸਤਾਂ ਤਾਂ ਖਰੀਦ ਸਕਦਾ ਹੈ ਪਰ ਘਰ ਨਾਲ ਰੂਹ ਦੇ ਰਿਸ਼ਤੇ ਦੀ ਤੰਦ ਜੋ ਆਪ ਮੁਹਾਰੀ ਜੁੜਦੀ ਹੈ, ਉਹ ਤੁਹਾਡੇ ਖੂਨ ਦਾ ਇੱਕ ਹਿੱਸਾ ਹੁੰਦਾ ਹੈ। ਬੱਚੇ ਉਹ ਫੁੱਲ ਹਨ ਜੋ ਘਰ ਨੂੰ ਸਥਾਈ ਪਿਆਰ ਬਖਸ਼ਦੇ ਹਨ। ਬੰਦਾ ਬੱਚਿਆਂ ਵਿਚ ਆਪਣੀ ਪਛਾਣ ਵੇਖਦਾ ਹੈ, ਆਪਣੇ ਭਵਿੱਖ ਦਾ ਸੁਨਹਿਰੀ ਸੁਪਨਾ ਵੀ। ਫੁੱਲ-ਕਿਤਾਬਾਂ ਹੱਥਾਂ ਦੀ ਸਿਰਜੀ ਦੌਲਤ ਹੈ ਤੇ ਬੱਚੇ ਕੁਦਰਤ ਦੀ ਬਖਸ਼ੀ ਅਨਮੋਲ ਅਸੀਸ। ਬੱਚਾ ਬੰਦੇ ਦੀ ਹੋਰ ਜਿਉਣ ਦੀ ਆਸ। ਬੱਚਾ ਮਨੁੱਖ ਦੀ ਕੁਦਰਤ ਨਾਲ ਪੀਡੀ ਸਾਂਝ ਦੀ ਸਿਰਜਣਾ। ਬੱਚੇ ਦੇ ਹਾਸੇ ਨਾਲ ਫੁੱਲ ਹੋਰ ਸੁਹਣੇ ਲੱਗਣ ਲੱਗਦੇ। ਫੁੱਲ ਹੁੰਗਾਰਾ ਭਰਦੇ ਹਨ। ਬੱਚੇ ਦੇ ਬੋਲ ਨਾਲ ਕਿਤਾਬਾਂ ਬੋਲਣ ਲੱਗਦੀਆਂ ਹਨ। ਘਰ, ਘਰ ਲੱਗਣ ਲੱਗਦਾ ਹੈ।



# ਪੰਜਾਬ ਵਿਧਾਨ ਸਭਾ ਚੋਣਾਂ ਤੇ ਟਰੰਪ ਦਾ ਤਜਰਬਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਖਬਰਾਂ ਦੀ ਇੱਕ ਦਮ ਵਾਛੜ ਹੋਣ ਵਾਂਗ ਇਸ ਹਫਤੇ ਪਹਿਲਾਂ ਨਰਿੰਦਰ ਮੋਦੀ ਨੇ ਵੱਡੇ ਕਰੰਸੀ ਨੋਟ ਰੱਦ ਕਰਨ ਦਾ ਐਲਾਨ ਕੀਤਾ, ਅਗਲੇ ਦਿਨ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਡੋਨਲਡ ਟਰੰਪ ਦੀ ਅਣਕਿਆਸੀ ਜਿੱਤ ਦੇ ਨਾਲ ਤੀਸਰੀ ਖਬਰ ਸਤਲੁਜ-ਜਮਨਾ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਤੋਂ ਆ ਪੁੱਜੀ। ਇਸ ਦੂਸਰੀ ਅਤੇ ਤੀਸਰੀ ਖਬਰ ਦੇ ਨਾਲ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਬਦਲਦਾ ਨਜ਼ਰ ਆਉਣ ਲੱਗਾ ਹੈ।

ਪਿਛਲੇ ਮਹੀਨੇ ਤੱਕ ਪੰਜਾਬ ਵਿਚ ਸਭ ਤੋਂ ਵੱਡਾ ਮੁੱਦਾ ਨਸ਼ੀਲੇ ਪਦਾਰਥਾਂ ਦਾ ਸੀ। ਦੂਸਰੇ ਨੰਬਰ ਦਾ ਮੁੱਦਾ ਪੰਜਾਬ ਵਿਚ ਹਰ ਪੱਧਰ ਉਤੇ


ਡੋਨਲਡ ਟਰੰਪ

ਭ੍ਰਿਸ਼ਟਾਚਾਰ ਦੀ ਸਿਖਰ ਅਤੇ ਪੰਜਾਬ ਸਰਕਾਰ ਦੇ ਖਜ਼ਾਨੇ ਦੀ ਬਹੁਤ ਹੀ ਮਾੜੀ ਹਾਲਤ ਦਾ ਬਣਦਾ ਸੀ। ਬੇਰੁਜ਼ਗਾਰੀ ਤੇ ਮਹਿੰਗਾਈ ਦਾ ਮੁੱਦਾ ਇਨ੍ਹਾਂ ਤੋਂ ਪਿੱਛੇ ਜਾਪਦਾ ਸੀ। ਕੁਝ ਲੋਕ ਇਹ ਗੱਲ ਉਦੋਂ ਵੀ ਕਹਿੰਦੇ ਸਨ ਕਿ ਜਦੋਂ ਸਤਲੁਜ-ਯਮਨਾ ਲਿੰਕ ਨਹਿਰ ਦੇ ਕੇਸ ਵਿਚ ਸੁਪਰੀਮ ਕੋਰਟ ਦਾ ਫੈਸਲਾ ਆਇਆ, ਇਹ ਸਾਰੇ ਮੁੱਦੇ ਪਿੱਛੇ ਪੈ ਜਾਣੇ ਹਨ ਤੇ ਉਹੋ ਸੌ ਮੁੱਦਿਆਂ ਦਾ ਮੁੱਦਾ ਮੰਨਣ ਦੀ ਰਾਜਨੀਤੀ ਸ਼ੁਰੂ ਹੋਣ ਨਾਲ ਸਾਰੀ ਤਸਵੀਰ ਬਦਲ ਸਕਦੀ ਹੈ। ਇਹ ਗੱਲ ਕਹਿਣ ਵਾਲਿਆਂ ਦੀ ਸਮਝ ਦਾ ਆਧਾਰ ਇਹ ਸੀ ਕਿ ਸੁਪਰੀਮ ਕੋਰਟ ਦੇ ਜਿਹੜੇ ਜੱਜ ਸਾਹਿਬਾਨ ਦੇ ਕੋਲ ਕੇਸ ਹੈ, ਉਨ੍ਹਾਂ ਦੀ ਸੇਵਾ-ਮੁਕਤੀ ਛੇਤੀ ਆ ਰਹੀ ਹੋਣ ਕਾਰਨ ਉਹ ਫੈਸਲਾ ਕਰ ਸਕਦੇ ਹਨ। ਹੁਣ ਉਹ ਕੰਮ ਕਰ ਦਿੱਤਾ ਗਿਆ ਹੈ ਅਤੇ ਇਸ ਪਿੱਛੋਂ ਪਿਆ ਰੌਲਾ ਸਾਰੀ ਤਸਵੀਰ ਬਦਲਣ ਵੱਲ ਜਾ ਰਿਹਾ ਹੈ।

ਮੁੱਦਾ ਪਾਣੀ ਉਤੇ ਹਰਿਆਣਾ ਅਤੇ ਕੁਝ ਹੋਰ ਰਾਜਾਂ ਦੇ ਹੱਕ ਬਾਰੇ ਇੱਕ ਜਾਂ ਦੂਸਰੀ ਧਿਰ ਦੇ ਪੱਖ ਵਿਚ ਫੈਸਲਾ ਦੇਣ ਦਾ ਨਹੀਂ ਹੈ। ਇਸ ਦਾ ਫੈਸਲਾ ਤਾਂ ਜਨਵਰੀ 2002 ਵਿਚ ਹੋ ਗਿਆ ਸੀ, ਜਦੋਂ ਸੁਪਰੀਮ ਕੋਰਟ ਨੇ ਪੰਜਾਬ ਨੂੰ ਸਤਲੁਜ-ਯਮਨਾ ਨਹਿਰ ਮੁਕੰਮਲ ਕਰਨ ਦਾ ਹੁਕਮ ਦੇ ਦਿੱਤਾ ਸੀ। ਫਿਰ ਵਿਧਾਨ ਸਭਾ ਚੋਣਾਂ ਹੋਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਹਾਰ ਜਾਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ ਅਤੇ ਇਸ ਹੁਕਮ ਉਤੇ ਅਮਲ ਕਰ ਕੇ ਨਹਿਰ ਬਣਾਉਣ ਤੋਂ ਅਮਰਿੰਦਰ ਸਿੰਘ ਨੇ ਵੀ ਇਨਕਾਰ ਕਰ ਦਿੱਤਾ। ਉਸ ਦੇ ਇਨਕਾਰ ਦੇ ਖਿਲਾਫ ਮਾਣ-ਹਾਨੀ ਦਾ ਕੇਸ ਕਰਨ ਦੀ ਥਾਂ ਉਸੇ ਫੈਸਲੇ ਉਤੇ ਅਮਲ ਕਰਾਉਣ ਦੀ ਹਰਿਆਣਾ ਸਰਕਾਰ ਦੀ ਅਰਜ਼ੀ ਉਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹੁਕਮ ਦੇ ਦਿੱਤਾ ਕਿ ਉਹ ਪੰਜਾਬ ਨੂੰ ਲਾਂਭੇ ਕਰ ਕੇ ਆਪਣੀਆਂ ਕੇਂਦਰੀ ਏਜੰਸੀਆਂ ਤੋਂ ਇਸ ਨਹਿਰ ਨੂੰ ਬਣਵਾ ਦੇਵੇ। ਅਮਰਿੰਦਰ ਸਿੰਘ ਨੇ ਇਸ ਨੂੰ ਰੋਕਣ ਲਈ ਦੂਸਰੇ ਰਾਜਾਂ ਨਾਲ ਪਾਣੀਆਂ ਦੇ ਸਭ ਸਮਝੌਤੇ ਤੋੜਨ ਦਾ ਮਤਾ ਵਿਧਾਨ ਸਭਾ ਤੋਂ ਪਾਸ ਕਰਵਾ ਕੇ ਇਸ ਨੂੰ ਐਕਟ ਦਾ ਰੂਪ ਦੇ ਦਿੱਤਾ, ਜਿਸ ਦਾ ਭਾਵ ਸੀ ਕਿ ਇਸ ਨਹਿਰ ਨੂੰ ਕੇਂਦਰ ਤਦੇ ਬਣਾ ਸਕਦਾ ਹੈ, ਜੇ ਪੰਜਾਬ ਉਨ੍ਹਾਂ ਸਮਝੌਤਿਆਂ ਕਾਰਨ ਪਾਣੀ ਦੇਣ ਨੂੰ ਵਚਨਬੱਧ ਹੋਵੇ ਤੇ ਜਦੋਂ ਸਮਝੌਤੇ ਤੋੜ ਦਿੱਤੇ ਤਾਂ ਇਹ ਨਹਿਰ ਬਣਾਉਣ ਦੀ ਲੋੜ ਹੀ ਨਹੀਂ। ਕੇਂਦਰ ਸਰਕਾਰ ਨੇ ਰਾਸ਼ਟਰਪਤੀ ਰਾਹੀਂ ਸੁਪਰੀਮ ਕੋਰਟ ਤੋਂ ਇਹ ਰਾਏ ਮੰਗ ਲਈ ਕਿ ਦੁਵੱਲੇ ਸਮਝੌਤੇ ਤੋੜਨ ਦਾ ਹੱਕ ਇਕੱਲੇ ਪੰਜਾਬ ਰਾਜ ਨੂੰ ਹੈ ਕਿ ਨਹੀਂ, ਅਤੇ ਉਦੋਂ ਮੰਗੀ ਗਈ ਰਾਏ ਦਾ ਸੁਪਰੀਮ ਕੋਰਟ ਨੇ ਹੁਣ ਫੈਸਲਾ ਦਿੱਤਾ ਤਾਂ ਸਿਆਸੀ ਭੁਚਾਲ ਆ ਗਿਆ ਹੈ। ਇੱਕ ਪਾਸੇ ਕਾਂਗਰਸੀ ਵਿਧਾਇਕ ਅਸਤੀਫੇ ਦੇ ਰਹੇ ਹਨ, ਦੂਸਰੇ ਪਾਸੇ ਆਮ ਆਦਮੀ ਪਾਰਟੀ ਧਰਨਾ ਲਾਉਣ ਨਿਕਲ ਪਈ ਹੈ ਤੇ ਤੀਸਰੇ ਪਾਸੇ ਅਕਾਲੀ-ਭਾਜਪਾ ਗੱਠਜੋੜ ਵਿਧਾਨ ਸਭਾ ਦਾ ਹੰਗਾਮੀ ਸੈਸ਼ਨ ਸੱਦੀ ਜਾ ਰਿਹਾ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਖੜੇ ਪੈਰ ਲਾਗੂ ਹੋਣ ਵਾਲਾ ਨਹੀਂ। ਰਾਸ਼ਟਰਪਤੀ ਰਾਹੀਂ ਸੁਪਰੀਮ ਕੋਰਟ ਦੀ ਇਹ ਰਾਏ ਕੇਂਦਰ ਸਰਕਾਰ ਕੋਲ ਜਾਣੀ ਹੈ ਤੇ ਇਸ ਨੂੰ ਮੰਨਦੇ ਹੋਏ ਸਾਲ 2004 ਵਿਚ ਸੁਪਰੀਮ ਕੋਰਟ ਵੱਲੋਂ ਦਿੱਤਾ ਕੇਂਦਰੀ ਏਜੰਸੀਆਂ ਰਾਹੀਂ ਨਹਿਰ ਬਣਾਉਣ ਦਾ ਫੈਸਲਾ ਕੇਂਦਰ ਸਰਕਾਰ ਨੇ ਕਰਨਾ ਜਾਂ ਰੋਕਣਾ ਹੈ, ਇਸ ਤਰ੍ਹਾਂ ਕਰਨ ਦਾ ਅਧਿਕਾਰ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਹੈ। ਉਹ ਚਾਹੇ ਤਾਂ ਕੇਸ ਲਟਕਾ ਸਕਦਾ ਹੈ। ਕੇਂਦਰ ਸਰਕਾਰ ਦੀ ਮਰਜ਼ੀ ਹੋਵੇ ਤਾਂ ਇਸ ਦੇ ਬਾਅਦ ਸੁਪਰੀਮ ਕੋਰਟ ਤੋਂ ਸਾਲ 2004 ਦੇ ਫੈਸਲੇ ਨੂੰ ਹੁਣ ਲਾਗੂ ਕਰਨ ਜਾਂ ਨਾ ਕਰਨ ਬਾਰੇ ਤਾਜ਼ਾ ਰਾਏ ਲੈਣ ਦੀ ਅਰਜ਼ੀ ਦਾਇਰ ਕਰ ਕੇ ਦਸ ਸਾਲ ਹੋਰ ਲੰਘਾ ਸਕਦੀ ਹੈ। ਅਕਾਲੀ ਆਗੂ ਏਦਾਂ ਕਰਨ ਲਈ ਜਾਂ ਆਪਣੇ ਪੱਖ ਵਿਚ ਖੜੇ ਹੋਣ ਦਾ ਤਰਲਾ ਮਾਰਨ ਲਈ ਮੋਦੀ ਕੋਲ ਜਾਣ ਦੀ ਥਾਂ ਰਾਸ਼ਟਰਪਤੀ ਤੋਂ ਮਿਲਣ ਦਾ ਵਕਤ ਮੰਗੀ ਜਾ ਰਹੇ ਹਨ, ਹਾਲਾਂਕਿ ਉਨ੍ਹਾਂ ਨੂੰ ਪਤਾ ਹੈ ਕਿ ਦੇਸ਼ ਦੇ ਸੰਵਿਧਾਨ ਮੁਤਾਬਕ ਰਾਸ਼ਟਰਪਤੀ ਨੇ ਹਰ ਕੰਮ ਕੇਂਦਰ ਸਰਕਾਰ ਦੀ ਸਿਫਾਰਸ਼ ਉਤੇ ਕਰਨਾ ਹੁੰਦਾ ਹੈ। ਇਹ ਬੇਲੋੜੀ ਖੇਚਲ ਕਿਸੇ ਵੀ ਤਰ੍ਹਾਂ ਪੰਜਾਬ ਦਾ ਕੋਈ ਫਾਇਦਾ ਨਹੀਂ ਕਰ ਸਕਦੀ, ਪਰ ਆਮ ਲੋਕ ਇਸ ਗੱਲ ਬਾਰੇ ਬਹੁਤਾ ਨਹੀਂ ਜਾਣਦੇ।

ਹੁਣ ਵੇਖੀਏ ਅਮਰੀਕਾ ਦੀ ਰਾਸ਼ਟਰਪਤੀ ਚੋਣ ਵਿਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਦੀ ਅਣਕਿਆਸੀ ਜਿੱਤ ਨੂੰ। ਚਲਦੀ ਚੋਣ ਵਿਚ ਇੱਕ ਦਿਨ ਬੜਾ ਰੁੱਖਾ ਬੋਲਣ ਵਾਲੇ ਇੱਕ ਪੱਤਰਕਾਰ ਨੇ ਕਿਹਾ ਸੀ ਕਿ ਲੋਕਾਂ ਨੇ ਜਿੰਨੇ ਸੁਫਨੇ ਲੈਣੇ ਹਨ, ਲਈ ਜਾਣ, ਜਿੱਤਣਾ ਡੋਨਲਡ ਟਰੰਪ ਨੇ ਹੈ ਤੇ ਇਸ ਲਈ ਜਿੱਤਣਾ ਹੈ ਕਿ ਉਸ ਨੇ ਅਮਰੀਕੀ ਲੋਕਾਂ ਅੰਦਰ ਸੁੱਤੀ ਪਈ ਉਹ ਸੋਚ ਜਗਾ ਦਿੱਤੀ ਹੈ, ਜਿਹੜੀ ਕਿਸੇ ਕੌਮ ਨੂੰ ਬਾਕੀ ਲੋਕਾਂ ਲਈ ਨਫਰਤ ਦੀ ਹੱਦ ਤੱਕ ਪੁਚਾ ਦਿੰਦੀ ਹੈ। ਉਸ ਦਾ ਕਹਿਣਾ ਸੀ ਕਿ ਅਮਰੀਕਾ ਦੀ ਚੁੱਪ ਬਹੁ-ਗਿਣਤੀ ਨੂੰ ਡੋਨਲਡ ਟਰੰਪ ਦੀ ਦੂਸਰੇ ਦੇਸ਼ਾਂ ਵਿਰੁਧ ਬਿਆਨਬਾਜ਼ੀ ਖਿੱਚ ਪਾ ਰਹੀ ਹੈ ਕਿ ਉਹ ਸਾਡੀਆਂ ਨੌਕਰੀਆਂ ਖੋਹੀ ਜਾ ਰਹੇ ਹਨ ਤੇ ਇਹ ਵੀ ਕਿ ਉਹ ਧੜਾ-ਧੜਾ ਇਸ ਦੇਸ਼ ਵਿਚ ਆ ਕੇ ਸਾਡੀ ਹੋਂਦ ਅਤੇ ਸਾਡੇ ਸੱਭਿਆਚਾਰ ਲਈ ਖਤਰਾ ਬਣਦੇ ਜਾਂਦੇ ਹਨ। ਇਨ੍ਹਾਂ ਗੱਲਾਂ ਤੋਂ ਵੀ ਵੱਧ ਅਮਰੀਕੀ ਸਮਾਜ ਦੇ ਇੱਕ ਚੁੱਪ-ਰਹਿਣੇ ਹਿੱਸੇ ਉਤੇ ਇਸਲਾਮੀ ਦੇਸ਼ਾਂ ਦੇ ਤਿੱਖੇ ਵਿਰੋਧ ਦਾ ਅਸਰ ਪਿਆ ਤੇ ਉਹ ਸੋਚਣ ਲੱਗ ਪਏ ਕਿ ਇਹ ਬੰਦਾ ਆ ਜਾਵੇ ਤਾਂ ਇਸਲਾਮ ਦੇ ਨਾਂ ਉਤੇ ਹੁੰਦੀ ਦਹਿਸ਼ਤਗਰਦੀ ਨਾਲ ਆਢਾ ਲੈਣ ਲਈ ਟਰੰਪ ਦੇਸ਼ ਦੀ ਅਗਵਾਈ ਕਰ ਸਕਦਾ ਹੈ।

ਇਖਲਾਕੀ ਨੁਕਸਾਂ ਤੋਂ ਟੈਕਸ ਚੋਰੀ ਤੱਕ ਦੇ ਦੋਸ਼ ਟਰੰਪ ਉਤੇ ਲੱਗਦੇ ਰਹੇ, ਪਰ ਇਹੋ ਜਿਹੇ ਦੋਸ਼ਾਂ ਦੀ ਅਮਰੀਕੀ ਲੋਕਾਂ ਨੇ ਪ੍ਰਵਾਹ ਨਹੀਂ ਕੀਤੀ ਤੇ ਉਸ ਬੰਦੇ ਨੂੰ ਰਾਸ਼ਟਰਪਤੀ ਬਣਾ ਦਿੱਤਾ, ਜਿਸ ਨੂੰ ਪਹਿਲਾਂ ਗੰਭੀਰ ਉਮੀਦਵਾਰ ਵੀ ਨਹੀਂ ਸੀ ਗਿਣਿਆ ਜਾਂਦਾ।

ਚੋਣ ਜਿੱਤਣ ਬਾਅਦ ਟਰੰਪ ਦੀ ਬੋਲੀ ਇੱਕਦਮ ਬਦਲ ਗਈ ਤੇ ਹੁਣ ਇਹ ਕਹਿੰਦਾ ਹੈ ਕਿ ਉਹ ਸਾਰੇ ਅਮਰੀਕੀ ਨਾਗਰਿਕਾਂ ਦਾ ਸਾਂਝਾ ਰਾਸ਼ਟਰਪਤੀ ਹੈ। ਮੁਸਲਿਮ ਭਾਈਚਾਰੇ ਤੇ ਇਸਲਾਮੀ ਦੇਸ਼ਾਂ ਵਿਰੁਧ ਕੀਤੀਆਂ ਟਿਪਣੀਆਂ ਉਸ ਨੇ ਆਪਣੀ ਸਾਈਟ ਤੋਂ ਹਟਾ ਲਈਆਂ ਹਨ। ਇਹ ਕੰਮ ਜਿੱਤ ਜਾਣ ਤੋਂ ਬਾਅਦ ਉਦੋਂ ਕੀਤਾ ਹੈ, ਜਦੋਂ ਇਸ ਦੀ ਲੋੜ ਨਹੀਂ ਰਹਿ ਗਈ, ਪਰ ਚੋਣ ਦੌਰਾਨ ਉਹ ਇਸ ਪੈਂਤੜੇ ਉਤੇ ਡਟ ਕੇ ਪਹਿਰਾ ਦਿੰਦਾ ਰਿਹਾ ਅਤੇ ਇਸ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਵੀ ਸਿੱਧਾ ਨਹੀਂ ਸੀ ਦਿੰਦਾ। ਹੁਣ ਟਰੰਪ ਆਪਣਾ ਨਵਾਂ ਰੂਪ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ, ਜਿਵੇਂ ਕਹਿਣਾ ਚਾਹੁੰਦਾ ਹੋਵੇ, ਜੰਗ ਅਤੇ ਪਿਆਰ ਵਿਚ ਸਭ ਜਾਇਜ਼ ਹੈ ਅਤੇ ਉਹ ਸਭ ਕਰਨਾ ਪੈਣਾ ਸੀ।

ਪੰਜਾਬ ਜਦੋਂ ਵਿਧਾਨ ਸਭਾ ਚੋਣਾਂ ਦੇ ਬਰੂਹਾਂ ਉਤੇ ਖੜਾ ਹੈ, ਟਰੰਪ ਦਾ ਇਹੋ ਜਿਹੀ ਫਿਰਕੂ ਸੋਚ ਦੀ ਭੱਠੀ ਭਖਾ ਕੇ ਜਿੱਤ ਜਾਣਾ ਉਸੇ ਫਾਰਮੂਲੇ ਦਾ ਦੁਹਰਾਓ ਚੇਤੇ ਕਰਵਾ ਰਿਹਾ ਹੈ, ਜਿਸ ਵਿਚ ਪਹਿਲਾਂ ਇੱਕ ਪਾਸੇ ਸਿੱਖਾਂ ਅਤੇ ਦੂਸਰੇ ਪਾਸੇ ਹਿੰਦੂਆਂ ਨੂੰ ਭੜਕਾ ਕੇ ਜਿੱਤਣ ਪਿਛੋਂ ਹਿੰਦੂ-ਸਿੱਖ ਭਾਈਚਾਰੇ ਦੀ ਗੱਲ ਹੁੰਦੀ ਹੈ। ਅਮਰੀਕਾ ਦੀ ਚੋਣ ਤੋਂ ਭਾਰਤ ਦੀਆਂ ਸਿਆਸੀ ਪਾਰਟੀਆਂ ਆਮ ਕਰ ਕੇ ਅਤੇ ਪੰਜਾਬ ਦੀਆਂ ਨੂੰ ਖਾਸ ਕਰ ਕੇ ਇਹ




ਗੱਲ ਸਮਝ ਆਈ ਹੋਵੇਗੀ ਕਿ ਸਾਡੇ ਵਾਲਾ ਫਾਰਮੂਲਾ ਜਦੋਂ ਅਮਰੀਕਾ ਵਿਚ ਵੀ ਵਰਤਿਆ ਜਾਣ ਲੱਗਾ ਹੈ, ਉਸ ਨੂੰ ਪੰਜਾਬ ਵਿਚ ਹਕੀਮ ਲੁਕਮਾਨ ਦੇ ਨੁਸਖੇ ਵਾਂਗ ਵਰਤਦੇ ਰਹਿਣਾ ਗਲਤ ਨਹੀਂ। ਪੰਜਾਬ ਦੇ ਪਾਣੀਆਂ ਦਾ ਮੁੱਦਾ ਪੰਜਾਬ ਦੇ ਕਿਸਾਨਾਂ ਦੀ ਥਾਂ ਸਿੱਖਾਂ ਲਈ ਜ਼ਿੰਦਗੀ ਅਤੇ ਮੌਤ ਦਾ ਮੁੱਦਾ ਬਣਾਇਆ ਜਾ ਸਕਦਾ ਹੈ ਤੇ ਇਸ ਨੂੰ ਦਿੱਲੀ ਦੇ ਬੱਤੀ ਸਾਲ ਪਹਿਲਾਂ ਹੋਏ ਕਤਲਾਂ ਦੀ ਹਨੇਰੀ ਨਾਲ ਜੋੜ ਕੇ ਪ੍ਰਚਾਰਿਆ ਜਾਣ ਦਾ ਮੁੱਢ ਬੱਝ ਵੀ ਗਿਆ ਹੈ। ਇੱਕ ਰਾਜਸੀ ਪਾਰਟੀ ਦੇ ਆਗੂ ਦਾ ਇਹ ਬਿਆਨ ਪੜ੍ਹ ਕੇ ਸਾਨੂੰ ਹੈਰਾਨੀ ਨਹੀਂ ਹੋਈ ਕਿ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਧੱਕਾ ਇਸ ਲਈ ਹੋ ਰਿਹਾ ਹੈ ਕਿ ਇਥੇ ਸਿੱਖ ਰਹਿੰਦੇ ਹਨ। ਉਸ ਦੇ ਇਸ ਭਾਸ਼ਣ ਵੇਲੇ ਉਸੇ ਸਟੇਜ ਉਤੇ ਬੈਠੇ ਭਾਜਪਾ ਦੇ ਦੋ ਆਗੂ ਨੀਂਵੀ ਪਾ ਕੇ ਸੁਣਦੇ ਰਹੇ ਤੇ ਉਨ੍ਹਾਂ ਨੇ ਇਹ ਕਹਿਣ ਦੀ ਲੋੜ ਨਹੀਂ ਸਮਝੀ ਕਿ ਇਹ ਸਿੱਖਾਂ ਦਾ ਮੁੱਦਾ ਨਹੀਂ, ਪੰਜਾਬ ਦੇ ਸਭ ਲੋਕਾਂ ਦਾ ਸਾਂਝਾ ਮੁੱਦਾ ਹੈ। ਚੁੱਪ ਇਸ ਲਈ ਰਹੇ ਕਿ ਜੋ ਮਰਜ਼ੀ ਕਹੀ ਜਾਵੇ, ਸਰਕਾਰ ਤਾਂ ਸਾਂਝੀ ਬਣਨੀ ਹੈ।

ਨਸ਼ੀਲੇ ਪਦਾਰਥਾਂ ਦਾ ਮੁੱਦਾ ਸਮੁੱਚੇ ਪੰਜਾਬ ਦਾ ਮੁੱਦਾ ਸੀ, ਭ੍ਰਿਸ਼ਟਾਚਾਰ ਦਾ ਮੁੱਦਾ ਸਾਰੇ ਪੰਜਾਬ ਦੇ ਲੋਕਾਂ ਲਈ ਘਰ-ਘਰ ਵਿਛਦੇ ਸੱਥਰਾਂ ਦਾ ਮੁੱਦਾ ਸੀ, ਪੰਜਾਬ ਦੇ ਖਜ਼ਾਨੇ ਦੀ ਮੰਦੀ ਹਾਲਤ ਇਸ ਰਾਜ ਦੇ ਵਿਕਾਸ ਦੇ ਨਾਲ ਜੁੜਦੇ ਭਵਿੱਖ ਦੇ ਸੌ ਮੁੱਦਿਆਂ ਦਾ ਮੁੱਦਾ ਸੀ, ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਸੀ, ਪਰ ਉਹ ਸਾਰੇ ਪਿੱਛੇ ਪੈ ਗਏ ਹਨ। ਵਕਤ ਨੇ ਪੰਜਾਬ ਰਾਜਨੀਤੀ ਦੇ ਸੌਦਾਗਰਾਂ ਨੂੰ ਇੱਕ ਵਾਰ ਫਿਰ ਉਸ ਮੰਚ ਦੀਆਂ ਪੌੜੀਆਂ ਚੜ੍ਹਨ ਲਈ ਰਾਹ ਦੇ ਦਿੱਤਾ ਹੈ, ਜਿਸ ਦੀ ਵਰਤੋਂ ਨੇ ਡੋਨਲਡ ਟਰੰਪ ਵਰਗਿਆਂ ਦੀ ਬੇੜੀ ਵੀ ਪਾਰ ਲਾ ਦਿੱਤੀ ਹੈ। ਉਹ ਇਹ ਜਾਣਦੇ ਹਨ ਕਿ ਇਸ ਨਾਲ ਕੋਈ ਚੋਣ ਜਿੱਤੀ ਜਾ ਸਕਦੀ ਹੈ, ਗੱਦੀਆਂ ਵੀ ਮਿਲ ਸਕਦੀਆਂ ਹਨ, ਪਰ ਜਿਸ ਨਫਰਤ ਦੀ ਚੰਗਿਆੜੀ ਲੋਕਾਂ ਦੇ ਦਿਲਾਂ ਵਿਚ ਭਰ ਗਈ, ਉਹ ਪੰਜਾਬ ਨੂੰ ਇੱਕ ਵਾਰ ਫਿਰ ਉਸ ਅੰਨ੍ਹੀ ਗਲੀ ਵਿਚ ਧੱਕ ਸਕਦੀ ਹੈ, ਜਿਸ ਵਿਚ ਉਹ ਇੱਕ ਵਾਰੀ ਬਾਰਾਂ ਸਾਲ ਕੰਧਾਂ ਨਾਲ ਟੱਕਰਾਂ ਮਾਰ ਚੁੱਕਾ ਹੈ।

ਰਾਜ ਤੇ ਰਾਜਾ ਜਜ਼ਬਾਤ ਨਹੀਂ ਵੇਖਦੇ ਹੁੰਦੇ। ਇਸ ਵਕਤ ਮਾਮਲਾ ਸਿਰਫ ਪਾਣੀਆਂ ਦਾ ਨਹੀਂ, ਪੰਜਾਬ ਤੇ ਇਸ ਦੇ ਨਾਲ ਲੱਗਦੇ ਰਾਜਾਂ ਦੇ ਲੋਕਾਂ ਦੀ ਹੋਣੀ ਦਾ ਵੀ ਬਣ ਗਿਆ ਹੈ ਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਉਸ ਭਵਿੱਖ ਦਾ ਵੀ, ਜਿਸ ਅੱਗੇ ਸਵਾਲੀਆ ਨਿਸ਼ਾਨ ਹਨ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਫਰਿਜ਼ਨੋ ਵਿਚ ਨਵੇਂ ਸਪੋਰਟਸ ਕਲੱਬ ਦਾ ਗਠਨ



**ਫਰਿਜ਼ਨੋ (ਬਿਊਰੋ):** ਇਥੇ ਇਕ ਨਵੀਂ ਖੇਡ ਸੰਸਥਾ ਫਰਿਜ਼ਨੋ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਸਥਾਪਨਾ ਕੀਤੀ ਗਈ ਹੈ। ਇਸ ਸਬੰਧੀ ਫੈਸਲਾ ਇਥੇ ਬੱਬੇ ਬਿਜਨਸ ਪਾਰਕ ਵਿਚ ਹੋਈ ਖੇਡ ਪ੍ਰੇਮੀਆਂ ਦੀ ਇਕ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਵਿਚ ਸਰਬਸੰਮਤੀ ਨਾਲ ਸਤਨਾਮ ਸਿੰਘ ਨੂੰ ਕਲੱਬ ਦਾ ਪ੍ਰਧਾਨ, ਸੁਖਜਿੰਦਰ ਸਿੰਘ ਬਬਲਾ ਤੇ ਰਛਪਾਲ ਸਹੋਤਾ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਦੌਧਰ ਨੂੰ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਸਿੱਧੂ ਤੇ ਗੁਰਿੰਦਰ ਸਿੰਘ ਨੂੰ ਖਜਾਨਚੀ ਅਤੇ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ, ਨਾਜਰ ਸਿੰਘ ਸਹੋਤਾ ਤੇ ਜਗਮੀਤ ਸਿੰਘ ਨੂੰ ਮੀਡੀਆ ਸਲਾਹਕਾਰ ਬਣਾਇਆ ਗਿਆ ਹੈ। ਕਲੱਬ ਦੇ ਅਗਲੇ ਸਾਲ ਦੇ ਪ੍ਰੋਗਰਾਮ ਦੀਆਂ ਤਾਰੀਕਾ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਜਗਰਾਜ ਸਿੰਘ ਦੌਧਰ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ।

# ਗੁਰਦੁਆਰਾ ਫਰੀਮਾਂਟ ਵਿਚ ਬਾਬੇ ਨਾਨਕ ਦਾ ਪ੍ਰਕਾਸ਼ ਦਿਵਸ ਮਨਾਇਆ

**ਫਰੀਮਾਂਟ (ਬਿਊਰੋ):** ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਦੁਆਰਾ ਫਰੀਮਾਂਟ ਵਿਚ ਵਿਸ਼ੇਸ਼ ਸਮਾਗਮ ਹੋਏ। ਇਸ ਮੌਕੇ ਭਾਈ ਗੁਰਪ੍ਰੀਤ ਸਿੰਘ, ਪ੍ਰੋ. ਦਲਬੀਰ ਸਿੰਘ ਅਤੇ ਭਾਈ ਸੁਰਜੀਤ ਸਿੰਘ ਮਜਬੂਰ ਦੇ ਕੀਰਤਨੀ ਜਥਿਆਂ ਤੋਂ ਇਲਾਵਾ ਖਾਲਸਾ ਸਕੂਲ ਦੇ ਬੱਚਿਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਦੇ ਕੀਰਤਨੀ ਜਥੇ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ਬਦ ਕੀਰਤਨ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਡਾ. ਗੁਰਨਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚਲੇ ਇਕੱਤੀ ਰਾਗਾਂ ਉਤੇ ਆਧਾਰਤ ਪ੍ਰੋ. ਦਲਬੀਰ ਸਿੰਘ ਦੀ ਲਿਖੀ ਪੁਸਤਕ 'ਗੁਰਮਤਿ ਸੰਗੀਤ ਰਚਨਾਵਲੀ' ਵੀ ਰਿਲੀਜ਼ ਕੀਤੀ।

ਪੰਥ ਪ੍ਰਸਿਧ ਕਥਾਵਾਚਕ ਗਿਆਨੀ ਸਾਹਿਬ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਉਤੇ ਚਾਨਣਾ ਪਾਉਂਦਿਆਂ ਸਭ ਨੂੰ ਉਨ੍ਹਾਂ ਵਲੋਂ ਪਾਏ ਪੂਰਨਿਆਂ ਉਤੇ ਚੱਲਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸੰਗਤਾਂ ਵਲੋਂ 45 ਸਹਿਜ ਪਾਠ ਅਰੰਭ ਕੀਤੇ ਗਏ ਜਿਨ੍ਹਾਂ ਦੀ ਸੰਪੂਰਨਤਾ ਅਗਲੇ ਸਾਲ ਖਾਲਸਾ ਸਾਜਨਾ ਦਿਵਸ, ਵਿਸਾਖੀ ਮੌਕੇ ਹੋਵੇਗੀ।

# ਰੇਡੀਓ ਹੋਸਟ ਬਲਜਿੰਦਰ ਸਿੰਘ ਚੀਮਾ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਮੌਕੇ ਨਜ਼ਦੀਕੀ ਸ਼ਹਿਰ ਕ੍ਰਦਰਜ਼ ਵਿਚ ਦੋ ਰੋਜ਼ਾ ਵਿਸ਼ੇਸ਼ ਸਮਾਗਮ ਕੀਤਾ ਗਿਆ ਜਿਸ ਵਿਚ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਦੋ ਰੋਜ਼ਾ ਸੈਮੀਨਾਰ ਵੀ ਕੀਤਾ ਗਿਆ।

ਸੈਮੀਨਾਰ ਦਾ ਪਹਿਲਾ ਹਿੱਸਾ ਬੱਚਿਆਂ ਲਈ ਸੀ ਜਦੋਂਕਿ ਦੂਜੇ ਹਿੱਸੇ ਵਿਚ ਸਮੂਹ ਸਿੱਖ ਸੰਗਤ ਨਾਲ ਵਿਚਾਰਾਂ ਹੋਈਆਂ। ਇਸ ਮੌਕੇ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਉਘੇ ਰੇਡੀਓ ਹੋਸਟ ਡਾ. ਬਲਜਿੰਦਰ ਸਿੰਘ ਚੀਮਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵੱਧ ਰਹੀਆਂ ਕੁਰੀਤੀਆਂ, ਕਰਮਕਾਂਡ ਤੇ ਪਖੰਡਵਾਦ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਸੰਗਤਾਂ ਨੂੰ ਵਹਿਮਾਂ-ਭਰਮਾਂ ਵਿਚੋਂ ਨਿਕਲ ਕੇ ਗੁਰਮਤਿ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ। ਇਸ ਸਮਾਗਮ ਦੌਰਾਨ ਸਿੱਖ ਕੌਂਸਲ ਕੈਲੀਫੋਰਨੀਆ ਨੇ 1984 ਦੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਣ ਸਬੰਧੀ ਮਤਾ ਪਾਸ ਕਰਨ ਲਈ ਫਰਿਜ਼ਨੋ ਸਿਟੀ ਕੌਂਸਲ ਦਾ ਧੰਨਵਾਦ ਕੀਤਾ ਅਤੇ ਸਿਟੀ ਕੌਂਸਲ ਦੇ ਨਵੇਂ ਮੇਅਰ ਲੀ ਬਰਾਂਡ ਦਾ ਸਨਮਾਨ ਕੀਤਾ। ਲੀ ਬਰਾਂਡ ਨੇ ਸਿੱਖ ਭਾਈਚਾਰੇ ਦੀ ਅਮਰੀਕੀ ਸਮਾਜ ਨੂੰ ਦੇਣ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਸੁਖਦੇਵ ਸਿੰਘ ਚੀਮਾ, ਬਿੱਲ ਨਿੱਝਰ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਇਕਬਾਲ ਸਿੰਘ ਗਰੇਵਾਲ ਅਤੇ ਫਰਿਜ਼ਨੋ ਸਿਟੀ ਕੌਂਸਲ ਦੇ ਕੁਝ ਮੈਂਬਰਾਂ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।



*ਡਾ. ਬਲਜਿੰਦਰ ਸਿੰਘ ਚੀਮਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

# ਜੀਤ ਜਗਜੀਤ ਨੇ ਫਰਿਜ਼ਨੋ 'ਚ ਲਾਈ ਮਿਆਰੀ ਗੀਤਾਂ ਦੀ ਝੜੀ

**ਫਰਿਜ਼ਨੋ (ਬਿਊਰੋ):** ਕੈਨੇਡਾ ਰਹਿੰਦੇ ਲੋਕ ਗਾਇਕ ਜੀਤ ਜਗਜੀਤ, ਜੋ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਹੋਏ ਹਨ, ਨੇ ਇਥੇ ਸੈਂਟਰਲ ਹਾਈ ਸਕੂਲ ਦੇ ਈਸਟ ਕੈਂਪਸ ਵਿਚ ਹੋਏ ਇਕ ਸ਼ੋਅ ਦੌਰਾਨ ਆਪਣੇ ਨਵੇਂ-ਪੁਰਾਣੇ ਮਿਆਰੀ ਗੀਤਾਂ ਦੀ ਝੜੀ ਲਾ ਦਿੱਤੀ। ਸ਼ੋਅ ਦੀ ਖਾਸੀਅਤ ਇਹ ਰਹੀ ਕਿ ਉਸ ਨੇ ਸ਼ੋਰ ਸ਼ਰਾਬੇ ਵਾਲੇ ਸੰਗੀਤ ਤੋਂ ਹਟ ਕੇ ਅਲੋਪ ਹੋ ਰਹੇ ਰਵਾਇਤੀ ਸਾਜ ਢੱਡ-ਸਾਰੰਗੀ ਦੀ ਜੁਗਲਬੰਦੀ ਨਾਲ ਕਰੀਬ ਤਿੰਨ ਘੰਟੇ ਸਰੋਤਿਆਂ ਨੂੰ ਕੀਲੀ ਰੱਖਿਆ।



ਪੰਜਾਬੀ-ਫੋਕ-ਲੋਰ ਦੇ ਬੈਨਰ ਹੇਠ ਕੀਤੇ ਗਏ ਇਸ ਸ਼ੋਅ ਦੌਰਾਨ ਸਰੋਤਿਆਂ ਨੇ ਮੁੜ ਮੁੜ ਤਾੜੀਆਂ ਮਾਰ ਕੇ ਗਾਇਕ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਬਹੁਤ ਸਾਰੀਆਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਪੰਜਾਬੀ ਸੰਗੀਤ ਨੂੰ ਵਿਦੇਸ਼ਾਂ ਵਿਚ ਪ੍ਰਫੁੱਲਿਤ ਕਰਨ ਵਾਲੇ ਪਾਲ ਮਾਹਿਲ ਖਾਸ ਤੌਰ 'ਤੇ ਕੈਨੇਡਾ ਤੋਂ ਇਸ ਸ਼ੋਅ ਵਿਚ ਸ਼ਿਰਕਤ ਕਰਨ ਲਈ ਪਹੁੰਚੇ। ਸਟੇਜ ਸੰਚਾਲਨ ਰੇਡੀਓ ਹੋਸਟ ਗੁਰਪ੍ਰੀਤ ਧਾਲੀਵਾਲ ਨੇ ਕੀਤਾ। ਸ਼ੋਅ ਦੀ ਫੋਟੋਗ੍ਰਾਫੀ ਮੋਗਾ ਵੀਡੀਓ ਨੇ ਕੀਤੀ।

# ਨੇਵਾਡਾ 'ਚ ਬਣੇਗਾ ਜਲਦ ਹੀ ਸੀਨੀਅਰ ਅਕਾਲੀ ਦਲ ਦਾ ਯੂਨਿਟ-ਖਹਿਰਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਯੂਥ ਵਿੰਗ ਵੈਸਟ ਕੋਸਟ ਅਤੇ ਸੀਨੀਅਰ ਅਕਾਲੀ ਦਲ ਵੈਸਟ ਕੋਸਟ ਅਮਰੀਕਾ ਵਲੋਂ ਨੇਵਾਡਾ ਸਟੇਟ ਵਿਚ ਬੀਤੇ ਦਿਨ ਇਕ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਨੇ ਕੀਤੀ ਜਦੋਂ ਕਿ ਮੁੱਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਸਨ। ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਅਮਰੀਕਾ ਦੇ ਚੀਫ ਕੋਆਰਡੀਨੇਟਰ ਅਤੇ ਮੈਂਬਰ ਕੋਰ ਕਮੇਟੀ ਅਰਵਿੰਦਰ ਸਿੰਘ ਲਾਖਨ ਵੀ ਹਾਜ਼ਰ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਰਵਿੰਦਰ ਸਿੰਘ ਬੋਇਲ ਨੇ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪਿਛਲੇ 9 ਸਾਲਾਂ ਵਿਚ ਰਿਕਾਰਡ ਤੋੜ ਵਿਕਾਸ ਕੀਤਾ ਹੈ ਜਿਸ ਸਦਕਾ 2017 ਵਿਚ ਲੋਕ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਸਰਕਾਰ ਬਣਾਉਣ ਦਾ ਇਕ ਹੋਰ ਮੌਕਾ ਦੇਣਗੇ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਹੀ ਪਰਵਾਸੀ ਪੰਜਾਬੀਆਂ ਨੂੰ ਵਿਸ਼ੇਸ਼ ਸਹੂਲਤਾਂ ਮਿਲੀਆਂ, ਜਦੋਂਕਿ ਕਾਂਗਰਸ ਦੇ 50 ਸਾਲਾਂ ਦੇ ਰਾਜ ਦੌਰਾਨ ਕਿਸੇ ਵੀ ਪਰਵਾਸੀ ਪੰਜਾਬੀ ਨੂੰ ਕੋਈ ਸਹੂਲਤ ਨਹੀਂ ਦਿੱਤੀ ਗਈ। ਪੰਜਾਬ ਦੇ ਲੋਕ ਅਕਾਲੀ-ਭਾਜਪਾ ਸਰਕਾਰ ਤੋਂ ਬਾਗੋਬਾਗ ਹਨ ਕਿਉਂਕਿ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਤੋਂ ਲੈ ਕੇ ਸਿੱਖਿਆ, ਨੌਕਰੀਆਂ, ਸੜਕਾਂ ਅਤੇ ਹੋਰ ਸਹੂਲਤਾਂ ਸਿਰਫ ਇਸੇ ਸਰਕਾਰ ਨੇ ਹੀ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੇ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ।

ਇਸ ਮੌਕੇ ਕੁਲਵੰਤ ਸਿੰਘ ਖਹਿਰਾ, ਦਲ ਦੇ ਸੀਨੀਅਰ ਮੀਤ ਪ੍ਰਧਾਨ (ਵੈਸਟ ਕੋਸਟ) ਹਰਬੰਸ ਸਿੰਘ ਚਾਹਲ, ਜਨਰਲ ਸਕੱਤਰ (ਵੈਸਟ ਕੋਸਟ) ਦਲਬੀਰ ਸਿੰਘ ਸੰਘੇੜਾ, ਸੀਨੀਅਰ ਮੀਤ ਪ੍ਰਧਾਨ (ਵੈਸਟ ਕੋਸਟ) ਪਰਮਜੀਤ ਸਿੰਘ ਦਾਖਾ, ਜਗਤਾਰ ਸਿੰਘ ਜੌਹਲ, ਗੁਰਮੇਲ ਸਿੰਘ ਉਪਲ, ਉਪਿੰਦਰ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ 'ਚ ਮਿਸ਼ਨ 2017 ਨੂੰ ਫਤਿਹ ਕਰਨ ਲਈ ਦਿਨ-ਰਾਤ ਇਕ ਕਰਨ ਦਾ ਤਹੱਈਆ ਕੀਤਾ।



ਅਰਵਿੰਦਰ ਸਿੰਘ ਲਾਖਨ, ਸੀਨੀਅਰ ਮੀਤ ਪ੍ਰਧਾਨ ਵਿਨੇ ਵੋਹਰਾ, ਮੀਡੀਆ ਸਕੱਤਰ ਸਤਵੀਰ ਸਿੰਘ ਹੀਰ, ਜਨਰਲ ਸਕੱਤਰ ਸ਼ੇਰ ਸਿੰਘ ਚੌਹਾਨ, ਐਡਵਾਈਜ਼ਰ ਭੁਪਿੰਦਰ ਸਿੰਘ ਜਾੜਲਾ ਅਤੇ ਝਲਮਣ ਸਿੰਘ ਆਦਿ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਚਾਰ ਨੂੰ ਹੋਰ ਤੇਜ਼ ਕਰਨ ਅਤੇ ਪਾਰਟੀ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਘਰ ਘਰ ਪਹੁੰਚਾਣ ਲਈ ਕਿਹਾ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਤੱਖਰ ਪ੍ਰਧਾਨ ਸੈਨ ਹੋਜ਼ੇ ਕਾਊਂਟੀ, ਗੁਰਸੇਵਕ ਸਿੰਘ ਕੈਲੀਫੋਰਨੀਆ, ਜਤਿੰਦਰ ਸਿੰਘ ਜੌਹਲ ਮੀਤ ਪ੍ਰਧਾਨ ਕੈਲੀਫੋਰਨੀਆ, ਕਰਨਵੀਰ ਸਿੰਘ, ਸੁੱਖਾ ਅਟਵਾਲ, ਬਲਕਾਰ ਸਿੰਘ ਮਾਨ, ਸੁਪਨਦੀਪ ਸਿੰਘ ਭੁੱਲਰ, ਪੁਨੀਤ ਅਰੋੜਾ, ਵੰਸ਼ਦੀਪ ਸਿੰਘ ਸਿੱਧੂ ਆਗੂ ਤੇ ਵਰਕਰ ਹਾਜ਼ਰ ਸਨ। ਅੰਤ ਵਿਚ ਜਨਰਲ ਸਕੱਤਰ (ਯੂਥ ਵਿੰਗ) ਨਵਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸਕੱਤਰ ਜਨਰਲ (ਵੈਸਟ ਕੋਸਟ) ਪਰਮਿੰਦਰਪਾਲ ਸਿੰਘ ਰਾਠੌਰ ਨੇ ਕੀਤਾ।

ਨੇਵਾਡਾ ਸਟੇਟ ਦੀ ਯੂਨਿਟ ਦੇ ਪ੍ਰਧਾਨ ਨਛੱਤਰ ਸਿੰਘ ਗੋਸਲ, ਜਨਰਲ ਸਕੱਤਰ ਨਵਜੀਤ ਸਿੰਘ, ਚੇਅਰਮੈਨ ਬਿਸ਼ਨ ਸਿੰਘ ਪਰਮਾਰ ਅਤੇ ਮੀਤ ਪ੍ਰਧਾਨ ਪਲਵਿੰਦਰ ਸਿੰਘ ਬੁੱਟਰ ਨੇ ਮੀਟਿੰਗ ਨੂੰ ਕਾਮਯਾਬ ਕਰਨ ਲਈ ਮੁੱਖ ਭੂਮਿਕਾ ਨਿਭਾਈ।

# ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਸਾਬਕਾ ਵਿਦਿਆਰਥੀਆਂ ਦੀ ਮਿੱਤਰ ਮਿਲਣੀ 25 ਨੂੰ

**ਸਟਾਕਟਨ (ਬਿਊਰੋ):** ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਸਾਬਕਾ ਵਿਦਿਆਰਥੀਆਂ ਨੇ ਕਾਲਜ ਵਿਚ ਸਾਂਝੇ ਤੌਰ 'ਤੇ 23 ਤੋਂ 25 ਨਵੰਬਰ ਦੌਰਾਨ ਮਿੱਤਰ-ਮਿਲਣੀ ਦੇ ਰੂਪ ਵਿਚ ਇਕ ਵਿਸ਼ੇਸ਼ ਸਮਾਗਮ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ 25 ਨਵੰਬਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਣਗੇ। ਉਪਰੰਤ ਕਾਲਜ ਦੇ ਸਾਬਕਾ ਵਿਦਿਆਰਥੀ ਸੰਗਤ ਨੂੰ ਸੰਬੋਧਨ ਕਰਨਗੇ।

1983 ਵਿਚ ਕਾਲਜ ਦੀ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਰਹਿ ਚੁਕੇ ਪ੍ਰਿਤਪਾਲ ਸਿੰਘ ਬਾਲੂ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਇਸ ਮਿੱਤਰ ਮਿਲਣੀ ਦਾ ਮਨੋਰਥ ਕਾਲਜ ਦੀ ਬਿਹਤਰੀ ਲਈ ਕੰਮ ਕਰਨਾ ਅਤੇ ਵਿਦਿਆਰਥੀਆਂ ਨੂੰ ਸਹੀ ਸੇਧ ਦੇਣਾ ਹੈ। ਇਸ ਤੋਂ ਇਲਾਵਾ ਇਹ ਪੁਰਾਣੇ ਵਿਦਿਆਰਥੀਆਂ ਲਈ ਮੁੜ ਮਿਲਣ ਦਾ ਇਕ ਵਧੀਆ ਮੌਕਾ ਹੋਵੇਗਾ। ਹੋਰ ਜਾਣਕਾਰੀ ਲਈ ਪ੍ਰਿਤਪਾਲ ਸਿੰਘ ਬਾਲੂ ਫੋਨ: 209-968-6118, ਸਰਬਜੀਤ ਸਿੰਘ ਸਰਾਓ ਫੋਨ: 650-771-6671 ਜਾਂ ਹਰਚੰਦ ਸਿੰਘ ਫੋਨ: 916-475-2615 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਬੰਦੀ ਸ਼ਰਨਾਰਥੀਆਂ ਬਾਰੇ ਨਰਮ ਪਈ ਆਸਟਰੇਲੀਆ ਸਰਕਾਰ

**ਮੈਲਬਰਨ:** ਆਸਟਰੇਲੀਆ ਸਰਕਾਰ ਨੇ ਅਹਿਮ ਐਲਾਨ ਕਰਦਿਆਂ ਕਿਹਾ ਕਿ ਮੁਲਕ ਵਿਚ ਗੈਰਕਾਨੂੰਨੀ ਤੌਰ ਉਤੇ ਆਉਣ ਵਾਲੇ ਉਨ੍ਹਾਂ ਪਨਾਹਗੀਰਾਂ ਨੂੰ ਅਮਰੀਕਾ ਭੇਜਿਆ ਜਾਵੇਗਾ, ਜੋ ਇਸ ਸਮੇਂ ਮੁਲਕ ਤੋਂ ਬਾਹਰ ਨੁਆਰੂ ਟਾਪੂ ਦੇ ਬੰਦੀ ਕੇਂਦਰਾਂ ਵਿਚ ਰੱਖੇ ਗਏ ਹਨ।

ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਅਤੇ ਆਵਾਸ ਮੰਤਰੀ ਪੀਟਰ ਡਟਨ ਨੇ ਰਾਜਧਾਨੀ ਕੈਨਬਰਾ ਵਿਚ ਇਹ ਐਲਾਨ ਕਰਦਿਆਂ ਦੋਹਾਂ ਮੁਲਕਾਂ ਵਿਚ ਸਮਝੌਤੇ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਉਹ ਸ਼ਰਨਾਰਥੀ ਜੋ ਸਹੀ ਹਨ, ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਦੇ ਕਾਇਦਿਆਂ ਮੁਤਾਬਕ ਅਮਰੀਕਾ ਭੇਜ ਦਿੱਤਾ ਜਾਵੇਗਾ। ਇਹ ਸਿਰਫ ਇਕ ਵਾਰ ਵਿਚ ਨੇਪਰੇ ਚਾੜ੍ਹੇ ਜਾਣ ਵਾਲਾ ਫੈਸਲਾ ਹੈ, ਜਦੋਂਕਿ ਅੱਗੇ ਤੋਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਗ਼ੈਰਕਾਨੂੰਨੀ ਪਰਵਾਸੀਆਂ ਲਈ ਅਜਿਹਾ ਨਹੀਂ ਹੋਵੇਗਾ। ਇਸ ਫੈਸਲੇ ਮੁਤਾਬਕ ਬੱਚਿਆਂ ਅਤੇ ਔਰਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਟਰਨਬੁਲ ਨੇ ਕਿਹਾ ਕਿ ਮਨੁੱਖੀ ਤਸਕਰ ਇਸ ਸਮਝੌਤੇ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰਨਗੇ, ਪਰ ਇਹ ਸਾਫ ਹੈ ਕਿ ਹੁਣ ਮੁਲਕ ਦੇ ਤੱਟ ਵੱਲ ਆਉਣ ਵਾਲੀਆਂ ਕਿਸ਼ਤੀਆਂ ਵਾਪਸ ਮੋੜ ਦਿੱਤੀਆਂ ਜਾਣਗੀਆਂ।

ਕੌਮਾਂਤਰੀ ਪੱਧਰ 'ਤੇ ਉਜੜੇ ਲੋਕਾਂ ਦੇ ਮੁੜ ਵਸਣ ਅਤੇ ਜਿਊਣ ਲਈ ਦਰੁਸਤ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਜਾਣੀ ਜਾਂਦੀ ਯੂ.ਐਨ.ਐਚ.ਸੀ.ਆਰ. (ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਊਜੀਜ਼) ਨੇ ਇਸ ਸਰਕਾਰੀ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਫੈਸਲੇ ਸਬੰਧੀ ਸੰਸਥਾ ਅਮਰੀਕਾ ਨਾਲ ਰਾਬਤੇ ਵਿਚ ਜ਼ਰੂਰ ਹੈ, ਪਰ ਉਹ ਕਿਸੇ ਤਰ੍ਹਾਂ ਦੀ ਧਿਰ ਨਹੀਂ ਹੋਵੇਗੀ। ਸਰਕਾਰ ਅਨੁਸਾਰ ਇਸ ਮਗਰੋਂ ਜੋ ਯੋਗ ਸ਼ਰਨਾਰਥੀ ਇਸ ਸਮਝੌਤੇ ਨੂੰ ਮੰਨਣ ਤੋਂ ਇਨਕਾਰੀ ਹੋਣਗੇ, ਉਨ੍ਹਾਂ ਨੂੰ ਨੁਆਰੂ ਵਿਚ ਹੀ 20 ਸਾਲ ਦੇ ਵੀਜ਼ੇ ਜਾਰੀ ਹੋਣਗੇ।

ਜ਼ਿਕਰਯੋਗ ਹੈ ਕਿ ਲੰਮੇ ਸਮੇਂ ਤੋਂ ਇਸ ਟਾਪੂ 'ਤੇ ਰੱਖੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਦੀ ਕਮੀ ਦੇ ਚੱਲਦਿਆਂ ਇਨ੍ਹਾਂ ਵਿਚੋਂ ਬੱਚੇ ਤੇ ਔਰਤਾਂ ਮਾਨਸਿਕ ਤੌਰ ਉਤੇ ਜ਼ਿਆਦਾ ਪ੍ਰਭਾਵਿਤ ਹੋ ਰਹੀਆਂ ਹਨ। ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀਆਂ ਲਗਾਤਾਰ ਆਵਾਜ਼ ਉਠਾਉਂਦੀਆਂ ਰਹੀਆਂ ਹਨ। ਪਿਛਲੇ ਕਰੀਬ ਤਿੰਨ ਸਾਲਾਂ ਤੋਂ ਸਰਕਾਰ ਦੇ ਮਲੇਸ਼ੀਆ ਸਮੇਤ ਹੋਰ ਮੁਲਕਾਂ ਨਾਲ ਸਮਝੌਤਿਆਂ ਮਗਰੋਂ ਵੀ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ ਸੀ, ਪਰ ਹੁਣ ਅਮਰੀਕੀ ਸਮਝੌਤੇ ਰਾਹੀਂ ਸ਼ਰਨਾਰਥੀਆਂ ਨੂੰ ਕਿਸੇ ਯੋਗ ਥਾਂ ਭੇਜੇ ਜਾਣ ਦੀ ਸਕੀਮ ਸਿਰੇ ਚੜ੍ਹ ਸਕਦੀ ਹੈ।


# ਪਰਵਾਸੀ ਭਾਰਤੀ ਨੂੰ ਗਲੋਬਲ ਸਿਟੀਜ਼ਨ ਐਵਾਰਡ

**ਜੋਹੈਨਸਬਰਗ:** ਭਾਰਤੀ ਮੂਲ ਦੇ ਦੱਖਣੀ ਅਫਰੀਕੀ ਜਿਸ ਨੇ ਗਿਫਟ ਆਫ ਗਿਵਰਜ਼ ਫਾਊਂਡੇਸ਼ਨ ਬਣਾਈ ਸੀ, ਦਾ ਆਲਮੀ ਭਾਈਚਾਰੇ ਦੀ ਬਿਹਤਰੀ ਵਿਚ ਯੋਗਦਾਨ ਪਾਉਣ ਲਈ ਗਲੋਬਲ ਸਿਟੀਜ਼ਨ ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ।

ਫਾਊਂਡੇਸ਼ਨ ਦੇ ਸੰਸਥਾਪਕ ਇਮਤਿਆਜ਼ ਸੁਲੇਮਾਨ ਦਾ ਲੰਡਨ ਵਿਚ ਕਰਵਾਈ ਗਈ ਸਾਲਾਨਾ 10ਵੀਂ ਗਲੋਬਲ ਰੈਜ਼ੀਡੈਂਸ ਐਂਡ ਸਿਟੀਜ਼ਨ ਕਾਨਫਰੰਸ ਦੇ ਅੰਤਿਮ ਦਿਨ ਸਨਮਾਨ ਕੀਤਾ ਗਿਆ।

# ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦਾ ਸ਼ਹੀਦੀ ਦਿਨ ਮਨਾਇਆ

**ਸੈਨ ਫਰਾਂਸਿਸਕੋ (ਬਿਊਰੋ):** ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 101 ਵਾਂ ਸ਼ਹੀਦੀ ਦਿਨ ਇਥੇ ਗਦਰ ਪਾਰਟੀ ਦੇ ਦਫਤਰ ਗਦਰ ਮੈਮੋਰੀਅਲ ਹਾਲ (ਯੁਗਾਂਤਰ ਆਸ਼ਰਮ) ਵਿਚ ਲੰਘੀ 12 ਨਵੰਬਰ ਨੂੰ ਮਨਾਇਆ ਗਿਆ। ਇੰਡੋ ਅਮਰੀਕਨ ਹੈਰੀਟੇਜ ਫੋਰਮ, ਫਰਿਜ਼ਨੋ; ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ, ਸੈਕਰਾਮੈਂਟੋ ਅਤੇ ਇੰਡੋ ਅਮਰੀਕਨ ਦੇਸ਼ ਭਗਤ ਫਾਊਂਡੇਸ਼ਨ ਬੇ-ਏਰੀਆ ਨੇ ਇਹ ਸਮਾਗਮ ਕੌਂਸਲ ਜਨਰਲ ਆਫ ਇੰਡੀਆ ਦੇ ਸਹਿਯੋਗ ਨਾਲ ਮਨਾਇਆ ਜਿਸ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ-ਸੈਕਰਾਮੈਂਟੋ, ਮਾਡੈਸਟੋ, ਮਰਸਿਡ, ਫਰਿਜ਼ਨੋ, ਸਟਾਕਟਨ, ਫਰੀਮਾਂਟ, ਵਾਲੇਹੋ, ਸੈਨ ਹੋਜ਼ੇ ਅਤੇ ਸੈਨ ਫਰਾਂਸਿਸਕੋ ਤੋਂ ਕਰੀਬ 140 ਆਦਮੀਆਂ ਅਤੇ ਔਰਤਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।









ਦਿਲਬਾਗ ਸਿੰਘ ਸੰਧੂ, ਸੁਰਜੀਤ ਸਿੰਘ ਅਟਵਾਲ ਅਤੇ ਗਮਦੂਰ ਸਿੰਘ ਗਿੱਲ ਦੀ ਪ੍ਰਧਾਨਗੀ ਵਿਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਡਿਪਟੀ ਕੌਂਸਲ ਜਨਰਲ ਰੋਹਿਤ ਰਾਥੀਸ਼ ਨੇ ਆਪਣੀ ਤਕਰੀਰ ਨਾਲ ਕੀਤੀ। ਉਨ੍ਹਾਂ ਸਮਾਗਮ ਵਿਚ ਪਹੁੰਚੇ ਲੋਕਾਂ ਦਾ ਸਵਾਗਤ ਕਰਦਿਆਂ ਦੇਸ਼ ਭਗਤ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜ ਬਰਾੜ ਦੇ ਦੇਸ਼ ਭਗਤੀ ਭਿੰਨੇ ਗੀਤ ਤੋਂ ਬਾਅਦ ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੇ ਆਸ਼ਿਆਂ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਮਜਹਬੀ ਆਧਾਰ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਦੀ ਪੁਰਜੋਰ ਨਿਖੇਧੀ ਕੀਤੀ। ਉਨ੍ਹਾਂ ਨੇ 16 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਫਾਸ਼ੀ 'ਤੇ ਚੜ੍ਹਨ ਵਾਲੇ ਸ. ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ 6 ਹੋਰ ਸਾਥੀਆਂ ਬਖਸ਼ੀਸ ਸਿੰਘ, ਸਰੈਣ ਸਿੰਘ (ਛੋਟਾ), ਸਰੈਣ ਸਿੰਘ (ਵੱਡਾ), ਹਰਨਾਮ ਸਿੰਘ, ਜਗਤ ਸਿੰਘ ਅਤੇ ਵਿਸ਼ਣੂ ਗਣੇਸ਼ ਪਿੰਗਲੇ ਦੀ ਸੋਚ ਤੋਂ ਰੋਸ਼ਨੀ ਲੈ ਕੇ ਅੱਜ ਦੇ ਸਮਾਜ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਣ ਦੀ ਪ੍ਰੇਰਨਾ ਕੀਤੀ।

ਇਸਤਰੀ ਸਭਾ, ਪੰਜਾਬ ਦੀ ਆਗੂ ਬੀਬੀ ਨਿਰਮਲਾ ਦੇਵੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਡਾ. ਮਲਕੀਤ ਸਿੰਘ ਕਿੰਗਰਾ ਨੇ ਭਾਵਪੂਰਤ ਕਵਿਤਾਵਾਂ ਦੇ ਹਵਾਲੇ ਦੇ ਕੇ ਸੱਚੇ-ਸੁੱਚੇ ਦੇਸ਼ ਭਗਤ ਪਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਦਵਿੰਦਰ ਸਿੰਘ ਨਾਮਧਾਰੀ ਨੇ ਬਾਬਾ ਰਾਮ ਸਿੰਘ ਪ੍ਰਤੀ ਸ਼ਰਧਾ ਭਰੀ ਕਵਿਤਾ ਪੜ੍ਹੀ। ਪ੍ਰੀਤਮ ਸਿੰਘ ਗਰੇਵਾਲ ਨੇ ਗਦਰ ਮੈਮੋਰੀਅਲ ਦੀ ਮੁੜ ਉਸਾਰੀ ਪ੍ਰਤੀ ਯਤਨਾਂ ਵਾਸਤੇ ਸਮੂਹ ਸੰਸਥਾਵਾਂ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਵੱਡੀ ਪ੍ਰਾਪਤੀ ਦੱਸਿਆ। ਉਨ੍ਹਾਂ ਕੌਂਸਲ ਆਫਿਸ ਤੋਂ ਵੀ ਮੰਗ ਕੀਤੀ ਕਿ ਸ਼ਹੀਦਾਂ ਨਾਲ ਸਬੰਧਤ ਹੋਰ ਵਸਤਾਂ ਵੀ, ਜੋ ਹੇਠਲੇ ਕਮਰੇ ਵਿਚ ਬੰਦ ਹਨ, ਲੋਕਾਂ ਦੇ ਦੇਖਣ ਲਈ ਰੱਖੀਆਂ ਜਾਣ।

ਅਮਰਜੀਤ ਜੌਹਲ, ਹਰਜੀਤ ਸਿੰਘ ਮਰਸਿਡ ਅਤੇ ਪ੍ਰਿੰ. ਹਜ਼ੂਰਾ ਸਿੰਘ ਦੇ ਸੁਰੀਲੇ ਗੀਤਾਂ ਤੇ ਕਵਿਤਾਵਾਂ ਨੇ ਸਮਾਗਮ ਨੂੰ ਚਾਰ ਚੰਨ ਲਾਏ। ਮਾਸਟਰ ਹਰਮੇਸ਼ ਲਾਲ ਨੇ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਕਵਿਤਾ ਸੁਣਾਈ। ਮਾਸਟਰ ਲਛਮਣ ਸਿੰਘ ਰਾਠੌਰ, ਗੁਰਦੇਵ ਸਿੰਘ ਘਣਗਸ ਅਤੇ ਹਰਨੇਕ ਸਿੰਘ ਨੇ ਕਵਿਤਾਵਾਂ ਰਾਹੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਫਰਿਜ਼ਨੋ ਜਥੇ ਨਾਲ ਆਈ ਬੀਬੀ ਸੁਰਜੀਤ ਕੌਰ ਨੇ ਵੀ ਦੇਸ਼ ਭਗਤੀ ਨੂੰ ਪ੍ਰਣਾਏ ਆਪਣੇ ਪਰਿਵਾਰ ਬਾਰੇ ਗੱਲ ਕੀਤੀ।

ਸਮਾਗਮ ਦੇ ਆਖੀਰ ਵਿਚ ਸੁਰਿੰਦਰ ਸਿੰਘ ਮੰਢਾਲੀ ਨੇ ਦੂਰੋਂ-ਨੇੜਿਓਂ ਆਈਆਂ ਸਭ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲ ਆਫਿਸ ਦੇ ਸਹਿਯੋਗ ਦੀ ਸਰਾਹਨਾ ਕੀਤੀ। ਉਨ੍ਹਾਂ ਲੋਕਾਂ ਨੂੰ ਫੋਰਮ ਵਲੋਂ 20 ਨਵੰਬਰ ਨੂੰ ਫਰਿਜ਼ਨੋ ਵਿਚ ਕਰਵਾਏ ਜਾ ਰਹੇ ਇਕ ਹੋਰ ਸਮਾਗਮ ਵਿਚ ਵੀ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਹ ਸਮਾਗਮ ਇੰਡੀਆ ਓਵਨ ਰੈਸਟੋਰੈਂਟ ਵਿਚ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਇੰਡੋ ਅਮਰੀਕਨ ਦੇਸ਼ ਭਗਤ ਫਾਊਂਡੇਸ਼ਨ ਨੇ ਲੰਗਰ ਅਤੇ ਅਟਵਾਲ ਭਰਾਵਾਂ ਨੇ ਗੰਨੇ ਦੇ ਰਸ ਨਾਲ ਆਏ ਮਹਿਮਾਨਾਂ ਦੀ ਸੇਵਾ ਕੀਤੀ। ਮੰਚ ਸੰਚਲਾਨ ਹਰਜਿੰਦਰ ਢੇਸੀ ਨੇ ਬਾਖੂਬੀ ਕੀਤਾ।

# ਸਿੱਧੂ ਦਮਦਮੀ ਦਾ 'ਤਾਰਾ ਸਿੰਘ ਹੇਅਰ' ਪੁਰਸਕਾਰ ਨਾਲ ਸਨਮਾਨ




*ਸਨਮਾਨ ਪ੍ਰਾਪਤ ਕਰਦੇ ਹੋਏ ਸਿੱਧੂ ਦਮਦਮੀ (ਖੱਬਿਓਂ ਤੀਜੇ)*

**ਸਰੀ, ਕੈਨੇਡਾ (ਬਿਊਰੋ):** ਪਿਛਲੇ ਤਿੰਨ ਦਹਾਕਿਆਂ ਤੋਂ ਜੁਰੱਅਤ ਦੀ ਪੱਤਰਕਾਰੀ ਕਰਨ ਲਈ ਸਿੱਧੂ ਦਮਦਮੀ ਦਾ ਕੈਨੇਡਾ ਦੀ 'ਚੇਤਨਾ ਐਸੋਸੀਏਸ਼ਨ' ਵਲੋਂ 'ਤਾਰਾ ਸਿੰਘ ਹੇਅਰ' ਸਾਲਾਨਾ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ। ਤਾਰਾ ਸਿੰਘ ਹੇਅਰ 'ਇੰਡੋ ਕਨੇਡੀਅਨ ਟਾਇਮਜ਼' ਦੇ ਬਾਨੀ ਸੰਪਾਦਕ ਸਨ ਜਿਨ੍ਹਾਂ ਨੂੰ ਵਿਚਾਰਾਂ ਦੀ ਆਜ਼ਾਦੀ ਦਾ ਪਾਹਰੂ ਹੋਣ ਕਾਰਨ 18 ਨਵੰਬਰ 1998 ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

11 ਨਵੰਬਰ ਨੂੰ ਮਨਾਈ ਗਈ ਇਸ ਨਾਈਟ ਵਿਚ ਆਪੋ ਆਪਣੇ ਖੇਤਰਾਂ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਲਈ ਪਾਏ ਯੋਗਦਾਨ ਲਈ ਉਤਰੀ ਅਮਰੀਕਾ ਦੀਆਂ ਚੋਣਵੀਂਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਨੱਕੋ-ਨੱਕ ਭਰੇ ਸਰੀ ਦੇ ਖੰਨਾ ਬੈਂਕੁਇਟ ਹਾਲ ਵਿਚ ਸਿਆਸਤ, ਸਮਾਜਿਕ ਤੇ ਕਲਾ ਖੇਤਰਾਂ ਦੀਆਂ ਅਹਿਮ ਹਸਤੀਆਂ ਦੀ ਹਾਜ਼ਰੀ ਵਿਚ ਚਾਰ ਕੈਟੇਗਰੀਆਂ ਵਿਚ ਪੁਰਸਕਾਰ ਦਿੱਤੇ ਗਏ।

ਪੁਰਸਕਾਰ ਦੇਣ ਸਮੇਂ ਹੋਰ ਪਤਵੰਤਿਆਂ ਤੋਂ ਇਲਾਵਾ ਮੰਚ 'ਤੇ ਮਰਹੂਮ ਹੇਅਰ ਦੇ ਸਪੁਤਰ ਤੇ ਸਿਆਸਤਦਾਨ ਦੇਵ ਹੇਅਰ ਵੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਸਿੱਧੂ ਦਮਦਮੀ ਨੇ ਮੀਡੀਏ ਦੇ ਖੇਤਰ ਵਿਚ ਲੁਕਵੇਂ ਰੂਪ ਵਿਚ ਚਲ ਰਹੀ ਜਾਤ-ਪਾਤ ਦੀ ਨਿਸ਼ਾਨਦੇਹੀ ਕਰਦਿਆਂ ਅਫਸੋਸ ਜ਼ਾਹਰ ਕੀਤਾ ਕਿ ਜਿਸ ਮੀਡੀਏ ਤੋਂ ਸਾਨੂੰ ਸਮਾਜ ਵਿਚੋਂ ਜਾਤ-ਪਾਤ ਦਾ ਕੋਹੜ ਖਤਮ ਕਰਨ ਲਈ ਮੋਹਰੀ ਰੋਲ ਦੀ ਆਸ ਹੈ, ਉਹ ਅੰਦਰਖਤੇ ਖੁਦ ਜਾਤਾਂ ਦੇ ਆਧਾਰ 'ਤੇ ਵੰਡਿਆ ਹੋਇਆ ਹੈ।

ਉਘੇ ਸ਼ੋਸ਼ਲ ਐਕਟੀਵਿਸਟ ਇਮਤਿਆਜ਼ ਪੋਪਟ ਦਾ ਡਾ. ਅੰਬੇਦਕਰ ਸਮਾਜਕ ਨਿਆਂ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ। ਸਰੀ ਲਾਇਬਰੇਰੀ ਦੀ ਸਾਬਕਾ ਮੁਖੀ ਮੈਲਨੀ ਹਾਲਡਨ ਨੂੰ ਲਾਈਫ ਟਾਈਮ ਅਵਾਰਡ ਨਾਲ ਅਤੇ ਸਾਹਿਤ ਤੇ ਕਲਾ ਲਈ ਅੰਮ੍ਰਿਤ ਦੀਵਾਨਾ ਨੂੰ ਡਾ. ਅੰਬੇਦਕਰ ਪੁਰਸਕਾਰ ਨਾਲ ਸਨਮਾਨਿਆ ਗਿਆ।

# ਚੋਣਾਂ ਕਰਕੇ ਪ੍ਰਭੂ ਪੰਜਾਬ 'ਤੇ ਮਿਹਰਬਾਨ

**ਬਠਿੰਡਾ:** ਕੇਂਦਰੀ ਰੇਲਵੇ ਮੰਤਰੀ ਸੁਰੇਸ਼ ਪ੍ਰਭੂ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਨੂੰ ਰੇਲਵੇ ਪ੍ਰਾਜੈਕਟਾਂ ਦਾ ਗੱਫਾ ਦਿੰਦਿਆਂ ਇਨ੍ਹਾਂ ਦਾ ਮਹੂਰਤ ਬਠਿੰਡਾ ਤੋਂ ਕੀਤਾ। ਮੰਤਰੀ ਨੇ ਐਲਾਨ ਕੀਤਾ ਕਿ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਮੁੱਖ ਸ਼ਹਿਰਾਂ ਤੋਂ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਸੁਪਰਫਾਸਟ ਗੱਡੀ ਪੰਜਾਬ ਨੂੰ ਦਿੱਤੀ ਜਾਵੇਗੀ। ਇਵੇਂ ਹੀ 'ਹਮਸਫਰ' ਅਤੇ 'ਤੇਜਸ' ਵਰਗੀਆਂ ਗੱਡੀਆਂ ਨੂੰ ਪੰਜਾਬ ਨਾਲ ਜੋੜਿਆ ਜਾਵੇਗਾ।

ਰੇਲ ਮੰਤਰੀ ਨੇ ਸਥਾਨਕ ਰੇਲਵੇ ਸਟੇਡੀਅਮ ਵਿਚ 1720 ਕਰੋੜ ਦੀ ਲਾਗਤ ਵਾਲੇ ਰਾਜਪੁਰਾ-ਬਠਿੰਡਾ ਰੇਲ ਮਾਰਗ ਦੇ ਦੋਹਰੇਕਰਨ ਦਾ ਨੀਂਹ ਪੱਥਰ, ਪੰਜਾਬ ਦੀਆਂ ਵੱਖ-ਵੱਖ, ਰੇਲਵੇ ਲਾਈਨਾਂ ਉਤੇ 16 ਸੀਮਤ ਉਚਾਈ ਵਾਲੇ ਸਬ ਵੇਅ ਬਣਾਉਣ ਦੇ ਕੰਮ ਦੀ ਸ਼ੁਰੂਆਤ, ਮਾਨਸਾ-ਬਠਿੰਡਾ ਡਬਲ ਟਰੈਕ ਦਾ ਉਦਘਾਟਨ, ਬਿਆਸ ਵਿਚ ਨਵੇਂ ਸਟੇਸ਼ਨ ਭਵਨ ਨੂੰ ਦੇਸ਼ ਨੂੰ ਸਮਰਪਤ ਕਰਨ, ਲੁਧਿਆਣਾ 'ਚ ਨਵੇਂ ਰਨਿੰਗ ਰੂਮ ਦੇ ਉਦਘਾਟਨ ਤੋਂ ਇਲਾਵਾ ਬਠਿੰਡਾ ਰੇਲਵੇ ਸਟੇਸ਼ਨ ਉਤੇ 5 ਵਾਟਰ ਵੈਂਡਿੰਗ ਮਸ਼ੀਨਾਂ ਦੀ ਇਕੋ ਥਾਂ ਤੋਂ ਸ਼ੁਰੂਆਤ ਕੀਤੀ। ਬਠਿੰਡਾ ਜੰਕਸ਼ਨ ਲਾਗੇ ਹੋਏ ਸਮਾਗਮਾਂ ਵਿਚ ਰੇਲ ਮੰਤਰੀ ਨੇ ਆਖਿਆ ਕਿ ਦੇਸ਼ ਵਿਚ 'ਉਦੈ' ਗੱਡੀ ਵੀ ਸ਼ੁਰੂ ਕੀਤੀ ਜਾ ਰਹੀ ਹੈ ਜੋ ਰਾਤ ਸਮੇਂ ਚੱਲੇਗੀ ਅਤੇ ਸਵੇਰ ਹੋਣ ਤੱਕ ਆਪਣੀ ਮੰਜ਼ਿਲ ਉਤੇ ਪੁੱਜਿਆ ਕਰੇਗੀ। ਗਰੀਬ ਲੋਕਾਂ ਲਈ 'ਅੰਤੋਦਿਆ' ਗੱਡੀ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਯੂ.ਪੀ.ਏ ਸਰਕਾਰ ਸਮੇਂ ਪੰਜਾਬ ਦਾ ਰੇਲ ਬਜਟ 224 ਕਰੋੜ ਰੁਪਏ ਸੀ ਜੋ ਸਾਡੀ ਸਰਕਾਰ ਨੇ ਵਧਾ ਕੇ 700 ਕਰੋੜ ਰੁਪਏ ਕਰ ਦਿੱਤਾ ਹੈ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਤੁਰਦਾ-ਫਿਰਦਾ ਰਾਜਦੂਤ ਸੀ ਅਜੀਤ ਸਿੰਘ ਹਿੰਦੁਸਤਾਨ ਦੀ ਆਜ਼ਾਦੀ ਦਾ

ਆਮ ਤੌਰ 'ਤੇ ਅਸੀਂ ਸ. ਅਜੀਤ ਸਿੰਘ ਨੂੰ ਸ਼ਹੀਦ ਭਗਤ ਸਿੰਘ ਦੇ ਚਾਚੇ ਵਜੋਂ ਹੀ ਜਾਣਦੇ ਹਾਂ, ਖੁਦ ਉਸ ਬਾਰੇ ਸਾਨੂੰ ਬਹੁਤ ਘੱਟ ਪਤਾ ਹੈ, ਜਲਾਵਤਨੀ ਤੋਂ ਬਾਅਦ ਦੀ ਜਾਣਕਾਰੀ ਸਾਡੇ ਤੱਕ ਨਹੀਂ ਪਹੁੰਚੀ। ਲੋੜ ਹੈ, ਅਸੀਂ ਅਜੀਤ ਸਿੰਘ ਬਾਰੇ ਗੱਲ ਕਰ ਕੇ ਸ਼ਹੀਦ ਭਗਤ ਸਿੰਘ ਨੂੰ ਜਾਣੀਏ। ਉਸ ਪਿਛੋਕੜ ਦਾ ਪਤਾ ਕਰੀਏ, ਜਿਸ ਵਿਚ ਭਗਤ ਸਿੰਘ ਵਰਗਾ ਅੱਲ੍ਹੜ ਗੱਭਰੂ, ਸ਼ਹੀਦ-ਏ-ਆਜ਼ਮ ਭਗਤ ਸਿੰਘ ਬਣਿਆ। ਇਹ ਕਹਿਣਾ ਹੈ, ਇੰਜੀਨੀਅਰ ਰਣਜੀਤ ਸਿੰਘ ਰਾਣਾ ਦਾ ਜੋ ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਕਰਵਾਈ ਗਈ 'ਪੱਗੜੀ ਸੰਭਾਲ ਜੱਟਾ' ਗੋਸ਼ਟੀ 'ਤੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।

ਸ. ਰਾਣਾ, ਸ਼ੋਸ਼ਲ ਐਕਟੀਵਿਸਟ ਭਾ ਜੀ ਗੁਰਸ਼ਰਨ ਸਿੰਘ ਬਾਰੇ ਨਿਰਦੇਸ਼ਕ ਸਿੱਧੂ ਦਮਦਮੀ ਵਲੋਂ ਬਣਾਈ ਗਈ ਦਸਤਾਵੇਜੀ ਫਿਲਮ ਦਾ ਨਿਰਮਾਤਾ ਵੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਆਦਮੀ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ, ਉਹ ਹਾਲਾਤ ਅਤੇ ਜੇਨੇਟਿਕਸ ਦੇ ਜਮਾਂ-ਜੋੜ ਦੀ ਉਪਜ ਹੁੰਦਾ ਹੈ। ਭਗਤ ਸਿੰਘ ਦੇ ਹਾਲਾਤ ਨੂੰ ਉਸ ਦੇ ਦਾਦਾ ਅਰਜਨ ਸਿੰਘ ਦੀ ਦੇਸ਼ ਭਗਤੀ, ਚਾਚਾ ਅਜੀਤ ਸਿੰਘ ਦੀ ਨਾਬਰੀ ਅਤੇ ਉਨ੍ਹਾਂ ਦਾ ਅੰਗਰੇਜ਼ ਵਿਰੋਧੀ ਇਨਕਲਾਬੀ ਵਿਰਸੇ ਨੇ ਸਿਰਜਿਆ ਸੀ। ਆਮ ਤੌਰ 'ਤੇ ਆਜ਼ਾਦੀ ਦੀਆਂ ਸਮਕਾਲੀ ਲਹਿਰਾਂ ਸਿਰਫ ਸਿਆਸੀ ਮੁੱਦਿਆਂ ਤੱਕ ਸੀਮਤ ਰਹੀਆਂ, ਪਰ 'ਪੱਗੜੀ ਸੰਭਾਲ ਜੱਟਾ' ਪਹਿਲੀ ਲਹਿਰ ਸੀ ਜੋ ਸਮਾਜਿਕ-ਆਰਥਿਕ ਮੁੱਦਿਆਂ ਨੂੰ ਲੈ ਕੇ ਤੁਰੀ, ਜਿਸ ਨਾਲ ਪੇਂਡੂ ਕਿਸਾਨੀ ਦਾ ਵੀ ਇਨਕਲਾਬੀਕਰਣ ਹੋਇਆ। ਉਸ ਦੀ ਸ਼ਖਸੀਅਤ ਦੀ ਵਡਿੱਤਣ ਬਾਰੇ ਦੱਸਦਿਆਂ ਉਨ੍ਹਾਂ ਲੋਕ ਮਾਨਿਆ ਤਿਲਕ ਦੀ ਉਸ ਟਿੱਪਣੀ ਦਾ ਹਵਾਲਾ ਦਿੱਤਾ, ਜਿਸ ਵਿਚ ਤਿਲਕ ਨੇ ਕਿਹਾ ਸੀ ਕਿ ਅਜੀਤ ਸਿੰਘ ਆਜ਼ਾਦੀ ਤੋਂ ਬਾਅਦ ਪਹਿਲਾ ਰਾਸ਼ਟਰਪਤੀ ਹੋਣ ਚਾਹੀਦਾ ਹੈ। ਉਨ੍ਹਾਂ ਇਸ ਵਿਰਸੇ ਦੀ ਜਾਣਕਾਰੀ ਲੋਕਾਂ ਨਾਲ ਸਾਂਝੀ ਕਰਨ ਲਈ ਕੀਤੀ ਪਹਿਲ ਲਈ ਐਸੋਸੀਏਸ਼ਨ ਨੂੰ ਵਧਾਈ ਦਿੱਤੀ।

ਗੋਸ਼ਟੀ ਦੀ ਸ਼ੁਰੂਆਤ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਅਣਗੌਲੇ ਇਨਕਲਾਬੀ ਸ. ਅਜੀਤ ਸਿੰਘ ਨੂੰ ਬਾਕਾਇਦਾ ਯਾਦ ਕਰਨ ਦਾ ਇਹ ਪਲੇਠਾ ਉਪਰਾਲਾ ਹੈ ਜੋ ਹਿੰਦੋਸਤਾਨ ਦੀ ਆਜ਼ਾਦੀ ਲਈ, ਚੜ੍ਹਦੀ ਉਮਰ ਤੋਂ ਲੈ ਕੇ ਲਗਭਗ 38 ਸਾਲ 1946 ਤਕ ਜਲਾਵਤਨ ਰਿਹਾ। ਉਸ ਨੇ ਅਜੀਤ ਸਿੰਘ ਦੀ ਇਨਕਲਾਬੀ ਜਿੰਦਗੀ ਦੇ ਵੇਰਵੇ ਵੀ ਸਾਂਝੇ ਕੀਤੇ।

ਸ਼ਹੀਦਾਂ ਦੇ ਪਿਛੋਕੜ ਅਤੇ ਪਿੰਡ ਦੇ ਨਾਂ ਦੀ ਕਹਾਣੀ ਬੜੀ ਦਿਲਚਸਪ ਅਤੇ ਰੁਮਾਨੀ ਹੈ। ਸਤਾਰਵੀਂ ਸਦੀ ਦੇ ਮੁੱਢ ਵਿਚ ਇਨ੍ਹਾਂ ਦੇ ਖਾਨਦਾਨ ਦਾ ਮਾਝੇ ਦੇ ਪਿੰਡ ਨਾਰਲੀ ਦਾ ਇਕ ਗੱਭਰੂ ਆਪਣੇ ਬਜੁਰਗ ਦੇ ਫੁੱਲ ਪਾਉਣ ਹਰਦੁਆਰ ਜਾ ਰਿਹਾ ਸੀ। ਦਿਨ ਛਿਪਣ 'ਤੇ ਉਹ ਰਾਹ ਵਿਚ ਪੈਂਦੇ ਪਿੰਡ ਗੜ੍ਹ-ਕਲਾਂ ਰਾਤ ਕੱਟਣ ਲਈ ਠਹਿਰਦਾ ਹੈ। ਉਸ ਦੀ ਹੁੰਦੜਹੇਲਤਾ, ਸਿਆਣਪ ਅਤੇ ਗੱਲ-ਬਾਤ ਤੋਂ ਉਸ ਗੜ੍ਹੀ ਦਾ ਮਾਲਕ ਸਰਦਾਰ ਤੇ ਸਰਦਾਰਨੀ ਇਸ ਕਦਰ ਪ੍ਰਭਾਵਿਤ ਹੁੰਦੇ ਹਨ ਕਿ ਦਿਲ ਹੀ ਦਿਲ ਵਿਚ ਆਪਣੀ ਇਕਲੌਤੀ ਲੜਕੀ ਦਾ ਹੱਥ ਉਸ ਦੇ ਹੱਥ ਦੇਣ ਦੀ ਵਿਉਂਤ ਬਣਾਉਂਦੇ ਹਨ। ਵਾਪਸੀ ਤੇ ਉਸ ਨੂੰ ਉਨ੍ਹਾਂ ਕੋਲ ਫਿਰ ਠਹਿਰਨ ਦਾ ਸੱਦਾ ਦਿੰਦੇ ਹਨ। ਉਹ ਆਉਂਦਾ ਹੈ ਤੇ ਗੜ੍ਹੀ ਦੇ ਮਾਲਕ ਉਸ ਨੂੰ ਆਪਣੀ ਇਕਲੌਤੀ ਕੁੜੀ ਦੇ ਸਾਕ ਦੀ ਪੇਸ਼ਕਸ਼ ਕਰਦੇ ਹਨ। ਪਰ ਸ਼ਰਤ ਇਹ ਹੁੰਦੀ ਹੈ ਕਿ ਉਹ ਘਰ ਜੁਆਈ ਬਣ ਕੇ ਰਹੇ। ਕੁੜੀ ਨੂੰ ਅੰਦਰੇ ਅੰਦਰ ਦਿਲ ਦੇ ਬੈਠੇ ਗੱਭਰੂ ਨੇ ਇਹ ਸ਼ਰਤ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਈ।

ਗੜ੍ਹੀ ਅਤੇ ਜਾਇਦਾਦ ਜਵਾਈ ਅਤੇ ਕੁੜੀ ਨੂੰ ਖੱਟ (ਦਹੇਜ) ਵਿਚ ਦੇ ਕੇ, ਸੱਸ-ਸਹੁਰਾ ਗੁਆਂਢ ਵਿਚ ਨਵਾਂ ਪਿੰਡ ਗੜ੍ਹ-ਖੁਰਦ ਵਸਾ ਲੈਂਦੇ ਹਨ। ਇਹੀ ਗੜ੍ਹ ਕਲਾਂ, ਬਾਅਦ ਵਿਚ ਖੱਟਗੜ੍ਹ ਕਲਾਂ ਅਤੇ ਹੌਲੀ ਹੌਲੀ, ਖਟਕੜ ਕਲਾਂ ਬਣ ਜਾਂਦਾ ਹੈ, ਜਿਸ ਦਾ ਨਾਮ ਸ਼ਹੀਦ ਪਰਿਵਾਰ ਕਰਕੇ ਅੱਜ ਦੁਨੀਆਂ ਭਰ ਵਿਚ ਪ੍ਰਸਿੱਧ ਹੈ।

ਸ. ਅਜੀਤ ਸਿੰਘ ਦੀ ਇਨਕਲਾਬੀ ਜੀਵਨੀ ਦੇ ਵੇਰਵੇ ਦਿੰਦਿਆਂ ਵਿਗਿਆਨੀ ਅਤੇ ਚਿੰਤਕ ਡਾ. ਗੁਰੂਮੇਲ ਸਿੰਘ ਨੇ ਕਿਹਾ, ਉਹ ਮੁਲਕ ਤੋਂ ਇਸ ਕਰਕੇ ਬਦਰ ਨਹੀਂ ਹੋਇਆ ਕਿ ਉਸ ਨੇ ਬਾਹਰ ਆ ਕੇ ਸੈਟਲ ਹੋਣ ਸੀ ਸਗੋਂ ਉਹ ਉਨ੍ਹਾਂ ਮੁਲਕਾਂ ਵਿਚ ਗਿਆ ਜੋ ਕੌਮਾਂਤਰੀ ਸਫਬੰਦੀ ਵਿਚ ਕਿਸੇ ਨਾ ਕਿਸੇ ਕਾਰਣ ਬਰਤਾਨਵੀ ਸਰਕਾਰ ਨਾਲ ਖਫਾ ਸਨ। ਉਹ ਦੁਨੀਆਂ ਦੇ ਕਈ ਮੁਲਕਾਂ ਵਿਚ ਗਿਆ। ਇਨਕਲਾਬੀ ਵਜੋਂ ਸ. ਅਜੀਤ ਸਿੰਘ ਦੀ ਸ਼ੁਰੂਆਤ ਕਿਸਾਨੀ ਘੋਲ ਵਿਚ ਹੁੰਦੀ ਹੈ। 1857 ਦੇ ਗਦਰ ਨੂੰ ਦਬਾਉਣ ਤੇ ਸਮੁੱਚੇ ਮੁਲਕ 'ਤੇ ਕਾਬਜ ਹੋਣ



*ਸ. ਅਜੀਤ ਸਿੰਘ*

ਵਿਚ ਪੰਜਾਬੀ ਰਾਜਿਆਂ, ਸਿੱਖਾਂ ਅਤੇ ਮੁਸਲਮਾਨਾਂ ਤੋਂ ਮਿਲੀ ਸਹਾਇਤਾ ਤੋਂ ਖੁਸ਼ ਹੋ ਕੇ, ਅੰਗਰੇਜੀ ਸਰਕਾਰ ਅੰਮ੍ਰਿਤਸਰ, ਜਲੰਧਰ ਤੇ ਫਿਰੋਜਪੁਰ ਦੇ ਕਿਸਾਨਾਂ ਤੇ ਸਾਬਕਾ ਫੌਜੀਆਂ ਨੂੰ ਲਾਇਲਪੁਰ ਇਲਾਕੇ ਵਿਚ ਜਮੀਨਾਂ ਮੁਫਤ ਅਲਾਟ ਕੀਤੀਆਂ। ਮੁਫਤ ਨਹਿਰੀ ਪਾਣੀ ਦਿੱਤਾ ਜਾਂਦਾ ਹੈ। ਫਿਰ ਕਾਫੀ ਸਮਾਂ ਸੁੱਖ-ਸ਼ਾਂਤੀ ਨਾਲ ਲੰਘਦਾ ਹੈ, ਜੋ ਅੰਗਰੇਜ਼ ਸਰਕਾਰ ਵਲੋਂ ਪਾਸ ਕੀਤੇ ਗਏ ਦੋ ਕਾਨੂੰਨਾਂ ਨਾਲ ਭੰਗ ਹੋ ਗਈ। ਸਰਕਾਰ ਨੇ ਆਬਿਆਨਾ ਹੀ ਨਹੀਂ ਵਧਾਇਆ ਸਗੋਂ ਜਮੀਨ ਦੇ ਮਾਲਕੀ ਹੱਕ ਵੀ ਖੋਹ ਲਏ। ਨਾਲ ਨਾਲ ਪੇਂਡੂ ਕਿਸਾਨੀ ਕਾਲ ਅਤੇ ਪਲੇਗ ਦੀ ਮਾਰ ਥੱਲੇ ਵੀ ਆ ਗਈ। ਇਸ ਨਾਲ ਆਬਾਦਕਾਰਾਂ ਵਿਚ ਬੇਚੈਨੀ ਅਤੇ ਰੋਹ ਫੁੱਟ ਪਿਆ। ਅੰਗਰੇਜ਼ਾਂ ਦੀ ਇਨਸਾਫਪਸੰਦੀ ਤੋਂ ਪ੍ਰਭਾਵਿਤ, ਕਾਨੂੰਨੀ ਚਾਰਾਜੋਈ ਲਈ ਕਿਸਾਨ ਪਹਿਲਾਂ ਲਾਲਾ ਲਾਜਪਤ ਰਾਏ ਕੋਲ ਗਏ, ਜਿਸ ਨੇ ਬਾਂਹ ਨਾ ਫੜ੍ਹੀ। ਫਿਰ ਉਨ੍ਹਾਂ ਅਜੀਤ ਸਿੰਘ ਤੱਕ ਰਸਾਈ ਕੀਤੀ ਜੋ ਬਰਤਾਨਵੀ ਸਾਮਰਾਜ ਖਿਲਾਫ ਪਹਿਲਾਂ ਹੀ ਕਾਰਜਸ਼ੀਲ ਸੀ। ਅਜੀਤ ਸਿੰਘ ਦੀ ਅਗਵਾਈ ਵਿਚ ਚੱਲਿਆ ਕਿਸਾਨੀ ਘੋਲ ਬਾਅਦ ਵਿਚ 'ਪੱਗੜੀ ਸੰਭਾਲ ਜੱਟਾ' ਲਹਿਰ ਵਜੋਂ ਜਾਣਿਆ ਗਿਆ। ਅਜੀਤ ਸਿੰਘ ਦੇ ਭਾਸ਼ਣਾਂ ਨਾਲ ਕਿਸਾਨ ਇਸ ਕਦਰ ਜੋਸ਼ ਵਿਚ ਆਏ ਕਿ ਗੋਰੇ ਅਫਸਰਾਂ ਨੂੰ ਨਿਜੀ ਸੁਰੱਖਿਆ ਦਾ ਫਿਕਰ ਹੋਣ ਲੱਗਾ। ਕਿਸਾਨਾਂ ਦੇ ਫੌਜੀ ਰਿਸ਼ਤੇਦਾਰਾਂ ਵਿਚ ਵੀ ਇਨ੍ਹਾਂ ਕਾਨੂੰਨਾਂ ਕਰਕੇ ਗੁੱਸਾ ਸੀ। ਕਿਸਾਨਾਂ ਅਤੇ ਆਮ ਲੋਕਾਂ ਵਿਚ ਸ. ਅਜੀਤ ਸਿੰਘ ਦੀ ਲੋਕਪ੍ਰਿਅਤਾ ਕਰਕੇ ਉਸ ਖਿਲਾਫ ਕੇਸ ਦਰਜ ਕੀਤੇ ਗਏ ਅਤੇ ਉਸ ਨੂੰ ਜਲਾਵਤਨੀ ਦੀ ਸਜਾ ਦੇ ਕੇ ਮਾਂਡਲਾ ਜੇਲ੍ਹ ਭੇਜ ਦਿੱਤਾ ਗਿਆ। ਹਾਲਾਤ ਹੱਥੋਂ ਨਿਕਲਣ ਦੇ ਡਰੋਂ ਅਤੇ ਪੰਜਾਬੀਆਂ ਵਿਚ ਆਪਣੀ ਸਾਖ ਬਚਾਈ ਰੱਖਣ ਲਈ ਅੰਗਰੇਜ਼ ਹਕੂਮਤ ਨੇ ਇਹ ਕਾਨੂੰਨ ਵਾਪਸ ਲੈ ਲਿਆ ਅਤੇ ਅਜੀਤ ਸਿੰਘ ਨੂੰ ਰਿਹਾ ਕਰਨਾ ਪਿਆ।

ਡਾ. ਸਿੱਧੂ ਅਨੁਸਾਰ ਆਜ਼ਾਦੀ ਦੀ ਲੜਾਈ ਲਈ ਕੌਮਾਂਤਰੀ ਮਦਦ ਜੁਟਾਉਣ ਵਾਸਤੇ ਅਜੀਤ ਸਿੰਘ ਈਰਾਨ ਰਾਹੀਂ ਯੂਰਪ ਪਹੁੰਚਿਆ ਅਤੇ ਬਰਤਾਨੀਆ ਦੇ ਪ੍ਰਭਾਵ ਤੋਂ ਮੁਕਤ ਮੁਲਕ ਸਵਿਟਜ਼ਰਲੈਂਡ ਜਾ ਟਿਕਿਆ, ਜਿੱਥੇ ਕਈ ਮੁਲਕਾਂ ਦੇ ਬਾਗੀਆਂ ਨੇ ਸ਼ਰਣ ਲਈ ਹੋਈ ਸੀ। ਉਥੇ ਉਸ ਦੀ ਮੁਲਾਕਾਤ ਰੂਸੀ ਆਗੂ ਲੈਨਿਨ ਨਾਲ ਹੋਈ। ਉਹ ਇਟਲੀ ਦੇ ਭਾਵੀ ਡਿਕਟੇਟਰ ਮੁਸੋਲਿਨੀ, ਟ੍ਰਾਟਸਕੀ ਅਤੇ ਲਾਲਾ ਹਰਦਿਆਲ ਨੂੰ ਮਿਲਿਆ। ਫਿਰ ਉਹ ਜਰਮਨੀ ਚਲਾ ਗਿਆ। ਉਥੇ 'ਬਰਲਿਨ ਕਮੇਟੀ' ਦੇ ਮੈਂਬਰਾਂ ਬਰਕਤ ਉਲਾ ਖਾਂ, ਮੈਡਮ ਕਾਹਮਾ, ਚੱਟੋਪਾਧਿਆਏ ਆਦਿ ਨੂੰ ਮਿਲਿਆ। ਉਸ ਹਿਟਲਰ ਨੂੰ ਤਾਕੀਦ ਕੀਤੀ ਕਿ ਭਾਰਤੀ ਫੌਜੀਆਂ ਨੂੰ ਸਿਰਫ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਹੀ ਵਰਤਿਆ ਜਾਵੇ, ਪਰ ਹਿਟਲਰ ਨਾ ਮੰਨਿਆ ਅਤੇ ਅਜੀਤ ਸਿੰਘ ਗੁੱਸੇ ਵਿਚ ਵਾਪਸ ਸਵਿਟਜ਼ਰਲੈਂਡ ਆ ਗਿਆ। ਜਦੋਂ ਮੁਸੋਲਿਨੀ ਇਟਲੀ ਦਾ ਪ੍ਰਧਾਨ ਬਣਿਆ ਤਾਂ ਉਸ ਨਾਲ ਵਾਕਫੀਅਤ ਦਾ ਫਾਇਦਾ ਉਠਾ ਕੇ ਉਹ ਇਟਲੀ ਚਲਾ ਗਿਆ ਜਿੱਥੇ ਰੇਡੀਓ ਰਾਹੀਂ ਉਹ ਬਰਤਾਨਵੀ ਹਕੂਮਤ ਦੇ ਖਿਲਾਫ ਪ੍ਰਚਾਰ ਕਰਨ ਲੱਗਾ। ਇਸੇ ਦੌਰਾਨ ਭਗਤ ਸਿੰਘ ਨੂੰ ਫਾਂਸੀ ਲੱਗ ਗਈ ਜਿਸ ਨੇ ਉਸ ਦੇ ਅਕੀਦੇ ਨੂੰ ਹੋਰ ਪੱਕਾ ਕਰ ਦਿੱਤਾ।

ਜਦੋਂ ਅੰਗਰੇਜ਼ਾਂ ਨੇ ਮੁਲਕ ਛੱਡਣ ਦੀ ਤਿਆਰੀ ਕਰ ਲਈ ਤਾਂ ਉਹ 1946 ਵਿਚ ਬਿਮਾਰੀ ਦੀ ਹਾਲਤ ਵਿਚ ਹਿੰਦੁਸਤਾਨ ਵਾਪਸ ਆ ਗਿਆ। ਫਿਰਕੂ ਮਾਰਧਾੜ ਤੇ ਮੁਲਕ ਦੀ ਵੰਡ ਨਾਲ ਉਸ ਨੂੰ ਗਹਿਰਾ ਸਦਮਾ ਪਹੁੰਚਿਆ।

ਗੱਲ ਨੂੰ ਅੱਗੇ ਤੋਰਦਿਆਂ, ਅਜੀਤ ਸਿੰਘ ਦੇ ਸਕੇ ਸਬੰਧੀ ਕਿਰਪਾਲ ਸਿੰਘ ਸੰਧੂ ਨੇ ਕਿਹਾ ਕਿ ਅਜੀਤ ਸਿੰਘ ਦਾ ਪਰਿਵਾਰਕ ਮਾਹੌਲ ਬਹੁਤ ਹੀ ਜਮਹੂਰੀ ਸੀ, ਜਿੱਥੇ ਬਜੁਰਗ ਆਪਣੇ ਅਕੀਦੇ ਬੱਚਿਆਂ 'ਤੇ ਠੋਸਦੇ ਨਹੀਂ ਸਨ।

'ਪੱਗੜੀ ਸੰਭਲਾ ਜੱਟਾ' ਲਹਿਰ ਦੇ ਸਿਰਲੇਖ ਦੀ ਮਹੱਤਤਾ ਦੀ ਗੱਲ ਕਰਦਿਆਂ ਸ਼ਾਇਰ ਤੇ ਰੇਡੀਓ ਹੋਸਟ ਹਰਜਿੰਦਰ ਕੰਗ ਨੇ ਕਿਹਾ ਕਿ ਇਹ ਸਾਨੂੰ ਇਤਿਹਾਸ ਨਾਲ ਜੋੜਦਾ ਹੈ ਅਤੇ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਉਸ ਦਾ ਕਹਿਣਾ ਸੀ, ਪੱਗੜੀ ਸਿਰਫ ਕੱਪੜਾ ਨਹੀਂ, ਸੰਕੇਤਕ ਚਿੰਨ੍ਹ ਹੈ ਅਤੇ ਇਸ ਨੂੰ ਬੰਨਣ ਦਾ ਹੱਕ ਉਸੇ ਨੂੰ ਹੈ ਜੋ ਇਸ ਲਈ ਸ਼ਹਾਦਤ ਦੇਣ ਵਾਸਤੇ ਤਿਆਰ ਹੈ। ਆਪਣੀ ਕਵਿਤਾ ਨਾਲ ਹਾਜਰੀ ਲੁਆਉਂਦਿਆਂ ਹਰਜਿੰਦਰ ਕੰਗ ਨੇ ਸੱਦਾ ਦਿੱਤਾ ਕਿ ਸਾਨੂੰ ਸ਼ਹੀਦਾਂ ਦੇ ਅਧੂਰੇ ਪਏ ਉਦੇਸ਼ਾਂ ਦੀ ਪੂਰਤੀ ਲਈ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।


ਸ਼ਹੀਦਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੀ ਦੁਰਗਤੀ ਦਾ ਹਵਾਲਾ ਦਿੰਦਿਆਂ ਕਰਨਲ ਹਰਦੇਵ ਸਿੰਘ ਗਿੱਲ ਨੇ ਕਿਹਾ ਕਿ ਸਾਨੂੰ ਆਲੇ-ਦੁਆਲੇ ਰਹਿ ਰਹੇ ਜਾਂ ਸਾਡੇ ਸੰਪਰਕ ਵਿਚ ਆਉਂਦੇ ਅਜਿਹੇ ਅਣਗੌਲੇ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਦੇਸ਼ ਸੇਵਾ ਵਿਚ ਜੁਟੇ ਦੇਸ਼ ਭਗਤ ਆਪਣੇ ਪਰਿਵਾਰਾਂ ਲਈ, ਮੁਸੀਬਤਾਂ ਅਤੇ ਦੁਸ਼ਵਾਰੀਆਂ ਹੀ ਛੱਡ ਕੇ ਜਾਂਦੇ ਹਨ, ਜਿਨ੍ਹਾਂ ਬਾਰੇ ਅਸੀਂ ਅਕਸਰ ਅਵੇਸਲੇ ਹੋ ਜਾਂਦੇ ਹਾਂ।

ਮੀਡੀਆ ਸ਼ਖਸੀਅਤ ਤੇ ਲੇਖਕ ਸਿੱਧੂ ਦਮਦਮੀ ਨੇ ਗੋਸ਼ਟੀ ਦੀ ਸਾਰੀ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਅਜੀਤ ਸਿੰਘ ਵਰਗੀ ਅਣਗੌਲੀ ਪਈ ਅਜੀਮ ਸ਼ਖਸੀਅਤ ਦੀ ਗੱਲ ਕਰਕੇ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਨੇ ਪਹਿਲਕਦਮੀ ਕੀਤੀ ਹੈ। ਜਦੋਂ ਇਹ ਗੱਲ ਮੀਡੀਏ ਵਿਚ ਜਾਵੇਗੀ ਤਾਂ ਹੋਰ ਵੀ ਗੱਲਾਂ ਬਾਹਰ ਆਉਣਗੀਆਂ। ਅਜੀਤ ਸਿੰਘ ਦੁਆਰਾ ਕੀਤੀ ਕੌਮਾਂਤਰੀ ਨੈਟਵਰਕਿੰਗ ਤੇ ਚੋਟੀ ਦੇ ਆਗੂਆਂ ਨਾਲ ਮੁਲਾਕਾਤਾਂ ਵਾਲੇ ਤੱਥ 'ਤੇ ਫੋਕਸ ਨਹੀਂ ਹੋਇਆ। ਸ. ਸਿੱਧੂ ਨੇ ਕਿਹਾ ਕਿ ਅਜੀਤ ਸਿੰਘ ਦਾ ਕੰਮ ਸੁਭਾਸ਼ ਚੰਦਰ ਬੋਸ ਨਾਲੋਂ ਵੱਡਾ ਹੈ। ਸ਼ਹੀਦਾਂ ਨੂੰ ਯਾਦ ਕਰਦਿਆਂ ਸਾਨੂੰ ਭਾਰਤ ਵਿਚ ਦੇਸ਼ ਭਗਤੀ ਦੀ ਨਵੀਂ ਪਰਿਭਾਸ਼ਾ ਬਾਰੇ ਵੀ ਜਾਗਰੂਕ ਰਹਿਣਾ ਚਾਹੀਦਾ ਹੈ। ਦੇਸ਼ ਭਗਤ ਉਸ ਨੂੰ ਗਿਣਿਆ ਜਾ ਰਿਹਾ ਹੈ, ਜੋ ਸੱਤਾਧਾਰੀ ਪਾਰਟੀ ਦੀ ਪ੍ਰਸ਼ੰਸਾ ਕਰਦਾ ਹੈ। ਉਸ ਨੇ ਇਸ ਬਾਰੇ ਸੁਚੇਤ ਹੋਣ ਤੇ ਸਮੂਹਿਕ ਕੋਸ਼ਿਸ਼ਾਂ ਦਾ ਸੱਦਾ ਦਿੱਤਾ।


ਵਿਚਾਰ-ਚਰਚਾ ਦੌਰਾਨ ਪੰਜਾਬੀਆਂ ਦੇ ਅੰਗਰੇਜ਼-ਸਾਮਰਾਜ ਵਿਰੋਧੀ ਰੋਲ ਵਿਚ ਦੋ ਰੁਝਾਨਾਂ ਦੀ ਨਿਸ਼ਾਨਦੇਹੀ ਹੋਈ। ਬੁਲਾਰਿਆਂ ਦਾ ਵਿਚਾਰ ਸੀ ਕਿ ਜਿੱਥੇ ਪੰਜਾਬੀਆਂ ਦਾ ਇੱਕ ਹਿੱਸਾ ਦੇਸੀ ਰਾਜਿਆਂ ਹੇਠ ਜਾਂ ਫੌਜ ਵਿਚ ਭਰਤੀ ਹੋ ਕੇ ਅੰਗਰੇਜ਼ੀ ਰਾਜ ਦੀ ਉਮਰ ਲੰਮੀ ਕਰਨ ਵਿਚ ਲੱਗਾ ਹੋਇਆ ਸੀ, ਉਥੇ ਦੂਜਾ ਹਿੱਸਾ, 'ਪੱਗੜੀ


*(ਬਾਕੀ ਅਗਲੇ ਸਫੇ 'ਤੇ)*














*(ਪਿਛਲੇ ਸਫੇ ਤੋਂ ਜਾਰੀ)*

ਸੰਭਾਲ ਜੱਟਾ' ਲਹਿਰ ਤੋਂ ਪ੍ਰੇਰਿਤ ਹੋ ਕੇ ਨਾਬਰ ਹੋ ਅੰਗਰੇਜ਼ਾਂ ਦਾ ਬੋਰੀਆ ਬਿਸਤਰਾ ਗੋਲ ਕਰਨ ਲਈ ਸੰਘਰਸ਼ਸ਼ੀਲ ਸੀ। ਇਸ ਲਹਿਰ ਦੀ ਕਾਮਯਾਬੀ ਨੇ ਅੰਗਰੇਜ਼ਾਂ ਦੇ ਅਜਿੱਤ ਹੋਣ ਦੇ ਭਰਮ ਨੂੰ ਦੂਰ ਕੀਤਾ ਅਤੇ ਪੇਂਡੂ ਲੋਕਾਂ ਵਿਚ ਸਵੈ-ਭਰੋਸਾ ਭਰਿਆ। ਸਾਨੂੰ ਸਮੁੱਚੇ ਭਾਈਚਾਰੇ ਨੂੰ ਸੁਹਾਗਾ ਫੇਰੂ ਦੇਸ਼-ਭਗਤੀ ਦੀ ਧੂੜ ਵਿਚ ਸ. ਅਜੀਤ ਸਿੰਘ ਵਰਗੇ ਸੱਚੇ ਦੇਸ਼-ਭਗਤਾਂ ਦੀ ਆਵਾਜ਼ ਨੂੰ ਰੁਲਣ ਤੋਂ ਬਚਾਉਣ ਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ। ਇਹ ਗੋਸ਼ਟੀ ਇਸ ਦਿਸ਼ਾ ਵਿਚ ਪੁੱਟਿਆ ਗਿਆ ਸ਼ਲਾਘਾਯੋਗ ਕਦਮ ਹੈ।

ਸਰੋਤਿਆਂ ਵਿਚ ਹਾਜਰ ਸੁਰਿੰਦਰ ਗੋਂਦਾਰਾ ਨੇ ਸੁਝਾਅ ਦਿਤਾ ਕਿ ਸਾਨੂੰ ਆਪਣੇ ਉਦੇਸ਼ਾਂ ਦੀ




ਪ੍ਰਾਪਤੀ ਲਈ ਕਾਰਜ ਵੀ ਵਿਉਂਤਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਦੀ ਪ੍ਰਾਪਤੀ ਵੱਲ ਵਧਿਆ ਜਾ ਸਕੇ।

ਕੁਰਬਾਨੀ ਤੋਂ ਇਲਾਵਾ ਅਜੀਤ ਸਿੰਘ ਦੀ ਮਾਨਵਤਾ ਤੇ ਸੰਵੇਦਨਸ਼ੀਲਤਾ ਬਾਰੇ ਜਾਣਨ ਲਈ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ ਕਿ ਇਨਕਾਲਬੀ ਸਾਥੀ ਅਤੇ ਦੇਸ਼ ਭਗਤ ਬਾਬਾ ਧਨਪਤ ਰਾਏ ਕੋਲ ਸ. ਅਜੀਤ ਸਿੰਘ ਦਾ ਆਉਣ-ਜਾਣ ਸੀ ਤੇ ਉਸ ਦੇ ਕਹਿਣ 'ਤੇ ਉਸ ਕੋਲ ਰਹਿ ਰਹੀ ਨਾਮੋ ਨਾਮੀ ਅਨਾਥ ਲੜਕੀ ਨਾਲ ਅਜੀਤ ਸਿੰਘ ਨੇ ਵਿਆਹ ਵੀ ਕਰਵਾਇਆ ਜਿਸ ਨੂੰ ਜਲਾਵਤਨੀ ਦੇ 38 ਸਾਲਾਂ ਬਾਅਦ ਉਹ ਫਿਰ ਮਿਲਿਆ। ਦੋਨਾਂ ਦੇ ਆਖਰੀ ਦਿਨ ਡਲਹੌਜੀ ਵਿਚ ਗੁਜਰੇ। 15 ਅਗਸਤ ਨੂੰ ਜਦੋਂ ਲਾਲ ਕਿਲੇ 'ਤੇ ਤਿਰੰਗਾ ਲਹਿਰਾਇਆ ਜਾ ਰਿਹਾ ਸੀ ਤਾਂ ਅਜੀਤ ਸਿੰਘ ਦੇ ਸਾਹ ਸਾਥ ਛੱਡ ਰਹੇ ਸਨ। ਪਤਨੀ ਨੂੰ ਹੱਥ ਜੋੜਦਿਆਂ ਉਸ ਖਿਮਾ ਯਾਚਨਾ ਕੀਤੀ, 'ਮੈਂ ਭਾਰਤ ਮਾਤਾ ਦੀ ਸੇਵਾ ਕਰਦਾ ਕਰਦਾ, ਤੇਰੇ ਪ੍ਰਤੀ ਬਣਦਾ ਰਿਣ ਨਹੀਂ ਚੁਕਾ ਸਕਿਆ।' ਤੇ ਸਦਾ ਲਈ ਸ਼ਾਂਤ ਹੋ ਗਿਆ, ਨਾਲ ਹੀ ਆਸੇ-ਪਾਸੇ ਪੱਸਰੀ ਅਸ਼ਾਂਤੀ ਨਾਲ ਸਿੱਝਣ ਲਈ ਸਾਡੇ ਵਾਸਤੇ ਕਈ ਸੁਨੇਹੇ, ਸੁਆਲ ਤੇ ਕਾਰਜ ਵੀ ਛੱਡ ਗਿਆ।

ਆਪਣੇ ਸ਼ਿਅਰਾਂ ਅਤੇ ਟਿੱਪਣੀਆਂ ਨਾਲ





ਗੋਸ਼ਟੀ ਦਾ ਸੰਚਾਲਨ ਸ਼ਾਇਰ ਤੇ ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਬਾਖੂਬੀ ਨਿਭਾਇਆ। ਪਿਛਲੇ ਦਹਾਕੇ ਤੋਂ ਵੱਧ ਸਮਾਂ ਸਮਾਜਿਕ ਸਭਿਆਚਾਰਕ ਸਰਗਰਮੀਆਂ ਲਈ ਵਚਨਬੱਧ ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਬਾਰੇ ਅਤੇ ਸ. ਅਜੀਤ ਸਿੰਘ ਬਾਰੇ ਮੁਢਲੀ ਜਾਣਕਾਰੀ ਦਿੰਦਿਆਂ, ਉਸ ਨੇ ਮੁੱਖ ਬੁਲਾਰਿਆਂ ਦੀ ਸਰੋਤਿਆਂ ਨਾਲ ਜਾਣ-ਪਛਾਣ ਕਰਾਈ। ਸ. ਅਜੀਤ ਸਿੰਘ ਦੀ ਲੋਕਾਂ ਵਿਚ ਮਕਬੂਲੀਅਤ ਦੀ ਗੱਲ ਕਰਦਿਆਂ ਉਸ ਨੇ ਕਿਹਾ ਕਿ ਬਰਤਾਨਵੀ ਸਰਕਾਰ ਨੇ ਉਸ ਦੀਆਂ ਸਰਗਰਮੀਆਂ ਦੇ ਹਰ ਦਿਨ ਦਾ ਲੇਖਾ-ਜੋਖਾ ਰੱਖਿਆ ਸੀ, ਜਿਵੇਂ ਉਸ ਨੇ ਕਿੰਨੀਆਂ ਸਭਾਵਾਂ ਨੂੰ ਸੰਬੋਧਨ ਕੀਤਾ ਤੇ ਕੀ ਕੀ ਕਿਹਾ। ਸੰਤੋਖ ਮਿਨਹਾਸ ਨੇ ਕਿਹਾ ਕਿ ਇੰਡੋ ਯੂ.ਐਸ. ਹੈਰੀਟੇਜ ਐਸੋਸੀਏਸ਼ਨ ਨੇ ਗਦਰ ਲਹਿਰ ਨਾਲ ਸਬੰਧਤ ਆਜ਼ਾਦੀ ਘੁਲਾਟੀਏ ਸ. ਅਜੀਤ ਸਿੰਘ ਬਾਰੇ ਗੋਸ਼ਟੀ ਦਾ ਆਯੋਜਨ ਉਨ੍ਹਾਂ ਦੀ ਦੇਣ ਨੂੰ ਲੋਕਾਂ ਵਿਚ ਲਿਜਾਣ ਦੇ ਉਦੇਸ਼ ਨਾਲ ਕੀਤਾ ਗਿਆ ਹੈ। ਗੋਸ਼ਟੀਆਂ ਦਾ ਇਹ ਸਿਲਸਿਲਾ ਜਾਰੀ ਰੱਖਿਆ ਜਾਵੇਗਾ, ਤਾਂ ਜੋ ਅਣਗੌਲੇ ਰਹਿ ਗਏ ਗਦਰੀਆਂ ਦੀ ਗੱਲ ਕੀਤੀ ਜਾਵੇ। ਉਸ ਨੇ ਕਿਹਾ ਕਿ ਅਜੀਤ ਸਿੰਘ ਬਾਰੇ ਹੋਈ ਇਸ ਗੋਸ਼ਟੀ ਵਿਚ ਪੜ੍ਹੇ ਗਏ ਪਰਚਿਆਂ ਨੂੰ ਕਿਤਾਬੀ ਰੂਪ ਦਿੱਤਾ ਜਾਵੇਗਾ।

ਇਸ ਗੋਸ਼ਟੀ ਦੀ ਸਫਲਤਾ ਲਈ ਐਸੋਸੀਏਸ਼ਨ ਦੇ ਆਗੂਆਂ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪ੍ਰਧਾਨ ਸਾਧੂ ਸਿੰਘ ਸੰਘਾ, ਸਕੱਤਰ ਨਿੰਦੀ ਸੰਧੂ ਤੋਂ ਇਲਾਵਾ ਚਰਨਜੀਤ ਭੰਗੂ, ਸੰਤੋਖ ਮਿਨਹਾਸ, ਮਨਧੀਰ ਤੁੰਗ, ਗੁਰਨੇਕ ਰਾਏ, ਅਵਤਾਰ ਗੋਂਦਾਰਾ, ਵਿੱਤ ਸਕੱਤਰ ਰਾਣਾ ਚਾਹਲ ਅਤੇ ਗੁਰਨੇਕ ਰਾਏ ਨੇ ਵਿਸ਼ੇਸ਼ ਉਦਮ ਕੀਤਾ। ਭਰਾਤਰੀ ਜਥੇਬੰਦੀਆ ਜੀ. ਐਸ. ਜੀ., ਵਿਸ਼ਵ ਸਾਹਿਤ ਅਕਾਦਮੀ ਦੇ ਨੁਮਾਇੰਦਿਆਂ ਤੋਂ ਇਲਾਵਾ, ਅਮਰੀਕ ਵਿਰਕ, ਮਹਿੰਦਰ ਸੰਧਾਵਾਲੀਆ, ਬੱਬੂ ਭੰਗੂ, ਨਿਰਮਲ ਖੇਲਾ, ਕਰਨਲ ਸਰਬਜੀਤ ਦਿਆਲ, ਨਿੰਦਰ ਗਿੱਲ, ਕਰਮ ਸਿੰਘ ਸੰਘਾ, ਅਜੈਬ ਸਿੰਘ ਸੰਘਾ, ਤ੍ਰਿਲੋਕ ਸਿੰਘ ਮਿਨਹਾਸ, ਪਾਲ ਕੈਲੇ, ਜੀਤ ਭੁੱਲਰ, ਹਰਜੀਤ ਸਿੰਘ, ਰਾਜ ਬਰਾੜ, ਸੁਰਿੰਦਰ ਗੋਂਦਾਰਾ, ਸੁਖਜੀਤ ਸਿੰਘ ਭੁੱਲਰ, ਅਜਮੇਰ ਸਿੰਘ ਨਾਹਲ ਕਮਿਸ਼ਨਰ, ਅਮਰੀਕ ਸੰਧੂ, ਸਟੀਵ ਸੰਘਾ, ਦਵਿੰਦਰ ਸੰਘਾ, ਕੁਲਵੰਤ ਨਿੱਝਰ, ਸਿਕੰਦਰ ਗਰਚਾ, ਹੈਰੀ ਖੇਲਾ, ਰੋਜਰ ਗਿੱਲ, ਭਜਨ ਸਿੰਘ ਨੰਬਰਦਾਰ ਰੇਸ਼ਮ ਸਿੰਘ ਤੱਖਰ ਅਤੇ ਸੁਖਦੇਵ ਸਿੰਘ ਧਾਲੀਵਾਲ ਨੇ ਸ਼ਮੂਲੀਅਤ ਕੀਤੀ। ਸੈਂਟਰਲ ਵੈਲੀ ਦੇ ਉਘੇ ਉਦਮੀ ਅਜੀਤ ਸਿੰਘ ਗਿੱਲ ਨੇ ਹਾਜਰੀ ਲੁਆਈ।

ਸ਼ਾਇਰ ਹਰਜਿੰਦਰ ਕੰਗ, ਸਾਧੂ ਸਿੰਘ ਸੰਘਾ, ਕਰਮ ਸਿੰਘ ਮਾਨ, ਸੁੱਖੀ ਧਾਲੀਵਾਲ, ਸ਼ਾਹਗੀਰ ਗਿੱਲ, ਕਰਮ ਸਿੰਘ ਮਾਨ, ਰਾਜ ਬਰਾੜ ਅਤੇ ਸੰਤੋਖ ਮਿਨਹਾਸ ਨੇ ਆਪੋ-ਆਪਣਾ ਕਲਾਮ ਪੇਸ਼ ਕੀਤਾ। ਗੋਸ਼ਟੀ ਅਤੇ ਕਵਿਤਾ ਪਾਠ ਏਨਾ ਭਾਵਪੂਰਤ ਸੀ ਕਿ ਲੋਕ ਲਗਭਗ ਤਿੰਨ ਘੰਟੇ ਟਿਕਟਿਕੀ ਲਾਈ ਬੈਠੇ ਰਹੇ।

***-ਅਵਤਾਰ ਗੋਂਦਾਰਾ***

*ਫੋਨ: 559-375-2589*

ਇਨਕਲਾਬੀ ਜਾਂ ਦੇਸ਼ ਭਗਤ ਵਜੋਂ ਵਡਿਆਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਸਾਂਝੇ ਭੇਖ ਦਾ ਫਾਇਦਾ ਲੈਣ ਵਾਲਾ ਇਹ ਲੋਕ-ਵਿਰੋਧੀ ਹਿੱਸਾ ਅੰਗਰੇਜ਼ੀ ਰਾਜ ਹੇਠ ਵੀ ਮੌਜ ਕਰਦਾ ਸੀ ਤੇ ਉਨ੍ਹਾਂ ਦੇ ਜਾਣ ਬਾਅਦ ਵੀ ਮਲਾਈ ਛਕ ਰਿਹਾ ਹੈ। ਇਸ ਲਈ ਇਨ੍ਹਾਂ ਮਾੜੇ ਅਨਸਰਾਂ ਦੀ ਖੁੰਭ ਠਪਦਿਆਂ,

## ਟਰੰਪ ਲਵੇਗਾ ਸਿਰਫ ਇਕ ਡਾਲਰ ਤਨਖਾਹ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਦੇਸ਼ ਦੇ ਰਾਸ਼ਟਰਪਤੀ ਨੂੰ ਮਿਲਣ ਵਾਲੀ 4 ਲੱਖ ਡਾਲਰ ਤਨਖਾਹ ਦੀ ਬਜਾਏ ਪੂਰੇ ਸਾਲ ਭਰ 'ਚ ਬਤੌਰ ਤਨਖਾਹ ਇਕ ਡਾਲਰ ਲੈਣਗੇ ਤੇ ਛੁੱਟੀਆਂ ਵੀ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਬਹੁਤ ਕੰਮ ਹੈ ਤੇ ਮੈਂ ਇਹ ਕੰਮ ਲੋਕਾਂ ਲਈ ਕਰਨਾ ਚਾਹੁੰਦਾ ਹਾਂ। ਉਸ ਨੇ ਕਿਹਾ ਕਿ ਸਾਨੂੰ ਕਰਾਂ ਦੀ ਦਰ ਘਟਾਉਣੀ ਹੈ, ਸਿਹਤ ਦੀ ਦੇਖ ਭਾਲ ਲਈ ਕੰਮ ਕਰਨਾ ਹੈ।

## ਨਨਕਾਣਾ ਸਾਹਿਬ 'ਚ ਖੁੱਲ੍ਹੇਗੀ ਗੁਰੂ ਨਾਨਕ ਯੂਨੀਵਰਸਿਟੀ

**ਲਾਹੌਰ:** ਗੁਰੂ ਨਾਨਕ ਸਾਹਿਬ ਦੇ 548ਵੇਂ ਪ੍ਰਕਾਸ਼ ਦਿਹਾੜੇ ਉਤੇ ਪਾਕਿਸਤਾਨ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਸਿਦੀਕਉਲ ਫਾਰੂਕ ਨੇ ਆਖਿਆ ਕਿ ਅਗਲੇ ਸਾਲ ਜਨਵਰੀ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਪਾਕਿਸਤਾਨ ਸਰਕਾਰ ਨੇ ਬੰਦ ਪਏ ਗੁਰੂ ਘਰ ਵੀ ਖੋਲ੍ਹਣ ਦਾ ਫੈਸਲਾ ਕੀਤਾ ਹੈ।




ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

# ਕਸ਼ਮੀਰ ਦੀ ਰੇਸ਼ਮਾ

## ਮੋਹਿਨੀ ਆਵਾਜ਼ ਵਾਲੀ ਗਾਇਕਾ ਹੋਈ ਰੁਖਸਤ

ਕਲਾ ਪਰਿਕਰਮਾ

ਆਮਨਾ ਸਿੰਘ



ਕਸ਼ਮੀਰ ਦੀ ਆਵਾਜ਼ ਰਾਜ ਬੇਗਮ ਜੋ ਆਮ ਕਰ ਕੇ 'ਕਸ਼ਮੀਰ ਦੀ ਰੇਸ਼ਮਾ' ਵਜੋਂ ਵੀ ਜਾਣੀ ਜਾਂਦੀ ਸੀ, ਆਖਰਕਾਰ ਖਾਮੋਸ਼ ਹੋ ਗਈ। 89 ਵਰ੍ਹਿਆਂ ਦੀ ਉਮਰ ਵਿਚ ਉਸ ਨੇ ਇਸ ਫਾਨੀ ਸੰਸਾਰ ਰੁਖਸਤ ਲੈ ਲਈ। ਇਹ ਆਵਾਜ਼



ਤਾਂ ਭਾਵੇਂ ਰੁਖਸਤ ਹੋ ਗਈ ਹੈ, ਪਰ ਉਸ ਦੇ ਗੀਤ ਅਤੇ ਸੰਗੀਤ ਚਿਰਾਂ ਤੱਕ ਲੋਕਾਂ ਤੱਕ ਪੁੱਜਦੇ ਰਹਿਣਗੇ। ਇਸ ਕਲਾ ਕਰ ਕੇ ਹੀ ਤਾਂ ਰਾਜ ਬੇਗਮ ਨੂੰ ਇੰਨਾ ਮਾਣ-ਸਨਮਾਨ ਮਿਲਿਆ। ਸਾਲ 2013 ਵਿਚ ਉਸ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਨਾਲ ਨਵਾਜਿਆ ਗਿਆ। ਨਾਟਕ, ਸੰਗੀਤ ਅਤੇ ਨਾਚ ਦੇ ਖੇਤਰ ਦੇ ਕਲਾਕਾਰਾਂ ਲਈ ਇਹ ਮੁਲਕ ਦਾ ਸਭ ਤੋਂ ਵੱਡਾ ਪੁਰਸਕਾਰ ਹੈ। ਪਦਮਸ੍ਰੀ ਪੁਰਸਕਾਰ ਉਸ ਨੂੰ ਪਹਿਲਾਂ ਹੀ ਮਿਲ ਚੁੱਕਾ ਸੀ।

ਰਾਜ ਬੇਗਮ ਦੀ ਆਵਾਜ਼ ਨੇ ਕਸ਼ਮੀਰ ਵਿਚ ਹੀ ਨਹੀਂ, ਕਸ਼ਮੀਰ ਤੋਂ ਬਾਹਰ ਵੀ ਧੁੰਮਾਂ ਪਾਈਆਂ। ਉਸ ਨੇ ਕਸ਼ਮੀਰ ਦੇ ਸਭ ਅਹਿਮ ਸ਼ਾਇਰਾਂ ਦੇ ਕਲਾਮ ਨੂੰ ਆਪਣੀ ਆਵਾਜ਼ ਦਿੱਤੀ। ਉਸ ਨੇ ਦੋਗਾਣੇ ਵੀ ਗਾਏ ਅਤੇ ਇਕੱਲਿਆਂ ਵੀ ਸ਼ਬਦਾਂ ਨੂੰ ਸੰਗੀਤ ਨਾਲ ਸਰਸ਼ਾਰ ਕੀਤਾ। ਉਸ ਦੇ ਗਾਏ ਸਮੂਹ ਗਾਇਨ ਤਾਂ ਹੁਣ ਸੰਗੀਤ ਦਾ ਖਜ਼ਾਨਾ ਹੋ ਨਿਬੜੇ ਹਨ। ਰਾਜ ਬੇਗਮ ਬਾਰੇ ਖਾਸ ਗੱਲ ਇਹ ਹੈ ਕਿ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਵਿਆਹਾਂ ਵਿਚ ਗਾਉਣ ਤੋਂ ਆਰੰਭ ਕੀਤੀ ਸੀ। ਉਸ ਦੀ ਆਵਾਜ਼ ਵਿਚ ਇੰਨਾ ਦਮ ਸੀ ਕਿ ਛੇਤੀ ਹੀ ਉਹ ਕਸ਼ਮੀਰੀ ਸਭਿਆਚਾਰ ਅਤੇ ਸੰਗੀਤ ਦੀ ਝੰਡਾ-ਬਰਦਾਰ ਹੋ ਨਿਬੜੀ। ਉਸ ਨੇ ਕਸ਼ਮੀਰ ਦੇ ਸਭਿਆਚਾਰ ਨੂੰ ਇਕ ਭਰਪੂਰ ਪਰਵਾਜ਼ ਬਖਸ਼ੀ ਅਤੇ ਕਸ਼ਮੀਰੀਆਂ ਦੀਆਂ ਕਈ ਪੀੜ੍ਹੀਆਂ ਦੇ ਕੰਨਾਂ ਅੰਦਰ ਸੰਗੀਤ ਦਾ ਰਸ ਘੋਲਿਆ।

ਰਾਜ ਬੇਗਮ ਨਵੀਂ ਪੀੜ੍ਹੀ ਅੰਦਰ ਪਨਪ ਰਹੀਆਂ ਸੰਗੀਤ ਰੁਚੀਆਂ ਤੋਂ ਬਹੁਤ ਖੁਸ਼ ਹੁੰਦੀ ਸੀ। ਉਹ ਅਕਸਰ ਆਖਦੀ ਸੀ ਕਿ ਨਵੀਂ ਪੀੜ੍ਹੀ ਹੀ ਸਦਾ ਨਵੇਂ ਰਾਹਾਂ ਦੀ ਤਲਾਸ਼ ਕਰਦੀ ਹੈ; ਇਸ ਲਈ ਇਨ੍ਹਾਂ ਲੋਕਾਂ ਦੀ ਹਰ ਤਰ੍ਹਾਂ ਦੀ ਇਮਦਾਦ ਕਰਨੀ ਚਾਹੀਦੀ ਹੈ। ਉਹ ਨਵੇਂ ਗਾਇਕਾਂ ਦਾ ਸਵਾਗਤ ਵੀ ਬਹੁਤ ਦਿਲ ਖੋਲ੍ਹ ਕੇ ਕਰਦੀ ਹੁੰਦੀ ਸੀ। ਉਸ ਦਾ ਇਕ ਹੀ ਸੁਨੇਹਾ ਹੁੰਦਾ ਸੀ-ਮਿਹਨਤ ਕਰੋ। ਹਾਂ, ਉਹ ਇਹ ਦਰਦ ਜ਼ਰੂਰ ਬਿਆਨ ਕਰਦੀ ਹੁੰਦੀ ਸੀ ਕਿ ਨਵੇਂ ਗਾਇਕਾਂ ਨੂੰ ਕਸ਼ਮੀਰ ਦੀ ਸਮੁੱਚੀ ਸ਼ਾਇਰੀ ਬਾਰੇ ਬਹੁਤਾ ਇਲਮ



ਨਹੀਂ ਹੈ। ਉਹ ਚਾਹੁੰਦੀ ਸੀ ਕਿ ਨਵੀਂ ਪੀੜ੍ਹੀ ਆਪਣੇ ਇਤਿਹਾਸ ਦੇ ਸਨਮੁਖ ਹੋ ਕੇ ਕਲਾ ਦੇ ਖੇਤਰ ਵਿਚ ਉਚੀਆਂ ਉਡਾਰੀਆਂ ਮਾਰੇ।

ਰਾਜ ਬੇਗਮ ਨੂੰ ਖੁਦ ਸੰਗੀਤ ਸਿੱਖਣ ਦਾ ਕੋਈ ਖਾਸ ਮੌਕਾ ਨਹੀਂ ਸੀ ਮਿਲਿਆ, ਪਰ ਉਹ ਸਿਖਲਾਈ ਦੀ ਅਹਿਮੀਅਤ ਤੋਂ ਬਾਖਬਰ ਸੀ। ਰਵਾਇਤ ਨਾਲ ਉਹ ਇੰਨਾ ਜੁੜੀ ਹੋਈ ਸੀ ਕਿ ਉਸ ਨੂੰ ਕਦੀ ਮਾਈਕ ਤੱਕ ਦੀ ਜ਼ਰੂਰਤ ਨਾ ਪੈਂਦੀ। ਜਿਵੇਂ ਕੋਈ ਬੈਠਾ-ਬੈਠਾ ਸੁਰ ਲਾਉਣ ਲੱਗ ਪਵੇ, ਰਾਜ ਬੇਗਮ ਇਸੇ ਤਰ੍ਹਾਂ ਆਪਣੀ ਕਲਾ ਦਾ ਮੁਜ਼ਾਹਰਾ ਕਰ ਦਿੰਦੀ ਸੀ। ਜਦੋਂ ਉਸ ਦੀ ਬੁਲੰਦ ਆਵਾਜ਼ ਗੂੰਜਦੀ, ਤਾਂ ਮਾਨੋ ਰੁੱਖਾਂ ਉਤੇ ਬੈਠੇ ਪੰਛੀ ਵੀ ਪਲ ਦੋ ਪਲ ਲਈ ਉਸ ਨੂੰ ਸੁਣਨ ਲਈ ਸ਼ਾਂਤ ਹੋ ਜਾਂਦੇ। ਇਹੀ ਤਾਂ ਉਹ ਕਾਰਨ ਸਨ ਕਿ ਉਸ ਨੂੰ 'ਕਸ਼ਮੀਰ ਦੀ ਰੇਸ਼ਮਾ' ਕਿਹਾ ਜਾਣ ਲੱਗ ਪਿਆ। ਉਹ ਰੇਸ਼ਮਾ ਵਾਂਗ ਹੀ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਵਹਾ ਕੇ ਲੈ ਜਾਂਦੀ ਸੀ।

ਕਸ਼ਮੀਰੀ ਗਾਇਕ ਵਾਹਿਦ ਜੀਲਾਨੀ ਤਾਂ ਰਾਜ ਬੇਗਮ ਨੂੰ ਇਕ ਸੰਸਥਾ, ਇਕ ਪ੍ਰੇਰਨਾ ਆਖਦਾ ਹੈ। ਉਸ ਮੁਤਾਬਕ, ਰਾਜ ਬੇਗਮ ਕਸ਼ਮੀਰ ਦੀ ਸੁਰਾਂ ਦੀ ਰਾਣੀ ਹੈ। ਪ੍ਰੋਫੈਸਰ ਨਿਗਹਤ ਹਾਫਿਜ਼ ਆਖਦੇ ਹਨ ਕਿ ਉਹ ਤਾਂ ਸਦਾ ਹੀ ਰਾਜ ਬੇਗਮ ਦੀ ਅਨੋਖੀ ਆਵਾਜ਼ ਦੇ ਸ਼ੈਦਾਈ ਹਨ। ਇਹ ਗਾਇਕਾ ਸਾਨੂੰ ਸਾਡੇ ਅਤੀਤ ਦੇ ਦਰਸ਼ਨ ਕਰਵਾਉਂਦੀ ਹੈ। ਰਾਜ ਬੇਗਮ ਦੇ ਨਾਲ-ਨਾਲ ਉਹ ਨਸੀਮ ਅਖਤਰ ਦੀਆਂ ਬਾਤਾਂ ਵੀ ਛੇੜ ਲੈਂਦੇ ਹਨ। ਦੋਹਾਂ ਦੀ ਜੋੜੀ ਖੂਬ ਜੰਮਦੀ ਸੀ ਅਤੇ ਸਰੋਤਿਆਂ ਨੂੰ ਨਿਹਾਲ ਕਰ ਦਿੰਦੀ ਸੀ।

ਸੱਚਮੁੱਚ ਰਾਜ ਬੇਗਮ ਨੇ ਪੂਰੇ ਪੰਜ ਦਹਾਕੇ ਕਸ਼ਮੀਰੀ ਸੰਗੀਤ ਰਾਹੀਂ ਲੋਕਾਂ ਦੇ ਦਿਲਾਂ ਉਤੇ ਰਾਜ ਕੀਤਾ। ਅੱਜ ਵੀ ਉਸ ਦੇ ਸੁਰੀਲੇ ਸੁਰ ਵਾਦੀ ਵਿਚ ਉਵੇਂ ਹੀ ਗੂੰਜ ਰਹੇ ਹਨ। ਉਸ ਦਾ ਕੋਈ ਵੀ ਗੀਤ ਸੁਣ ਲਓ, ਕਸ਼ਮੀਰੀ ਰੰਗ ਇਸ ਵਿਚੋਂ ਹੌਲੀ-ਹੌਲੀ ਝਰਨਾ ਸ਼ੁਰੂ ਕਰ ਦਿੰਦਾ ਹੈ ਜਿਸ ਤਰ੍ਹਾਂ ਮੀਂਹ ਦੀ ਕਿਣ-ਮਿਣ ਸਮੁੱਚੀ ਕਾਇਨਾਤ ਨੂੰ ਆਪਣੀ ਬੁੱਕਲ ਵਿਚ ਸਮੇਟ ਲੈਂਦੀ ਹੈ। ਇਹੀ ਸੰਗੀਤ ਦੀ ਤਾਕਤ ਹੈ।



ਰਾਜਪਾਲ ਐਨ.ਐਨ. ਵੋਹਰਾ ਤੋਂ ਮਾਣ ਹਾਸਲ ਕਰ ਰਹੀ ਰਾਜ ਬੇਗਮ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਨਵੰਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-248



*ਲਾ ਕੇ ਚਾਦਰੇ ਮੇਲਿਆਂ ਵਿਚ ਜਾਈਏ, ਰਾਹ ਪਈਏ ਨਾ ਕਦੇ ਅਯਾਸ਼ੀਆਂ ਦੇ।*
*ਸਾਡਾ ਮੋਹ ਹੈ ਵਿਰਸੇ ਦੇ ਨਾਲ ਗੂੜ੍ਹਾ, ਅਸੀਂ ਪੁੱਤ ਹਾਂ ਭਾਵੇਂ ਪਰਵਾਸੀਆਂ ਦੇ।*

## ਕੈਪਸ਼ਨ ਮੁਕਾਬਲਾ-246



ਵੱਖਰੀ ਹੈ ਪਹਿਚਾਣ ਅਸਾਡੀ
ਸਿਰ ਉਪਰ ਦਸਤਾਰ।
ਰੰਗ ਵੀ ਵੱਖਰੇ, ਢੰਗ ਵੀ ਵੱਖਰੇ
ਪਰ ਲਿਸ਼ਕ ਹੈ ਇੱਕੋ ਸਾਰ।
ਦੇਖ ਕੇ ਦੁਨੀਆਂ ਆਖੇ ਸਾਨੂੰ
ਅਹੁ ਜਾਂਦਾ ਸਰਦਾਰ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਬਿਨਾ ਰਾਜ, ਬਿਨਾ ਤਾਜ
ਸਿੰਘਾਂ ਦੀ ਪੱਗ ਨਾਲ ਸਰਦਾਰੀ।
ਪਰ ਬੀਬਿਓ ਇਹ ਫੈਸ਼ਨ ਸ਼ੋਅ ਨਹੀਂ
ਇਸ ਦੀ ਜ਼ਿੰਮੇਵਾਰੀ ਹੈ ਭਾਰੀ।

*-ਦਵਿੰਦਰ ਕੌਰ*

---

ਤਸ਼ੱਦਦ ਦਾ ਖਾਸਾ ਇਕ ਹੀ ਹੁੰਦਾ
ਹੋਵੇ ਜਿਹੜੀ ਮਰਜੀ ਸਰਕਾਰ ਭਾਵੇਂ।
ਮਾਰਧਾੜ ਜਨਮ ਦਿੰਦੀ ਇਕੱਠਤਾ ਨੂੰ
ਇਕ ਇਕ ਦੋ ਗਿਆਰਾਂ ਜਿਵੇਂ।
ਨੀਮ ਫੌਜ ਹੁੰਦੀ ਸਰਹੱਦ ਲਈ,
ਲਾਈ ਜਾਵੇ ਜਦੋਂ ਸੂਬਿਆਂ 'ਚ ਹੀ
ਸਮਝੋ ਲੋਕਸ਼ਾਹੀ ਨਹੀਂ,
ਹੈ ਨਿਰੰਕੁਸ਼ ਸਰਕਾਰ।
ਕਰ ਸਾਜਿਸ਼ਾਂ, ਲੈ ਕਿਰਾਏਦਾਰ ਗੁੰਡੇ
ਰੋਕ ਨਾ ਸਕਣ ਉਠੀਆਂ ਬਗਾਵਤਾਂ
ਪੰਜ ਪਾਣੀ ਰਲ ਬਣੇ ਪੰਜ+ਆਬ
ਪਾਣੀ ਦੀ ਛੱਲ ਨਾ ਰੋਕ ਸਕਿਆ ਕੋਈ।
ਛੱਲ, ਅੱਗੇ ਨੂੰ ਹੀ ਜਾਂਦੀ
ਨਹੀਂ ਮੁੜਦੇ ਪਿੱਛੇ ਕਦੇ।
ਪਗੜੀ ਹੈ ਮਾਣ ਸਤਿਕਾਰ
ਇਕ ਵੱਖਰੀ ਪਛਾਣ।
ਤੁਰਲੇ ਡਿਗਣ ਨਹੀਂ ਦੇਣੇ ਹੁਣ
ਇਹ ਹੈ ਨਿਸ਼ਾਨੀ ਸਵੈਮਾਣ ਦੀ।
'ਦੋ ਪੈਰ ਘੱਟ ਤੁਰਨਾ
ਪਰ ਤੁਰਨਾ ਮੜਕ ਦੇ ਨਾਲ।'

*-ਦਰਸ਼ਨ ਪਾਲ ਦੋਸਾਂਝ*

To Advertise with Punjab Times Call: 847-359-0746

# A & I Trucking Co.

A&I WATSONVILLE, CA

123 E Lee Rd Watsonville, CA Ph: 831-763-7805

A&I WATSONVILLE, CA

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੀ ਸਮੂਹ ਸੰਗਤਾਂ ਨੂੰ

## ਲੱਖ ਲੱਖ ਵਧਾਈ ਹੋਵੇ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ




ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ:1-888-664-4004

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

ਏ. ਐਂਡ ਆਈ. ਟਰਾਂਸਪੋਰਟ

ਵਾਟਸਨਵਿਲ, ਕੈਲੀਫੋਰਨੀਆ

11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ

> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# ਆਸਟਰੇਲੀਆ 'ਚ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਨੇ ਪਰਵਾਸੀ ਵਿਦਿਆਰਥੀ

**ਸਿਡਨੀ:** ਆਸਟਰੇਲੀਆ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ ਕਾਰਨ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਵਿਦਿਆਰਥੀਆਂ ਦਾ ਸ਼ੋਸ਼ਣ ਕਰਨ ਵਿਚ ਉਨ੍ਹਾਂ ਦੇ ਆਪਣੇ ਭਾਈਚਾਰੇ ਦੇ ਕਾਰੋਬਾਰੀ ਵੀ ਮੋਹਰੀ ਹਨ। ਇਸ ਸਾਲ ਵੀਜ਼ਾ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਤਕਰੀਬਨ 60 ਹਜ਼ਾਰ ਵੀਜ਼ੇ ਰੱਦ ਹੋਏ ਹਨ, ਜਿਨ੍ਹਾਂ ਵਿਚ ਵਿਦਿਆਰਥੀ ਵੀਜ਼ੇ ਵਾਲੇ ਵਧੇਰੇ ਹਨ। ਵਧੇਰੇ ਭਾਈਚਾਰਕ ਜਥੇਬੰਦੀਆਂ ਨੇ ਵਿਦਿਆਰਥੀਆਂ ਦੀ ਬਾਂਹ ਫੜਨ ਦੀ ਥਾਂ ਚੁੱਪ ਵੱਟੀ ਹੋਈ ਹੈ।

ਕੌਮਾਂਤਰੀ ਵਿਦਿਆਰਥੀਆਂ ਨੇ ਆਸਟਰੇਲੀਆ ਦੇ ਅਰਥਚਾਰੇ ਵਿਚ ਸਾਲ 2015 ਵਿਚ ਕਰੀਬ 20 ਅਰਬ ਰੁਪਏ ਦਾ ਯੋਗਦਾਨ ਦਿੱਤਾ ਹੈ। ਸਾਲ 2015-16 ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 3 ਲੱਖ 58 ਹਜ਼ਾਰ ਦੇ ਕਰੀਬ ਰਹੀ ਹੈ।

ਇਨ੍ਹਾਂ ਵਿਚੋਂ ਚੀਨ ਦੇ 74940 ਤੇ ਭਾਰਤ ਦੇ 40096 ਵਿਦਿਆਰਥੀ ਸਨ। ਸਿਡਨੀ ਵਿਚ ਰੈਡਫ਼ਰਨ ਲੀਗਲ ਸਰਵਿਸ ਸੈਂਟਰ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਲੋੜਵੰਦਾਂ ਦੀ ਮੁਫਤ ਕਾਨੂੰਨੀ ਸਹਾਇਤਾ ਦਾ ਕੇਂਦਰ ਹੈ। ਕੇਂਦਰ ਦੇ ਵਕੀਲ ਸੀਅਨ ਸੈਂਟੀਸਨ ਅਨੁਸਾਰ ਭਾਰਤ, ਚੀਨ ਤੇ ਹੋਰ ਏਸ਼ਿਆਈ ਮੁਲਕਾਂ ਤੋਂ ਆਸਟਰੇਲੀਆ ਵਿਚ ਪੜ੍ਹਾਈ ਕਰਨ ਆਏ ਵਿਦਿਆਰਥੀਆਂ ਨੂੰ ਨਿਰਧਾਰਤ ਨਾਲੋਂ ਅੱਧੀ ਤਨਖਾਹ ਦੇਣੀ ਤੇ ਵਧੇਰੇ ਕੰਮ ਲੈਣਾ ਆਮ ਵਰਤਾਰਾ ਹੈ।

ਪਿਛਲੇ ਸਾਲ ਫੇਅਰ ਫੈਕਸ ਮੀਡੀਆ ਅਤੇ ਟੀ.ਵੀ ਚੈਨਲ ਨੇ ਕੌਮਾਂਤਰੀ ਵਿਦਿਆਰਥੀਆਂ ਦੀ ਹੋਣੀ ਦਾ ਸਕੈਂਡਲ ਬੇਨਕਾਬ ਕੀਤਾ ਸੀ। ਹੁਣ ਇਸ ਵਰਤਾਰੇ ਵਿਚ ਪੰਜਾਹ ਫੀਸਦੀ ਹੋਰ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਦੀ ਉਲੰਘਣਾ ਨੂੰ ਰੋਕਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੁਜ਼ਗਾਰ ਦੌਰਾਨ ਸ਼ੋਸ਼ਣ ਵਿਰੁਧ ਲੜਨ ਵਿਚ ਮਦਦ ਲਈ ਫੰਡ ਸਥਾਪਤ ਕੀਤਾ ਗਿਆ ਹੈ। ਸੂਬਾ ਨਿਊ ਸਾਊਥ ਵੇਲਜ਼ ਤੇ ਵਿਕਟੋਰੀਆ ਸਰਕਾਰ ਨੇ ਕ੍ਰਮਵਾਰ 2,50,000 ਤੇ 1,20,000 ਡਾਲਰ ਕਾਨੂੰਨੀ ਸਹਾਇਤਾ ਫੰਡ ਰੱਖੇ ਹਨ। ਕੌਮਾਂਤਰੀ ਵਿਦਿਆਰਥੀ ਕਾਨੂੰਨੀ ਮਦਦ ਲੈਣ ਲਈ ਅੱਗੇ ਆਉਣ।



## ਪੰਜਾਬੀ ਬਣਿਆ ਟੈਕਸੀ ਚਾਲਕ ਆਫ ਦਾ ਈਯਰ

**ਮੈਲਬਰਨ:** ਨਵਜੋਤ ਸਿੰਘ ਰੰਧਾਵਾ ਨੂੰ ਮੈਲਬਰਨ ਵਿਚ ਟੈਕਸੀ ਚਾਲਕ ਆਫ ਦੀ ਈਅਰ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਨਵਜੋਤ ਸਿੰਘ ਰੰਧਾਵਾ ਦਾ ਸਬੰਧ ਰਾਮਦਾਸ ਫਤਿਹਗੜ੍ਹ ਚੂੜੀਆਂ ਨਾਲ ਹੈ। ਇਹ ਪੁਰਸਕਾਰ ਹਰ ਸਾਲ ਮੈਲਬਰਨ ਦੇ ਸੈਰ ਸਪਾਟਾ ਵਿਭਾਗ ਵੱਲੋਂ ਦਿੱਤਾ ਜਾਂਦਾ ਹੈ। ਪੁਰਸਕਾਰ ਵਿਚ ਨਵਜੋਤ ਸਿੰਘ ਰੰਧਾਵਾ ਨੂੰ 700 ਡਾਲਰ ਤੇ ਸਨਮਾਨ ਪੱਤਰ ਨਾਲ ਸਨਮਾਨਤ ਕੀਤਾ ਗਿਆ ਹੈ। ਨਵਜੋਤ ਸਿੰਘ ਰੰਧਾਵਾ ਤੇ ਉਸ ਦੀ ਪਤਨੀ ਨੇ ਪੁਰਸਕਾਰ ਵਿਚ ਮਿਲੀ ਰਾਸ਼ੀ ਨੂੰ ਕੈਂਸਰ ਕੌਂਸਲ ਆਫ ਆਸਟਰੇਲੀਆ ਨੂੰ ਦਾਨ ਵਿਚ ਦੇਣ ਦਾ ਐਲਾਨ ਕੀਤਾ ਹੈ। ਰੰਧਾਵਾ ਅਨੁਸਾਰ ਸਾਲ 2006 ਵਿਚ ਇਹ ਪੁਰਸਕਾਰ ਮੈਲਬਰਨ ਟੂਰਿਜ਼ਮ ਵਿਭਾਗ ਵੱਲੋਂ ਸ਼ੁਰੂ ਕੀਤਾ ਗਿਆ ਸੀ। ਪੁਰਸਕਾਰ ਲਈ ਗਾਹਕ ਡਰਾਈਵਰ ਦੇ ਨਾਮ ਨੂੰ ਨੌਮੀਨੇਟ ਕਰਦੇ ਹਨ। ਇਸ ਤੋਂ ਬਾਅਦ ਟੈਕਸੀ ਐਸੋਸੀਏਸ਼ਨ ਨਾਮਜ਼ਦਗੀਆਂ ਵਿਚੋਂ ਪਹਿਲੇ ਨਾਵਾਂ ਦੀ ਚੋਣ ਕਰਦਾ ਹੈ। ਪੰਜ ਡਰਾਈਵਰਾਂ ਦੀ ਇਸ ਤੋਂ ਬਾਅਦ ਇੰਟਰਵਿਊ ਲਈ ਜਾਂਦੀ ਹੈ ਤੇ ਜਿਸ ਦੇ ਜਵਾਬ ਤਸੱਲੀਬਖਸ਼ ਹੋਣਗੇ, ਉਸ ਨੂੰ ਇਹ ਪੁਰਸਕਾਰ ਦੇ ਦਿੱਤਾ ਜਾਂਦਾ ਹੈ।

## ਅੱਗ ਬੁਝਾਊ ਕੇਂਦਰ 'ਚ ਕੰਮ ਕਰਦੇ ਨੇ ਆਸਟਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ

**ਮੈਲਬਰਨ:** ਵਿਕਾਸਸ਼ੀਲ ਦੇਸ਼ਾਂ ਦੇ ਲੋਕ ਨੁਮਾਇੰਦੇ ਜਿਥੇ ਹਮੇਸ਼ਾ ਉਚ ਸੁਰੱਖਿਆ ਕਾਫਲਿਆਂ ਵਿਚ ਘਿਰੇ ਰਹਿੰਦੇ ਹਨ, ਉਥੇ ਹੀ ਵਿਕਸਤ ਦੇਸ਼ਾਂ ਦੇ ਸਿਆਸਤਦਾਨ ਹਮੇਸ਼ਾ ਲੋਕਾਂ 'ਚ ਵਿਚਰ ਕੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਜਾਣੇ ਜਾਂਦੇ ਹਨ। ਇਨ੍ਹਾਂ ਵਿਚੋਂ ਹੀ ਇਕ ਹਨ ਆਸਟਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਐਬਟ ਜੋ ਨਿਊ ਸਾਊਥ ਵੇਲਜ਼ ਸੂਬੇ ਦੇ ਅੱਗ ਬੁਝਾਊ ਕੇਂਦਰ 'ਚ ਪਿਛਲੇ ਦਸ ਸਾਲਾਂ ਤੋਂ ਵਲੰਟੀਅਰ ਵਜੋਂ ਸੇਵਾਵਾਂ ਦੇ ਰਹੇ



ਹਨ। ਨਿਊ ਸਾਊਥ ਵੇਲਜ਼ ਦੇ ਜੰਗਲੀ ਇਲਾਕੇ ਕੈਸਲ ਕਲੋਵ 'ਚ ਪਿਛਲੇ ਕਈ ਦਿਨਾਂ ਤੋਂ ਭਿਆਨਕ ਅੱਗ ਫੈਲੀ ਹੋਈ ਹੈ ਤੇ ਇਸ ਅੱਗ ਉਤੇ ਕਾਬੂ ਪਾਉਣ ਲਈ ਵੱਡੇ ਪੱਧਰ 'ਤੇ ਸੰਘਰਸ਼ ਕੀਤੇ ਜਾ ਰਹੇ ਹਨ।

ਉਥੇ ਹੀ ਸਾਬਕਾ ਪ੍ਰਧਾਨ ਮੰਤਰੀ ਵੀ ਪੂਰੀ ਲਗਨ ਨਾਲ ਅੱਗ ਬੁਝਾਊ ਦਸਤਿਆਂ ਦੀ ਮਦਦ ਕਰ ਰਹੇ ਹਨ ਤੇ ਖੁਦ ਟਰੱਕ ਵਿਚ ਸਵਾਰ ਹੋ ਕੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਕਰਦੇ ਦੇਖੇ ਗਏ। ਇਸ ਦੌਰਾਨ ਇਕ ਵਾਰ ਪੈਰ ਤਿਲਕਣ ਕਾਰਨ ਉਹ ਡਿੱਗ ਵੀ ਪਏ। ਜੰਗਲ 'ਚ ਲੱਗੀ ਅੱਗ ਨੂੰ ਬੁਝਾਉਂਦਿਆਂ ਦੀਆਂ ਸਾਬਕਾ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਵੀ ਮੀਡੀਆ 'ਚ ਨਸ਼ਰ ਹੋ ਰਹੀਆਂ ਹਨ। ਸਾਬਕਾ ਪ੍ਰਧਾਨ ਮੰਤਰੀ ਨੂੰ ਨਿਊ ਸਾਊਥ ਵੇਲਜ਼ ਫਾਇਰ ਸਰਵਿਸਿਜ਼ ਵੱਲੋਂ ਵਲੰਟੀਅਰ ਵਜੋਂ ਦਸ ਸਾਲ ਦੀਆਂ ਸੇਵਾਵਾਂ ਬਦਲੇ ਸਨਮਾਨਤ ਵੀ ਕੀਤਾ ਜਾ ਚੁੱਕਾ ਹੈ। ਇਸ ਮੌਕੇ ਮੀਡੀਆ ਨੇ ਵੀ ਉਨ੍ਹਾਂ ਨਾਲ ਗੱਲ ਕਰਨੀ ਚਾਹੀ, ਪਰ ਉਨ੍ਹਾਂ ਕਿਹਾ ਕਿ ਇਹ ਢੁਕਵਾਂ ਸਮਾਂ ਨਹੀਂ ਹੈ। ਜ਼ਿਕਰਯੋਗ ਹੈ ਕਿ ਨਿਊ ਸਾਊਥ ਵੇਲਜ਼ ਦੇ ਕਰੀਬ 36 ਵੱਖ-ਵੱਖ ਹਿੱਸੇ ਅੱਗ ਦੀ ਲਪੇਟ 'ਚ ਹਨ, ਜਿਨ੍ਹਾਂ ਲਈ 600 ਅੱਗ ਬੁਝਾਊ ਦਸਤੇ ਮਸ਼ੱਕਤ ਕਰ ਰਹੇ ਹਨ।

# ਹਰੀਕੇ ਝੀਲ 'ਚ ਮਹਿਮਾਨ ਪੰਛੀਆਂ ਨੇ ਲਾਈਆਂ ਰੌਣਕਾਂ

**ਹਰੀਕੇ ਪੱਤਣ:** ਪਰਵਾਸੀ ਪੰਛੀਆਂ ਦੇ ਸਵਰਗ ਵਜੋਂ ਜਾਣੀ ਜਾਂਦੀ ਵਿਸ਼ਵ ਪ੍ਰਸਿੱਧ ਹਰੀਕੇ ਝੀਲ 'ਤੇ ਮਹਿਮਾਨ ਪੰਛੀਆਂ ਦੀ ਆਮਦ ਸ਼ੁਰੂ ਹੋ ਗਈ ਹੈ ਤੇ ਰੰਗ-ਬਿਰੰਗੇ ਪਰਵਾਸੀ ਪੰਛੀਆਂ ਦੇ ਝੁੰਡ ਝੀਲ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ। ਜ਼ਿਕਰਯੋਗ ਹੈ ਕਿ ਬਿਆਸ-ਸਤਲੁਜ ਦਰਿਆਵਾਂ ਦਾ ਸੰਗਮ ਹਰੀਕੇ ਝੀਲ 'ਤੇ ਉਂਜ ਤਾਂ ਸਾਰਾ ਸਾਲ ਹੀ ਪੰਛੀਆਂ ਦਾ ਮੇਲਾ ਲੱਗਾ ਰਹਿੰਦਾ ਹੈ, ਪਰ ਸਰਦ ਰੁੱਤ ਸ਼ੁਰੂ ਹੁੰਦਿਆਂ ਹੀ ਇਹ ਮਹਿਮਾਨ ਪੰਛੀ ਝੀਲ 'ਤੇ ਪਹੁੰਚਣਾ ਸ਼ੁਰੂ ਕਰ ਦਿੰਦੇ ਹਨ।

ਰੂਸ, ਸਾਈਬੇਰੀਆ ਆਦਿ ਦੇਸ਼ਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਆਉਂਦੇ ਇਨ੍ਹਾਂ ਪੰਛੀਆਂ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਹੈ। ਯੂਰਪ ਦੇਸ਼ਾਂ 'ਚ ਭਾਰੀ ਠੰਢ ਕਾਰਨ ਝੀਲਾਂ ਜੰਮ ਜਾਂਦੀਆਂ ਹਨ, ਜਿਸ ਕਾਰਨ ਇਨ੍ਹਾਂ ਪੰਛੀਆਂ ਦਾ ਜੀਵਨ ਬਸਰ ਕਰਨਾ ਔਖਾ ਹੋ ਜਾਂਦਾ ਹੈ ਤੇ ਇਹ ਪਰਵਾਸ ਕਰ ਕੇ ਝੀਲ 'ਤੇ ਪਹੁੰਚਦੇ ਹਨ। ਮੌਸਮ ਦੀ ਕਰਵਟ ਬਦਲਦਿਆਂ ਹੀ ਹਰੀਕੇ ਝੀਲ ਦੇ ਵੱਖ-ਵੱਖ ਖੇਤਰਾਂ 'ਚ ਹਜ਼ਾਰਾਂ ਦੀ ਤਦਾਦ ਵਿਚ ਮਹਿਮਾਨ ਪੰਛੀ ਕਲੋਲਾਂ ਕਰਦੇ ਹੋਏ ਦਿਖਾਈ ਦਿੱਤੇ। ਝੀਲ ਦੇ ਮੁੱਖ ਖੇਤਰ ਰਿਆਸਤ ਤੇ ਖੈਤਾਨ ਤੋਂ ਇਲਾਵਾ ਸਤਲੁਜ 'ਚ ਵੀ ਪੰਛੀਆਂ ਦੇ ਝੁੰਡ ਠੰਢੇ ਮੌਸਮ ਦਾ ਅਨੰਦ ਮਾਣ ਰਹੇ ਸਨ।

ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਝੀਲ 'ਚ ਇਸ ਸਮੇਂ ਗ੍ਰੇ-ਲੈਗ-ਗੀਜ਼, ਸਪੂਨ ਬਿਲਜ਼, ਗ੍ਰੇਟ-ਈ-ਗ੍ਰੇਟ, ਰੂਡੀ ਸ਼ੈਲਡੈੱਕ, ਗ੍ਰੇਟਰ ਫਲੈਮੀਗੋ, ਕੋਮਨ ਪੋਚਡ, ਗਡਵਾਲ, ਲਿਟਲ ਗ੍ਰੈਵ, ਸਨੇਕ ਬਰਡ, ਰਿਵਰ ਟਰਨ ਆਦਿ ਕਿਸਮਾਂ ਦੇ ਪੰਛੀ ਝੀਲ 'ਚ ਅਠਖੇਲੀਆਂ ਕਰਦੇ ਦਿਖਾਈ ਦੇ ਰਹੇ ਹਨ, ਜਿਨ੍ਹਾਂ 'ਚ ਕੋਮਨ ਪੋਚਡ ਅਤੇ ਗ੍ਰੇਟਰ ਫਲੈਮੀਗੋ ਜ਼ਿਆਦਾ ਗਿਣਤੀ ਵਿਚ ਦਿਖਾਈ ਦਿੱਤੇ



ਹਨ। ਜ਼ਿਕਰਯੋਗ ਹੈ ਕਿ ਹਰ ਸਾਲ ਝੀਲ 'ਚ 200 ਤੋਂ ਵੱਧ ਕਿਸਮਾਂ ਦੇ ਪੰਛੀ ਇਥੇ ਪਹੁੰਚਦੇ ਹਨ ਤੇ ਸਰਦੀ ਵੱਧਣ ਦੇ ਨਾਲ-ਨਾਲ ਇਨ੍ਹਾਂ ਗਿਣਤੀ ਵਿਚ ਵਾਧਾ ਹੁੰਦਾ ਰਹਿੰਦਾ ਹੈ।

## ਨਨਕਾਣਾ ਸਾਹਿਬ 'ਚ ਖੁੱਲ੍ਹੇਗੀ ਗੁਰੂ ਨਾਨਕ ਯੂਨੀਵਰਸਿਟੀ

**ਲਾਹੌਰ:** ਗੁਰੂ ਨਾਨਕ ਸਾਹਿਬ ਦੇ 548ਵੇਂ ਪ੍ਰਕਾਸ਼ ਦਿਹਾੜੇ ਉਤੇ ਪਾਕਿਸਤਾਨ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਸਿਦੀਕਉਲ ਫਾਰੂਕ ਨੇ ਆਖਿਆ ਕਿ ਅਗਲੇ ਸਾਲ ਜਨਵਰੀ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਪਾਕਿਸਤਾਨ ਸਰਕਾਰ ਨੇ ਬੰਦ ਪਏ ਗੁਰੂ ਘਰ ਵੀ ਖੋਲ੍ਹਣ ਦਾ ਫੈਸਲਾ ਕੀਤਾ ਹੈ।

## ਵਿਰਾਸਤ-ਏ-ਖਾਲਸਾ ਦਾ ਦੂਜਾ ਹਿੱਸਾ ਤਿਆਰ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਸਥਿਤ ਵਿਰਾਸਤ-ਏ-ਖਾਲਸਾ ਹੁਣ ਪੂਰੀ ਤਰ੍ਹਾਂ ਬਣ ਕੇ ਤਿਆਰ ਹੋ ਚੁੱਕਿਆ ਹੈ ਅਤੇ ਹੁਣ ਇਸ ਦੇ ਦੂਸਰੇ ਹਿੱਸੇ ਨੂੰ ਵੀ ਦੁਨੀਆਂ ਭਰ ਦੀ ਸੰਗਤ ਲਈ 27 ਨਵੰਬਰ ਨੂੰ ਸਮਰਪਤ ਕਰ ਦਿੱਤਾ ਜਾਵੇਗਾ।

ਪੰਜਾਬ ਦੇ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਵਿਰਾਸਤ-ਏ-ਖਾਲਸਾ ਦੇ ਦੂਸਰੇ ਪੜਾਅ ਨੂੰ ਪਹਿਲੇ ਹਿੱਸੇ ਨਾਲੋਂ ਕਿਤੇ ਜ਼ਿਆਦਾ ਅਤਿ-ਆਧੁਨਿਕ ਤਕਨੀਕਾਂ ਨਾਲ ਤਿਆਰ ਕੀਤਾ ਗਿਆ ਹੈ।

## 196 ਦੇਸ਼ਾਂ ਦੀ ਸੈਰ ਕਰ ਕੇ ਬਣਾਇਆ ਰਿਕਾਰਡ

**ਲੰਡਨ:** ਸੈਰ-ਸਪਾਟਾ ਕਰਨਾ ਤੇ ਨਵੀਆਂ-ਨਵੀਆਂ ਥਾਂਵਾਂ ਉਤੇ ਜਾਣਾ ਹਰ ਕਿਸੇ ਦਾ ਸ਼ੌਕ ਹੁੰਦਾ ਹੈ। ਇਸੇ ਸ਼ੌਕ ਨੇ ਕੈਸੇਂਡਰਾ ਡੇ ਪੇਕੋਲ ਨਾਂ ਦੀ ਔਰਤ ਨੂੰ ਦੁਨੀਆਂ ਦੀ ਅਨੋਖੀ ਮਹਿਲਾ ਬਣਾ ਦਿੱਤਾ ਹੈ। ਪੇਕੋਲ ਦੁਨੀਆਂ ਦੀ ਅਜਿਹੀ ਪਹਿਲੀ ਮਹਿਲਾ ਹੈ, ਜਿਸ ਨੇ 196 ਦੇਸ਼ਾਂ ਦੀ ਯਾਤਰਾ ਕੀਤੀ ਹੈ। ਮੀਡੀਆ ਰਿਪੋਰਟ ਮੁਤਾਬਕ ਕੈਸੇਂਡਰਾ ਨੇ 3 ਸਾਲ ਅਤੇ 3 ਮਹੀਨੇ ਵਿਚ 196 ਦੇਸ਼ਾਂ ਦੀ ਯਾਤਰਾ ਦਾ ਟੀਚਾ ਰੱਖਿਆ ਸੀ। ਆਪਣਾ ਟੀਚਾ ਪੂਰਾ ਕਰਨ ਪਿੱਛੋਂ ਕੈਸੇਂਡਰਾ ਦੁਨੀਆਂ ਦੀ ਅਜਿਹੀ ਮਹਿਲਾ ਬਣ ਗਈ, ਜਿਸ ਨੇ ਬਹੁਤ ਤੇਜ਼ੀ ਨਾਲ ਇੰਨੇ ਘੱਟ ਸਮੇਂ ਵਿਚ 196 ਦੇਸ਼ਾਂ ਦੀ ਯਾਤਰਾ ਪੂਰੀ ਕੀਤੀ ਹੈ।



ਕੈਸੇਂਡਰਾ ਨੇ ਆਪਣੀ ਵੈੱਬਸਾਈਟ ਉਤੇ ਲਿਖਿਆ ਕਿ ਮੈਂ ਸ਼ਾਂਤੀ ਅਤੇ ਸਥਿਰਤਾ ਦਾ ਸੰਦੇਸ਼ ਦੇਣ ਲਈ ਇੰਨੇ ਦੇਸ਼ਾਂ ਦੀ ਯਾਤਰਾ ਕੀਤੀ। ਉਸ ਮੁਤਾਬਕ ਇਸ ਦਾ ਵਿਚਾਰ ਸਭ ਤੋਂ ਪਹਿਲਾਂ ਮੈਨੂੰ ਉਦੋਂ ਆਇਆ ਸੀ, ਜਦੋਂ ਅਗਸਤ 2009 ਵਿਚ ਆਪਣੇ ਭਰਾ ਨਾਲ ਤਕਰੀਬਨ ਇਕ ਮਹੀਨਾ ਜਰਮਨੀ, ਸਵਿਟਜ਼ਰਲੈਂਡ, ਬੈਲਜ਼ੀਅਮ ਤੇ ਨੀਂਦਰਲੈਂਡ ਵਿਚ ਬਤੀਤ ਕੀਤਾ ਸੀ। ਉਸ ਨੇ ਦੱਸਿਆ ਕਿ ਹਾਲ ਹੀ ਵਿਚ ਪੂਰੀ ਹੋਈ ਉਸ ਦੀ 196 ਦੇਸ਼ਾਂ ਦੀ ਯਾਤਰਾ ਦੌਰਾਨ ਉਸ ਦਾ ਭਰਾ ਨਾਲ ਨਹੀਂ ਸੀ। ਆਪਣੀ ਯਾਤਰਾ ਦੌਰਾਨ ਉਹ ਕਈ ਵਾਰ ਰੇਲਵੇ ਪਲੇਟਫਾਰਮ ਉਤੇ ਵੀ ਸੁੱਤੀ। ਉਸ ਦਾ ਕਹਿਣਾ ਹੈ ਕਿ ਮੈਂ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਜਿਊਣ ਦਾ ਅਨੋਖਾ ਰਾਹ ਚੁਣਿਆ ਹੈ। ਇਹ ਮੈਨੂੰ ਤਾਜ਼ਗੀ ਅਤੇ ਸਕੂਨ ਦਿੰਦਾ ਹੈ।

## ਅਫਗਾਨਿਸਤਾਨ ਦੀ ਸੰਸਦ ਵੱਲੋਂ ਤਿੰਨ ਮੰਤਰੀ ਬਰਤਰਫ

**ਕਾਬੁਲ:** ਅਫਗਾਨਿਸਤਾਨ ਦੀ ਸੰਸਦ ਨੇ ਮਾੜੀ ਕਾਰਗੁਜ਼ਾਰੀ ਦੇ ਦੋਸ਼ ਹੇਠ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸਮੇਤ ਤਿੰਨ ਮੰਤਰੀਆਂ ਨੂੰ ਬਰਤਰਫ ਕਰ ਦਿੱਤਾ ਹੈ, ਜੋ ਕਿ ਰਾਸ਼ਟਰਪਤੀ ਅਸ਼ਰਫ ਗਨੀ ਦੀ 'ਕਮਜ਼ੋਰ' ਸਰਕਾਰ ਲਈ ਝਟਕਾ ਹੈ। ਬਰਤਰਫ਼ ਮੰਤਰੀਆਂ 'ਤੇ ਦੋਸ਼ ਲਾਇਆ ਗਿਆ ਹੈ ਕਿ ਵਿਦੇਸ਼ ਮੰਤਰੀ ਸਲਾਹੂਦੀਨ ਰੱਬਾਨੀ ਅਤੇ ਪੀ.ਡਬਲਿਊ. ਤੇ ਸਮਾਜ ਸੇਵਾਵਾਂ ਬਾਰੇ ਮੰਤਰੀਆਂ ਨੇ ਨਿਰਧਾਰਤ ਸਮੇਂ ਵਿਚ ਜਾਰੀ ਫੰਡ ਨਹੀਂ ਵਰਤੇ। ਅਫਗਾਨਿਸਤਾਨ ਇਸ ਵੇਲੇ ਵਿੱਤੀ ਸੰਕਟ ਦਾ ਵੀ ਸਾਹਮਣਾ ਕਰ ਰਿਹਾ ਹੈ।

ਸੰਸਦ ਮੈਂਬਰ ਤੇ ਹੇਠਲੇ ਸਦਨ ਦੇ ਸਕੱਤਰ ਅਬਦੁਲ ਰੌਫ ਇਨਾਮੀ ਨੇ ਕਿਹਾ ਕਿ ਤਿੰਨ ਮੰਤਰੀਆਂ ਨੂੰ ਇਸ ਕਰ ਕੇ ਬਰਤਰਫ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਅਲਾਟ ਕੀਤੇ ਫੰਡ ਨਹੀਂ ਵਰਤੇ। ਸੰਸਦ ਮੈਂਬਰ ਨੇ ਕਿਹਾ ਕਿ ਜੇ ਮੰਤਰੀਆਂ ਵਿਚ ਉਨ੍ਹਾਂ ਨੂੰ ਅਲਾਟ ਕੀਤੇ ਫੰਡ ਵਰਤਣ ਦੀ ਸਮਰੱਥਾ ਨਹੀਂ ਹੈ ਤਾਂ ਉਹ ਆਪਣੇ ਅਹੁਦਿਆਂ 'ਤੇ ਰਹਿਣ ਦੇ ਵੀ ਲਾਇਕ ਨਹੀਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੰਤਰੀਆਂ ਵੱਲੋਂ 40 ਫੀਸਦੀ ਤੋਂ ਵੀ ਘੱਟ ਫੰਡ ਵਰਤੇ ਗਏ ਹਨ।

ਮੰਤਰੀਆਂ ਖਿਲਾਫ਼ ਸੰਵਿਧਾਨ ਮੁਤਾਬਕ ਕਾਰਵਾਈ ਕੀਤੀ ਗਈ ਹੈ, ਜੋ ਕਿ ਸੰਸਦ ਵੱਲੋਂ ਮੰਤਰੀਆਂ ਨੂੰ ਬਰਤਰਫ਼ ਕਰਨ ਦਾ ਹੱਕ ਦਿੰਦਾ ਹੈ। ਮੰਨਿਆ ਜਾ ਰਿਹਾ ਹੈ ਕਿ 14 ਹੋਰ ਮੰਤਰੀਆਂ ਖਿਲਾਫ਼ ਵੀ ਅਜਿਹੀ ਕਾਰਵਾਈ ਹੋ ਸਕਦੀ ਹੈ, ਜਿਸ ਨਾਲ ਅਫਗਾਨਿਸਤਾਨ ਸਰਕਾਰ ਵੱਡੇ ਸੰਕਟ ਵਿਚ ਘਿਰ ਜਾਵੇਗੀ।

## ਸਿੰਧੂ ਜਲ ਸਮਝੌਤੇ 'ਤੇ ਵਿਸ਼ਵ ਬੈਂਕ ਦੇ ਫੈਸਲੇ ਦਾ ਭਾਰਤ ਵੱਲੋਂ ਇਤਰਾਜ਼

**ਨਵੀਂ ਦਿੱਲੀ:** ਭਾਰਤ ਨੇ ਵਿਸ਼ਵ ਬੈਂਕ ਵੱਲੋਂ ਜੰਮੂ ਕਸ਼ਮੀਰ 'ਚ ਕਿਸ਼ਨਗੰਗਾ ਅਤੇ ਰੈਟਲ ਹਾਈਡਰੋਇਲੈਕਟ੍ਰਿਕ ਪ੍ਰਾਜੈਕਟਾਂ 'ਤੇ ਪਾਕਿਸਤਾਨ ਵੱਲੋਂ ਭਾਰਤ ਖਿਲਾਫ ਕੀਤੀ ਸ਼ਿਕਾਇਤ ਉਤੇ ਸਾਲਸੀ ਅਦਾਲਤ ਸਥਾਪਤ ਕਰਨ ਅਤੇ ਨਿਰਪੱਖ ਮਾਹਿਰ ਨਿਯੁਕਤ ਕਰਨ ਦੇ ਅਨੋਖੇ ਫੈਸਲੇ 'ਤੇ ਸਖਤ ਇਤਰਾਜ਼ ਪ੍ਰਗਟਾਇਆ ਹੈ।

ਭਾਰਤ ਨੇ ਵਿਸ਼ਵ ਬੈਂਕ ਦੇ ਨਿਰਪੱਖ ਮਾਹਿਰ ਨਿਯੁਕਤ ਕਰਨ ਤੇ ਪਾਕਿਸਤਾਨ ਦੀ ਮੰਗ ਅਨੁਸਾਰ ਉਸੇ ਸਮੇਂ ਸਾਲਸੀ ਅਦਾਲਤ ਸਥਾਪਤ ਕਰਨ ਦੇ ਫੈਸਲੇ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਦੋਵੇਂ ਕਦਮ ਇਕੱਠੇ ਚੁੱਕਣ ਨਾਲ ਕਾਰਵਾਈ ਕਾਨੂੰਨੀ ਤੌਰ 'ਤੇ ਅਸਥਿਰ ਹੋ ਜਾਵੇਗੀ। ਵਿਸ਼ਵ ਬੈਂਕ ਨੇ ਦੋਵੇਂ ਪ੍ਰਕਿਰਿਆਵਾਂ ਇਕਠੇ ਚਲਾਉਣ ਦਾ ਫੈਸਲਾ ਕੀਤਾ ਹੈ। ਭਾਰਤ ਅਜਿਹੀ ਕਿਸੇ ਕਾਰਵਾਈ ਦਾ ਹਿੱਸਾ ਨਹੀਂ ਹੋ ਸਕਦਾ ਜੋ ਸਿੰਧੂ ਜਲ ਸਮਝੌਤੇ ਅਨੁਸਾਰ ਨਹੀਂ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਕਿਹਾ ਕਿ ਸਰਕਾਰ ਅਗਲੇ ਵਿਕਲਪਾਂ ਦੀ ਸਮੀਖਿਆ ਕਰੇਗੀ ਤੇ ਉਸ ਅਨੁਸਾਰ ਅਗਲਾ ਕਦਮ ਚੁੱਕੇਗੀ।

*To Advertise with Punjab Times*
**Call: 847-359-0746**
*punjabtimesusa.com*

# ਬਾਦਲਾਂ ਦੇ 'ਲੋਕ ਸੇਵਾ' ਦੇ ਜਜ਼ਬੇ ਉਤੇ ਉਠੇ ਵੱਡੇ ਸਵਾਲ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਸੂਬੇ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ 'ਲੋਕ ਸੇਵਾ' ਦੇ ਜਜ਼ਬੇ 'ਤੇ ਵੱਡੇ ਸਵਾਲ ਉਠ ਰਹੇ ਹਨ। ਪਿਛਲੇ ਇਕ ਮਹੀਨੇ ਤੋਂ ਪੰਜਾਬ ਵਿਚ ਹਾਕਮ ਧਿਰ ਨੇ ਜਿਥੇ ਨੌਕਰੀਆਂ ਦੀ ਝੜੀ ਲਾਈ ਹੋਈ ਹੈ, ਉਥੇ ਵਿਕਾਸ ਪ੍ਰਾਜੈਕਟਾਂ ਦੇ ਧੜਾ ਧੜਾ ਨੀਂਹ ਪੱਥਰ ਰੱਖਣ ਦੇ ਨਾਲ-ਨਾਲ ਪੁਰਾਣੇ ਪ੍ਰਾਜੈਕਟਾਂ ਨੂੰ ਮੁਕੰਮਲ ਕਰ ਕੇ ਉਨ੍ਹਾਂ ਦੇ ਉਦਘਾਟਨ ਕਰਨ ਵਿਚ ਦਿਨ ਰਾਤ ਇਕ ਕੀਤਾ ਹੋਇਆ ਹੈ।

ਕਰਤਾਰਪੁਰ ਵਿਖੇ ਆਜ਼ਾਦੀ ਦੇ ਪਰਵਾਨਿਆਂ ਦੀ ਯਾਦਗਾਰ ਦੇ ਉਦਘਾਟਨ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ 'ਵਾਰ ਮੈਮੋਰੀਅਲ', ਵਿਰਾਸਤੀ ਪਿੰਡ, ਅੰਮ੍ਰਿਤਸਰ ਵਿਖੇ ਸੁੰਦਰ ਗੇਟ, ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦਾ ਸੁੰਦਰੀਕਰਨ, ਜ਼ਮੀਨਦੋਜ਼ ਪਲਾਜ਼ਾ, ਮਿਊਜ਼ੀਅਮ ਸਮੇਤ ਕਈ ਪ੍ਰਾਜੈਕਟ ਮੁਕੰਮਲ ਕੀਤੇ ਜਾ ਚੁੱਕੇ ਹਨ, ਜਦੋਂ ਕਿ ਇਸ ਇਲਾਕੇ ਅੰਦਰ ਰਾਮ ਤੀਰਥ ਵਿਖੇ ਭਗਵਾਨ ਵਾਲਮੀਕ ਦੇ ਪਵਿੱਤਰ ਅਸਥਾਨ ਉਤੇ ਉਸਾਰਿਆ ਜਾ ਰਿਹਾ ਵਿਸ਼ਾਲ ਮੰਦਰ ਵੀ ਛੇਤੀ ਹੀ ਮੁਕੰਮਲ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸੜਕਾਂ ਦੇ ਨਵੀਨੀਕਰਨ ਅਤੇ ਸ਼ਹਿਰਾਂ/ਪਿੰਡਾਂ ਵਿਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਿਪਟਾਉਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੇਸ਼ੱਕ ਪਿਛਲੇ ਤਕਰੀਬਨ ਡੇਢ ਸਾਲ ਦੇ ਕਾਰਜਕਾਲ ਦੌਰਾਨ ਗੱਠਜੋੜ ਸਰਕਾਰ ਖਿਲਾਫ ਕਈ ਗੰਭੀਰ ਦੋਸ਼ ਲੱਗਣ ਦੇ ਇਲਾਵਾ ਸਰਕਾਰ ਕਈ ਵਿਵਾਦਾਂ 'ਚ ਵੀ ਉਲਝਦੀ ਆ ਰਹੀ ਹੈ, ਪਰ ਇਸ ਦੇ ਬਾਵਜੂਦ ਚੋਣ ਜ਼ਾਬਤਾ ਲੱਗਣ ਤੋਂ ਕੁਝ ਸਮਾਂ ਪਹਿਲਾਂ ਵੀ ਸਰਕਾਰ ਨੇ ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਮਜ਼ਬੂਤ ਪਕੜ ਬਣਾਈ ਹੋਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮਾਝੇ ਨਾਲ ਸਬੰਧਤ ਤਕਰੀਬਨ 2 ਦਰਜਨ ਹਲਕਿਆਂ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ। ਸਰਕਾਰ ਬਣਾਉਣ 'ਚ ਮਾਝੇ ਦੀਆਂ ਦੋ ਦਰਜਨ ਸੀਟਾਂ ਦੀ ਵੱਡੀ ਭੂਮਿਕਾ ਰਹੀ ਹੈ। ਨਵੀਂ ਹਲਕਾਬੰਦੀ ਅਨੁਸਾਰ ਮਾਝੇ ਅੰਦਰ ਗੁਰਦਾਸਪੁਰ ਜ਼ਿਲ੍ਹੇ ਦੇ 7, ਪਠਾਨਕੋਟ ਦੇ 3 ਵਿਧਾਨ ਸਭਾ ਹਲਕਿਆਂ ਦੇ ਇਲਾਵਾ ਅੰਮ੍ਰਿਤਸਰ ਤੇ ਤਰਨਤਾਰਨ ਦੇ 15 ਹਲਕੇ ਹਨ, ਜਦੋਂਕਿ ਪੁਰਾਣੀ ਹਲਕਾਬੰਦੀ ਮੁਤਾਬਕ ਮਾਝੇ ਦੇ ਇਨ੍ਹਾਂ ਜ਼ਿਲ੍ਹਿਆਂ ਵਿਚ 27 ਵਿਧਾਨ ਸਭਾ ਹਲਕੇ ਸਨ। 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 105 ਸੀਟਾਂ 'ਤੇ ਚੋਣ ਲੜ ਕੇ 62 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ, ਜਦੋਂ ਕਿ ਸੀ.ਪੀ.ਆਈ. ਨੇ 11 ਸੀਟਾਂ ਉਤੇ ਚੋਣ ਲੜ ਕੇ 2 'ਤੇ ਜਿੱਤ ਹਾਸਲ ਕੀਤੀ ਸੀ।

ਇਸੇ ਤਰ੍ਹਾਂ ਅਕਾਲੀ ਦਲ 41, ਭਾਜਪਾ 3 ਸੀਟਾਂ ਜਿੱਤਣ ਵਿਚ ਸਫਲ ਰਹੀ। ਇਨ੍ਹਾਂ ਚੋਣਾਂ ਦੌਰਾਨ ਮਾਝੇ ਦੀਆਂ 27 ਸੀਟਾਂ ਵਿਚੋਂ ਕਾਂਗਰਸ ਨੇ 17 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ, ਜਦਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ 7 ਅਤੇ ਭਾਜਪਾ ਨੂੰ ਕੋਈ ਵੀ ਸੀਟ ਨਹੀਂ ਮਿਲੀ, ਜਿਸ ਦੇ ਨਤੀਜੇ ਵਜੋਂ ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਬਣਨ ਵਿਚ ਮਾਝੇ ਦਾ ਵੱਡਾ ਯੋਗਦਾਨ ਰਿਹਾ। 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਕਾਂਗਰਸ ਨੂੰ 44 ਅਤੇ ਅਕਾਲੀ ਭਾਜਪਾ ਗੱਠਜੋੜ ਨੂੰ 67 ਸੀਟਾਂ ਮਿਲੀਆਂ ਸਨ ਤਾਂ ਉਸ ਮੌਕੇ ਮਾਝੇ ਅੰਦਰ ਅਕਾਲੀ ਦਲ ਅਤੇ ਭਾਜਪਾ ਕ੍ਰਮਵਾਰ 16 ਅਤੇ 7 ਹਲਕਿਆਂ ਵਿਚ ਜੇਤੂ ਰਹੇ, ਜਦੋਂ ਕਿ ਕਾਂਗਰਸ ਨੂੰ ਮਾਝੇ ਵਿਚ ਸਿਰਫ 3 ਸੀਟਾਂ ਹੀ ਮਿਲੀਆਂ। 2012 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ-ਭਾਜਪਾ ਗੱਠਜੋੜ ਨੂੰ ਮਿਲੀਆਂ ਕੁੱਲ 68 ਸੀਟਾਂ ਵਿਚੋਂ ਮਾਝੇ ਅੰਦਰ ਗੱਠਜੋੜ ਨੂੰ 16 ਤੇ ਕਾਂਗਰਸ ਨੂੰ 9 ਸੀਟਾਂ ਮਿਲੀਆਂ ਸਨ।

ਮਾਲਵੇ ਦੀਆਂ ਬਹੁ ਗਿਣਤੀ ਸੀਟਾਂ ਵਿਚ ਆਮ ਆਦਮੀ ਪਾਰਟੀ (ਆਪ) ਦੇ ਪ੍ਰਭਾਵ ਸਬੰਧੀ ਕਈ ਤਰ੍ਹਾਂ ਦੀਆਂ ਕਿਆਸ ਅਰਾਈਆਂ ਅਤੇ ਸੰਭਾਵਨਾਵਾਂ ਦੇ ਉਲਟ ਹੁਣ ਤੱਕ ਮਾਝੇ ਵਿਚ ਆਪ ਦੀ ਸਥਿਤੀ ਨੂੰ ਮਾਲਵੇ ਦੇ ਮੁਕਾਬਲੇ ਕੁਝ ਕਮਜ਼ੋਰ ਮੰਨਿਆ ਜਾ ਰਿਹਾ ਹੈ। ਖਾਸ ਤੌਰ 'ਤੇ ਆਪ ਦੇ ਕਨਵੀਨਰ ਰਹਿ ਚੁੱਕੇ ਸੁੱਚਾ ਸਿੰਘ ਛੋਟੇਪੁਰ ਦੇ ਸਟਿੰਗ ਆਪ੍ਰੇਸ਼ਨ ਦੇ ਬਾਅਦ ਇਸ ਖੇਤਰ ਅੰਦਰ ਆਪ ਦੀ ਸਥਿਤੀ ਨੂੰ ਹੋਰ ਵੀ ਖੋਰਾ ਲੱਗਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਬੇਸ਼ੱਕ ਇਹ ਦੋਵੇਂ ਮਾਮਲੇ ਅਕਾਲੀ ਦਲ ਲਈ ਸਿੱਧੇ ਤੌਰ 'ਤੇ ਫਾਇਦੇਮੰਦ ਹਨ, ਪਰ ਅਕਾਲੀ ਦਲ ਡਾ. ਨਵਜੋਤ ਕੌਰ ਸਿੱਧੂ, ਇੰਦਰਬੀਰ ਸਿੰਘ ਬੁਲਾਰੀਆ ਦੇ ਇਲਾਵਾ ਸੀਨੀਅਰ ਆਗੂ ਉਪਕਾਰ ਸਿੰਘ ਸੰਧੂ ਦਾ ਤੋੜ ਵਿਛੋੜਾ ਤੇ ਮਤਭੇਦਾਂ ਨਾਲ ਗੱਠਜੋੜ ਦੀ ਸਥਿਤੀ 'ਤੇ ਪੈਣ ਵਾਲੇ ਪ੍ਰਭਾਵ ਨੂੰ ਵੀ ਅੱਖੋਂ ਪਰੋਖੇ ਨਹੀਂ ਕਰ ਸਕਦਾ। ਹੋਰ ਤੇ ਹੋਰ ਮਾਝੇ ਅੰਦਰ ਆਪ ਵੱਲੋਂ ਐਲਾਨੇ ਗਏ ਤਿੰਨ ਪ੍ਰਮੁੱਖ ਉਮੀਦਵਾਰਾਂ ਦੇ ਇਲਾਵਾ ਵੱਖ-ਵੱਖ ਹਲਕਿਆਂ ਦੇ ਹੋਰ ਸੰਭਾਵੀ ਉਮੀਦਵਾਰ ਉਹ ਹਨ ਜੋ ਅਕਾਲੀ ਦਲ ਨੂੰ ਕੁਝ ਸਮਾਂ ਪਹਿਲਾਂ ਵੱਡਾ ਝਟਕਾ ਦੇ ਕੇ ਆਪ ਵਿਚ ਸ਼ਾਮਲ ਹੋਏ ਹਨ, ਜਦੋਂ ਕਿ ਇਸ ਖੇਤਰ ਅੰਦਰ ਅਜੇ ਤੱਕ ਕਾਂਗਰਸ ਨੂੰ ਕੋਈ ਵੀ ਅਜਿਹਾ ਵੱਡਾ ਝਟਕਾ ਨਹੀਂ ਲੱਗਾ। ਹਲਕਾ ਦੀਨਾਨਗਰ ਤੋਂ ਆਪ ਦੇ ਉਮੀਦਵਾਰ ਜੋਗਿੰਦਰ ਸਿੰਘ ਛੀਨਾ, ਡੇਰਾ ਬਾਬਾ ਨਾਨਕ ਤੋਂ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਅਜਨਾਲਾ ਤੋਂ ਰਾਜਪ੍ਰੀਤ ਸਿੰਘ ਸੰਨੀ ਅਕਾਲੀ ਦਲ ਦੇ ਹੀ ਸੀਨੀਅਰ ਆਗੂ ਹਨ, ਜਦੋਂ ਕਿ ਧਾਰੀਵਾਲ ਤੋਂ ਪ੍ਰਮੁੱਖ ਉਮੀਦਵਾਰ ਵਜੀਰ ਸਿੰਘ ਲਾਲੀ ਸਮੇਤ ਹੋਰ ਕਈ ਹਲਕਿਆਂ ਅੰਦਰ ਟਿਕਟ ਦੀ ਦੌੜ ਵਿਚ ਸ਼ਾਮਲ ਉਮੀਦਵਾਰ ਇਸੇ ਪਾਰਟੀ ਨਾਲ ਸਬੰਧਤ ਹਨ। ਇਸ ਤਰ੍ਹਾਂ ਇਨ੍ਹਾਂ 25 ਹਲਕਿਆਂ ਅੰਦਰ ਅਕਾਲੀ ਦਲ ਦੇ ਬਦਲਦੇ ਸਮੀਕਰਨ ਅਤੇ ਆਪ ਦੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਖਿੱਤੇ ਦੀ ਰਾਜਨੀਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

## ਸੁਖਬੀਰ ਦੀ ਹੁਣ ਕਮਿਊਨਿਸਟ ਆਗੂਆਂ ਵੱਲ ਝਾਕ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਚੋਣਾਂ ਦੇ ਮੱਦੇਨਜ਼ਰ ਹਰ ਸਿਆਸੀ ਸੰਭਾਵਨਾ ਟੋਲਦੇ ਨਜ਼ਰ ਆ ਰਹੇ ਹਨ। ਉਪ ਮੁੱਖ ਮੰਤਰੀ ਨੇ ਕਮਿਊਨਿਸਟਾਂ ਵਿਚ ਪੂਰੀ ਦਿਲਚਸਪੀ ਦਿਖਾਈ, ਜਿਸ ਨੇ ਸਿਆਸੀ ਹਲਕੇ ਅਚੰਭੇ ਵਿਚ ਪਾ ਦਿੱਤੇ ਹਨ। ਸ੍ਰੀ ਬਾਦਲ ਨੇ ਸੀ.ਪੀ.ਆਈ. ਦੇ ਸਕੱਤਰ ਹਰਦੇਵ ਸਿੰਘ ਅਰਸ਼ੀ ਨੂੰ ਸਿਆਸੀ ਨਜ਼ਰੀਏ ਤੋਂ ਟੋਹਣ ਦੀ ਕੋਸ਼ਿਸ਼ ਕੀਤੀ। ਜਾਣਕਾਰੀ ਅਨੁਸਾਰ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਪੁੱਤਰ ਚਰਨਜੀਤ ਸਿੰਘ ਮਲੂਕਾ ਨਮਿਤ ਸ਼ਰਧਾਂਜਲੀ ਸਮਾਗਮ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਵਜ਼ੀਰ ਬਿਕਰਮ ਸਿੰਘ ਮਜੀਠੀਆ ਤੇ ਹਰਦੇਵ ਅਰਸ਼ੀ ਪੁੱਜੇ ਹੋਏ ਸਨ। ਜਦੋਂ ਸਮਾਗਮ ਖਤਮ ਹੋਇਆ ਤਾਂ ਸ੍ਰੀ ਬਾਦਲ ਅਤੇ ਹਰਦੇਵ ਅਰਸ਼ੀ ਲੰਗਰ ਵਾਲੀ ਜਗ੍ਹਾ ਆਪਸ ਵਿਚ ਮਿਲੇ। ਜਦੋਂ ਸ੍ਰੀ ਅਰਸ਼ੀ ਉਥੋਂ ਚਲੇ ਗਏ ਤਾਂ ਸੁਖਬੀਰ ਬਾਦਲ ਨੇ ਸ੍ਰੀ ਅਰਸ਼ੀ ਨੂੰ ਬੁਲਾਉਣ ਵਾਸਤੇ ਯੂਥ ਅਕਾਲੀ ਆਗੂ ਭੇਜ ਦਿੱਤੇ। ਇਸ ਮਗਰੋਂ ਸ੍ਰੀ ਬਾਦਲ ਅਤੇ ਹਰਦੇਵ ਅਰਸ਼ੀ ਵਿਚਾਲੇ ਕਰੀਬ ਪੰਦਰਾਂ ਮਿੰਟ ਗੱਲਬਾਤ ਹੋਈ। ਇਸ ਮੌਕੇ ਮੀਟਿੰਗ ਵਾਲੇ ਕਮਰੇ ਵਿਚ ਪ੍ਰਮੁੱਖ ਸਕੱਤਰ ਮਨਵੇਸ਼ ਸਿੱਧੂ ਇਕ ਪਾਸੇ ਖੜ੍ਹੇ ਸਨ। ਸੁਰੱਖਿਆ ਗਾਰਦਾਂ ਨੇ ਮੀਟਿੰਗ ਦੌਰਾਨ ਹੋਰ ਕਿਸੇ ਵੀ ਆਗੂ ਨੂੰ ਕਮਰੇ ਵਿਚ ਨਹੀਂ ਜਾਣ ਦਿੱਤਾ। ਇਸ ਤੋਂ ਪਹਿਲਾਂ ਸ੍ਰੀ ਮਜੀਠੀਆ ਨੇ ਵੀ ਸ੍ਰੀ ਅਰਸ਼ੀ ਨਾਲ ਮੁਲਾਕਾਤ ਕਰਨ ਵਿਚ ਦਿਲਚਸਪੀ ਦਿਖਾਈ ਅਤੇ ਕਾਫੀ ਸਮਾਂ ਗੱਲਬਾਤ ਕੀਤੀ।

# ਭਰਤੀ ਘੁਟਾਲਾ: ਤੋਤਾ ਸਿੰਘ ਨੂੰ ਅਜੇ ਨਹੀਂ ਮਿਲੇਗੀ ਆਜ਼ਾਦੀ



**ਮੁਹਾਲੀ:** ਪੰਜਾਬ ਵਿਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸੂਬੇ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪੁਨੀਤ ਮੋਹਨ ਸ਼ਰਮਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ 134 ਕਲਰਕ ਤੇ ਹੈਲਪਰ ਭਰਤੀ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਜਥੇਦਾਰ ਤੋਤਾ ਸਿੰਘ ਵਿਰੁੱਧ ਦਰਜ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰਨ ਲਈ ਸਰਕਾਰੀ ਵਕੀਲ ਵਿਜੇ ਸਿੰਗਲਾ ਵੱਲੋਂ ਅਦਾਲਤ ਵਿਚ ਦਾਇਰ ਅਰਜ਼ੀ ਰੱਦ ਕਰ ਦਿੱਤੀ ਹੈ। ਤੋਤਾ ਸਿੰਘ ਆਪਣੇ ਵਕੀਲ ਨਾਲ ਮੁਹਾਲੀ ਅਦਾਲਤ ਵਿਚ ਪੇਸ਼ ਹੋਏ। ਜੱਜ ਨੇ ਕੇਸ ਦੀ ਅਗਲੀ ਸੁਣਵਾਈ ਲਈ 30 ਨਵੰਬਰ ਦਾ ਦਿਨ ਨਿਰਧਾਰਿਤ ਕੀਤਾ ਹੈ।

ਸਰਕਾਰੀ ਵਕੀਲ ਵਿਜੇ ਸਿੰਗਲਾ ਨੇ ਬੀਤੀ 10 ਅਕਤੂਬਰ ਨੂੰ ਤੋਤਾ ਸਿੰਘ ਦੇ ਵਿਰੁੱਧ ਦਰਜ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰਨ ਲਈ ਜ਼ਿਲ੍ਹਾ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਸਰਕਾਰੀ ਵਕੀਲ ਦੀ ਦਲੀਲ ਸੀ ਕਿ ਵਿਜੀਲੈਂਸ ਬਿਊਰੋ ਵੱਲੋਂ ਹੁਣ ਤੱਕ ਇਸ ਕੇਸ ਦੇ ਮੁਤੱਲਕ ਕਰੀਬ 17 ਗਵਾਹ ਪੇਸ਼ ਕੀਤੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਸਿਰਫ ਇਕ ਗਵਾਹ ਵਰਿੰਦਰ ਕੁਮਾਰ ਨੇ ਹੀ ਤੋਤਾ ਸਿੰਘ ਖਿਲਾਫ਼ ਬਿਆਨ ਦਿੱਤੇ ਸਨ, ਪਰ ਬਾਅਦ ਵਿਚ ਉਹ ਵੀ ਆਪਣੇ ਬਿਆਨਾਂ ਤੋਂ ਮੁੱਕਰ ਗਿਆ ਸੀ। ਉਂਜ ਵੀ ਵਿਜੀਲੈਂਸ ਦੀ ਪੜਤਾਲੀਆ ਟੀਮ ਕੈਬਨਿਟ ਮੰਤਰੀ ਖਿਲਾਫ਼ ਕੋਈ ਠੋਸ ਸਬੂਤ ਅਦਾਲਤ ਵਿਚ ਪੇਸ਼ ਨਹੀਂ ਕਰ ਸਕੀ ਹੈ।

# ਨਵੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਰਾਜੋਆਣਾ ਨੂੰ ਭਰੋਸਾ



**ਪਟਿਆਲਾ**: ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਤਹਿਤ ਜੇਲ੍ਹ ਵਿਚ ਨਜ਼ਰਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੁੱਖ ਹੜਤਾਲ ਖਤਮ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਹੜਤਾਲ ਬੰਡੂਗਰ ਨੇ ਹੀ ਖੁੱਲ੍ਹਵਾਈ ਹੈ। ਰਾਜੋਆਣਾ ਦੀ ਮਰਸੀ ਪਟੀਸ਼ਨ ਦਾ ਜਲਦ ਨਿਬੇੜਾ ਕਰਾਉਣ ਲਈ ਸ਼੍ਰੋਮਣੀ ਕਮੇਟੀ ਰਾਸ਼ਟਰਪਤੀ ਤੱਕ ਪਹੁੰਚ ਕਰੇਗੀ।

ਸਜ਼ਾ ਮੁਆਫੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਦਾ ਨਤੀਜਾ ਨਾ ਨਿਕਲਦਾ ਦੇਖ ਰਾਜੋਆਣਾ ਭੁੱਖ ਹੜਤਾਲ 'ਤੇ ਬੈਠ ਗਏ ਸਨ। ਪ੍ਰੋ. ਬੰਡੂਗਰ ਨੇ ਰਾਜੋਆਣਾ ਨੂੰ ਭਰੋਸਾ ਦਵਾਇਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਮਰਸੀ ਪਟੀਸ਼ਨ ਦੇ ਜਲਦ ਨਿਬੇੜੇ ਲਈ ਪੰਜਾਬ ਤੇ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਨਾਲ ਤਲਮੇਲ ਕਰਕੇ ਢੁਕਵੇਂ ਕਦਮ ਚੁੱਕੇ ਜਾਣਗੇ। ਇਸ ਬਾਰੇ ਸ਼੍ਰੋਮਣੀ ਕਮੇਟੀ ਦਾ ਵਫਦ ਹਫਤੇ ਅੰਦਰ ਨਿਯੁਕਤ ਕੀਤਾ ਜਾਵੇਗਾ। ਇਹ ਵਫਦ ਮਰਸੀ ਪਟੀਸ਼ਨ ਦਾ ਜਲਦ ਨਿਬੇੜਾ ਕਰਵਾਉਣ ਲਈ ਰਾਸ਼ਟਰਪਤੀ ਨਾਲ ਮੁਲਾਕਾਤ ਕਰੇਗਾ। ਕਾਬਲੇਗੌਰ ਹੈ ਕਿ ਰਾਜੋਆਣਾ ਨੂੰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ 2007 ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। 31 ਮਾਰਚ, 2012 ਨੂੰ ਫਾਂਸੀ ਲਾਉਣ ਦੇ ਆਦੇਸ਼ ਜਾਰੀ ਕੀਤੇ ਗਏ ਸਨ।

ਇਸ ਤੋਂ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਲਈ ਪਾਈ ਗਈ ਮਰਸੀ ਪਟੀਸ਼ਨ ਤਹਿਤ 28 ਮਾਰਚ, 2012 ਨੂੰ ਰਾਜੋਆਣਾ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਾ ਦਿੱਤੀ ਗਈ ਸੀ। ਉਦੋਂ ਤੋਂ ਹੁਣ ਤੱਕ ਇਸ ਮਰਸੀ ਪਟੀਸ਼ਨ ਦਾ ਨਿਬੇੜਾ ਨਹੀਂ ਕੀਤਾ ਗਿਆ। ਇਸ ਕਾਰਨ ਰਾਜੋਆਣਾ ਨੇ ਜੇਲ੍ਹ ਵਿਚ ਹੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਬਾਅਦ ਰਾਜੋਆਣਾ ਦੀ ਵਿਗੜੀ ਹਾਲਤ ਕਾਰਨ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ ਸੀ।

## ਕੋਲਾ ਘੁਟਾਲਾ: ਸਾਬਕਾ ਸੰਸਦ ਮੈਂਬਰ ਵਿਰੁੱਧ ਦੋਸ਼ ਤੈਅ

**ਨਵੀਂ ਦਿੱਲੀ:** ਕੋਲਾ ਬਲਾਕ ਵੰਡ ਘੁਟਾਲਾ ਮਾਮਲੇ 'ਚ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਵਿਜੇ ਦਰੜਾ ਅਤੇ 6 ਹੋਰਾਂ ਖਿਲਾਫ਼ ਮੁਕੱਦਮੇ ਦਾ ਰਸਤਾ ਸਾਫ ਕਰਦੇ ਹੋਏ ਇਨ੍ਹਾਂ ਵਿਰੁੱਧ ਦੋਸ਼ ਤੈਅ ਕੀਤੇ ਹਨ।

ਮੁਦਈ ਧਿਰ ਦਾ ਦੋਸ਼ ਹੈ ਕਿ ਦਰੜਾ ਨੇ ਛੱਤੀਸਗੜ੍ਹ 'ਚ ਜੇ.ਐਲ.ਡੀ. ਯਕਤਮਾਲ ਅਨਰਜੀ ਲਿਮਟਿਡ ਨੂੰ ਫਤਹਿਪੁਰ (ਸਾਬਕਾ) ਕੋਲਾ ਬਲਾਕ ਦੀ ਵੰਡ ਵਿਚ ਘੁਟਾਲਾ ਕੀਤਾ ਸੀ।

# ਲੋਕਾਂ ਨੇ ਹੁਣ ਸਰਕਾਰੀ ਤੀਰਥ ਯਾਤਰਾ ਤੋਂ ਮੂੰਹ ਮੋੜਿਆ



**ਬਠਿੰਡਾ:** ਪੰਜਾਬ ਦੇ ਲੋਕਾਂ ਨੇ ਸਰਕਾਰੀ ਤੀਰਥ ਯਾਤਰਾ ਤੋਂ ਮੂੰਹ ਮੋੜ ਲਏ ਹਨ ਤੇ ਪਿਛਲੇ ਸਵਾ ਮਹੀਨੇ ਵਿਚ ਤਕਰੀਬਨ 150 ਬੱਸਾਂ ਰੱਦ ਕਰਨੀਆਂ ਪਈਆਂ। ਨਵੰਬਰ ਮਹੀਨੇ ਵਿਚ ਹੀ 60 ਬੱਸਾਂ ਨੂੰ ਮੌਕੇ ਉਤੇ ਰੱਦ ਕਰਨਾ ਪਿਆ ਹੈ। ਬਹੁਤੇ ਪਿੰਡਾਂ 'ਚੋਂ ਜਦੋਂ ਲੋਕਾਂ ਨੇ ਤੀਰਥ ਯਾਤਰਾ ਲਈ ਹੁੰਗਾਰਾ ਨਾ ਭਰਿਆ ਤਾਂ ਜ਼ਿਲ੍ਹਾ ਪ੍ਰਸ਼ਾਸਨ ਨੇ ਬੱਸਾਂ ਰੱਦ ਕਰ ਦਿੱਤੀਆਂ। ਪੀ.ਆਰ.ਟੀ.ਸੀ. ਇਸ ਗੱਲੋਂ ਖੁਸ਼ ਹੈ ਕਿ ਹੁਣ ਅਦਾਰੇ ਦੀਆਂ ਬੱਸਾਂ ਨੂੰ ਆਪਣੇ ਰੂਟਾਂ ਉਤੇ ਚੱਲਣ ਦਾ ਮੌਕਾ ਮਿਲਣ ਲੱਗਿਆ ਹੈ।

ਸਰਕਾਰੀ ਤੀਰਥ ਯਾਤਰਾ ਤਹਿਤ ਰੋਜ਼ਾਨਾ 80 ਬੱਸਾਂ ਸ਼ੁਰੂ ਕੀਤੀਆਂ ਗਈਆਂ ਸਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਗਸਤ ਵਿਚ ਬਰਨਾਲਾ ਤੋਂ ਇਹ ਯਾਤਰਾ ਸ਼ੁਰੂ ਕੀਤੀ ਸੀ। ਸੂਤਰ ਦੱਸਦੇ ਹਨ ਕਿ ਹੁਣ ਬਹੁਤੇ ਲੋਕ ਸਰਕਾਰੀ ਖਰਚੇ 'ਤੇ ਤੀਰਥ ਯਾਤਰਾ ਕਰਨ ਤੋਂ ਪਾਸਾ ਵੱਟਣ ਲੱਗ ਪਏ ਹਨ। ਚਰਚੇ ਇਹ ਵੀ ਹਨ ਕਿ ਦਰਬਾਰ ਸਾਹਿਬ ਜਾਣ ਵਾਲੇ ਯਾਤਰੀਆਂ ਨੂੰ ਤੀਰਥ ਯਾਤਰਾ ਦੌਰਾਨ ਰਿਫਰੈਸ਼ਮੈਂਟ ਨਹੀਂ ਦਿੱਤੀ ਜਾਂਦੀ ਹੈ ਜਦਕਿ ਸਾਲਾਸਰ ਯਾਤਰਾ ਵਾਲੇ ਯਾਤਰੀਆਂ ਨੂੰ ਖਾਣਾ ਅਤੇ ਰਿਫਰੈਸ਼ਮੈਂਟ ਦਿੱਤੀ ਜਾਂਦੀ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਅਕਤੂਬਰ ਮਹੀਨੇ ਵਿਚ 86 ਬੱਸਾਂ ਇਕੱਲੇ ਜ਼ਿਲ੍ਹਾ ਬਠਿੰਡਾ ਵਿਚ ਰੱਦ ਕਰਨੀਆਂ ਪਈਆਂ। ਤਲਵੰਡੀ ਸਾਬੋ ਹਲਕੇ ਦੀਆਂ ਨਵੰਬਰ ਮਹੀਨੇ ਵਿਚ 16 ਬੱਸਾਂ ਅਤੇ ਅਕਤੂਬਰ ਮਹੀਨੇ ਵਿਚ 20 ਬੱਸਾਂ ਰੱਦ ਕਰਨੀਆਂ ਪਈਆਂ, ਜਦਕਿ ਬਠਿੰਡਾ ਸ਼ਹਿਰੀ ਹਲਕੇ ਦੀਆਂ ਨਵੰਬਰ ਵਿਚ 20 ਅਤੇ ਅਕਤੂਬਰ ਮਹੀਨੇ ਵਿਚ 23 ਬੱਸਾਂ ਰੱਦ ਹੋਈਆਂ। ਭੁੱਚੋ ਦੀਆਂ ਨਵੰਬਰ ਵਿਚ 8 ਅਤੇ ਅਕਤੂਬਰ ਵਿੱਚ 17 ਬੱਸਾਂ ਰੱਦ ਕਰਨੀਆਂ ਪਈਆਂ। ਇਸੇ ਤਰ੍ਹਾਂ ਮੌੜ ਹਲਕੇ ਦੀਆਂ ਅਕਤੂਬਰ-ਨਵੰਬਰ ਵਿਚ 28 ਬੱਸਾਂ ਰੱਦ ਕਰਨੀਆਂ ਪਈਆਂ ਹਨ। ਇਸੇ ਹਲਕੇ ਵਿਚ ਚਿੰਤਪੁਰਨੀ ਵਾਲੀਆਂ ਦੋ ਅਤੇ ਭੁੱਚੋ ਹਲਕੇ ਵਿਚ ਸਾਲਾਸਰ ਵਾਲੀਆਂ 2 ਬੱਸਾਂ ਵੀ ਰੱਦ ਕਰਨੀਆਂ ਪਈਆਂ ਸਨ।

ਜ਼ਿਲ੍ਹਾ ਬਠਿੰਡਾ ਵਿਚੋਂ ਰੋਜ਼ਾਨਾ 8 ਅਤੇ ਮਾਨਸਾ ਵਿਚੋਂ ਰੋਜ਼ਾਨਾ ਪੰਜ ਬੱਸਾਂ ਸ੍ਰੀ ਦਰਬਾਰ ਸਾਹਿਬ ਵਾਸਤੇ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਬਠਿੰਡਾ ਤੋਂ ਸਾਲਾਸਰ ਦੀ ਥਾਂ ਹੁਣ ਚਿੰਤਪੁਰਨੀ ਲਈ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਹੈ। ਇਸ ਜ਼ਿਲ੍ਹੇ ਵਿਚ 30 ਸਤੰਬਰ ਤੋਂ ਸ੍ਰੀ ਦਰਬਾਰ ਸਾਹਿਬ ਲਈ ਤੀਰਥ ਯਾਤਰਾ ਬੰਦ ਕਰ ਦਿੱਤੀ ਗਈ ਸੀ ਅਤੇ ਹੁਣ 30 ਅਕਤੂਬਰ ਤੋਂ ਮੁੜ ਸ਼ੁਰੂ ਕੀਤੀ ਗਈ ਹੈ। ਇਸ ਜ਼ਿਲ੍ਹੇ ਵਿਚ ਸਾਲਾਸਰ ਵਾਲੀ ਯਾਤਰਾ ਵੀ ਕਰੀਬ ਡੇਢ ਮਹੀਨੇ ਤੋਂ ਬੰਦ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸਾਲਾਸਰ ਦੀ ਸਿਰਸੇ ਵਾਲੀ ਧਰਮਸ਼ਾਲਾ ਦੇ ਪ੍ਰਬੰਧਕਾਂ ਨੇ ਪੀ.ਆਰ.ਟੀ.ਸੀ. ਨੂੰ ਚਿੱਠੀ ਭੇਜ ਦਿੱਤੀ ਸੀ ਕਿ ਉਹ ਜ਼ਿਲ੍ਹਾ ਮਾਨਸਾ ਦੇ ਯਾਤਰੀਆਂ ਦੀ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕਰਨ ਤੋਂ ਅਸਮਰੱਥ ਹਨ।

# ਨਿਤਾਣਿਆਂ ਦੀਆਂ ਜਾਨਾਂ ਦਾ ਖੌਅ 'ਜਮਹੂਰੀਅਤ'

31 ਅਕਤੂਬਰ ਨੂੰ ਭੋਪਾਲ ਕੇਂਦਰੀ ਜੇਲ੍ਹ ਤੋਂ ਕਥਿਤ ਤੌਰ 'ਤੇ ਫ਼ਰਾਰ ਹੋਣ ਵਾਲੇ ਅੱਠ ਮੁਸਲਿਮ ਕੈਦੀ (ਅਮਜਦ ਖ਼ਾਨ, ਮਹਿਬੂਬ ਉਰਫ਼ ਗੁੱਡੂ, ਜ਼ਾਕਿਰ ਹੁਸੈਨ, ਮੁਹੰਮਦ ਸਲੀਕ, ਅਕੀਲ ਖ਼ਿਲਜੀ, ਮੁਹੰਮਦ ਖ਼ਾਲਿਦ, ਮੁਜੀਬ ਸ਼ੇਖ਼, ਮਾਜਿਦ) ਪੁਲਿਸ ਵਲੋਂ ਮਾਰ ਦਿੱਤੇ ਗਏ। ਉਹ ਸਾਰੇ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ) ਨਾਲ ਸਬੰਧਤ ਸਨ। ਸਿਮੀ ਉਪਰ ਭਾਜਪਾ ਸਰਕਾਰ ਨੇ 2001 ਵਿਚ ਪਾਬੰਦੀ ਲਾ ਦਿੱਤੀ ਸੀ। ਹੁਣ ਤਕ ਸਿਮੀ ਨਾਲ ਸਬੰਧਤ ਜਿੰਨੇ ਵੀ ਕੇਸ ਬਣਾਏ ਗਏ, ਇਕ ਵਿਚ ਵੀ ਇਹ ਸਾਬਤ ਨਹੀਂ ਕੀਤਾ ਜਾ ਸਕਿਆ ਕਿ ਸਿਮੀ ਕਿਸੇ ਦਹਿਸ਼ਤਵਾਦੀ ਸਰਗਰਮੀ ਵਿਚ ਸ਼ਾਮਲ ਹੈ।

**ਬੂਟਾ ਸਿੰਘ**
**ਫੋਨ: +91-94634-74342**

*ਆਖ਼ਰ ਕੀ ਵਜ੍ਹਾ ਹੈ ਕਿ ਪੁਲਿਸ/ਫ਼ੌਜ ਦੀ ਹਿਰਾਸਤ ਜਾਂ ਮੁਕਾਬਲੇ ਵਿਚ ਹਮੇਸ਼ਾ ਦਲਿਤ, ਆਦਿਵਾਸੀ, ਗ਼ਰੀਬ ਜਾਂ ਧਾਰਮਿਕ ਘੱਟਗਿਣਤੀਆਂ ਦੇ ਲੋਕ, ਮੁਸਲਿਮ ਜਾਂ ਸਿੱਖ ਹੀ ਮਾਰੇ ਜਾਂਦੇ ਹਨ। ਅੱਜ ਤਕ ਨਾ ਤਾਂ ਕਦੇ ਸੱਤਾਧਾਰੀ ਜਮਾਤ ਦਾ ਕੋਈ ਕੈਦੀ ਪੁਲਿਸ ਹਿਰਾਸਤ ਵਿਚ ਜਾਂ ਜੇਲ੍ਹ 'ਚੋਂ ਫ਼ਰਾਰ ਹੁੰਦਾ ਮੁਕਾਬਲੇ ਮਾਰਿਆ ਗਿਆ ਹੈ, ਨਾ ਕੋਈ ਹਿੰਦੂਤਵੀ ਅਤਿਵਾਦੀ ਜਾਂ ਕੋਈ ਕਾਂਗਰਸੀ ਕਦੇ ਇਉਂ ਮਾਰਿਆ ਗਿਆ ਹੈ।*

ਦਰਅਸਲ ਪਾਬੰਦੀ ਲਗਾਉਣਾ ਹਿੰਦੁਸਤਾਨੀ ਹੁਕਮਰਾਨ ਜਮਾਤ ਦੀ ਇਕ ਸੋਚੀ-ਸਮਝੀ ਰਾਜਕੀ ਨੀਤੀ ਹੈ ਜਿਸ ਦੇ ਬਹਾਨੇ ਕਿਸੇ ਸੰਸਥਾ ਨੂੰ ਪਾਬੰਦੀਸ਼ੁਦਾ ਕਰਾਰ ਦੇ ਕੇ ਉਸ ਦੀ ਵਿਚਾਰਧਾਰਕ-ਸਿਆਸੀ ਚੁਣੌਤੀ ਨੂੰ ਕੁਚਲਿਆ ਜਾ ਸਕਦਾ ਹੈ, ਤੇ ਕਿਸੇ ਨੂੰ ਵੀ ਐਸੀ ਸੰਸਥਾ ਨਾਲ ਸਬੰਧਤ ਹੋਣ ਦੇ ਸ਼ੱਕ ਵਿਚ ਗ੍ਰਿਫ਼ਤਾਰ ਕਰਕੇ ਸਾਲਾਂਬੱਧੀ ਜੇਲ੍ਹ ਵਿਚ ਸਾੜਿਆ ਜਾ ਸਕਦਾ ਹੈ। ਐਸੀ ਜਥੇਬੰਦੀ ਦੇ ਲੋਕ ਪਾਬੰਦੀਸ਼ੁਦਾ ਹੋਣ ਕਾਰਨ ਇਸ ਦੇ ਮੈਂਬਰ ਹੋਣ ਦਾ ਐਲਾਨ ਕਰ ਕੇ ਗ੍ਰਿਫ਼ਤਾਰੀ ਨੂੰ ਸੱਦਾ ਨਹੀਂ ਦੇ ਸਕਦੇ ਅਤੇ ਇਉਂ ਉਨ੍ਹਾਂ ਕੋਲ ਕਾਨੂੰਨੀ ਤੌਰ 'ਤੇ ਆਪਣਾ ਪੱਖ ਪੇਸ਼ ਕਰਨ ਦਾ ਕੋਈ ਮੌਕਾ ਹੀ ਨਹੀਂ ਹੁੰਦਾ।


ਪਾਬੰਦੀ ਐਸਾ ਹਥਿਆਰ ਹੈ ਕਿ ਟਾਡਾ, ਪੋਟਾ, ਯੂ.ਏ.ਪੀ.ਏ. ਵਰਗੇ ਬੇਮਿਸਾਲ ਜ਼ਾਲਮ ਕਾਨੂੰਨਾਂ ਨਾਲ ਲੈਸ ਪੁਲਿਸ ਲਈ ਕਿਸੇ ਨੂੰ ਮੁਜਰਿਮ ਸਾਬਤ ਕਰਨਾ ਜ਼ਰੂਰੀ ਨਹੀਂ, ਸਿਰਫ਼ ਇੰਨਾ ਇਲਜ਼ਾਮ ਲਾਉਣਾ ਹੀ ਕਾਫ਼ੀ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਬੰਦੇ ਦੇ ਫਲਾਣੀ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣ ਦਾ ਸ਼ੱਕ ਹੈ। ਮੁਲਜ਼ਿਮ ਮੁਕੱਦਮਾ ਸ਼ੁਰੂ ਹੋਣ ਦੀ ਇੰਤਜ਼ਾਰ ਵਿਚ ਹੀ ਦਸ-ਦਸ ਸਾਲ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ ਅਤੇ ਆਖ਼ਿਰਕਾਰ ਉਹ ਬਰੀ ਹੋ ਜਾਂਦੇ ਹਨ। ਉਹ ਬੇਕਸੂਰ ਹੀ ਕਈ-ਕਈ ਸਾਲ ਕੈਦ ਦੀ ਸਜ਼ਾ ਕੱਟ ਚੁੱਕੇ ਹੁੰਦੇ ਹਨ। ਇਸ ਨਾਲ ਹੀ ਹਕੂਮਤ ਅਤੇ ਪੁਲਿਸ ਅਧਿਕਾਰੀਆਂ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਪੁਲਿਸ ਅਤੇ ਮੀਡੀਆ ਅਦਾਲਤ ਵਿਚ ਦੋਸ਼ ਸਾਬਤ ਕੀਤੇ ਬਗ਼ੈਰ ਹੀ ਇਸ ਤਰ੍ਹਾਂ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਖ਼ਤਰਨਾਕ 'ਦਹਿਸ਼ਤਗਰਦ' ਬਣਾ ਕੇ ਪੇਸ਼ ਕਰਦੇ ਰਹਿੰਦੇ ਹਨ। ਮਸਲਨ, ਸਿਮੀ ਦੇ ਕਈ ਮੈਂਬਰਾਂ ਨੂੰ ਮਾਲੇਗਾਓਂ ਅਤੇ ਹੈਦਰਾਬਾਦ ਦੀ ਮੱਕਾ ਮਸਜਿਦ ਦੇ ਬੰਬ ਧਮਾਕਿਆਂ ਵਿਚ ਫਸਾ ਕੇ ਕਈ-ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ ਅਤੇ ਦਹਿਸ਼ਤਗਰਦ ਦੱਸਿਆ ਗਿਆ, ਅਦਾਲਤ ਵਿਚ ਉਹ ਸਾਰੇ ਬੇਕਸੂਰ ਸਾਬਤ ਹੋਏ। ਬਾਅਦ ਵਿਚ ਤਾਂ ਇਹ ਵੀ ਸਾਬਤ ਹੋਇਆ ਕਿ ਇਹ ਧਮਾਕੇ ਹਿੰਦੂਤਵੀ ਅਤਿਵਾਦੀ ਜਥੇਬੰਦੀਆਂ ਵਲੋਂ ਕੀਤੇ ਗਏ ਸਨ। ਜਿਨ੍ਹਾਂ ਦਾ ਭੋਪਾਲ ਵਿਚ ਮੁਕਾਬਲਾ ਬਣਾਇਆ ਗਿਆ, ਉਨ੍ਹਾਂ ਉਪਰ ਲਾਏ ਇਲਜ਼ਾਮ ਅਜੇ ਸਾਬਤ ਨਹੀਂ ਹੋਏ, ਪਰ ਉਨ੍ਹਾਂ ਨੂੰ ਖ਼ੌਫ਼ਨਾਕ ਦਹਿਸ਼ਤਗਰਦ ਦੱਸਿਆ ਜਾ ਰਿਹਾ ਹੈ।

ਪੁਲਿਸ ਮੁਖੀ ਦੇ ਦਾਅਵੇ ਅਨੁਸਾਰ ਇਹ ਅੱਠ ਖ਼ਤਰਨਾਕ ਕੈਦੀ ਹਥਿਆਰਾਂ ਨਾਲ ਲੈਸ ਸਨ ਅਤੇ ਪੁਲਿਸ ਕੋਲ ਉਨ੍ਹਾਂ ਨੂੰ ਮਾਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਜਦਕਿ ਮੱਧ ਪ੍ਰਦੇਸ਼ ਪੁਲਿਸ ਦੇ ਐਂਟੀ-ਟੈਰਰਿਸਟ ਸਕੁਐਡ ਦੇ ਮੁਖੀ ਅਨੁਸਾਰ ਉਹ ਬੇਹਥਿਆਰੇ ਸਨ। ਆਹਲਾ ਪੁਲਿਸ ਅਧਿਕਾਰੀਆਂ, ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੇ ਬਿਆਨ ਇਸ ਕਦਰ ਸਵੈਵਿਰੋਧੀ ਹਨ ਜਿਨ੍ਹਾਂ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਇਹ ਮੁਕਾਬਲਾ ਫਰਜ਼ੀ ਸੀ। ਪੁਲਿਸ ਨੇ ਜੇਲ੍ਹ ਤੋਂ ਫ਼ਰਾਰ ਹੋਣ ਦੇ ਜੋ ਤੱਥ ਗਿਣਾਏ, ਉਹ ਵਿਵਾਦਪੂਰਨ ਹਨ। ਚਾਦਰਾਂ ਦੀ ਰੱਸੀ ਬਣਾ ਕੇ ਅੱਠ ਹਵਾਲਾਤੀ 30 ਫੁੱਟ ਉਚੀ ਦੀਵਾਰ ਕਿਵੇਂ ਟੱਪ ਗਏ? ਉਹ ਵਾਚ ਟਾਵਰਾਂ, ਜੇਲ੍ਹ ਦੀ ਸੁਰੱਖਿਆ ਗਾਰਦ ਅਤੇ ਸੁਰੱਖਿਆ ਕੈਮਰਿਆਂ ਨੂੰ ਝਕਾਨੀ ਦੇ ਕੇ ਕਿਵੇਂ ਨਿਕਲ ਗਏ? ਹੁਣ ਤਕ ਪੁਲਿਸ ਇਕ ਵੀ ਸਬੂਤ ਪੇਸ਼ ਨਹੀਂ ਕਰ ਸਕੀ ਕਿ ਉਨ੍ਹਾਂ ਕੋਲ ਹਥਿਆਰ ਸਨ। ਲਗਭਗ ਨਿਹੱਥੇ ਜਾਂ ਚਮਚਿਆਂ, ਥਾਲੀਆਂ ਤੋਂ ਬਣਾਏ 'ਹਥਿਆਰਾਂ' ਵਾਲੇ ਅੱਠ ਕੈਦੀਆਂ ਵਿਚੋਂ ਇਕ ਨੂੰ ਵੀ ਪੁਲਿਸ ਵਲੋਂ ਜਿਉਂਦਾ ਨਾ ਫੜ ਸਕਣਾ ਸਵਾਲਾਂ ਦੇ ਘੇਰੇ ਵਿਚ ਹੈ। ਉਨ੍ਹਾਂ ਕੋਲ ਕੋਈ ਹਥਿਆਰ ਨਾ ਹੋਣਾ, ਜ਼ਮੀਨ ਉਪਰ ਡਿਗੇ ਪਿਆਂ ਨੂੰ ਪੁਲਿਸ ਵਲੋਂ ਗੋਲੀਆਂ ਮਾਰੇ ਜਾਣ ਦੀ ਵੀਡੀਓ ਫੁਟੇਜ, ਮੁਕਾਬਲੇ ਨੂੰ ਅੰਜਾਮ ਦੇ ਰਹੇ ਪੁਲਿਸ ਕਰਮੀਆਂ ਦੀਆਂ 'ਕਾਮ ਤਮਾਮ ਕਰ ਦੇਣ' ਦੀਆਂ ਆਵਾਜ਼ਾਂ, ਮੁਕਾਬਲੇ ਬਾਰੇ ਸਰਕਾਰੀ ਅਥਾਰਟੀਜ਼ ਦੇ ਸਵੈਵਿਰੋਧੀ ਬਿਆਨ, ਕੈਦੀਆਂ ਦੇ ਮੁੱਖ ਤੌਰ 'ਤੇ ਲੱਕ ਤੋਂ ਉਪਰ ਹੀ ਗੋਲੀਆਂ ਲੱਗਣਾ, ਇਹ ਕੁਝ ਐਸੇ ਸਵਾਲ ਹਨ ਜੋ ਸਰਕਾਰੀ ਕਹਾਣੀ ਦਾ ਝੂਠ ਨੰਗਾ ਕਰਦੇ ਹਨ। ਜੇਲ੍ਹ ਦੀ ਵਰਦੀ ਦੀ ਬਜਾਏ ਕੈਦੀਆਂ ਵਲੋਂ ਪਹਿਨੀਆਂ ਨਵੀਆਂ-ਨਕੋਰ ਜ਼ੀਨਾਂ-ਕਮੀਜ਼ਾਂ, ਬੈਲਟਾਂ ਅਤੇ ਘੜੀਆਂ ਇਸ਼ਾਰਾ ਕਰਦੀਆਂ ਹਨ ਕਿ ਕੈਦੀਆਂ ਨੂੰ ਕਿਸੇ ਹੋਰ ਜੇਲ੍ਹ ਵਿਚ ਤਬਾਦਲਾ ਕਰਨ ਦੇ ਬਹਾਨੇ ਬਕਾਇਦਾ ਤਿਆਰ ਕਰ ਕੇ ਬਾਹਰ ਕੱਢਿਆ ਗਿਆ ਅਤੇ ਫਿਰ ਤੈਅ ਸਾਜ਼ਿਸ਼ ਤਹਿਤ ਗੋਲੀਆਂ ਮਾਰੀਆਂ ਗਈਆਂ।

ਇਨ੍ਹਾਂ ਅੱਠ ਵਿਚਾਰ ਅਧੀਨ ਬੰਦੀਆਂ ਦਾ ਮੁਕਾਬਲੇ ਵਿਚ ਮਾਰੇ ਜਾਣਾ ਅਜਿਹੀ ਪਹਿਲੀ ਘਟਨਾ ਨਹੀਂ। ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਵਲੋਂ ਬਣਾਏ ਮੁਕਾਬਲੇ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਹੁੰਦੇ ਹਨ। ਪਿਛਲੇ ਸਾਲ ਅਪਰੈਲ ਮਹੀਨੇ ਤਿਲੰਗਾਨਾ ਵਿਚ ਜਦੋਂ ਸਿਮੀ ਦੇ ਪੰਜ ਕੈਦੀਆਂ ਨੂੰ ਅਦਾਲਤ ਵਿਚ ਪੇਸ਼ੀ 'ਤੇ ਲਿਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਬਾਰੇ ਵੀ ਕਿਹਾ ਗਿਆ ਕਿ ਉਹ ਪੁਲਿਸ ਤੋਂ ਹਥਿਆਰ ਖੋਹ ਕੇ ਫ਼ਰਾਰ ਹੋਣ ਦਾ ਯਤਨ ਕਰਦਿਆਂ ਮੁਕਾਬਲੇ ਵਿਚ ਮਾਰੇ ਗਏ। ਪਿਛਲੇ ਸਾਲ ਅਪਰੈਲ ਮਹੀਨੇ ਆਂਧਰਾ ਪ੍ਰਦੇਸ਼ ਵਿਚ ਚੰਦਨ ਦੇ ਤਸਕਰ ਕਰਾਰ ਦੇ ਕੇ ਮਾਰੇ ਗਏ 20 ਮਜ਼ਦੂਰਾਂ ਅਤੇ ਹਾਲ ਹੀ ਵਿਚ ਆਂਧਰਾ-ਉੜੀਸਾ ਸਰਹੱਦ ਉੱਪਰ ਮਾਰੇ ਗਏ 31 ਮਾਓਵਾਦੀਆਂ ਅਤੇ ਆਦਿਵਾਸੀਆਂ ਦੇ ਅਖੌਤੀ ਮੁਕਾਬਲੇ ਇਸ ਬੇਖ਼ੌਫ਼ ਵਰਤਾਰੇ ਦੀਆਂ ਕੁਝ ਉਘੜਵੀਆਂ ਮਿਸਾਲਾਂ ਹਨ। ਆਖ਼ਰ ਕੀ ਵਜ੍ਹਾ ਹੈ ਕਿ ਪੁਲਿਸ/ਫ਼ੌਜ ਦੀ ਹਿਰਾਸਤ ਜਾਂ ਮੁਕਾਬਲੇ ਵਿਚ ਹਮੇਸ਼ਾ ਦਲਿਤ, ਆਦਿਵਾਸੀ, ਗ਼ਰੀਬ ਜਾਂ ਧਾਰਮਿਕ ਘੱਟਗਿਣਤੀਆਂ ਦੇ ਲੋਕ, ਮੁਸਲਿਮ ਜਾਂ ਸਿੱਖ ਹੀ ਮਾਰੇ ਜਾਂਦੇ ਹਨ। ਅੱਜ ਤਕ ਨਾ ਤਾਂ ਕਦੇ ਸੱਤਾਧਾਰੀ ਜਮਾਤ ਦਾ ਕੋਈ ਕੈਦੀ ਪੁਲਿਸ ਹਿਰਾਸਤ ਵਿਚ ਜਾਂ ਜੇਲ੍ਹ 'ਚੋਂ ਫ਼ਰਾਰ ਹੁੰਦਾ ਮੁਕਾਬਲੇ ਮਾਰਿਆ ਗਿਆ ਹੈ, ਨਾ ਕੋਈ ਹਿੰਦੂਤਵੀ ਅਤਿਵਾਦੀ ਜਾਂ ਕੋਈ ਕਾਂਗਰਸੀ ਕਦੇ ਇਉਂ ਮਾਰਿਆ ਗਿਆ ਹੈ।

ਇਨ੍ਹਾਂ ਵਿਚਾਰ ਅਧੀਨ ਕੈਦੀਆਂ ਦਾ ਮੁਕਾਬਲਾ ਬਣਾਏ ਜਾਣ ਦਾ ਸਬੰਧ ਇਨ੍ਹਾਂ ਉਪਰ ਪਾਏ ਕੇਸਾਂ ਦੇ ਫ਼ੈਸਲੇ ਨਾਲ ਜੁੜਿਆ ਹੋਇਆ ਹੈ। ਅਗਰ ਇਹ ਅੱਠ ਕੈਦੀ ਜਿਉਂਦੇ ਰਹਿੰਦੇ ਤਾਂ ਉਨ੍ਹਾਂ ਨੇ ਰਹਿੰਦੇ ਕੇਸਾਂ ਵਿਚੋਂ ਵੀ ਬਰੀ ਹੋ ਜਾਣਾ ਸੀ ਅਤੇ ਪੁਲਿਸ ਤੇ ਹੋਰ ਅਖੌਤੀ ਸੁਰੱਖਿਆ ਏਜੰਸੀਆਂ ਦੇ ਦਹਿਸ਼ਤਵਾਦ ਦੇ ਹਊਏ ਦਾ ਪਾਜ ਖੁੱਲ੍ਹ ਜਾਣਾ ਸੀ। ਤਿਲੰਗਾਨਾ ਵਿਚ ਪਿਛਲੇ ਸਾਲ ਕਤਲ ਕੀਤੇ ਕੈਦੀਆਂ ਵਾਂਗ ਇਨ੍ਹਾਂ ਦਾ ਸਫ਼ਾਇਆ ਕਰ ਕੇ ਪੁਲਿਸ ਤੇ ਹੋਰ ਏਜੰਸੀਆਂ ਕਿਸੇ ਵੀ ਤਰ੍ਹਾਂ ਦੀ ਜਵਾਬਦੇਹੀ ਤੋਂ ਸਾਫ਼ ਬਚ ਗਈਆਂ ਹਨ।

ਇਨ੍ਹਾਂ ਅੱਠ ਵਿਚੋਂ ਤਿੰਨ ਸਿਮੀ ਕਾਰਕੁਨ ਉਨ੍ਹਾਂ ਛੇ ਕੈਦੀਆਂ (ਅਬੂ ਫੈਜਲ, ਐਜਾਜ਼ੂਦੀਨ, ਅਸਲਮ, ਅਮਜਦ, ਮਹਿਬੂਬ ਉਰਫ਼ ਗੁੱਡੂ, ਤੇ ਜ਼ਾਕਿਰ ਹੁਸੈਨ) ਵਿਚ ਸ਼ਾਮਲ ਸਨ ਜੋ ਖੰਡਵਾ ਜੇਲ੍ਹ ਫ਼ਰਾਰ ਕਾਂਡ (ਅਕਤੂਬਰ 2013) ਨਾਲ ਸਬੰਧਤ ਸਨ। ਫੈਜਲ ਨੂੰ ਤਾਂ ਬਾਅਦ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਉਂ ਉਦੋਂ ਤੋਂ ਇਨ੍ਹਾਂ ਪੰਜ ਮਫ਼ਰੂਰਾਂ ਨੂੰ ਮੱਧ ਪ੍ਰਦੇਸ਼ ਪੁਲਿਸ, ਏ.ਟੀ.ਐਸ. ਅਤੇ ਐਨ.ਆਈ.ਏ. ਦੇ ਮਨਪਸੰਦ ਹਊਏ ਬਣਾਇਆ ਹੋਇਆ ਸੀ। ਇਨ੍ਹਾਂ ਉਪਰ ਆਰ.ਐਸ.ਐਸ.-ਭਾਜਪਾ ਦੇ ਆਗੂਆਂ ਨੂੰ ਕਤਲ ਕਰਨ ਦੀਆਂ ਯੋਜਨਾਵਾਂ ਬਣਾਉਣ ਅਤੇ ਪੁਣੇ, ਬੰਗਲੌਰ ਤੋਂ ਲੈ ਕੇ ਬਿਜਨੌਰ (ਯੂ.ਪੀ.), ਚੇਨਈ ਰੇਲਵੇ ਸਟੇਸ਼ਨ 'ਤੇ ਬੰਬ ਧਮਾਕੇ ਕਰਨ, ਕਰੀਮਨਗਰ, ਸਤਨਾ ਵਿਚ ਹਥਿਆਰਬੰਦ ਡਾਕੇ ਮਾਰਨ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਇਲਜ਼ਾਮ ਲਗਾਏ ਗਏ ਸਨ। ਅਸਲਮ ਅਤੇ ਐਜਾਜ਼ੂਦੀਨ ਨੂੰ ਏ.ਟੀ.ਐਸ. ਵਲੋਂ 5 ਅਪਰੈਲ 2015 'ਚ ਨਲਗੌਂਡਾ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ, ਯਾਨੀ 8 ਅਕਤੂਬਰ ਨੂੰ ਪੰਜ ਮੁਸਲਿਮ ਕੈਦੀਆਂ ਦੇ ਮਾਰੇ ਜਾਣ ਤੋਂ ਕੁਝ ਦਿਨ ਪਹਿਲਾਂ ਜਿਨ੍ਹਾਂ ਬਾਰੇ ਕਿਹਾ ਗਿਆ ਕਿ ਜਦੋਂ ਪੁਲਿਸ ਵੈਨ ਵਿਚ ਉਨ੍ਹਾਂ ਨੂੰ ਪੇਸ਼ੀ ਉਪਰ ਲਿਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਸਤਾਰਾਂ ਪੁਲਿਸ ਕਰਮੀਆਂ ਤੋਂ ਹਥਿਆਰ ਖੋਹ ਕੇ ਭੱਜਣ ਦਾ ਯਤਨ ਕੀਤਾ ਅਤੇ ਮੁਕਾਬਲੇ ਵਿਚ ਮਾਰੇ ਗਏ। ਇਹ ਮੁਕਾਬਲਾ ਅਪਰੈਲ ਦੇ ਪਹਿਲੇ ਹਫ਼ਤੇ ਬਣਾਇਆ ਗਿਆ ਅਤੇ ਕੁਝ ਦਿਨ ਬਾਅਦ ਹੀ ਪਹਿਲੀ ਮਈ 2015 ਨੂੰ ਸਿਮੀ ਨਾਲ ਸਬੰਧਤ 17 ਮੁਲਜ਼ਿਮ ਹੁਬਲੀ ਅਦਾਲਤ ਵਲੋਂ ਬਰੀ ਹੋ ਗਏ। ਖੰਡਵਾ ਵਾਲੇ ਤਿੰਨ ਮਫ਼ਰੂਰਾਂ (ਅਮਜਦ, ਮਹਿਬੂਬ ਉਰਫ਼ ਗੁੱਡੂ ਤੇ ਜ਼ਾਕਿਰ ਹੁਸੈਨ) ਨੂੰ ਫਰਵਰੀ 2016 ਵਿਚ ਰੁੜਕੇਲਾ (ਉੜੀਸਾ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨਾਲ ਮੁਹੰਮਦ ਸਾਲਿਕ ਵੀ ਸੀ। ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਨੇ ਛੇ ਵਿਚੋਂ ਚਾਰ ਬਾਰੇ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ ਜੋ ਇਸ ਸਿਲਸਿਲੇ ਨੂੰ ਸਮਝਣ ਵਿਚ ਮਦਦ ਕਰਦੀ ਹੈ।



ਅਮਜਦ ਮਜ਼ਦੂਰ ਸੀ ਜਿਸ ਦਾ ਪਹਿਲਾਂ ਕੋਈ ਮੁਜਰਿਮ ਰਿਕਾਰਡ ਨਹੀਂ ਸੀ। ਪਹਿਲੀ ਦਫ਼ਾ ਉਸ ਦਾ ਪੁਲਿਸ ਨਾਲ ਵਾਹ 2007 ਵਿਚ ਪਿਆ ਜਦੋਂ ਉਹ ਕਿਸੇ ਟਕਰਾਓ ਵਿਚ ਗਵਾਹ ਬਣਿਆ। ਪਹਿਲੀ ਵਾਰ ਉਸ ਨੂੰ 2008 'ਚ ਸਿਮੀ ਦਾ ਸਾਹਿਤ ਰੱਖਣ ਦੇ ਇਲਜ਼ਾਮ 'ਚ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤਾ ਗਿਆ ਜਿਸ ਵਿਚੋਂ 2013 ਵਿਚ ਉਹ ਬਰੀ ਹੋ ਗਿਆ। ਇਸ ਦੌਰਾਨ ਉਸ ਦਾ ਅਤੇ ਚੌਦਾਂ ਹੋਰ ਜਣਿਆਂ ਦਾ ਸਬੰਧ ਇਕ ਮੀਟਿੰਗ ਨਾਲ ਜੋੜਿਆ ਗਿਆ। ਉਨ੍ਹਾਂ ਬਾਰੇ ਕਿਹਾ ਗਿਆ ਕਿ 13 ਜੂਨ 2011 ਦੀ ਰਾਤ ਨੂੰ ਉਹ ਖੰਡਵਾ ਵਿਚ ਅਕੀਲ ਖ਼ਿਲਜੀ ਦੇ ਘਰ ਦਹਿਸ਼ਤਗਰਦ ਸਾਜ਼ਿਸ਼ ਬਣਾ ਰਹੇ ਸਨ ਜਦੋਂ ਉਨ੍ਹਾਂ ਵਿਚੋਂ ਦਸ ਜਣੇ ਗ੍ਰਿਫ਼ਤਾਰ ਕਰ ਲਏ ਅਤੇ ਪੰਜ ਫਰਾਰ ਹੋ ਗਏ। ਪੁਲਿਸ ਨੇ ਆਖ਼ਿਰ ਤਕ ਅਮਜਦ ਵਿਰੁੱਧ ਕੋਈ ਦੋਸ਼ ਪੇਸ਼ ਨਹੀਂ ਕੀਤਾ। ਕੁਝ ਦਿਨ ਪਹਿਲਾਂ ਹੀ, ਉਸ ਦੇ ਪਰਿਵਾਰ ਨੇ ਉਸ ਦੀ ਗ਼ੈਰਕਾਨੂੰਨੀ ਨਜ਼ਰਬੰਦੀ ਨੂੰ ਲੈ ਕੇ ਦਰਖ਼ਾਸਤ ਦਾਇਰ ਕੀਤੀ ਸੀ। ਇਹ (13 ਜੂਨ ਵਾਲਾ) ਮਾਮਲਾ ਸਤੰਬਰ 2015 ਵਿਚ ਉਦੋਂ ਸੁਰਖ਼ੀਆਂ ਬਣਿਆ ਜਦੋਂ ਮੁਲਜ਼ਮਾਂ ਵਿਚੋਂ 9 ਜਣੇ ਬਰੀ ਹੋ ਗਏ, ਇਨ੍ਹਾਂ ਵਿਚ ਅਕੀਲ ਖ਼ਿਲਜੀ ਵੀ ਸੀ ਜਿਸ ਨੂੰ ਹੁਣ 31 ਅਕਤੂਬਰ ਨੂੰ ਮਾਰਿਆ ਗਿਆ ਹੈ। ਫਿਰ ਵੀ ਅਮਜਦ ਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ, ਕਿਉਂਕਿ ਨਵੰਬਰ 2011 ਵਿਚ ਉਸ ਉਪਰ ਇਕ ਏ.ਟੀ.ਐਸ. ਸਿਪਾਹੀ ਦੇ ਕਤਲ ਦਾ ਮਾਮਲਾ ਵੀ ਪਾ ਦਿੱਤਾ ਗਿਆ ਸੀ।

*ਇਨ੍ਹਾਂ ਵਿਚਾਰ ਅਧੀਨ ਬੰਦੀਆਂ ਦੀ ਜ਼ਿੰਦਗੀ ਹੁਣ ਕਿਉਂ ਖ਼ਤਮ ਹੋ ਗਈ? ਇਸ ਦਾ ਜਵਾਬ ਸ਼ਾਇਦ ਇਸ ਤੱਥ ਵਿਚ ਲੱਭਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਮੌਤ ਨਾਲ ਜ਼ਿਆਦਾਤਰ 'ਸਿਮੀ ਦਹਿਸ਼ਤਵਾਦ ਦੇ ਮਾਮਲੇ' ਜਾਂ ਤਾਂ ਬੰਦ ਹੋ ਗਏ ਹਨ, ਜਾਂ ਫਿਰ ਖ਼ਤਮ ਹੋ ਗਏ। ਇਕ ਮਾਮਲੇ ਦੀ ਜਾਂਚ 2015 ਵਿਚ ਕੌਮੀ ਜਾਂਚ ਏਜੰਸੀ ਸਪੁਰਦ ਕੀਤੀ ਗਈ ਸੀ, ਪਰ ਅਜੇ ਤਕ ਚਾਰਜਸ਼ੀਟ ਪੇਸ਼ ਨਹੀਂ ਕੀਤੀ। ਇਹ ਵੀ ਹੁਣ ਬੰਦ ਹੋ ਜਾਵੇਗਾ, ਸਾਰੇ ਛੇ ਮੁਲਜ਼ਿਮ ਮਾਰੇ ਜਾ ਚੁੱਕੇ ਹਨ। ਪੰਜ ਖੰਡਵਾ ਤੋਂ ਫ਼ਰਾਰ ਹੋਣ ਵਾਲੇ ਹਨ ਤੇ ਛੇਵਾਂ ਸਲੀਕ ਹੈ।*

ਮਹਿਬੂਬ ਖੰਡਵਾ ਵਿਚ ਦਰਜੀ ਸੀ ਜੋ ਦੁਕਾਨਾਂ ਤੋਂ ਕੱਪੜੇ ਲੈ ਕੇ ਸਿਲਾਈ ਦਾ ਕੰਮ ਕਰਦਾ ਸੀ। ਉਸ ਖ਼ਿਲਾਫ਼ ਮਾਮਲਾ ਵੀ 2008 ਦਾ ਹੈ ਜਦੋਂ ਉਨ੍ਹਾਂ ਦੇ ਮੁਹੱਲੇ ਵਿਚ ਹਿੰਦੂ-ਮੁਸਲਿਮ ਤਕਰਾਰ ਹੋ ਗਿਆ। ਮਹਿਬੂਬ ਨੂੰ ਫਿਰਕੂ ਨਫ਼ਰਤ ਭੜਕਾਉਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 2008 ਦੇ ਮਾਮਲੇ ਵਿਚੋਂ ਤਾਂ ਬਰੀ ਹੋ ਗਿਆ, ਪਰ ਉਸ ਉਪਰ 2009 ਅਤੇ 2011 ਵਿਚ ਏ.ਟੀ.ਐਸ. ਸਿਪਾਹੀਆਂ ਦੇ ਕਤਲਾਂ, ਅਤੇ ਆਰ.ਐਸ.ਐਸ.-ਭਾਜਪਾ ਦੇ ਕਾਰਿੰਦਿਆਂ ਉਪਰ ਹਮਲਿਆਂ ਦੀ ਯੋਜਨਾ ਬਣਾਉਣ ਦੇ ਜੋ ਨਵੇਂ ਇਲਜ਼ਾਮ ਲਗਾਏ ਗਏ ਸਨ, ਉਨ੍ਹਾਂ ਕਾਰਨ ਉਹ ਜੇਲ੍ਹ ਤੋਂ ਬਾਹਰ ਨਹੀਂ ਆ ਸਕਿਆ। 2008 ਵਿਚ ਉਸ ਦੇ ਮੁਹੱਲੇ ਵਿਚੋਂ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਇਕ ਰਾਜ ਮਿਸਤਰੀ ਜ਼ਾਕਿਰ ਭੱਜ ਗਿਆ। ਬਤੌਰ ਮੁਜਰਿਮ ਉਸ ਦਾ ਵੀ ਪਹਿਲਾ ਕੋਈ ਰਿਕਾਰਡ ਨਹੀਂ ਸੀ। ਉਸ ਬਾਰੇ ਕਿਹਾ ਗਿਆ ਕਿ ਉਸ ਨੂੰ ਰਤਲਾਮ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਜਿਥੇ ਉਹ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ। ਉਸ ਨੂੰ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਉਪਰ ਮੁਜ਼ੱਫ਼ਰਨਗਰ (ਮੁਸਲਿਮ ਵਿਰੋਧੀ ਹਿੰਸਾ) ਦਾ ਬਦਲਾ ਲੈਣ ਲਈ ਆਰ.ਐਸ.ਐਸ.-ਭਾਜਪਾ ਆਗੂਆਂ ਦੇ ਕਤਲ ਦੀ ਯੋਜਨਾ ਬਣਾਉਣ ਸਮੇਤ ਗੰਭੀਰ ਮਾਮਲੇ ਪਾ ਦਿੱਤੇ ਗਏ। ਜ਼ਾਕਿਰ ਦੇ ਖ਼ਿਲਾਫ਼ ਕੇਸ ਮਹਿਬੂਬ ਦੇ ਇਕਬਾਲੀਆ ਬਿਆਨ 'ਤੇ ਆਧਾਰਤ ਸੀ, ਉਸ ਦੇ ਵਕੀਲ ਅਨੁਸਾਰ ਇਸ ਉਪਰ ਉਸ ਦੇ ਦਸਤਖ਼ਤ ਹੀ ਨਹੀਂ ਸਨ।

ਕਹਾਣੀ ਦਾ ਅਗਲਾ ਪਾਤਰ ਅਕੀਲ ਖ਼ਿਲਜੀ ਸੀ। ਪੁਲਿਸ ਨੇ ਦਾਅਵਾ ਕੀਤਾ ਕਿ 13-14 ਜੁਲਾਈ 2011 ਦੀ ਰਾਤ ਨੂੰ ਅਕੀਲ ਦੇ ਘਰ ਵਿਚ ਮੀਟਿੰਗ ਹੋ ਰਹੀ ਸੀ ਜਿਥੇ ਛਾਪਾ ਮਾਰ ਕੇ ਪੁਲਿਸ ਵਲੋਂ 10 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪੰਜ ਜਣੇ ਫ਼ਰਾਰ ਹੋ ਗਏ। ਪੁਲਿਸ ਖ਼ਿਲਜੀ ਦੀ ਤਲਾਸ਼ ਵਿਚ ਸੀ ਜਿਸ ਬਾਰੇ ਕਿਹਾ ਗਿਆ ਕਿ ਉਹ ਸਿਮੀ ਦਾ ਅਹਿਮ ਕਾਰਿੰਦਾ ਸੀ। ਅਕੀਲ ਖ਼ਿਲਜੀ ਨੂੰ ਮਾਰਚ 2012 ਵਿਚ ਉਸ ਦੇ ਭਤੀਜੇ ਖ਼ਲੀਲ ਖ਼ਿਲਜੀ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਮਹਾਰਾਸ਼ਟਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਜੋ ਉਸ ਨੇ ਕਿਸੇ ਫਰਜ਼ੀ ਮੁਕਾਬਲੇ ਦੌਰਾਨ ਦਿੱਤਾ ਦੱਸਿਆ ਜਾਂਦਾ ਹੈ।

ਖ਼ਲੀਲ ਖ਼ਿਲਜੀ 26 ਮਾਰਚ 2012 ਨੂੰ ਔਰੰਗਾਬਾਦ ਵਿਖੇ ਮਹਾਰਾਸ਼ਟਰ ਦੇ ਐਂਟੀ-ਟੈਰਰਿਸਟ ਸਕੁਐਡ ਵਲੋਂ ਗੋਲੀਆਂ ਮਾਰਨ ਕਾਰਨ ਜ਼ਖ਼ਮੀ ਹੋ ਗਿਆ ਸੀ। ਸ਼ੁਰੂ ਵਿਚ ਘਚੋਲਾ ਸੀ, ਕਿਉਂਕਿ ਪੁਲਿਸ ਨੂੰ ਇਹ ਸਪਸ਼ਟ ਨਹੀਂ ਸੀ ਕਿ ਮਾਰਿਆ ਕੌਣ ਗਿਆ ਸੀ ਅਤੇ ਜ਼ਖ਼ਮੀ ਕੌਣ ਹੋਇਆ ਸੀ, ਇਸ ਨੇ ਦਾਅਵਾ ਕੀਤਾ ਕਿ ਜ਼ਖ਼ਮੀ ਖ਼ਲੀਲ ਖ਼ਿਲਜੀ ਵੀ (ਪੁਲਿਸ ਨੇ ਅਜ਼ਹਰ ਕੁਰੈਸ਼ੀ ਨੂੰ ਮਾਰ ਦਿੱਤਾ ਸੀ) ਆਪਣੇ ਚਾਚੇ ਅਕੀਲ ਖ਼ਿਲਜੀ ਵਾਂਗ ਹੀ ਖ਼ੌਫ਼ਨਾਕ ਦਹਿਸ਼ਤਗਰਦ ਸੀ। ਮਜ਼ੇਦਾਰ ਗੱਲ ਇਹ ਸੀ ਕਿ ਜਦੋਂ ਇਹ ਮੁਕਾਬਲਾ ਟ੍ਰਿਬਿਊਨਲ 214 ਅੱਗੇ ਪੇਸ਼ ਕੀਤਾ ਗਿਆ, ਤਾਂ ਤਫ਼ਤੀਸ਼ੀ ਅਫ਼ਸਰ ਏ.ਐਸ.ਨਾਂਦੇੜਕਰ ਨੇ ਮੰਨਿਆ ਕਿ ਉਸ ਕੋਲ ਕੋਈ ਸਬੂਤ ਨਹੀਂ ਕਿ ਖ਼ਲੀਲ ਖ਼ਿਲਜੀ ਸਿਮੀ ਦਾ ਮੈਂਬਰ ਸੀ, ਖ਼ੌਫ਼ਨਾਕ ਹੋਣ ਦੀ ਤਾਂ ਗੱਲ ਹੀ ਛੱਡੋ।

ਅਕੀਲ ਖ਼ਿਲਜੀ ਨੂੰ 2001 ਵਿਚ ਪਹਿਲੀ ਵਾਰ ਭਾਜਪਾ ਸਰਕਾਰ ਵਲੋਂ ਸਿਮੀ ਉਪਰ ਪਾਬੰਦੀ ਲਗਾਏ ਜਾਣ ਤੋਂ ਬਾਅਦ ਪੂਰੇ ਮੁਲਕ ਵਿਚ ਫੜੋ-ਫੜੀ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਰਾਸ਼ਟਰ ਵਿਰੋਧੀ ਸਰਗਰਮੀਆਂ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਉਪਰ ਦਫ਼ਾ 153-ਏ ਅਤੇ ਯੂ.ਏ.ਪੀ.ਏ. ਦੀ ਧਾਰਾ ਐਸ. 13 ਲਗਾਈਆਂ ਗਈਆਂ। ਪਾਬੰਦੀ ਲਗਾਉਣ ਤੋਂ ਪਹਿਲਾਂ ਸਿਮੀ ਵਲੋਂ ਛਾਪੇ ਗਏ ਚਾਰ ਕੈਲੰਡਰ, ਇਕ ਪੈਂਫਲੈੱਟ ਅਤੇ ਜਥੇਬੰਦੀ ਉਪਰ ਪਾਬੰਦੀ ਵਿਰੁੱਧ ਪ੍ਰੈੱਸ ਦੀਆਂ ਤਿੰਨ ਕਟਿੰਗਾਂ ਉਹ ਬਰਾਮਦਗੀ ਸੀ ਜਿਸ ਨੂੰ ਇਹ ਰਾਸ਼ਟਰ ਵਿਰੋਧੀ ਸਰਗਰਮੀਆਂ ਦੱਸਿਆ ਗਿਆ ਸੀ। ਬਾਅਦ ਵਿਚ ਖ਼ਿਲਜੀ ਉਪਰ 2006, 2008 ਅਤੇ 2011 ਵਿਚ ਹੋਰ ਜੁਰਮਾਂ ਦੇ ਇਲਜ਼ਾਮ ਵੀ ਲਗਾਏ ਗਏ। ਕਈ ਤਰ੍ਹਾਂ ਦੇ ਜੁਰਮਾਂ ਦੇ ਬਾਵਜੂਦ, ਅਕਤੂਬਰ 2012 'ਚ ਖੰਡਵਾ ਦੀ ਅਦਾਲਤ ਵਲੋਂ ਉਸ ਨੂੰ 2001 ਵਾਲੇ ਪਹਿਲੇ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ, ਕਿਉਂਕਿ ਜੱਜ ਨੂੰ ਉਸ ਕੋਲੋਂ ਬਰਾਮਦ ਹੋਏ ਸਾਹਿਤ ਵਿਚੋਂ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। 20 ਸਤੰਬਰ 2015 ਨੂੰ ਉਹ ਇਕ ਵਾਰ ਫਿਰ ਬਰੀ ਹੋ ਗਿਆ। ਉਸ ਦੇ ਖ਼ਿਲਾਫ਼ ਅਜੇ ਹੋਰ ਵੀ ਮਾਮਲੇ ਚੱਲ ਰਹੇ ਸਨ, ਇਸ ਲਈ ਉਸ ਨੂੰ ਰਿਹਾਅ ਨਹੀਂ ਕੀਤਾ ਗਿਆ। ਹੁਣ ਇਕ ਸਾਲ ਬਾਅਦ ਉਸ ਨੂੰ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

ਇਨ੍ਹਾਂ ਵਿਚਾਰ ਅਧੀਨ ਬੰਦੀਆਂ ਦੀ ਜ਼ਿੰਦਗੀ ਹੁਣ ਕਿਉਂ ਖ਼ਤਮ ਹੋ ਗਈ? ਇਸ ਦਾ ਜਵਾਬ ਸ਼ਾਇਦ ਇਸ ਤੱਥ ਵਿਚ ਲੱਭਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਮੌਤ ਨਾਲ ਜ਼ਿਆਦਾਤਰ 'ਸਿਮੀ ਦਹਿਸ਼ਤਵਾਦ ਦੇ ਮਾਮਲੇ' ਜਾਂ ਤਾਂ ਬੰਦ ਹੋ ਗਏ ਹਨ, ਜਾਂ ਫਿਰ ਖ਼ਤਮ ਹੋ ਗਏ। ਚਾਹੇ ਇਹ ਪੁਣੇ ਦੇ ਪਾਰਕਿੰਗ ਬੰਬ ਧਮਾਕੇ ਦਾ ਮਾਮਲਾ ਸੀ, ਜਾਂ 2014 ਵਿਚ ਬਿਜਨੌਰ (ਯੂ.ਪੀ.) ਦੇ ਇਕ ਘਰ ਵਿਚ ਬੰਬ ਫਟਣ ਦਾ ਮਾਮਲਾ। ਮਗਰਲੇ ਮਾਮਲੇ ਦੀ ਜਾਂਚ 2015 ਵਿਚ ਕੌਮੀ ਜਾਂਚ ਏਜੰਸੀ ਦੇ ਸਪੁਰਦ ਕੀਤੀ ਗਈ ਸੀ ਜਿਸ ਵਿਚ ਅਜੇ ਤਕ ਚਾਰਜਸ਼ੀਟ ਪੇਸ਼ ਨਹੀਂ ਕੀਤੀ ਗਈ। ਇਹ ਵੀ ਹੁਣ ਬੰਦ ਹੋ ਜਾਵੇਗਾ, ਕਿਉਂਕਿ ਸਾਰੇ ਦੇ ਸਾਰੇ ਛੇ ਮੁਲਜ਼ਿਮ ਮਾਰੇ ਜਾ ਚੁੱਕੇ ਹਨ, ਪੰਜ ਖੰਡਵਾ ਤੋਂ ਫ਼ਰਾਰ ਹੋਣ ਵਾਲੇ ਅਤੇ ਛੇਵਾਂ ਸਲੀਕ ਜੋ ਹਾਲੀਆ ਮੁਕਾਬਲੇ ਵਿਚ ਮਾਰਿਆ ਗਿਆ ਹੈ।

ਮੁੱਖ ਮੰਤਰੀ ਨੇ ਬਿਆਨ ਦਿੱਤਾ ਕਿ ਇਹ ਅੱਠ ਜਣੇ ਖ਼ੌਫ਼ਨਾਕ ਦਹਿਸ਼ਤਗਰਦ ਸਨ ਜੋ ਲੰਮੇ ਮੁਕੱਦਮਿਆਂ ਨਾਲ ਰਾਜ ਦੇ ਵਸੀਲੇ ('ਚਿਕਨ ਬਰਿਆਨੀ') ਹਜ਼ਮ ਕਰ ਰਹੇ ਸਨ ਅਤੇ ਇਹ ਸਫ਼ਾਇਆ ਕੀਤੇ ਜਾਣ ਦੇ ਹੱਕਦਾਰ ਸਨ। ਹੁਕਮਰਾਨ ਧਿਰ ਦੇ ਐਸੇ ਬਿਆਨਾਂ ਅਤੇ ਮੁਕਾਬਲੇ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਨੂੰ ਇਨਾਮਾਂ ਦਾ ਐਲਾਨ ਕਰ ਦਿੱਤੇ ਜਾਣ ਤੋਂ ਸਪਸ਼ਟ ਹੈ ਕਿ ਇਸ ਅਖੌਤੀ ਮੁਕਾਬਲੇ ਦੀ ਜਾਂਚ ਨਹੀਂ ਹੋਣ ਦਿੱਤੀ ਜਾਵੇਗੀ। ਸਵਾਲ ਖੜ੍ਹੇ ਕਰਨ ਵਾਲਿਆਂ ਦਾ ਮੂੰਹ ਰਾਸ਼ਟਰਵਾਦ ਦੇ ਹਥਿਆਰ ਨਾਲ ਬੰਦ ਕੀਤਾ ਜਾ ਰਿਹਾ ਹੈ। ਲਖਨਊ ਵਿਚ ਇਸ ਬਾਰੇ ਸਵਾਲ ਉਠਾਉਣ ਵਾਲੇ 'ਰਿਹਾਈ ਮੰਚ' ਦੇ ਕਾਰਕੁਨਾਂ ਦੀ ਪੁਲਿਸ ਵਲੋਂ ਕੁੱਟਮਾਰ ਕੀਤੀ ਗਈ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। 'ਰਿਹਾਈ ਮੰਚ' ਦਹਿਸ਼ਤਵਾਦ ਦੇ ਫਰਜ਼ੀ ਮਾਮਲਿਆਂ ਵਿਚ ਫਸਾਏ ਮੁਸਲਮਾਨ ਨੌਜਵਾਨਾਂ ਨੂੰ ਰਿਹਾਅ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਨ ਵਾਲੀ ਸੰਸਥਾ ਹੈ। ਇਹ ਆਪਣੀਆਂ ਸਰਗਰਮੀਆਂ ਕਾਰਨ ਹੁਕਮਰਾਨਾਂ ਅਤੇ ਪੁਲਿਸ ਦੀਆਂ ਅੱਖਾਂ ਵਿਚ ਰੜਕਦੀ ਹੈ। ਢਾਂਚਾਗਤ ਹਿੰਸਾ ਇਸ ਰਾਜ ਢਾਂਚੇ ਅਤੇ ਹੁਕਮਰਾਨ ਜਮਾਤ ਦੇ ਵਜੂਦ-ਸਮੋਈ ਹੋਈ ਹੈ। ਹਿੰਦੁਸਤਾਨੀ ਅਵਾਮ ਦੇ ਸਾਹਮਣੇ ਮੁੱਖ ਸਵਾਲ ਇਸ ਹਿੰਸਾ ਨਾਲ ਲਬਰੇਜ਼ ਢਾਂਚੇ ਤੋਂ ਨਿਜਾਤ ਹਾਸਲ ਕਰਨ ਲਈ ਇਸ ਨੂੰ ਖ਼ਤਮ ਕਰਨ ਦਾ ਹੈ ਜਿਸ ਨੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਢੌਂਗ ਰਚਿਆ ਹੋਇਆ ਹੈ।

# ਗਦਰ ਲਹਿਰ ਦਾ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ

ਦੁਨੀਆਂ 'ਤੇ ਉਹੀ ਕੌਮਾਂ ਅਣਖੀ ਜੀਵਨ ਜਿਉਂਦੀਆਂ ਤੇ ਮਾਣ ਪਾਉਂਦੀਆਂ ਹਨ ਜੋ ਆਪਣੇ ਕੌਮੀ ਸ਼ਹੀਦਾਂ ਨੂੰ ਯਾਦ ਰੱਖਦੀਆਂ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੀਆਂ ਹਨ। ਸੋ ਆਓ, ਆਪਾਂ ਉਸ ਮਹਾਨ ਸ਼ਹੀਦ ਤੇ ਗ਼ਦਰ ਲਹਿਰ ਦੇ ਹੀਰੋ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰੀਏ ਜਿਸ ਨੇ ਛੋਟੀ ਉਮਰੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਖਾਤਰ ਅਤੇ ਆਪਣੇ ਲੋਕਾਂ ਨੂੰ ਫਰੰਗੀ ਤੇ ਜਾਲਮ ਸਰਕਾਰ ਦੇ ਜ਼ੁਲਮਾਂ ਤੋਂ ਨਿਜ਼ਾਤ ਦਿਵਾਉਣ ਲਈ ਹੱਸਦਿਆਂ-ਹੱਸਦਿਆਂ ਫਾਂਸੀ ਦਾ

**ਜਗਦੇਵ ਸਿੰਘ ਗੁੱਜਰਵਾਲ**
**ਫੋਨ: 91-99149-28048**

ਰੱਸਾ ਚੁੰਮਿਆ ਸੀ।

ਇਸ ਛੋਟੀ ਉਮਰ ਦੇ ਮਹਾਨ ਯੋਧੇ ਦਾ ਜਨਮ 24 ਮਈ 1896 ਨੂੰ ਸ. ਮੰਗਲ ਸਿੰਘ ਦੇ ਘਰ ਮਾਤਾ ਸਰਦਾਰਨੀ ਸਾਹਿਬ ਕੌਰ ਦੇ ਕੁੱਖੋਂ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਉਨ੍ਹਾਂ ਦੇ ਸਿਰੋਂ ਮਾਤਾ-ਪਿਤਾ ਦਾ ਸਾਇਆ ਬਚਪਨ ਪਹਿਰੇ ਹੀ ਉਠ ਗਿਆ ਸੀ ਜਿਸ ਕਾਰਨ ਉਨ੍ਹਾਂ ਦਾ ਪਾਲਣ-ਪੋਸਣ ਦਾਦੇ ਬਦਨ ਸਿੰਘ ਨੇ ਕੀਤਾ। ਸ. ਬਦਨ ਸਿੰਘ ਆਪਣੇ ਪੋਤਰੇ ਕਰਤਾਰ ਸਿੰਘ ਨੂੰ ਵੱਡਾ ਅਫਸਰ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਕਰਤਾਰ ਸਿੰਘ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

ਕਰਤਾਰ ਸਿੰਘ ਸਰਾਭਾ ਬਚਪਨ ਵਿਚ ਬਹੁਤ ਫੁਰਤੀਲਾ ਤੇ ਚੁਸਤ ਚਲਾਕ ਸੀ ਜਿਸ ਕਰਕੇ ਉਸ ਦੇ ਸਾਰੇ ਸਾਥੀ ਉਸ ਨੂੰ ਉਡਣਾ ਸੱਪ ਕਿਹਾ ਕਰਦੇ ਸਨ। ਕਰਤਾਰ ਸਿੰਘ ਨੇ ਆਪਣੀ ਮੁੱਢਲੀ ਪੜ੍ਹਾਈ ਆਪਣੇ ਪਿੰਡ ਸਰਾਭਾ ਦੇ ਸਕੂਲ ਤੋਂ ਅਤੇ ਅੱਠਵੀਂ, ਨੌਵੀਂ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਪਾਸ ਕੀਤੀ ਅਤੇ ਫਿਰ ਆਪਣੇ ਚਾਚੇ ਕੋਲ ਉੜੀਸਾ ਚਲੇ ਗਏ। ਉਥੇ ਹੀ ਉਨ੍ਹਾਂ ਦਸਵੀਂ ਜਮਾਤ ਪਾਸ ਕੀਤੀ। ਕਰਤਾਰ ਸਿੰਘ ਸਰਾਭਾ ਉਚੇਰੀ ਵਿੱਦਿਆ ਲਈ 1912 ਵਿਚ ਅਮਰੀਕਾ ਚਲੇ ਗਏ। ਅਮਰੀਕਾ ਪਹੁੰਚ ਕੇ ਸੈਨ ਫਰਾਂਸਿਸਕੋ ਦੀ ਬਰਕਲੇ ਯੂਨੀਵਰਸਿਟੀ ਵਿਚ ਦਾਖਲਾ ਲੈ ਕੇ ਰਸਾਇਣ ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਜਦੋਂ ਉਸ ਨੇ ਦੇਖਿਆ ਕਿ ਅਮਰੀਕਾ ਵਿਚ ਭਾਰਤੀਆਂ ਨੂੰ ਹਰ ਥਾਂ ਜ਼ਲੀਲ ਕੀਤਾ ਜਾਂਦਾ ਹੈ ਤਾਂ ਕਰਤਾਰ ਸਿੰਘ ਸਰਾਭਾ ਦੇ ਕੋਮਲ ਦਿਲ 'ਤੇ ਇਸ ਦਾ ਗਹਿਰਾ ਅਸਰ ਹੋਇਆ। ਇਸੇ ਦੌਰਾਨ ਕਰਤਾਰ ਸਿੰਘ ਦਾ ਮੇਲ ਆਪਣੇ ਹੀ ਪਿੰਡ ਦੇ ਰੁਲੀਆ ਸਿੰਘ ਨਾਲ ਹੋ ਗਿਆ ਜਿਹੜਾ ਬਾਬਾ ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਵਰਗੇ ਗਦਰੀਆਂ ਦਾ ਸਾਥੀ ਸੀ।

ਸ. ਸਰਾਭਾ ਤੇਜ਼ ਬੁੱਧੀ, ਦ੍ਰਿੜ੍ਹ ਇਰਾਦੇ ਤੇ ਬੁਲੰਦ ਹੌਂਸਲੇ ਵਾਲੇ ਨਿਡਰ ਨੌਜਵਾਨ ਸਨ। ਇਹੀ ਕਾਰਨ ਸੀ ਕਿ ਗਦਰ ਪਾਰਟੀ ਦੇ ਕਾਰਜਕਰਤਾਵਾਂ ਨੇ ਪਾਰਟੀ ਦੇ ਅਖਬਾਰ 'ਗਦਰ ਦੀ ਗੂੰਜ' ਦੀ ਸਾਰੀ ਜ਼ਿੰਮੇਵਾਰੀ ਉਸ ਨੂੰ ਸੌਂਪ ਦਿੱਤੀ। ਦੇਸ਼ ਕੌਮ ਲਈ ਸੇਵਾ ਕਰਨ ਦੌਰਾਨ ਕਰਤਾਰ ਸਿੰਘ ਸਰਾਭਾ ਬਹੁਤਾ ਥੱਕ ਜਾਣ 'ਤੇ ਅਕਸਰ ਇਹ ਗੀਤ ਗਾਇਆ ਕਰਦੇ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸੰਸਾਰ 'ਤੇ ਪਹਿਲੇ ਵਿਸ਼ਵ ਯੁੱਧ ਦੇ ਬੱਦਲ ਮੰਡਰਾ ਰਹੇ ਸਨ ਤੇ ਬਸਤੀਵਾਦੀ ਦੇਸ਼ਾਂ ਨੇ ਸਾਰੇ ਸੰਸਾਰ ਨੂੰ ਇਸ ਅੰਦਰ ਘੜੀਸ ਲਿਆ ਸੀ। ਅੰਤ ਨੂੰ 1914 ਵਿਚ ਪਹਿਲੀ ਸੰਸਾਰ ਜੰਗ ਦੇ ਭਾਂਬੜ ਮੱਚ ਉਠੇ। ਅਮਰੀਕਾ ਵਿਚ ਰਹਿੰਦੇ ਦੇਸ਼ ਭਗਤਾਂ ਨੇ ਮਹਿਸੂਸ ਕੀਤਾ ਕਿ ਹੁਣ ਜਦੋਂ ਅੰਗਰੇਜ ਲੜਾਈ ਵਿਚ ਰੁੱਝਿਆ ਹੋਇਆ ਹੈ ਤਾਂ ਇਹੀ ਸੁਨਹਿਰੀ ਮੌਕਾ ਹੈ, ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਨੂੰ ਤੇਜ਼ ਕਰਨ ਦਾ। ਇਸੇ ਲਈ ਗਦਰ

**16 ਨਵੰਬਰ ਨੂੰ ਸ਼ਹੀਦੀ ਦਿਨ 'ਤੇ ਵਿਸ਼ੇਸ਼**

ਪਾਰਟੀ ਦੇ ਮੈਂਬਰਾਂ ਨੇ ਭਾਰਤ ਵੱਲ ਵਹੀਰਾਂ ਘੱਤ ਦਿੱਤੀਆਂ। ਬਹੁਤ ਸਾਰੇ ਗਦਰੀ ਸੂਰਮੇ ਭਾਰਤ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਫੜੇ ਗਏ



*ਸ਼ਹੀਦ ਕਰਤਾਰ ਸਿੰਘ ਸਰਾਭਾ*

ਪਰ ਕਰਤਾਰ ਸਿੰਘ ਕੋਲੰਬੋ ਬੰਦਰਗਾਹ ਰਾਹੀਂ ਪੰਜਾਬ ਪਹੁੰਚਣ ਵਿਚ ਸਫਲ ਹੋ ਗਿਆ।

ਦੇਸ਼ ਪਹੁੰਚ ਕੇ ਉਨ੍ਹਾਂ ਰਾਸ ਬਿਹਾਰੀ ਬੋਸ ਤੇ ਹੋਰ ਆਜ਼ਾਦੀ ਪ੍ਰਵਾਨਿਆਂ ਨਾਲ ਮਿਲ ਕੇ ਦੇਸ਼ ਭਗਤ ਫੌਜੀਆਂ ਨਾਲ ਰਾਬਤਾ ਕਾਇਮ ਕੀਤਾ ਤੇ ਬਗਾਵਤ ਕਰਨ ਦਾ ਫੈਸਲਾ ਕੀਤਾ। ਗਦਰ ਦੀ ਤਿਆਰੀ ਲਈ ਪੈਸੇ ਦੀ ਪੂਰਤੀ ਕਰਨ ਲਈ ਉਨ੍ਹਾਂ ਨੇ ਡਾਕਾ ਮਾਰਨ ਦੀ ਸਕੀਮ ਬਣਾਈ। ਕਰਤਾਰ ਸਿੰਘ ਸਰਾਭਾ ਟੀਮ ਦਾ ਮੁਖੀ ਸੀ। ਡਾਕਾ ਮਾਰਨ ਵਾਲੇ ਘਰ ਵਿਚ ਮੌਜੂਦ ਕੁੜੀ ਦਾ ਟੀਮ ਦੇ ਇੱਕ ਮੈਂਬਰ ਨੇ ਜ਼ਬਰਦਸਤੀ ਹੱਥ ਫੜ ਲਿਆ। ਜਿਸ 'ਤੇ ਕੁੜੀ ਨੇ ਰੌਲਾ ਪਾ ਦਿੱਤਾ। ਇਹ ਸਭ ਸੁਣ ਕੇ ਕਰਤਾਰ ਸਿੰਘ ਝੱਟ ਉਥੇ ਆ ਪਹੁੰਚੇ। ਆਪਣਾ ਪਿਸਤੌਲ ਉਸ ਪਾਪੀ ਉਪਰ ਤਾਣ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਅਤੇ ਉਸ ਨੂੰ ਨੌਜਵਾਨ ਲੜਕੀ ਦੇ ਪੈਰੀਂ ਹੱਥ ਲਾ ਕੇ ਮੁਆਫੀ ਮੰਗਣ ਲਈ ਕਿਹਾ। ਇਹ ਸਭ ਵੇਖ ਕੇ ਲੜਕੀ ਦੀ ਮਾਂ ਸਰਾਭੇ ਤੋਂ ਬਹੁਤ ਪ੍ਰਭਾਵਿਤ ਹੋਈ। ਕਰਤਾਰ ਸਿੰਘ ਸਰਾਭਾ ਤੋਂ ਡਾਕਾ ਮਾਰਨ ਦੀ ਅਸਲ ਵਜ੍ਹਾ ਪੁੱਛਣ ਉਪਰੰਤ ਕੁਝ ਪੈਸੇ ਤੇ ਗਹਿਣੇ ਰੱਖ ਕੇ ਬਾਕੀ ਸਭ ਕੁਝ ਉਨ੍ਹਾਂ ਨੂੰ ਦੇ ਦਿੱਤਾ। ਇਸ ਘਟਨਾ ਤੋਂ ਪਤਾ ਚੱਲਦਾ ਹੈ ਕਿ ਕਰਤਾਰ ਸਿੰਘ ਸਰਾਭਾ ਕਿੰਨੇ ਉਚੇ ਤੇ ਸੁੱਚੇ ਇਖਲਾਕ ਦਾ ਮਾਲਿਕ ਨੌਜਵਾਨ ਸੀ।

ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਕਰਤਾਰ ਸਿੰਘ ਸਰਾਭੇ ਨੇ ਬਹੁਤ ਭੱਜ ਦੌੜ ਕੀਤੀ ਤੇ 21 ਫਰਵਰੀ 1915 ਨੂੰ ਬਗਾਵਤ ਦਾ ਝੰਡਾ ਬੁਲੰਦ ਕਰਨ ਦਾ ਦਿਨ ਮਿਥਿਆ ਗਿਆ ਪਰ ਇਸ ਭੇਦ ਨੂੰ ਗੁਪਤ ਨਾ ਰੱਖ ਸਕੇ ਤੇ ਕਿਰਪਾਲ ਸਿੰਘ ਵਰਗੇ ਦੇਸ਼ਧ੍ਰੋਹੀਆਂ ਕਰਕੇ ਬਗਾਵਤ ਦੀ ਮਿਤੀ 19 ਫਰਵਰੀ 1915 ਕਰਨੀ ਪਈ। ਇਸ ਦੀ ਸੂਹ ਵੀ ਸਰਕਾਰ ਨੂੰ ਮਿਲ ਗਈ ਤੇ ਉਸ ਨੇ ਬਹੁਤ ਸਾਰੇ ਕ੍ਰਾਂਤੀਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਫੌਜੀਆਂ ਤੋਂ ਹਥਿਆਰ ਲੈ ਕੇ ਨਿਹੱਥੇ ਕਰ ਦਿੱਤਾ। ਦੇਸ਼ ਦੀ ਆਜ਼ਾਦੀ ਦੀ ਲੜਾਈ ਅਜੇ ਜਾਰੀ ਸੀ ਪਰ ਗੰਡਾ ਸਿੰਘ ਵਰਗੇ ਮੱਕਾਰ ਦੇਸ਼ ਭਗਤ ਨੇ ਵਿਸ਼ਵਾਸਘਾਤ ਕਰਕੇ 2 ਮਾਰਚ 1915 ਨੂੰ ਕਰਤਾਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਰਗੋਧੇ (ਹੁਣ ਪਾਕਿਸਤਾਨ ਵਿਚ) ਆਪਣੇ ਫਾਰਮ 'ਤੇ ਬੁਲਾ ਕੇ ਗ੍ਰਿਫਤਾਰ ਕਰਵਾ ਦਿੱਤਾ।

ਲਾਹੌਰ ਜੇਲ੍ਹ ਅੰਦਰ ਸਰਾਭਾ 'ਤੇ ਦੇਸ਼ਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ। ਜੱਜ ਨੇ ਸਰਾਭਾ ਅਤੇ ਉਸ ਦੇ ਛੇ ਸਾਥੀਆਂ ਨੂੰ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ। ਫਾਂਸੀ ਲੱਗਣ ਦੇ ਦਿਨ ਤੋਂ ਇਕ ਦਿਨ ਪਹਿਲਾਂ ਸਰਾਭੇ ਨੇ ਦੇਸ਼ ਵਾਸੀਆਂ ਲਈ ਇਕ ਕਵਿਤਾ ਲਿਖੀ ਸੀ,

ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਵੇਖ ਕੇ ਨਾ ਘਬਰਾ ਜਾਣਾ।

ਜੰਗੇ ਆਜ਼ਾਦੀ ਦੇ ਸਭ ਤੋਂ ਛੋਟੀ ਉਮਰ ਦੇ ਆਜ਼ਾਦੀ ਪ੍ਰਵਾਨੇ ਨੂੰ ਉਸ ਦੇ ਛੇ ਸਾਥੀਆਂ-ਭਾਈ ਜਗਤ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਬੂੜ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ, ਸ਼੍ਰੀ ਵਿਸ਼ਣੂ ਗਣੇਸ਼ ਪਿੰਗਲੇ ਅਤੇ ਭਾਈ ਜਗਤ ਸਿੰਘ ਸਮੇਤ ਮੌਕੇ ਦੀ ਜਾਲਮ ਤੇ ਗੂੰਗੀ ਬੋਲੀ ਫਰੰਗੀ ਸਰਕਾਰ ਨੇ 16 ਨਵੰਬਰ 1915 ਨੂੰ ਫਾਂਸੀ ਲਾ ਦਿੱਤਾ। ਇਨ੍ਹਾਂ ਮਹਾਨ ਦੇਸ਼ ਭਗਤਾਂ ਦੇ ਸੁਪਨੇ ਅਜੇ ਵੀ ਅਧੂਰੇ ਹਨ, ਕਿਉਂਕਿ ਅੱਜ ਵੀ ਭ੍ਰਿਸ਼ਟ ਰਾਜਨੀਤਿਕ ਲੋਕ ਤੇ ਸਰਮਾਏਦਾਰ ਮਿਹਨਤਕਸ਼ ਲੋਕਾਂ ਦੀ ਦਿਨ ਰਾਤ ਲੁੱਟ-ਖਸੁੱਟ ਕਰ ਰਹੇ ਹਨ ਜਿਸ ਕਾਰਨ ਸਾਨੂੰ ਉਨ੍ਹਾਂ ਮਹਾਨ ਸ਼ਹੀਦ ਸੂਰਮਿਆਂ ਦੇ ਸੁਪਨੇ ਸਾਕਾਰ ਕਰਨ ਲਈ ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਣ ਦੀ ਲੋੜ ਹੈ।

*-0-*

## ਕਾਵਿ-ਜਗਤ

### ਸਰਬੱਤ ਦਾ ਭਲਾ

ਸਰਬ ਮਨੁੱਖਤਾ ਦਾ ਭਲਾ ਕਰਨ ਖਾਤਰ,
ਗੁਰਾਂ ਨਿਰਾਲਾ ਸੀ ਪੰਥ ਤਿਆਰ ਕੀਤਾ।
ਸਾਂਝੀਵਾਲਤਾ ਦਾ ਉਪਦੇਸ਼ ਸਭ ਨੂੰ,
ਇਕ ਲੜੀ ਵਿਚ ਪਰੋ ਸੀ ਹਾਰ ਦਿੱਤਾ।
ਮੋਤੀ ਇਕ ਇਕ ਚੁਗ ਬਹੁਤ ਯਤਨ ਕਰ ਕੇ
ਇਸ ਹਾਰ ਨੂੰ ਨਵਾਂ ਸ਼ਿੰਗਾਰ ਦਿੱਤਾ,
ਗੁਰਾਂ ਇਲਾਹੀ ਤੇ ਅਦੁੱਤੀ ਸੋਚ ਵਿਚੋਂ
ਸੁੰਦਰ ਬਚਨਾਂ ਦਾ ਸੋਹਣਾ ਭੰਡਾਰ ਦਿੱਤਾ।

ਬਾਬੇ ਆਦਮ ਤੋਂ ਲੈ ਕੇ ਹੁਣ ਤੀਕਰ
ਸਮਾਜ ਪਸਰਦਾ ਉਸਰਦਾ ਰਿਹੈ ਲੋਕੋ
ਜੀਵਨ ਜੁਗਤ ਪ੍ਰਤੀ ਸਦਾ ਸੁਚੇਤ ਰਹਿਣਾ
ਗੁਰਾਂ, ਪੀਰਾਂ, ਫਕੀਰਾਂ ਨੇ ਕਿਹੈ ਲੋਕੋ।

ਰੰਗ ਨਸਲ ਦੇ ਭੇਦਾਂ ਨੂੰ ਭੁੱਲ ਕੇ ਤੇ
ਆਉ ਨਵੇਂ ਸੰਸਾਰ ਦੀ ਨੀਂਹ ਰੱਖੀਏ,
ਪਵਿੱਤਰ ਗ੍ਰੰਥਾਂ ਦੀ ਸਿਖ ਨੂੰ ਰੱਖ ਸਾਹਵੇਂ
ਨਵੇਂ ਜੱਗ-ਪਰਿਵਾਰ ਦੀ ਨੀਂਹ ਰੱਖੀਏ।

ਅਜੋਕੇ ਯੁੱਗ ਦੀ ਸਭ ਨੂੰ ਸਦਾਅ ਏਹੋ
ਇਕ ਰੱਬ ਤੇ ਸਾਡਾ ਵਿਸ਼ਵਾਸ ਹੋਵੇ,
ਉਚੀ ਸੋਚ ਰੱਖ ਨਵਾਂ ਭਵਿੱਖ ਸਿਰਜੋ
ਪਰਸਪਰ ਪ੍ਰੀਤ-ਭੰਡਾਰ ਦੀ ਨੀਂਹ ਰੱਖੀਏ।

ਨਫਰਤ ਘਿਰਣਾ ਦੀ ਯਾਰੋ ਜਨਮ-ਦਾਤੀ
ਕਾਹਤੋਂ ਦਿਲਾਂ ਵਿਚੋਂ ਆਪਾਂ ਵਿਸਾਰਦੇ ਨਹੀਂ,
ਓਸ ਕਾਦਰ ਦੇ ਆਪਾਂ ਹਾਂ ਜਾਏ ਸਾਰੇ
ਇਕ ਦੂਸਰੇ ਨੂੰ ਕਿਉਂ ਪਿਆਰਦੇ ਨਹੀਂ।

ਸਾਡੇ ਵੱਡਿਆਂ ਦੀ ਸਦਾ ਸੀ ਸੋਚ ਇਹੀਓ
ਸਰਬ ਮਨੁੱਖਤਾ ਦਾ ਆਦਰ ਸਤਿਕਾਰ ਕਰਨਾ,
ਹਰ ਪ੍ਰਾਣੀ ਵਿਚ ਰੱਬ ਦਾ ਵਾਸ ਯਾਰੋ
ਸੱਚੇ ਬੋਲਾਂ ਨੂੰ ਕਿਉਂ ਸਤਿਕਾਰਦੇ ਨਹੀਂ।

ਮੁਕੱਦਸ ਗ੍ਰੰਥਾਂ ਦੀ ਸਭ ਨੂੰ ਸੀਖ ਇਹੀਓ
ਆਓ! ਸਭ ਦੇ ਭਲੇ ਲਈ ਕੰਮ ਕਰੀਏ,
ਹਰ ਦਮ ਸੋਚ ਤੇ ਹਰ ਇਕ ਯਤਨ ਰਾਹੀਂ
ਹਰ ਪ੍ਰਾਣੀ ਦਾ ਦੁੱਖ ਹਰ ਦਮ ਹਰੀਏ।

ਜੱਗ ਫੁਲਵਾੜੀ ਦੇ ਆਪਾਂ ਫੁੱਲ ਯਾਰੋ
ਭਿੰਨ ਭਿੰਨ ਮਹਿਕਾਂ ਦੇ ਰੰਗ ਹਨ ਸਾਡੇ,
ਖੁਸ਼ਬੋ ਵੰਡ ਕੇ ਇਕ-ਸੁਰ ਤੇ ਪਿਆਰ ਵਾਲੀ,
ਸਾਰੇ ਜਗਤ ਨੂੰ ਇਕ-ਸਮ ਕਰੀਏ।

*-ਮਨਜੀਤ ਸਿੰਘ ਗਿੱਲ ਡਿਟਰਾਇਟ*
*ਫੋਨ: 248-885-6680*

---

### ਦੇਸ਼ ਅੰਦਰ

ਪਾ ਕੇ ਜੱਫੀਆਂ 'ਭੂਤ ਪਰੇਤ' ਫਿਰਦੇ,
ਯਾਰੋ! ਆਤਮ ਹੱਤਿਆਵਾਂ ਦੇ ਦੇਸ਼ ਅੰਦਰ।
ਅਕਸਰ ਬਾਪ ਨੇ ਲਟਕਦੇ ਸੂਲੀਆਂ 'ਤੇ,
ਦੇਖੋ! ਰੋਂਦੀਆਂ ਮਾਂਵਾਂ ਦੇ ਦੇਸ਼ ਅੰਦਰ।
ਸਾਡੇ ਸਾਹਮਣੇ ਹੋ ਗਈ ਅਲੋਪ ਸਾਹਿਬਾਂ
ਟੁੱਟੀਆਂ ਡੌਲਿਓਂ ਬਾਹਵਾਂ ਦੇ ਦੇਸ਼ ਅੰਦਰ
ਖੜੇ ਪੈਰ ਹੀ ਇੱਥੇ ਤਲਾਕ ਹੁੰਦੇ,
'ਜੋਗਾ ਸਿੰਘ' ਦੀਆਂ ਲਾਵਾਂ ਦੇ ਦੇਸ਼ ਅੰਦਰ।
ਬਾਦਲ ਰਾਜ ਤੇ 'ਬਾਜ' ਦੀ ਬਿੱਜ ਪੈਣੀ,
ਤੋਤੇ, ਚਿੜੀਆਂ, ਕਾਂਵਾਂ ਦੇ ਦੇਸ਼ ਅੰਦਰ।
ਮਨ੍ਹਾਂ ਕੀਤਾ ਹੈ ਬੀਫ ਦਾ ਮਾਸ ਖਾਣਾ,
ਧੱਕੇ ਖਾਂਦੀਆਂ ਗਾਂਵਾਂ ਦੇ ਦੇਸ਼ ਅੰਦਰ।
ਨਜ਼ਰ ਆਉਣਗੇ ਮੌਲ ਵਿਦੇਸ਼ੀਆਂ ਦੇ,
ਹੋਈਆਂ ਸੁੰਨ ਸਰਾਵਾਂ ਦੇ ਦੇਸ਼ ਅੰਦਰ।
ਪਿੰਡੇ ਲੂਹਣ ਨੂੰ ਛਤਰੀਆਂ ਹੇਠ ਫਿਰਦੀ,
'ਧੁੱਪ', ਨੰਨੀਆਂ ਛਾਂਵਾਂ ਦੇ ਦੇਸ਼ ਅੰਦਰ।

*-ਹਰਜਿੰਦਰ ਗੁਲਪੁਰ*
*ਫੋਨ: 0061470605255*

---

### ਕੁਰਸੀ ਨਾ ਜਾਵੇ

ਕੁਰਸੀ ਨਾ ਜਾਵੇ ਹੱਥੋਂ ਜੋਰ ਸਾਰਾ ਲਾ ਦਿਓ।
ਇਸ਼ਤਿਹਾਰਬਾਜ਼ੀ 'ਤੇ ਖਜ਼ਾਨਾ ਲੁਟਾ ਦਿਓ।
ਕੰਮ ਹੋਊ, ਨਾ ਹੋਊ, ਦੇਖੀ ਜਾਊ ਬਾਅਦ 'ਚ
ਥਾਂ ਥਾਂ ਉਤੇ ਨਵੇਂ ਨੀਂਹ ਪੱਥਰ ਸਜਾ ਦਿਓ।
ਅਸੀਂ ਆਹ ਕੀਤਾ ਜੀ, ਅਸੀਂ ਅਹੁ ਕੀਤਾ ਜੀ
ਇਹੀ ਸੁਣਾ ਸੁਣਾ ਜਨਤਾ ਦੇ ਕੰਨ ਪਕਾ ਦਿਓ।
ਖਿੱਚੋ ਹੋਰਾਂ ਪਾਰਟੀਆਂ ਦੀਆਂ ਲੱਤਾਂ ਖੂਬ
ਗੱਲਾਂ ਗੱਲਾਂ ਵਿਚ ਹੀ ਤਸੱਲੀ ਕਰਵਾ ਦਿਓ।
ਗੱਲ ਕਰੋ ਮਿਲੇ ਦੀ, ਨਾ ਮਿਲੇ ਦੀ ਨਾ ਛੇੜੋ
ਸਾਰਾ ਧਿਆਨ ਮਿਲੇ ਵੱਲ ਹੀ ਲੁਆ ਦਿਓ।
ਦਿਖਾਓ ਸੋਹਣੇ ਅੰਕੜੇ, ਅਸੀਂ ਵਿਕਾਸ ਕੀਤਾ
ਵਧ ਘੱਟ ਜੋੜ ਕਰ ਟੌਹਰ ਪੂਰੀ ਬਣਾ ਦਿਓ।
ਕੁਰਸੀ ਨਾ ਖਿਸਕੇ ਇਹ ਜਾਨ ਤੋਂ ਪਿਆਰੀ
ਕਰ ਯਤਨ ਪੱਕਾ ਫਿਰ ਇਹਦੇ 'ਤੇ ਬਿਠਾ ਦਿਓ।

*-ਹਰਦੀਪ ਬਿਰਦੀ*
*ਫੋਨ: 91-90416-00900*

---

### ਖਬਰਾਂ

ਜਦ ਵੀ ਦੇਸ਼ ਪੰਜਾਬੋਂ ਖਬਰਾਂ ਆਈਆਂ ਨੇ।
ਜੁੜੀਆਂ ਰੂਹਾਂ ਜੜ੍ਹਾਂ ਨਾਲ, ਤੜਪਾਈਆਂ ਨੇ।
ਜਿਨ੍ਹਾਂ ਲਈ ਉਹ ਜਿੰਦ ਤਲੀ 'ਤੇ ਰੱਖਦਾ ਸੀ,
ਉਨ੍ਹਾਂ ਉਸ ਦੀਆਂ ਤਲੀਆਂ ਹੀ ਕਟਵਾਈਆਂ ਨੇ।
ਆਪਣਿਆਂ ਨੇ ਦਸਤਾ ਬਣ ਕੁਲਹਾੜੀ ਦਾ,
ਭੂਮਿਕਾਵਾਂ ਵੱਢਣ ਦੀਆਂ ਨਿਭਾਈਆਂ ਨੇ।
ਲਟਕਣ ਦੇ ਲਈ ਰੱਸੇ ਵੱਟਦਾ ਫਿਰਦਾ ਹੈ,
ਅੰਨ ਦਾਤੇ ਦੀਆਂ ਆਂਦਰਾਂ ਵੀ ਕੁਮਲਾਈਆਂ ਨੇ।
ਜਿਹੜੀ ਧਰਤੀ ਸੋਨਾ ਉਗਲਣ ਵਾਲੀ ਸੀ,
ਉਹਦੇ ਗਰਭ 'ਚ ਕੈਂਸਰ ਦੀਆਂ ਪਰਛਾਈਆਂ ਨੇ।
ਹਰ ਪਲ ਓਥੇ ਸੱਚ ਨੂੰ ਫਾਂਸੀ ਲੱਗਦੀ ਹੈ,
ਠੱਗੀ, ਬੇਈਮਾਨੀ ਲੈਣ ਵਧਾਈਆਂ ਨੇ।
ਜੱਥੇ ਕਿਧਰੇ ਬਣਦੇ ਹੱਕ ਜੋ ਮੰਗਦਾ ਹੈ,
ਓਥੇ ਹੀ ਸਰਕਾਰ ਡਾਂਗਾਂ ਵਾਹੀਆਂ ਨੇ।
ਧਰਮ ਮਜ਼ਹਬ ਜੋ ਔਕੜ ਵਿਚ ਰਾਹ ਦੱਸਦੇ ਸੀ,
ਅੱਜ ਕਰਦੇ ਭਟਕਾਵਣ ਲਈ ਅਗਵਾਈਆਂ ਨੇ।
ਹਰ ਬੰਦਾ ਹੀ ਬਗਲਾ ਬਣਿਆ ਬੈਠਾ ਹੈ,
ਡੱਡੀ ਨੱਪਣ ਖਾਤਿਰ ਜੁਗਤਾਂ ਲਾਈਆਂ ਨੇ।
ਨਾਮ ਖੁਮਾਰੀ ਜਿੱਥੇ ਗੁਰੂਆਂ ਵੰਡੀ ਸੀ,
ਅੱਜ ਕੱਲ ਓਥੇ ਕਰੀਆਂ ਨਸ਼ੇ ਤਬਾਹੀਆਂ ਨੇ।
ਔਰਤ 'ਤੇ ਜੁਲਮਾਂ ਵਿਚ ਲੋਕੀਂ ਮੋਹਰੀ ਨੇ,
ਇਖਲਾਕੋਂ ਗਿਰੀਆਂ ਖਬਰਾਂ ਹੁਣ ਛਾਈਆਂ ਨੇ।
ਜੇਕਰ ਖਬਰਾਂ ਵਾਲਾ ਇਹੋ ਹਾਲ ਰਿਹਾ,
ਆਉਂਦੇ ਪੂਰਾਂ ਵਿਚ ਪੈ ਜਾਣੀਆਂ ਖਾਈਆਂ ਨੇ।
ਰਿਸ਼ਤਿਆਂ ਲਈ ਵੀ ਬੱਚਿਆਂ ਓਥੇ ਜਾਣਾ ਨਾ,
ਕਲਮਾਂ ਵਾਲੇ ਮੁੜ-ਮੁੜ ਦੇਣ ਦੁਹਾਈਆਂ ਨੇ।

*-ਗੁਰਮੀਤ ਸਿੰਘ ਬਰਸਾਲ*

---

### ਵਿਅੰਗ

ਜਿਸ ਫੌਜ ਦਾ ਕੈਪਟਨ ਹੋਵੇ ਐਸ਼ੀ,
ਉਸ ਫੌਜ ਦੀ ਕਦੇ ਨਾ ਜਿੱਤ ਹੋਵੇ।
ਵਫਾਦਾਰ ਨਹੀਂ ਰਾਜਾ ਰਾਣੀ ਦਾ ਜੋ,
ਫਿਰ ਬੇਗਮਾਂ ਦਾ ਕਿਵੇਂ ਮਿੱਤ ਹੋਵੇ।
ਜਿਸ ਦੇਸ਼ ਦਾ ਰਾਜਾ ਵਪਾਰ ਕਰਦਾ,
ਭੀਖ ਮੰਗੇ ਪਰਜਾ ਦਾ ਨਾ ਹਿੱਤ ਹੋਵੇ।
ਧੁੱਪ ਚੜ੍ਹੀ ਤੱਕ ਖਾ ਪੀ ਰਹੇ ਸੁੱਤਾ,
ਚੋਣ ਦੰਗਲ 'ਚ 'ਗਿੱਲਾ' ਉਹ ਚਿੱਤ ਹੋਵੇ।

*-ਜੁਗਰਾਜ ਸਿੰਘ ਸ਼ਾਰਲਟ*
*ਫੋਨ: 704-257-6693*

---

### ਜ਼ੁਲਮ ਦੀ ਹਨੇਰੀ

ਜ਼ੁਲਮ ਦੀ ਇਹ ਹਨੇਰੀ,
ਝੁਲਾ ਰਿਹਾ ਹੈ ਕੌਣ?
ਪਛਾਣੋ ਯਾਰੋ ਅੱਗ ਇਹ
ਲਗਾ ਰਿਹਾ ਹੈ ਕੌਣ?
ਦਿਨ ਦਿਹਾੜੇ ਚਮਕਦੀ ਧੁੱਪ ਗ੍ਰਹਿਣੀ ਗਈ,
ਸਾਧ ਦੇ ਧੂਣੇ ਨੂੰ ਦੇਖੋ,
ਧੁਖਾ ਰਿਹਾ ਹੈ ਕੌਣ?
ਖੁਦਕੁਸ਼ੀਆਂ ਦਾ ਹਰ ਪਾਸੇ
ਹੜ੍ਹ ਜਿਹਾ ਆ ਗਿਐ,
ਮਿਹਨਤ ਮਿਹਨਤਕਸ਼ਾਂ ਦੀ
ਖਾ ਰਿਹਾ ਹੈ ਕੌਣ?
ਚੋਲੇ, ਕਿਰਪਾਨਾਂ ਪਹਿਨ ਕੇ
ਬਾਬੇ ਨੇ ਫਿਰ ਰਹੇ,
ਲਾਜ ਸੁੱਚੇ ਭੇਸ ਨੂੰ,
ਲਗਾ ਰਿਹਾ ਹੈ ਕੌਣ?
ਸਟੇਜ 'ਤੇ ਮਾਈਕ ਫੜ੍ਹ ਕੇ
ਤੁਹਾਡਾ ਦਰਦੀ ਦੱਸਦੈ,
ਲਫਜ਼ਾਂ ਦੇ ਹੇਰ-ਫੇਰ ਨਾਲ
ਸਰਚਾ ਰਿਹਾ ਹੈ ਕੌਣ?
ਹਾਲਾਤ ਵਿਚ ਘਿਰਿਆ
ਮਜਬੂਰ ਹੈ ਹਰ ਕੋਈ,
ਸੁਣ ਕੇ ਉਸ ਦੀ ਵਿਲ੍ਹਕਣੀ
ਮੁਸਕਾ ਰਿਹਾ ਹੈ ਕੌਣ?

*-ਸੁਰਜੀਤ ਸਿੰਘ ਪੰਛੀ*

---

### ਸਭ ਦੀ ਧਰਤੀ

ਇਸ ਦੇਸ਼ 'ਚ ਵੱਸਣ ਲਈ
ਹਰ ਖਿੱਤੇ ਚੋਂ ਆਏ ਲੋਕ।
ਗੋਰੇ, ਕਾਲੇ, ਭੂਰੇ, ਫੀਨੇ
ਇਸ ਧਰਤੀ ਅਪਨਾਏ ਲੋਕ।
ਕੋਈ ਜਹਾਜੇ, ਕੋਈ ਸਮੁੰਦਰੀ
ਕੋਈ ਕੰਧਾਂ ਟੱਪ ਆਏ ਲੋਕ।
ਵਾਰੇ ਜਾਈਏ ਇਸ ਧਰਤੀ ਦੇ
ਸਾਰੇ ਹੀ ਗਲ ਲਾਏ ਲੋਕ।
ਜੋ ਹੱਕ ਨਾ ਮੁਲਕੀ ਮਿਲਦੇ
ਮਿਲ ਗਏ ਸਾਂ ਪਰਾਏ ਲੋਕ।
ਮੋਟਲ, ਟਰੱਕ, ਪੰਪ ਤੇ ਟੈਕਸੀ
ਬਿਜਨਸ ਸਭਿ ਹਥਿਆਏ ਲੋਕ।
ਕਰ ਪੜ੍ਹਾਈਆਂ ਵੱਡੇ ਅਹੁਦੇ
ਇਸ ਮੁਲਕ ਵਿਚ ਛਾਏ ਲੋਕ।
ਦੋ ਦੋ ਜਾਬਾਂ ਕੜੀ ਮੁਸ਼ੱਕਤ
ਫਿਰ ਵੀ ਨਾ ਘਬਰਾਏ ਲੋਕ।
ਵੱਡੀਆਂ ਕਾਰਾਂ ਵੱਡੇ ਘਰ ਲਏ
ਪੂਰੇ ਸ਼ੌਂਕ ਪੁਗਾਏ ਲੋਕ।
ਬੁੱਢੇ ਰੁੱਖਾਂ ਵਾਂਗਰ ਪੁੱਟ ਕੇ
ਏਥੇ ਨੇ ਜੋ ਲਾਏ ਲੋਕ।
ਉਹ ਨੇ ਘੱਟ ਹੀ ਫੁਲਦੇ ਫਲਦੇ
ਰਹਿੰਦੇ ਜੋ ਕੁਮਲਾਏ ਲੋਕ।
ਕੰਮ ਚੋਰ ਜੋ ਵੈਲਫੇਅਰ ਖਾਂਦੇ
ਉਹ ਵੀ ਨੇ ਕੁਝ ਆਏ ਲੋਕ।
'ਸਾਹੀ' ਧਰਤੀ ਜੁੱਗ ਜੁੱਗ ਮੌਲੇ
ਜਿੱਥੇ ਕੁੱਲ ਸਮਾਏ ਲੋਕ।

*-ਚਰਨਜੀਤ ਸਿੰਘ ਸਾਹੀ*

### .ਗ਼ਜ਼ਲ

ਇਹ ਬਾਂਸ ਜਦ ਕਦੇ ਵੀ, ਇੱਕ ਬੰਸਰੀ ਬਣੇਗਾ।
ਵੇਖੀਂ ਕਿ ਹੋਂਠ ਤੇਰੇ, ਫਿਰ ਚੁੰਮ ਕੇ ਹਟੇਗਾ।

ਦਿਲ ਦੇ ਕਰੀਬ ਰਹਿ ਕੇ ਵੀ ਦੂਰ ਹੀ ਰਿਹਾ ਜੋ।
ਨਜ਼ਦੀਕ ਆ ਕੇ ਮੇਰੇ, ਹੁਣ ਦੱਸ ਕੀ ਕਰੇਗਾ?

ਹਰ ਵਕਤ ਰੜਕਦਾ ਹੈ ਪਤਝੜ ਦੀ ਅੱਖ 'ਚ ਉਹ,
ਜਿਸ ਨੇ ਕਿਹਾ ਕੇ ਉਹ ਤਾਂ ਰੁੱਖਾਂ ਲਈ ਲਿਖੇਗਾ।

ਵੇਚਣ ਮਲਾਹ ਜੋ ਬਾਲਣ, ਚੱਪੂ ਤੇ ਬੇੜੀਆਂ ਦਾ,
ਇਹ ਖੌਫਨਾਕ ਮੰਜ਼ਰ, ਦਿਲ ਹੋਰ ਨਾ ਜਰੇਗਾ।

ਖਾਬਾਂ 'ਚ ਰੋਜ ਭਾਵੇਂ, ਦਿਸਦੀ ਸਲੀਬ ਮੈਨੂੰ,
ਪਰ ਜੋ ਸ਼ੁਰੂ ਹੈ ਕੀਤਾ, ਜਾਰੀ ਸਫਰ ਰਹੇਗਾ।


ਜਿਸ ਰੁੱਖ ਨੂੰ ਅਸਾਂ ਨੇ ਕੀਤਾ ਜਵਾਨ ਹੱਥੀਂ,
ਇਹ ਸੋਚਿਆ ਨਹੀਂ ਸੀ, ਸੂਲੀ ਵੀ ਉਹ ਬਣੇਗਾ।

ਵਿਸ਼ਵਾਸ ਹੌਸਲਾ ਤੇ ਹਿੰਮਤ ਜਿਹਦੇ ਲਹੂ ਵਿਚ,
'ਤਨਵੀਰ' ਉਸ ਪਰਿੰਦੇ ਨੂੰ ਕੌਣ ਫੜ੍ਹ ਲਵੇਗਾ?

*-ਅਜੇ ਤਨਵੀਰ*

ਗੁਰਮਤਿ ਵਿਚਾਰ

# ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਸਾਹਿਬਾਨ ਨੇ ਮਨੁੱਖ ਦੇ ਸੰਸਾਰਕ ਜੀਵਨ ਅਤੇ ਅਧਿਆਤਮਕ ਅਨੁਭਵ-ਦੋਵਾਂ ਵਿਚ ਹੀ ਵਿਚਾਰ ਤੇ ਤਰਕ ਨੂੰ ਬਹੁਤ ਹੀ ਮਹੱਤਵ ਦਿੱਤਾ ਹੈ। ਵਿਚਾਰਹੀਣ ਮਨੁੱਖ ਭਰਮ ਦਾ ਸ਼ਿਕਾਰ ਹੋ ਜਾਂਦਾ ਹੈ; ਇਸ ਲਈ ਨਾ ਹੀ ਉਹ ਸੰਸਾਰਕ ਜੀਵਨ ਸਹੀ ਢੰਗ ਨਾਲ ਜਿਉਂ ਸਕਦਾ ਹੈ ਅਤੇ ਨਾ ਹੀ ਆਪਣੇ ਆਦਰਸ਼ ਦੇ ਅਨੁਭਵ ਲਈ ਅਧਿਆਤਮਕ ਸਫਰ 'ਤੇ ਚੱਲਣ ਦੇ ਯੋਗ ਹੁੰਦਾ ਹੈ। ਮਨੁੱਖ ਦੇ ਅਧਿਆਤਮਕ ਕਾਇਆਕਲਪ ਲਈ ਗੁਰੂ ਨਾਨਕ ਨੇ ਜਪੁਜੀ ਵਿਚ 'ਮਨਣ' ਦੇ ਰੋਲ ਨੂੰ ਕੇਂਦਰੀ ਰੱਖਿਆ ਹੈ, "ਮੰਨੇ ਕੀ ਗਤਿ ਕਹੀ ਨ ਜਾਇ" ਅਤੇ ਵਿਚਾਰਹੀਣ ਮਨੁੱਖ ਬ੍ਰਹਿਮੰਡ ਦੀ ਸੰਯੁਕਤਤਾ ਨੂੰ ਗ੍ਰਹਿਣ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ, ਤੇ ਰੱਬੀ ਬਾਣੀ ਨੂੰ ਸਮਝਣ ਤੋਂ ਵੀ ਅਸਮਰਥ ਹੁੰਦਾ ਹੈ। ਇਸੇ ਲਈ ਗੁਰੂਆਂ ਨੇ ਮਨੁੱਖ ਨੂੰ ਸੰਸਾਰਕ ਮਾਮਲਿਆਂ ਨੂੰ ਸਮਝਣ ਅਤੇ ਆਪਣੇ ਰੂਹਾਨੀ ਵਿਕਾਸ ਲਈ ਵਿਚਾਰਸ਼ੀਲ ਹੋਣ, ਆਪਣੇ ਅੰਦਰ ਤਰਕ ਪੈਦਾ ਕਰਨ ਤੇ ਜ਼ੋਰ ਦਿੱਤਾ ਹੈ।

ਸਿੱਖ ਧਰਮ ਦੇ ਬਾਨੀਆਂ ਨੇ ਸਾਡਾ ਧਿਆਨ ਸਿੱਟੇ-ਰਹਿਤ ਅਰਥਾਤ ਅਵੈੜੇ ਤਰਕ ਵੱਲ ਵੀ ਦੁਆਇਆ ਹੈ। ਜੋ ਮਨੁੱਖ ਸੱਚ ਦੀ ਜਗਿਆਸਾ ਲਈ ਵਿਚਾਰ-ਚਰਚਾ ਕਰਦਾ ਹੈ, ਉਸ ਨੂੰ ਬਾਣੀ ਵਿਚ ਖੋਜੀ ਕਿਹਾ ਹੈ ਅਤੇ ਖੋਜੀ ਨੂੰ ਬਹੁਤ ਮਾਨਤਾ ਬਖਸ਼ੀ ਗਈ ਹੈ। ਖੋਜੀ ਹੋਣਾ ਇੱਕ ਸਹੀ ਜਗਿਆਸੂ ਦਾ ਚਰਿੱਤਰ ਹੈ ਪਰ ਫਲ-ਰਹਿਤ ਤਰਕ ਦੀ ਵਰਤੋਂ ਕਰਨ ਵਾਲਾ ਬਾਦੀ/ਵਾਦੀ ਹੈ ਜਿਸ ਦਾ ਤਰਕ ਕਿਸੇ ਸਿੱਟੇ 'ਤੇ ਨਹੀਂ ਪਹੁੰਚਦਾ; ਜਿਸ ਨੂੰ ਆਮ ਪੰਜਾਬੀ ਮੁਹਾਵਰੇ ਵਿਚ 'ਪਾਣੀ ਵਿਚ ਮਧਾਣੀ ਪਾਉਣਾ' ਜਾਂ ਜੇ ਥੋੜੀ ਕਰੂਤ ਬੋਲੀ ਵਰਤਣੀ ਹੋਵੇ ਤਾਂ 'ਜਾਬ੍ਹਾਂ ਦਾ ਭੇੜ' ਕਰਨਾ ਵੀ ਕਿਹਾ ਜਾਂਦਾ ਹੈ। ਜਿੱਥੇ ਗੁਰੂ ਸਾਹਿਬਾਨ ਨੇ ਪਹਿਲੀ ਕਿਸਮ ਦੇ ਤਰਕ ਜਾਂ ਵਿਚਾਰ ਨੂੰ ਵਡਿਆਇਆ ਹੈ, ਉਥੇ ਦੂਜੀ ਕਿਸਮ ਦੇ ਤਰਕ ਨੂੰ ਅਰਥਾਤ ਵਾਦ ਨੂੰ ਚੰਗਾ ਨਹੀਂ ਸਮਝਿਆ ਅਤੇ ਜਗਿਆਸੂ ਨੂੰ ਅਜਿਹੇ ਸਿੱਟਾ-ਰਹਿਤ ਤਰਕ ਤੋਂ ਪ੍ਰਹੇਜ਼ ਕਰਨ ਦੀ ਸਲਾਹ ਦਿੱਤੀ ਹੈ। ਇਸੇ ਲਈ ਇਕ ਵਿਚਾਰਸ਼ੀਲ ਮਨੁੱਖ ਨੂੰ ਸੱਚ ਦੀ ਖੋਜ ਵਿਚ ਇੱਕ ਖੋਜੀ ਦੀ ਭਾਵਨਾ ਨਾਲ, ਇੱਕ ਖੋਜੀ ਦੇ ਵਲਵਲੇ ਨਾਲ ਆਪਣੇ ਰਸਤੇ 'ਤੇ ਅੱਗੇ ਵਧਣਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਵਾਰ ਵਾਰ ਇਹ ਗੱਲ ਦ੍ਰਿੜਾਈ ਹੈ ਕਿ ਇੱਕ ਖੋਜੀ ਸੱਚੇ ਗਿਆਨ ਤੱਕ ਪਹੁੰਚ ਸਕਦਾ ਹੈ, ਸਹੀ ਗਿਆਨ ਪ੍ਰਾਪਤ ਕਰਨਾ ਉਸ ਲਈ ਸੰਭਵ ਹੋ ਸਕਦਾ ਹੈ। ਵਾਦੀ ਸਿਰਫ ਆਪਣਾ ਸਮਾਂ ਨਸ਼ਟ ਕਰਦਾ ਹੈ।

ਵਿਚਾਰ ਤੇ ਤਰਕ ਦਾ ਕੰਮ ਗਿਆਨ ਤੱਕ ਪਹੁੰਚਣਾ ਹੈ, ਇਸ ਲਈ ਇਸ ਨੂੰ ਖੋਜ ਕਿਹਾ ਹੈ ਤੇ ਜੋ ਇਸ ਰਸਤੇ 'ਤੇ ਅੱਗੇ ਵੱਧਦਾ ਹੈ, ਉਸ ਨੂੰ ਖੋਜੀ। ਇਸ ਦੇ ਉਲਟ ਜੋ ਮਨੁੱਖ ਸਿਰਫ ਆਪਣੀ ਧਾਰਨਾ ਨੂੰ ਸਥਾਪਤ ਕਰਨਾ ਚਾਹੁੰਦਾ ਹੈ, ਉਹ ਸੱਚ ਤੋਂ ਪਾਸੇ ਲੈ ਜਾਣ ਲਈ ਵੀ ਦਲੀਲਾਂ ਦਿੰਦਾ ਹੈ ਜੋ ਕਈ ਵਾਰ ਤਾਂ ਭਰਮਜਨਕ ਵੀ ਹੁੰਦੀਆਂ ਹਨ। ਅਜਿਹੇ ਤਰਕ ਨੂੰ ਹੀ ਗੁਰੂ ਸਾਹਿਬ ਨੇ ਵਾਦ/ਬਾਦ ਅਤੇ ਅਜਿਹੇ ਤਰਕ ਦੀ ਵਰਤੋਂ ਕਰਨ ਵਾਲੇ ਨੂੰ ਵਾਦੀ/ਬਾਦੀ ਕਿਹਾ ਹੈ। ਇਸ ਤਰਕ ਦੀ ਵਰਤੋਂ ਆਮ ਤੌਰ 'ਤੇ ਆਪਣੇ ਮਨ ਵਿਚ ਪਹਿਲਾਂ ਮਿੱਥੇ ਖਾਸ ਨਤੀਜੇ ਤੱਕ ਪਹੁੰਚਣ ਲਈ ਕੀਤੀ ਜਾਂਦੀ ਹੈ। ਇਸੇ ਕਿਸਮ ਦੇ ਤਰਕ-ਵਿਤਰਕ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ,

ਜੰਗਮ ਅਤੇ ਸਰੇਵੜੇ
ਦਗੇ ਦਿਗੰਬਰ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰ ਕਰਿ
ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ
ਨਾਲਿ ਛਤੀਸਿ ਪਖੰਡ ਰਲਾਏ। (੧੯/੧)

ਵਾਦ ਦੇ ਭਾਵੇਂ ਦੋਵੇਂ ਪੱਖ ਹੁੰਦੇ ਹਨ, ਇਸ ਦੀ ਵਰਤੋਂ ਹਾਂ-ਪੱਖੀ ਵੀ ਹੋ ਸਕਦੀ ਹੈ ਤੇ ਨਾਂਹ ਪੱਖੀ ਵੀ। ਅਜਿਹਾ ਤਰਕ ਜੋ ਕਿਸੇ ਨਤੀਜੇ ਤੱਕ ਨਹੀਂ ਪਹੁੰਚਦਾ, ਦੀ ਆਲੋਚਨਾ ਕਰਦਿਆਂ ਇਸ ਨੂੰ ਨਕਾਰਿਆ ਗਿਆ ਹੈ। ਅਸਲ ਵਿਚ ਅਜਿਹੇ ਤਰਕ ਦੀ ਵਰਤੋਂ ਕਿਸੇ ਵਿਅਕਤੀ ਵੱਲੋਂ ਆਪਣੇ ਮਨ ਵਿਚ ਪੱਕੀ ਕੀਤੀ ਧਾਰਨਾ ਨੂੰ ਸਥਾਪਤ ਕਰਨ ਲਈ ਹੀ ਕੀਤੀ ਜਾਂਦੀ ਹੈ। ਬਾਣੀ ਵਿਚ ਅਜਿਹੇ ਲੋਕਾਂ ਬਾਰੇ ਜਿਹੜੇ ਇਸ ਕਿਸਮ ਦੇ ਤਰਕ ਵਿਚ ਰੁੱਝੇ ਰਹਿੰਦੇ ਹਨ, ਜਿਸ ਦੀ ਪਹਿਲਾਂ ਗੱਲ ਕੀਤੀ ਹੈ ਅਤੇ ਜਿਸ ਨੂੰ ਬਾਣੀ ਵਿਚ ਵਾਦ/ਬਾਦ ਕਿਹਾ ਹੈ। ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ ਕਿ ਇਹ ਕਿਸੇ ਤਣ-ਪੱਤਣ ਨਹੀਂ ਲੱਗਦੇ। ਅਜਿਹੇ ਲੋਕਾਂ ਨੂੰ ਮਨਮੁੱਖ ਵੀ ਕਿਹਾ ਗਿਆ ਹੈ ਕਿਉਂਕਿ ਉਹ ਮਨ ਦੀ ਮਤਿ ਪਿੱਛੇ ਲੱਗ ਕੇ ਚੱਲਦੇ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਬੰਦੇ ਧਾਰਮਿਕ ਪੁਸਤਕ ਪੜ੍ਹਦੇ ਹਨ ਪਰ ਉਨ੍ਹਾਂ 'ਤੇ ਸਿਰਫ ਚਰਚਾ ਜਾਂ ਵਾਦ-ਵਿਵਾਦ ਹੀ ਕਰਦੇ ਹਨ। ਉਸ ਪੜ੍ਹੇ ਹੋਏ ਉਤੇ ਅਮਲ ਕਰਨਾ ਨਹੀਂ ਸਿੱਖਦੇ। ਅਜਿਹੇ ਮਨੁੱਖ ਅਸਲੀਅਤ ਨੂੰ ਸਮਝਣ ਦੀ ਥਾਂ ਭਰਮ ਵਿਚ ਪਏ ਰਹਿੰਦੇ ਹਨ, ਜਿਸ ਕਰਕੇ ਕੁਰਾਹੇ ਪੈ ਜਾਂਦੇ ਹਨ। ਅਜਿਹੇ ਬੰਦੇ ਵੱਢੀ ਲੈ ਕੇ ਝੂਠੀਆਂ ਗਵਾਹੀਆਂ ਦਿੰਦੇ ਹਨ ਅਤੇ ਦੁਰਮਤਿ ਅਰਥਾਤ ਭੈੜੀ ਮਤਿ ਵਾਲੇ ਹੁੰਦੇ ਹਨ। ਅਜਿਹੇ ਧਾਰਮਿਕ ਕਹਾਉਣ ਵਾਲੇ ਵਿਅਕਤੀਆਂ ਵਜੋਂ ਸਿਮ੍ਰਤੀ ਅਤੇ ਸ਼ਾਸਤਰਾਂ ਦਾ ਅਧਿਐਨ ਕਰਨ ਵਾਲੇ ਪੰਡਿਤਾਂ (ਗਿਆਨਵਾਨ) ਦੀ ਉਦਾਹਰਣ ਦਿੱਤੀ ਗਈ ਹੈ ਜੋ ਸਿਮ੍ਰਤੀਆਂ, ਸ਼ਾਸਤਰ ਪੁਰਾਣ ਪੜ੍ਹਦੇ ਹਨ ਅਤੇ ਅਸਲੀਅਤ ਨਾ ਸਮਝ ਕੇ ਬਜਾਇ ਅਮਲੀ ਜੀਵਨ ਜਿਉਣ ਦੇ ਸਿਰਫ ਇਨ੍ਹਾਂ ਦੀ ਚਰਚਾ ਵਿਚ ਹੀ ਪਏ ਰਹਿੰਦੇ ਹਨ,

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥
ਨਾਮੁ ਨ ਬੂਝਹਿ ਭਰਮਿ ਭੁਲਾਨਾ॥
ਲੈ ਕੇ ਵਢੀ ਦੇਨਿ ਉਗਾਹੀ
ਦੁਰਮਤਿ ਕਾ ਗਲਿ ਫਾਹਾ ਹੇ॥੩॥
ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥
ਵਾਦੁ ਵਖਾਣਹਿ ਤਤੁ ਨ ਜਾਣਾ॥
ਵਿਣੁ ਗੁਰ ਪੂਰੇ ਤਤੁ ਨ ਪਾਈਐ
ਸਚੁ ਸੂਚੇ ਸਚੁ ਰਾਹਾ ਹੇ॥੪॥
(ਪੰਨਾ ੧੦੩੨)

ਇਸ ਕਿਸਮ ਦੇ ਧਾਰਮਿਕ ਕਹਾਉਣ ਵਾਲੇ ਲੋਕਾਂ ਬਾਰੇ ਗੁਰੂ ਨਾਨਕ ਦੱਸਦੇ ਹਨ ਕਿ ਅਜਿਹੇ ਲੋਕਾਂ ਦਾ ਜੀਣਾ ਲਾਹਨਤ ਹੈ, ਜੋ ਧਰਮ ਦੇ ਨਾਮ ਨੂੰ (ਜਿਵੇਂ ਜੰਤਰ-ਮੰਤਰ ਕਰਕੇ ਦੇਣੇ ਜਾਂ ਹੋਰ ਅਜਿਹੇ ਧਰਮ ਦੀ ਗਲਤ ਵਰਤੋਂ ਵਾਲੇ ਕੰਮ ਕਰਨੇ) ਲਿਖ ਲਿਖ ਕੇ ਵੇਚਦੇ ਹਨ। ਅਜਿਹੇ ਬੰਦੇ ਜੇ ਇਸ ਦੇ ਨਾਲ ਨਾਲ ਧਰਮ ਦਾ ਕੋਈ ਚੰਗਾ ਕੰਮ ਕਰਦੇ ਵੀ ਹਨ, ਉਹ ਨਿਹਫਲ ਹੀ ਜਾਂਦਾ ਹੈ ਜਿਵੇਂ ਜਿਸ ਆਦਮੀ ਦੀ ਖੇਤੀ ਹੀ ਉਜੜਦੀ ਜਾਵੇ ਤਾਂ ਉਸ ਦਾ ਖਲਵਾੜਾ ਕਿੱਥੇ ਬਣਨਾ ਹੈ? ਸਹੀ ਮਿਹਨਤ ਤੋਂ ਬਿਨਾ ਉਨ੍ਹਾਂ ਦੀ ਅਕਾਲ ਪੁਰਖ ਦੀ ਹਜ਼ੂਰੀ ਵਿਚ ਵੀ ਕੋਈ ਕਦਰ ਨਹੀਂ ਪੈਂਦੀ। ਅਕਲ ਇਹ ਨਹੀਂ ਹੈ ਕਿ ਇਸ ਨੂੰ ਫਜ਼ੂਲ ਦੀ ਚਰਚਾ ਜਾਂ ਵਾਦ-ਵਿਵਾਦ ਵਿਚ ਗੁਆ ਲਈਏ। ਅਕਲ ਤਾਂ ਇਹ ਹੈ ਕਿ ਸੱਚੇ ਮਨ ਨਾਲ ਉਸ ਅਕਾਲ ਪੁਰਖ ਨੂੰ ਸੇਵੀਏ, ਉਸ ਦਾ ਸਿਮਰਨ ਕਰੀਏ ਅਤੇ ਇੱਜਤ ਖਟੀਏ। ਅਕਲ ਇਸ ਵਿਚ ਹੈ ਕਿ ਉਸ ਪਰਵਰਦਗਾਰ ਦੀ ਸਿਫਤਿ-ਸਾਲਾਹ (ਧਾਰਮਿਕ ਪੁਸਤਕਾਂ) ਨੂੰ ਪੜ੍ਹੀਏ, ਪੜ੍ਹ ਕੇ ਉਸ ਨੂੰ ਬੁੱਝੀਏ, ਸਮਝੀਏ ਅਤੇ ਹੋਰਾਂ ਨੂੰ ਸਮਝਾਈਏ ਕੇ ਅਮਲ ਵਿਚ ਲਿਆਈਏ। ਗੁਰੂ ਨਾਨਕ ਸਾਹਿਬ ਅਨੁਸਾਰ ਜ਼ਿੰਦਗੀ ਦਾ ਸਹੀ ਰਸਤਾ ਇਹੀ ਹੈ, ਇਧਰ-ਉਧਰ ਦੀ ਚਰਚਾ ਸ਼ੈਤਾਨ ਦੀਆਂ ਗੱਲਾਂ ਹਨ,

ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ
ਖਲਵਾੜੇ ਕਿਆ ਥਾਉ॥
ਸਚੈ ਸਰਮੈਬਾਹਰੇ ਅਗੈ ਲਹਹਿ ਨਾ ਦਾਦਿ॥
ਅਕਲਿ ਏਹ ਨ ਆਖੀਐ
ਅਕਲਿ ਗਵਾਈਐ ਬਾਦਿ॥
ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ
ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ
ਹੋਰਿ ਗਲਾ ਸੈਤਾਨੁ॥੧॥ (ਪੰਨਾ ੧੨੪੫)

ਗੁਰੂ ਅਮਰਦਾਸ ਅਨੁਸਾਰ ਇਸ ਕਿਸਮ ਦਾ ਤਰਕ ਵਿਅਕਤੀ ਨੂੰ ਕਿਸੇ ਗਿਆਨ ਤੱਕ ਨਹੀਂ ਪਹੁੰਚਾਉਂਦਾ ਭਾਵੇਂ ਉਹ ਆਪਣੇ ਆਪ ਨੂੰ ਜਿੰਨਾ ਮਰਜ਼ੀ ਵੱਡਾ ਵਿਦਵਾਨ ਸਮਝੇ। ਉਹ ਕਹਿੰਦੇ ਹਨ, ਅਜਿਹੇ ਪੰਡਿਤ ਅਤੇ ਜੋਤਸ਼ੀ ਭਾਵ ਸ਼ਾਸਤਰਾਂ ਦੇ ਗਿਆਤਾ ਸ਼ਾਸਤਰਾਂ ਨੂੰ ਪੜ੍ਹ-ਪੜ੍ਹ ਕੇ ਵਾਦ-ਵਿਵਾਦ ਵਿਚ ਹੀ ਪੈਂਦੇ ਹਨ, ਤਰਕ-ਵਿਤਰਕ ਹੀ ਕਰਦੇ ਹਨ, ਨਿਰੀਆਂ ਬਹਿਸਾਂ ਵਿਚ ਹੀ ਪਏ ਰਹਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਬੁੱਧੀ, ਮਤਿ ਕੁਰਾਹੇ ਪੈ ਜਾਂਦੀ ਹੈ, ਕਿਉਂਕਿ ਉਹ ਜ਼ਿੰਦਗੀ ਦੇ ਅਸਲੀ ਰਾਹ ਨੂੰ ਨਹੀਂ ਸਮਝਦੇ, ਉਨ੍ਹਾਂ ਅੰਦਰ ਲੋਭ ਦਾ ਵਿਕਾਰ ਬਹੁਤ ਪ੍ਰਬਲ ਰੂਪ ਵਿਚ ਪੈਦਾ ਹੋ ਜਾਂਦਾ ਹੈ। ਇਸ ਲਈ ਉਹ ਮਾਇਆਵੀ ਇਛਾਵਾਂ ਦੇ ਪਿੱਛੇ ਲੱਗ ਕੇ ਭਟਕਦੇ ਰਹਿੰਦੇ ਹਨ ਅਤੇ ਖੁਆਰ ਹੋ ਹੋ ਕੇ ਜਨਮ-ਮਰਨ ਦੇ ਚੱਕਰ 'ਚ ਪਏ ਰਹਿੰਦੇ ਹਨ,

ਪੜਿ ਪੜਿ ਪੰਡਿਤ ਜੋਤਕੀ
ਵਾਦ ਕਰਹਿ ਬੀਚਾਰੁ॥
ਮਤਿ ਬੁਧਿ ਭਵੀ ਨ ਬੁਝਈ
ਅੰਤਰਿ ਲੋਭ ਵਿਕਾਰੁ॥
ਲਖ ਚਉਰਾਸੀਹ ਭਰਮਦੇ
ਭ੍ਰਮਿ ਭ੍ਰਮਿ ਹੋਇ ਖੁਆਰੁ॥... (ਪੰਨਾ ੨੭)

ਅਜਿਹੇ ਮਹਾਂ-ਗਿਆਤਾ ਅਤੇ ਧਰਮ ਗ੍ਰੰਥਾਂ ਦੇ ਸਿਰਮੌਰ ਵਿਦਵਾਨ ਕਹਾਉਣ ਵਾਲਿਆਂ ਲਈ ਹੀ ਗੁਰੂ ਅਮਰਦਾਸ ਨੇ ਵੇਦ ਤੇ ਪੰਡਿਤ ਦੀ ਮਿਸਾਲ ਰਾਹੀਂ ਸਮਝਾਇਆ ਹੈ ਕਿ ਅਜਿਹੇ ਲੋਕ ਆਪਣੀ ਵਿਦਵਤਾ ਕਾਰਨ ਵਿਵਾਦ 'ਚ ਪਏ ਰਹਿੰਦੇ ਹਨ ਤੇ ਭਰਮ ਤੋਂ ਕਦੀ ਮੁਕਤ ਨਹੀਂ ਹੁੰਦੇ। ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਵੇਦ ਪੜ੍ਹਦੇ ਹਨ (ਵੇਦਾਂ ਦਾ ਹਿੰਦੂ ਧਰਮ ਵਿਚ ਉਚਤਮ ਦਰਜਾ ਹੈ ਕਿਉਂਕਿ ਉਨ੍ਹਾਂ ਨੂੰ ਸ਼ਰੁਤੀ ਮੰਨਿਆ ਗਿਆ ਹੈ ਤੇ ਸ਼ਰੁਤੀ ਨੂੰ ਈਸ਼ਵਰੀ ਗਿਆਨ ਸਮਝਿਆ ਜਾਂਦਾ ਹੈ ਜਦਕਿ ਸ਼ਾਸਤਰਾਂ ਅਤੇ ਸਿਮਰਤੀਆਂ ਦਾ ਦਰਜਾ ਵੇਦ ਤੋਂ ਬਹੁਤ ਹੇਠਾਂ ਹੈ।) ਪਰ ਹਰ ਵੇਲੇ ਵਾਦ-ਵਿਵਾਦ 'ਚ ਪਏ ਰਹਿੰਦੇ ਹਨ, ਸ਼ਾਸਤਰਾਰਥ ਤੋਂ ਬਿਨਾ ਉਨ੍ਹਾਂ ਨੂੰ ਕੋਈ ਕੰਮ ਨਹੀਂ ਹੁੰਦਾ। ਪਰਮਾਤਮਾ ਦਾ ਨਾਮ ਜੋ ਮਨੁੱਖ ਨੂੰ ਅਸਲੀਅਤ ਦਾ ਅਨੁਭਵ ਕਰਾਉਂਦਾ ਹੈ, ਉਸ ਵੱਲ ਨਹੀਂ ਲੱਗਦੇ। ਇਸੇ ਕਰਕੇ ਮਾਇਆ ਦੇ ਤਿੰਨ ਗੁਣਾਂ ਵਿਚ ਹੀ ਭਟਕਦੇ ਰਹਿੰਦੇ ਹਨ ਅਤੇ ਭਰਮ-ਮੁਕਤ ਨਹੀਂ ਹੁੰਦੇ,

ਵੇਦੁ ਪੜੈ ਅਨਦਿਨੁ ਵਾਦ ਸਮਾਲੇ॥
ਨਾਮੁ ਨ ਚੇਤੈ ਬਧਾ ਜਮਕਾਲੇ॥
ਦੂਜੈ ਭਾਇ ਸਦਾ ਦੁਖੁ ਪਾਇ
ਤ੍ਰੈ ਗੁਣ ਭਰਮਿ ਭੁਲਾਇਦਾ॥੪॥
(ਪੰਨਾ ੧੦੬੬)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 'ਵਾਦੀ' ਜਾਂ 'ਬਾਦੀ' ਸ਼ਬਦ ਅਜਿਹੇ ਵਿਅਕਤੀ ਲਈ ਵਰਤਿਆ ਗਿਆ ਹੈ ਜੋ ਇਸ ਕਿਸਮ ਦੇ ਤਰਕ 'ਚ ਉਲਝਿਆ ਰਹਿੰਦਾ ਹੈ। ਗੁਰੂ ਨਾਨਕ ਅਨੁਸਾਰ ਅਜਿਹਾ ਮਨੁੱਖ ਮੁੱਦੇ ਨੂੰ ਨਸ਼ਟ ਕਰ ਦਿੰਦਾ ਹੈ, ਉਲਝਾ ਦਿੰਦਾ ਹੈ, ਬਿਨਾ ਕਿਸੇ ਲਾਹੇਵੰਦ ਸਿੱਟੇ ਜਾਂ ਵਿਚਾਰ 'ਤੇ ਪਹੁੰਚਿਆਂ। ਗੁਰੂ ਨਾਨਕ ਅਨੁਸਾਰ ਗਿਆਨ ਦਾ ਅਸਲੀ ਜਗਿਆਸੂ ਵਾਦ ਦੀ ਥਾਂ ਵਿਚਾਰ ਦਾ ਰਸਤਾ ਚੁਣਦਾ ਹੈ ਜੋ ਉਸ ਨੂੰ ਅਸਲੀ ਗਿਆਨ ਤੱਕ ਲੈ ਜਾਂਦਾ ਹੈ, ਜਿਸ ਨੂੰ ਬਾਣੀ ਵਿਚ ਖੋਜੀ ਦਾ ਉਸਾਰੂ ਪੱਖ ਮੰਨਿਆ ਗਿਆ ਹੈ। ਗੁਰੂ ਨਾਨਕ ਨੇ ਖੋਜੀ ਦੇ ਹਾਂ-ਪੱਖੀ ਅਤੇ ਉਸਾਰੂ ਰੋਲ ਅਤੇ ਵਾਦੀ ਜਾਂ ਬਾਦੀ ਦੇ ਨਾਂਹ-ਪੱਖੀ ਤੇ ਵਿਨਾਸ਼ਕਾਰੀ ਰੋਲ 'ਤੇ ਚਾਨਣਾ ਪਾਇਆ ਹੈ। ਉਨ੍ਹਾਂ ਅਨੁਸਾਰ ਬਾਦੀ ਦਾ ਪ੍ਰਾਪਤ ਗਿਆਨ ਭਰਮ-ਮੂਲਕ ਅਤੇ ਝੂਠਾ ਹੁੰਦਾ ਹੈ, ਉਹ ਝੂਠੀ ਮਤਿ ਦਾ ਮਾਲਕ ਹੁੰਦਾ ਹੈ। ਇਸੇ ਲਈ ਉਸ ਦੇ ਗਿਆਨ ਨੂੰ ਵਿਨਾਸ਼ਕਾਰੀ ਮੰਨਿਆ ਹੈ। ਬਾਦ ਗਿਆਨ ਦੇ ਖੇਤਰ ਨੂੰ ਸੌੜਾ ਕਰ ਦਿੰਦਾ ਹੈ, ਉਸ ਨੂੰ ਹੱਦਾਂ ਵਿਚ ਬੰਨ ਦਿੰਦਾ ਹੈ, ਗਿਆਨ ਦੀ ਵਿਸ਼ਾਲਤਾ ਤੇ ਬੰਨ੍ਹ ਮਾਰ ਦਿੰਦਾ ਹੈ, ਗਿਆਨ ਦਾ ਘੇਰਾ ਸੁੰਗੜ ਜਾਂਦਾ ਹੈ। ਖੋਜੀ ਦਾ ਰਸਤਾ ਗੁਰਮੁਖਿ ਦਾ ਰਸਤਾ ਹੈ, ਇਹ ਗਿਆਨ ਤੇ ਵਿਚਾਰ ਕਰਨ ਦਾ ਰਸਤਾ ਹੈ ਜੋ ਆਤਮ-ਚੀਨਣ ਵੱਲ ਲੈ ਜਾਂਦਾ ਹੈ, ਸਤਿ ਦੀ ਖੋਜ ਕਰਦਾ ਹੈ,

ਸੇਵਾ ਸੁਰਤਿ ਰਹਸਿ ਗੁਣ ਗਾਵਾ
ਗੁਰਮੁਖਿ ਗਿਆਨੁ ਬੀਚਾਰਾ॥
ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ॥
ਹਮ ਨੀਚ ਹੋਤੇ ਹੀਣਮਤਿ
ਝੂਠੇ ਤੂ ਸਬਦਿ ਸਵਾਰਣਹਾਰਾ॥
ਆਤਮ ਚੀਨਿ ਤਹਾ ਤੂ ਤਾਰਣ
ਸਚੁ ਤਾਰੇ ਤਾਰਣਹਾਰਾ॥੩॥ (ਪੰਨਾ ੧੨੫੫)

ਸਿੱਖ ਧਰਮ ਵਿਚ ਵਿਚਾਰ ਦੇ ਦੋਵੇਂ ਪੱਖ-ਵਾਦੀ ਤੇ ਖੋਜੀ ਦਾ, ਪ੍ਰਾਪਤ ਹਨ। ਬਾਦ ਜਾਂ ਵਾਦ ਹਉਮੈ-ਆਧਾਰਤ ਹੈ ਜੋ ਵਿਚਾਰ ਦਾ ਸੌੜਾ ਪੱਖ ਹੈ, ਜੋ ਅੰਤਰਮੁਖੀ ਅਤੇ ਮਨਘੜਤ ਹੈ। ਇਹ ਗਿਆਨ ਨੂੰ ਮਹਿਜ ਇੰਦ੍ਰਿਆਵੀ ਗਿਆਨ ਤੱਕ ਮਹਿਦੂਦ ਕਰ ਦਿੰਦਾ ਹੈ, ਉਚੇ ਪੱਧਰ ਦਾ ਨਹੀਂ ਹੁੰਦਾ ਅਤੇ ਗੈਰ-ਸਿਰਜਣਾਤਮਿਕ ਮਾਨਸਿਕ ਸ਼ਕਤੀ ਹੈ। ਇਹ ਬੁੱਧੀ ਦੀ ਗਲਤ ਵਰਤੋਂ ਹੈ। ਬਾਦੀ ਗਿਆਨ ਦੀ ਖੋਜ ਦਾ ਆਦਰਸ਼ਕ ਰੂਪ ਨਹੀਂ ਹੈ ਅਤੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਜਗਿਆਸੂ ਨੂੰ ਸਤਿ ਦੀ ਖੋਜ 'ਤੇ ਤੋਰਨ ਲਈ ਹੀ ਬਾਦੀ ਦੇ ਨਾਂਹ-ਮੁਖੀ ਪੱਖ ਨੂੰ ਉਭਾਰਿਆ ਗਿਆ ਹੈ ਤਾਂ ਕਿ ਇਸ ਤੋਂ ਬਚਿਆ ਜਾ ਸਕੇ। ਬਾਦ ਨੂੰ ਵਿਭਾਜਨ ਮੰਨਿਆ ਗਿਆ ਹੈ ਅਰਥਾਤ ਜੋ ਖੰਡਤ ਕਰਦਾ ਹੈ, ਵੰਡਦਾ ਹੈ। ਇਸੇ ਲਈ ਇਸ ਦਾ ਵਿਸ਼ਲੇਸ਼ਣ ਮਾਇਆ ਤੇ ਸੰਸਾਰ ਦੇ ਤ੍ਰੈਗੁਣਾਤਮਕ ਰੂਪ 'ਚ ਕੀਤਾ ਗਿਆ ਹੈ ਜੋ ਮਨੁੱਖ ਨੂੰ ਅਧਿਆਤਮਕਤਾ ਤੋਂ ਪਾਸੇ ਲੈ ਜਾਂਦਾ ਹੈ। ਇਹ ਮਨ ਦੀ ਮਤਿ ਹੈ ਜੋ ਝੂਠੀ ਹੈ, ਸਤਿ ਦੇ ਰਸਤੇ 'ਤੇ ਨਹੀਂ ਚੱਲਦੀ। ਇਸੇ ਲਈ ਬਾਦੀ ਮਨਮੁਖਿ ਵੀ ਹੈ ਕਿਉਂਕਿ ਉਹ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੇ ਮਨੁੱਖਾਂ ਬਾਰੇ ਬਿਆਨਿਆ ਹੈ ਕਿ ਮਨਮੁਖਿ ਦੇ ਮਨ ਦੀ ਮਤਿ ਝੂਠੀ ਹੁੰਦੀ ਜੋ ਉਸ ਨੂੰ ਉਲਟੇ ਪਾਸੇ ਲੈ ਜਾਂਦੀ ਹੈ। ਉਸ ਦੇ ਕੀਤੇ ਹੋਏ ਕਰਤੱਵ ਵੀ ਝਗੜੇ ਦਾ ਮੂਲ ਬਣਦੇ ਹਨ ਅਤੇ ਵਿਆਰਥ ਜਾਂਦੇ ਹਨ। ਅਜਿਹਾ ਝੂਠ ਦਾ ਵਪਾਰ ਕਰਨ ਵਾਲੇ ਦੇ ਅੰਦਰ ਹਉਮੈ ਹੁੰਦੀ ਹੈ ਅਤੇ ਪਰਮਾਤਮ-ਮੇਲ ਦਾ ਅਨੰਦ ਨਹੀਂ ਮਾਣ ਸਕਦਾ। ਇਸ ਲਈ ਅਕਾਲ ਪੁਰਖ ਦੇ ਨਾਮ ਨੂੰ ਛੱਡ ਕੇ ਕੀਤੇ ਹੋਏ ਹੋਰ ਕਰਮ ਜੇ ਕੀਤੇ ਵੀ ਜਾਣ ਤਾਂ ਉਨ੍ਹਾਂ ਦਾ ਸੁਆਦ ਫਿੱਕਾ ਹੁੰਦਾ ਹੈ। ਅਜਿਹੇ ਬੰਦਿਆਂ ਦੀ ਸੰਗਤ ਵਿਚ ਜਾਇਆਂ ਵੀ ਖੁਆਰ ਹੋਈਦਾ ਹੈ ਕਿਉਂਕਿ ਅਜਿਹੇ ਵਿਅਕਤੀਆਂ ਦੇ ਮੂੰਹ ਵਿਚ ਵੀ ਜ਼ਹਿਰ ਹੁੰਦਾ ਹੈ ਅਤੇ ਜੀਵਨ ਵੀ ਵਿਅਰਥ ਜਾਂਦਾ ਹੈ,

ਝੂਠੀ ਮਨ ਕੀ ਮਤਿ ਹੈ
ਕਰਣੀ ਬਾਦਿ ਬਿਬਾਦੁ॥
ਝੂਠੇ ਵਿਚਿ ਅਹੰਕਰਣੁ ਹੈ
ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ
ਫਿਕਾ ਆਵੈ ਸਾਦੁ॥
ਦੁਸਟੀ ਸਭਾ ਵਿਗੁਚੀਐ
ਬਿਖੁ ਵਾਤੀ ਜੀਵਣ ਬਾਦਿ॥੩॥
(ਪੰਨਾ ੧੩੪੩)

ਗੁਰੂ ਅਮਰਦਾਸ ਨੇ ਵੀ ਵਾਦੀ ਨੂੰ ਹਉਮੈ ਵਿਚ ਗ੍ਰਸਤ ਮੰਨਿਆ ਹੈ। ਗੁਰੂ ਅਮਰਦਾਸ ਖੋਜੀ ਦੇ ਉਸਾਰੂ ਅਤੇ ਫਲਦਾਇਕ ਰੋਲ ਨੂੰ ਉਚਿਆਉਂਦੇ ਹਨ ਜੋ ਕਿ ਵਾਦੀ ਦੇ ਅਸਫਲ ਰੋਲ ਦੇ ਉਲਟ ਹੈ। ਵਾਦੀ ਦੇ ਗਿਆਨ ਦਾ ਦਾਇਰਾ ਆਪਣੇ ਅਵੈੜੇ ਅਤੇ ਅਯੋਗ ਤਰਕ ਦੇ ਅਮਲ ਰਾਹੀਂ ਉਸ ਦੀ ਦੂਸਰਿਆਂ ਉਤੇ ਹਾਵੀ ਹੋਣ ਤੇ ਮੁਹਾਰਤ ਹਾਸਲ ਕਰਨ ਦੀ ਇੱਛਾ 'ਤੇ ਆਧਾਰਤ ਹੁੰਦਾ ਹੈ। ਇਸੇ ਲਈ ਵਾਦੀ ਨੂੰ ਆਮ ਤੌਰ 'ਤੇ ਝਗੜਾਲੂ ਬਿਰਤੀ ਵਾਲਾ ਮੰਨਿਆ ਜਾਂਦਾ ਹੈ,

ਕਾਇਆ ਅੰਮ੍ਰਿਤਿ ਰਹੀ
ਭਰਪੂਰੇ ਪਾਈਐ ਸਬਦਿ ਵਿਚਾਰੀ॥੧੯॥
ਜੋ ਪ੍ਰਭੁ ਖੋਜਹਿ ਸੇਈ ਪਾਵਹਿ
ਹੋਰਿ ਫੂਟਿ ਮੂਏ ਅਹੰਕਾਰੀ॥੨੦॥
ਬਾਦੀ ਬਿਨਸਹਿ ਸੇਵਕ ਸੇਵਹਿ
ਗੁਰ ਕੈ ਹੇਤਿ ਪਿਆਰੀ॥੨੧॥
ਸੋ ਜੋਗੀ ਤਤੁ ਗਿਆਨੁ ਬੀਚਾਰੇ
ਹਉਮੈ ਤ੍ਰਿਸਨਾ ਮਾਰੀ॥੨੨॥
(ਪੰਨਾ ੯੧੧)

## ਕਾਇਆ ਕਾਗਦੁ ਮਨੁ ਪਰਵਾਣਾ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੧**
ਕਾਇਆ ਕਾਗਦੁ ਮਨੁ ਪਰਵਾਣਾ॥
ਸਿਰ ਕੇ ਲੇਖ ਨ ਪੜੈ ਇਆਣਾ॥
ਦਰਗਹ ਘੜੀਅਹਿ ਤੀਨੇ ਲੇਖ॥
ਖੋਟਾ ਕਾਮਿ ਨ ਆਵੈ ਵੇਖੁ॥੧॥
ਨਾਨਕ ਜੇ ਵਿਚਿ ਰੁਪਾ ਹੋਇ॥
ਖਰਾ ਖਰਾ ਆਖੈ ਸਭੁ ਕੋਇ॥੧॥ਰਹਾਉ॥
ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥
ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥
ਕਾਜੀ ਸੋ ਜੋ ਉਲਟੀ ਕਰੈ॥
ਗੁਰ ਪਰਸਾਦੀ ਜੀਵਤੁ ਮਰੈ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥੩॥
ਦਾਨਸਬੰਦੁ ਸੋਈ ਦਿਲਿ ਧੋਵੈ॥
ਮੁਸਲਮਾਣੁ ਸੋਈ ਮਲੁ ਖੋਵੈ॥
ਪੜਿਆ ਬੂਝੈ ਸੋ ਪਰਵਾਣੁ॥
ਜਿਸੁ ਸਿਰਿ ਦਰਗਹ ਕਾ ਨੀਸਾਣੁ॥੪॥

ਸਤਿਗੁਰੂ ਜੀ ਆਖਦੇ ਹਨ, ਇਹ ਮਨੁੱਖਾ ਸਰੀਰ ਕਾਗਜ਼ ਦੀ ਨਿਆਈਂ ਹੈ ਅਤੇ ਮਨੁੱਖ ਦਾ ਮਨ ਕਾਗਜ਼ ਉਤੇ ਲਿਖਿਆ ਦਰਗਾਹੀ ਪਰਵਾਨਾ ਹੈ, ਪਰ ਇਹ ਇਆਣਾ ਮੂਰਖ ਮਨੁੱਖ ਆਪਣੇ ਮੱਥੇ ਦੇ ਲੇਖ ਨਹੀਂ ਪੜ੍ਹਦਾ, ਭਾਵ ਸਮਝਣ ਦਾ ਯਤਨ ਨਹੀਂ ਕਰਦਾ। ਮਾਇਆ ਦੇ ਤਿੰਨ ਗੁਣਾਂ ਦੇ ਅਸਰ ਹੇਠ ਕੀਤੇ ਹੋਏ ਕੰਮਾਂ ਦੇ ਸੰਸਕਾਰ ਰੱਬ ਦੇ ਨਿਯਮ ਮੁਤਾਬਕ ਜੀਵ ਦੇ ਮਨ ਵਿਚ ਉਕਰੇ ਜਾਂਦੇ ਹਨ, ਪਰ ਜਿਵੇਂ ਖੋਟਾ ਸਿੱਕਾ ਕੰਮ ਨਹੀਂ ਆਉਂਦਾ, ਤਿਵੇਂ ਸੰਸਕਾਰ ਲੇਖ ਕੰਮ ਨਹੀਂ ਆਉਂਦੇ।

ਨਾਨਕ ਜੇ ਵਿਚਿ ਰੁਪਾ ਹੋਇ॥
ਖਰਾ ਖਰਾ ਆਖੈ ਸਭੁ ਕੋਇ॥੧॥ਰਹਾਉ॥

ਸਤਿਗੁਰੂ ਨਾਨਕ ਦੇਵ ਜਗਤ ਦੇ ਜੀਵਾਂ ਨੂੰ ਸੱਚਾਈ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਕਰਦੇ ਆਖਦੇ ਹਨ, ਹੇ ਨਾਨਕ! ਜੇ ਰੁਪਏ ਦੇ ਸਿੱਕੇ ਵਿਚ ਚਾਂਦੀ ਹੋਵੇ ਤਾਂ ਵੇਖਣ ਵਾਲਾ ਹਰ ਕੋਈ ਉਸ ਨੂੰ ਖਰਾ ਸਿੱਕਾ ਆਖਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਜਿਸ ਮਨੁੱਖ ਦੇ ਮਨ ਵਿਚ ਪਵਿੱਤਰਤਾ ਹੋਵੇ, ਉਸ ਪਵਿੱਤਰ ਮਨ ਵਾਲੇ ਮਨੁੱਖ ਨੂੰ ਵੀ ਪਵਿੱਤਰ ਜੀਵਨ ਵਾਲਾ ਆਖਿਆ ਜਾਂਦਾ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥

ਹੇ ਭਾਈ! ਕਾਜੀ ਇਸਲਾਮ ਦਾ ਨੇਤਾ ਹੈ ਤੇ ਹਾਕਮ ਵੀ ਹੈ, ਪਰ ਰਿਸ਼ਵਤ ਦੀ ਖਾਤਰ ਸ਼ਰ੍ਹਾ ਦੇ ਕਾਨੂੰਨ ਬਾਰੇ ਝੂਠ ਬੋਲ ਕੇ ਹਰਾਮ ਦਾ ਮਾਲ ਖਾਂਦਾ ਹੈ। ਬ੍ਰਾਹਮਣ ਵੀ ਕਰੋੜਾਂ ਸ਼ੂਦਰ ਨਾਂ ਦੇ ਬੰਦਿਆਂ ਨੂੰ ਪੈਰਾਂ ਹੇਠ ਦਰੜ ਕੇ ਤੀਰਥ ਇਸ਼ਨਾਨ ਵੀ ਕਰਦਾ ਹੈ; ਜੋਗੀ ਵੀ ਅੰਨਾ ਹੈ, ਉਹ ਜੀਵਨ ਦੀ ਜੁਗਤ ਨੂੰ ਨਹੀਂ ਜਾਣਦਾ। ਇਹ ਤਿੰਨੇ ਭਾਵੇਂ ਆਪਣੇ ਧਰਮ ਦੇ ਨੇਤਾ ਹਨ, ਪਰ ਤਿੰਨਾਂ 'ਚ ਆਤਮਿਕ ਜੀਵਨ ਵੱਲੋਂ ਉਜਾੜਾ ਹੀ ਉਜਾੜਾ ਹੈ।

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥
ਕਾਜੀ ਸੋ ਜੋ ਉਲਟੀ ਕਰੈ॥
ਗੁਰ ਪਰਸਾਦੀ ਜੀਵਤੁ ਮਰੈ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥੩॥

ਹੇ ਭਾਈ! ਅਸਲ ਜੋਗੀ ਉਹ ਹੈ ਜੋ ਜੀਵਨ ਦੀ ਸਹੀ ਜੁਗਤਿ ਜਾਚ-ਸਮਝ ਲੈਂਦਾ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਉਸ ਇਕ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ। ਅਸਲ ਕਾਜੀ ਉਹ ਹੈ ਜੋ ਆਪਣੀ ਸੁਰਤਿ ਨੂੰ ਹਰਾਮ ਦਾ ਮਾਲ ਖਾਣ ਵੱਲੋਂ ਮੋੜਦਾ ਹੈ ਤੇ ਗੁਰੂ ਕਿਰਪਾ ਨਾਲ ਦੁਨੀਆਂ ਵਿਚ ਰਹਿੰਦਿਆਂ ਵੀ ਦੁਨਿਆਵੀ ਖਵਾਹਿਸ਼ਾਂ ਵੱਲੋਂ ਆਪੇ ਨੂੰ ਮੋੜ ਲੈਂਦਾ ਹੈ। ਅਸਲ ਬ੍ਰਾਹਮਣ ਵੀ ਉਹ ਹੈ ਜੋ ਸਰਬ ਵਿਆਪਕ ਪ੍ਰਭੂ ਵਿਚ ਸੁਰਤਿ ਜੋੜ ਕੇ ਆਪ ਨੂੰ ਅਤੇ ਆਪਣੀਆਂ ਸਾਰੀਆਂ ਕੁਲਾਂ ਵੀ ਤਾਰ ਲੈਂਦਾ ਹੈ।

ਦਾਨਸਬੰਦੁ ਸੋਈ ਦਿਲਿ ਧੋਵੈ॥
ਮੁਸਲਮਾਣੁ ਸੋਈ ਮਲੁ ਖੋਵੈ॥
ਪੜਿਆ ਬੂਝੈ ਸੋ ਪਰਵਾਣੁ॥
ਜਿਸੁ ਸਿਰਿ ਦਰਗਹ ਕਾ ਨੀਸਾਣੁ॥੪॥

ਗੁਰਦੇਵ ਜੀ ਆਖਦੇ ਹਨ, ਅਸਲ ਵਿਚ ਉਹੀ ਮਨੁੱਖ ਦਾਨਸ਼ਮੰਦ ਹੈ ਜੋ ਆਪਣੇ ਦਿਲ 'ਚ ਟਿਕੀ ਹੋਈ ਵਿਕਾਰਾਂ ਦੀ ਮੈਲ ਨੂੰ ਧੋ ਕੇ ਲਾਹ ਸੁੱਟਦਾ ਹੈ। ਉਹੀ ਮੁਸਲਮਾਨ ਹੈ ਜੋ ਮਨ 'ਚੋਂ ਵਿਕਾਰਾਂ ਦੀ ਮੈਲ ਲਾਹ ਸੁੱਟਦਾ ਹੈ। ਅਸਲ ਵਿਚ ਉਹੀ ਸਹੀ ਵਿਦਵਾਨ ਹੈ ਜੋ ਜੀਵਨ ਦੇ ਸਹੀ ਰਸਤੇ ਨੂੰ ਸਮਝ ਲੈਂਦਾ ਹੈ। ਸੋ ਹੇ ਭਾਈ! ਜਿਸ ਦੇ ਮੱਥੇ ਉਤੇ ਦਰਗਾਹ ਦਾ ਨਿਸ਼ਾਨ ਲਗਦਾ ਹੈ, ਪ੍ਰਭੂ ਦੇ ਘਰ ਉਹੀ ਪਰਵਾਨ ਹੁੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਧੰਨ ਬਾਬਾ ਨਾਨਕ...

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਸਿੱਖ ਧਰਮ ਮਨੁੱਖਤਾ ਦਾ ਕਦਰਦਾਨ ਅਤੇ ਸਰਬੱਤ ਦੇ ਭਲੇ ਦਾ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿਚ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪਰੈਲ 1469 ਈਸਵੀ ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸ਼ੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਮਹਿਤਾ ਕਾਲੂ (ਪਟਵਾਰੀ) ਤੇ ਮਾਤਾ ਤ੍ਰਿਪਤਾ ਦੇ ਘਰ ਹੋਇਆ। ਇਸ ਪਿੰਡ ਨੂੰ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਜੋ ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿਚ ਲਗਭਗ 42 ਮੀਲ ਦੂਰ ਹੈ।

ਦੁਨਿਆਵੀ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਨੂੰ 7 ਸਾਲ ਦੀ ਉਮਰ ਵਿਚ ਗੋਪਾਲ ਪੰਡਿਤ ਪਾਸੋਂ ਹਿੰਦੀ ਤੇ ਬ੍ਰਿਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿਤ ਭੇਜਿਆ ਗਿਆ। 13 ਸਾਲ ਦੀ ਉਮਰ ਵਿਚ ਗੁਰੂ ਜੀ ਨੂੰ ਫਾਰਸੀ ਸਿੱਖਣ ਦੇ ਮਨੋਰਥ ਨਾਲ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਗੁਰੂ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਨ੍ਹਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜ੍ਹਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ-ਪਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ 10-11 ਸਾਲ ਦੇ ਹੋਏ ਤਾਂ ਉਨ੍ਹਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਨ੍ਹਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰਦਿਆਂ ਇਹ ਸ਼ਬਦ ਉਚਾਰਿਆ:

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ॥ (ਪੰਨਾ-471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਨਾਲ 6 ਦਹਾਕਿਆਂ ਤੱਕ ਰਹੇ।

18 ਸਾਲ ਦੀ ਉਮਰੇ ਗੁਰੂ ਨਾਨਕ ਦਾ ਵਿਆਹ ਬਟਾਲਾ ਸ਼ਹਿਰ ਦੇ ਬਾਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤ ਬਣਾਈ ਪਰ ਦਿਲਾਂ ਦੀਆਂ ਬੁੱਝਣ ਵਾਲੇ ਬਾਬੇ ਨਾਨਕ ਨੇ ਉਨ੍ਹਾਂ ਦੀ ਵਿਉਂਤ ਹਮੇਸ਼ਾ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿਚ ਯਾਦਗਾਰ ਦੇ ਤੌਰ 'ਤੇ ਕਾਇਮ ਹੈ। ਗੁਰੂ ਨਾਨਕ ਦੇ ਘਰ ਦੋ ਪੁੱਤਰ-ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿਚ ਗੁਰੂ ਨਾਨਕ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪਹੁੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਉਥੇ ਗੁਰੂ ਜੀ ਨੇ ਰਿਸ਼ਵਤਖੋਰੀ ਬੰਦ ਕਰਵਾਈ ਅਤੇ ਗਰੀਬਾਂ-ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਬਾਬੇ ਨਾਨਕ ਦੇ ਸਿੱਖ ਬਣੇ। ਸੰਨ 1507 ਵਿਚ ਗੁਰੂ ਨਾਨਕ ਨੇ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ। ਇਸ ਇਕਾਂਤਵਾਸ ਤੋਂ ਬਾਅਦ ਉਨ੍ਹਾਂ ਨੇ ਭਟਕੀ ਹੋਈ ਲੋਕਾਈ ਨੂੰ ਇਕ ਨਵਾਂ ਨਾਅਰਾ 'ਨਾ ਕੋ ਹਿੰਦੂ ਨਾ ਮੁਸਲਮਾਨ' ਦਿੱਤਾ। ਮਨੁੱਖਤਾ ਨੂੰ ਪ੍ਰਣਾਏ ਇਸ ਨਾਅਰੇ ਦੀ ਖੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਨੇ ਕਈ ਪ੍ਰਚਾਰ ਦੌਰੇ ਵੀ ਕੀਤੇ, ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ।

ਗੁਰੂ ਨਾਨਕ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ 'ਤੇ ਆਧਾਰਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਤ ਨਾ ਹੋ ਕੇ ਸਗੋਂ ਜਨਮ ਆਧਾਰਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੇ ਤਰਸਯੋਗ ਹਾਲਾਤ ਵਿਚ ਸਿਫਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਨੇ ਸਤੰਬਰ 1507 ਵਿਚ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿਚ ਉਦਾਸੀਆਂ ਅਰੰਭ ਕੀਤੀਆਂ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਗਏ। ਦੇਸ਼ ਰਟਨ ਵਿਚ ਗੁਰੂ ਸਾਹਿਬ ਦਾ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਉਦਾਸੀਆਂ ਵਿਚ ਉਨ੍ਹਾਂ ਦਾ ਮਿਲਾਪ ਛੋਟੇ ਅਤੇ ਅਣਗੌਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

ਗੁਰੂ ਜੀ ਦੀ ਪਹਿਲੀ ਉਦਾਸੀ ਦਾ ਸਮਾਂ ਕਰੀਬ 8 ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਭਗ 60 ਕਿਲੋਮੀਟਰ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਲਾਲੋ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਬਾਬੇ ਨਾਨਕ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ ਕਿਉਂਕਿ ਉਨ੍ਹਾਂ ਦਾ ਮਿਸ਼ਨ ਵੀ ਵਰਣਵਾਦ ਨੂੰ ਤੋੜਨਾ ਸੀ:

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥ (ਪੰਨਾ 15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿਚ ਇਸ਼ਨਾਨ ਕਰਦੇ ਸਨ। ਸਿਰਫ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰੀ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ। ਗੋਰਖ ਮਤਾ ਗੋਰਖ ਨਾਥ ਅਤੇ ਉਸ ਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ 20 ਕੁ ਕਿਲੋਮੀਟਰ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪਰਮਾਤਮਾ ਬਾਹਰੀ ਭੇਖ 'ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤਿ ਸਾਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤਾ ਤੋਂ ਬਦਲ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦਿਆਂ ਗੁਰੂ ਨਾਨਕ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਗੁਰੂ ਜੀ ਦੀ ਭੇਟ ਭਾਈ ਰਾਮਾਨੰਦ ਦੇ ਚੇਲਿਆਂ ਨਾਲ ਹੋਈ। ਇਨ੍ਹਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦਸਦਿਆਂ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿਚ ਲੱਗ ਜਾਉ।

ਇਲਾਹਾਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਨ੍ਹਾਂ ਨਦੀਆਂ ਵਿਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾਂ 'ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਉਨ੍ਹਾਂ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਂਡਾਂ ਵਿਚ ਸਮਾਂ ਨਸ਼ਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤਿ ਸਾਲਾਹ ਵਿਚ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਨੇ ਭਗਤ ਕਬੀਰ, ਭਗਤ ਰਵਿਦਾਸ ਅਤੇ ਭਗਤ ਰਾਮਾਨੰਦ ਦੀ ਬਾਣੀ ਪ੍ਰਾਪਤ ਕੀਤੀ।

ਗਯਾ, ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ 'ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਤੋਂ ਬਾਅਦ ਗੁਰੂ ਨਾਨਕ ਆਸਾਮ ਵਿਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿਚ ਕਾਮਖਯਾ ਸਾਹਿਬੀ ਦਾ ਮੰਦਿਰ ਹੈ। ਇਹ ਮੰਦਿਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਨ੍ਹਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਦੇ ਦੋ ਸ਼ਬਦ ਪ੍ਰਾਪਤ ਕੀਤੇ। ਜਗਨ ਨਾਥ ਪੁਰੀ (ਉੜੀਸਾ) ਦੇ ਮੰਦਿਰ ਵਿਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦੱਸਿਆ ਕਿ ਕੋਈ ਵੀ ਸਾਹਿਬੀ-ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਉਨ੍ਹਾਂ ਇਹ ਕਹਿ ਕੇ ਆਰਤੀ ਵਿਚ ਸ਼ਮੂਲੀਅਤ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾ ਫਾਸ਼ ਕੀਤਾ ਜੋ ਮਾਇਆ ਦੇ ਲਾਲਚ ਵਿਚ ਭੋਲੀ ਜਨਤਾ ਨੂੰ ਗੁਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿਚ ਆ ਗਏ ਜਿਸ ਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ। ਕੌਡਾ ਰਾਖਸ਼ ਭਾਈ ਮਰਦਾਨੇ ਨੂੰ ਮਾਰਨ ਦੀ ਤਿਆਰੀ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾ ਲਈ ਸੱਚੇ ਮਾਰਗ ਉਤੇ ਚੱਲਣ ਦਾ ਵਿਸ਼ਵਾਸ ਵੀ ਦਿਵਾਇਆ।

ਇਸ ਉਦਾਸੀ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦੇ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਨ੍ਹਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਪਹਿਲੀ ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਉਨ੍ਹਾਂ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਨ ਕੀਤਾ ਜੋ ਬ੍ਰਾਹਮਣਾਂ ਵਲੋਂ ਨਿਜੀ ਸੁਆਰਥ ਹਿੱਤ ਫੈਲਾਏ ਗਏ ਸਨ।

ਦੂਜੀ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਸੁਮੇਰ ਪਰਬਤ ਦੀਆਂ ਗੁਫਾਵਾਂ ਵਿਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ, ਉਨ੍ਹਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ। ਅਖੀਰ ਸਿੱਧਾਂ ਨੇ ਗੁਰੂ ਜੀ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿਚ ਰਘੂਨਾਥ ਮੰਦਿਰ ਵਿਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ। ਸਿਆਲਕੋਟ ਵਿਚ ਗੁਰੂ ਨਾਨਕ ਨੇ ਪੀਰ ਹਮਜ਼ਾ ਗੌਸ ਨੂੰ ਸਿੱਧੇ ਰਾਹ ਪਾਇਆ ਅਤੇ ਮੌਤ ਦੀ ਸੱਚਾਈ ਬਾਰੇ ਦੱਸਿਆ। ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਗੁਰੂ ਜੀ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

ਗੁਰੂ ਨਾਨਕ ਦੀ ਤੀਜੀ ਉਦਾਸੀ ਇਸਲਾਮ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਨੇ ਇਸਲਾਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ। ਪਾਕਪਟਨ ਦਾ ਪਹਿਲਾ ਨਾਂ ਅਜੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ 11ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲਾ ਪੈਂਡਾ ਤੈਅ ਕਰਦੇ ਗੁਰੂ ਜੀ ਤੁਲੰਬੇ, ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿਚ ਲਾਲਚ ਵੱਸ ਆ ਕੇ ਉਸ ਨੂੰ ਮਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੌਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਕੌਮਾਂਤਰੀ ਪ੍ਰਸਿੱਧੀ ਵਾਲਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਮੁਕੱਦਸ ਸ਼ਹਿਰ ਕਾਅਬਾ ਵਾਕਿਆ ਹੈ। ਇਥੇ ਗੁਰੂ ਜੀ ਨੇ ਕਾਜ਼ੀਆਂ, ਪੀਰਾਂ ਅਤੇ ਫਕੀਰਾਂ ਨੂੰ ਖੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।

ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫਰਤ ਕਰਦੇ ਸਨ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜੇ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ ਤਾਂ ਇਹ ਇੱਕ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਨੇ ਇੱਕ ਕਰਾਮਾਤੀ ਫਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨਾਲ ਬੁਰਾ ਵਿਹਾਰ ਕੀਤਾ ਸੀ। ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਜੀ ਦੇ ਚਰਨੀਂ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਾ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿਚ ਲਿਖੀ ਹੋਈ ਮਿਲਦੀ ਹੈ। ਇਥੇ ਗੁਰੂ ਜੀ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਪੜਾਅ ਸਮੇਂ ਬਾਬਰ ਦਾ ਹਮਲਾ ਹੋ ਗਿਆ। ਹਮਲੇ ਦੌਰਾਨ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾ ਕਰਨ ਦੇ ਹੁਕਮ ਦੇ ਦਿੱਤੇ। ਬਾਬਰ ਦੇ ਜ਼ੁਲਮਾਂ ਵਿਰੁਧ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਨਿਹੋਰਾ ਦਿੱਤਾ, ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ। ਔਰਤ ਦਾ ਉਨ੍ਹੀਂ ਦਿਨੀਂ ਪੈਰ ਦੀ ਜੁੱਤੀ ਆਖ ਕੇ ਨਿਰਾਦਰ ਕੀਤਾ ਜਾਂਦਾ ਸੀ, ਗੁਰੂ ਸਾਹਿਬ ਨੇ ਔਰਤ ਨੂੰ ਇਖਲਾਕ ਪੱਖੋਂ ਉਚਾ ਦਰਜਾ ਦਿੰਦਿਆਂ ਕਿਹਾ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਰੱਬੀ ਰੂਪ ਗੁਰੂ ਨਾਨਕ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫੀ ਦਾ ਇਲਮ ਸੀ। ਸਿਰਫ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਿਰ ਵਿਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਨ੍ਹਾਂ ਦੇਸ਼-ਵਿਦੇਸ਼ ਦਾ ਹਜ਼ਾਰਾਂ ਮੀਲ ਪੈਂਡਾ ਤੈਅ ਕੀਤਾ। ਇਹ ਇੱਕ ਅਜਿਹਾ ਬਿਖੜਾ ਪੈਂਡਾ ਸੀ ਜਿਸ ਉਤੇ ਚਲਣਾ ਗੁਰੂ ਨਾਨਕ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।

## ਗੁਰੂ ਨਾਨਕ ਦਾ ਸੱਚਾ ਸਾਥੀ

ਵਾਂਗ ਭਰਾਵਾਂ ਰੱਖਿਆ ਜਿਸ ਨੂੰ ਜਾਣਿਆ ਨਾ ਬਿਗਾਨਾ।
ਗੁਰੂ ਨਾਨਕ ਦਾ ਸੱਚਾ ਸਾਥੀ ਸੀ ਭਾਈ ਮਰਦਾਨਾ।
ਧਿਆਨ ਲਗਾ ਕੇ ਗੁਰੂ ਨਾਨਕ ਜਦ ਦੇਖਿਆ ਜਗਤ ਜਲੰਦਾ,
ਆਪਣੇ ਸਫਰ ਦਾ ਸਾਥ ਬਣਾ ਲਿਆ ਉਸ ਨੇ ਹੁਕਮੀ ਬੰਦਾ।
ਵਿਚ ਹੁਕਮ ਦੇ ਰਹਿ ਕੇ ਜਿਹੜਾ ਛੇੜਦਾ ਰਿਹਾ ਤਰਾਨਾ।
ਲਾ ਮੋਢੇ ਨਾਲ ਮੋਢਾ ਜਿਸ ਨੇ ਲੰਮੇ ਪੰਧ ਨਿਬੇੜੇ,
ਦੁੱਖ ਭੁੱਖ ਦੇ ਵਿਚ ਵੀ ਲੱਗਾ ਰਿਹਾ ਗੁਰੂ ਦੇ ਨੇੜੇ।
ਜਿਸ ਪਾਸੇ ਨੂੰ ਆਖਿਆ ਬਾਬੇ ਉਧਰ ਹੋਇਆ ਰਵਾਨਾ।
ਸੁਰਤ ਜੋੜ ਕੇ ਸੱਚ ਨਾਲ ਬਾਬੇ ਬਾਣੀ ਜਦੋਂ ਉਚਾਰੀ,
ਨਾਲ ਰਬਾਬ ਦੇ ਭਾਈ ਮਰਦਾਨੇ ਸੰਗੀਤ ਦੇ ਵਿਚ ਸ਼ਿੰਗਾਰੀ।
ਰੱਬੀ ਰੰਗ ਵਿਚ ਰਹਿ ਕੇ ਜਿਸ ਦੀ ਪਹੁੰਚ ਹੋਈ ਰਬਾਨਾ।

ਨਾਲ ਤਾਰ ਦੇ ਇਕਸੁਰ ਹੁੰਦਾ ਜਦ ਸੀ ਸ਼ਬਦ ਇਲਾਹੀ,
ਠੱਗ ਬਿਰਤੀਆਂ ਵਾਲੇ ਵੀ ਫਿਰ ਕਰਦੇ ਸਨ ਵਡਿਆਈ।
ਦੁਨੀਆਂ ਦੇ ਵਿਚ ਦੋਵਾਂ ਵੰਡਿਆ ਰਲ ਕੇ ਨਾਮ ਖਜ਼ਾਨਾ।
ਮਾਈ ਲੱਖੋ ਤੇ ਭਾਈ ਬਦਰੇ ਦੀਆਂ ਸੀ ਅੱਖਾਂ ਦਾ ਤਾਰਾ,
ਭਾਈ ਮਰਦਾਨਾ ਗੁਰੂ ਨਾਨਕ ਨੂੰ ਜਾਨੋਂ ਵੱਧ ਪਿਆਰਾ।
'ਚੋਹਲੇ' ਵਾਲਾ 'ਬੱਗਾ' ਉਸ ਦਾ ਪੇਸ਼ ਕਰੇ ਅਫਸਾਨਾ।
ਗੁਰੂ ਨਾਨਕ ਦਾ ਸੱਚਾ ਸਾਥੀ ਸੀ ਭਾਈ ਮਰਦਾਨਾ।

*-ਰਮੇਸ਼ ਬੱਗਾ ਚੋਹਲਾ*

---

## ਗੁਰੂ ਨਾਨਕ ਦਾ ਫਲਸਫਾ

ਮਹਿਤਾ ਕਾਲੂ ਵਾਂਗੂੰ ਜੇ ਉਹ ਜੰਜੂ ਗਲ ਵਿਚ ਪਾ ਲੈਂਦਾ।
'ਨਾਨਕ' ਨਾ ਉਹ ਬਣਦਾ, ਬਸ 'ਚੰਗਾ ਪੁੱਤ' ਕਹਾ ਲੈਂਦਾ।
ਜੇ ਬਾਪੂ ਦੇ ਦਿੱਤੇ ਪੈਸੇ ਲਾ ਦਿੰਦਾ ਕਿਸੇ ਧੰਦੇ ਵਿਚ
'ਸੱਚਾ ਸੌਦਾ' ਕਿੰਜ ਕਰਦਾ ਤੇ 'ਨਾਨਕ' ਕਿਵੇਂ ਸਦਾ ਲੈਂਦਾ।
ਕਿਰਤੀਆਂ ਦੇ ਸੰਗ ਉਸ ਦੀ ਯਾਰੀ, ਦੱਸੋ ਪ੍ਰਗਟ ਕਿੰਜ ਹੁੰਦੀ
ਮਲਕ ਭਾਗੋ ਦੇ ਘਰ ਦਾ ਉਹ ਵੀ ਬ੍ਰਹਮ ਭੋਜ ਜੇ ਖਾ ਲੈਂਦਾ।
ਇਕ-ਮਿਕ ਜੇ ਨਾ ਹੁੰਦਾ ਉਹ, ਕਾਦਰ ਦੀ ਕੁਦਰਤ ਦੇ ਨਾਲ
ਸਾਰੇ ਹੀ ਬ੍ਰਹਿਮੰਡ ਦੀ ਦੱਸੋ, ਕਿਵੇਂ 'ਆਰਤੀ' ਗਾ ਲੈਂਦਾ।
ਕਿਵੇਂ ਮਨਾਂ 'ਚੋਂ ਵਹਿਮ-ਭਰਮ ਨੂੰ, ਦੱਸੋ ਕਰਦਾ ਖਾਰਜ ਉਹ
ਹਰਿਦਵਾਰ ਖੜ੍ਹ ਜੇ ਨਾ ਪਾਣੀ ਖੇਤਾਂ ਵੱਲ ਉਡਾ ਲੈਂਦਾ।
ਮੱਕਾ ਨਹੀਂ ਸੀ ਘੁੰਮਿਆ ਇਹ ਤਾਂ, ਤਾਕਤ ਸੀ ਬਸ ਸ਼ਬਦਾਂ ਦੀ
ਕਰਾਮਾਤ ਨਹੀਂ ਕਰਦਾ ਬਾਬਾ, ਮੱਕਾ ਕਿਵੇਂ 'ਘੁਮਾ' ਲੈਂਦਾ।
ਰੱਟੇ ਲਾ ਲਾ 'ਬੀਸਲਿਆ' ਤੇਰੇ ਛੁਟਕਾਰੇ ਨਹੀਂ ਹੋਣੇ
ਸ਼ਬਦਾਂ ਦੇ ਅਰਥਾਂ ਨੂੰ ਜਦ ਨਹੀਂ ਅਮਲਾਂ ਵਿਚ ਵਸਾ ਲੈਂਦਾ।

*-ਹਰਿੰਦਰ ਸਿੰਘ ਬੀਸਲਾ, ਫੋਨ: 562-726-7674*

## ਪ੍ਰਤੀਕਰਮ ਦਰ ਪ੍ਰਤੀਕਰਮ

# ਸਨਾਤਨਤਾ ਦੀ ਦਲਦਲ 'ਚ ਖੁੱਭੀ ਮਾਨਸਿਕਤਾ ਦਾ ਸੱਚ-ਕੱਚ

***ਪੰਜਾਬ ਟਾਈਮਜ਼ ਦੇ 17 ਸਤੰਬਰ ਦੇ ਅੰਕ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਲੇਖ 'ਆਧੁਨਿਕਤਾ, ਬਰਬਰਤਾ ਅਤੇ ਪੰਜਾਬੀ ਕਵਿਤਾ' ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਤੇ ਸੁਰਜੀਤ ਪਾਤਰ ਦੀ ਕਵਿਤਾ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ ਜਿਨ੍ਹਾਂ ਦੇ ਪ੍ਰਤੀਕਰਮ ਵਜੋਂ ਪ੍ਰੋ. ਅਵਤਾਰ ਸਿੰਘ ਦਾ ਲੇਖ 24 ਸਤੰਬਰ ਦੇ ਅੰਕ ਵਿਚ ਛਾਪਿਆ ਜਾ ਚੁੱਕਾ ਹੈ। ਇਸੇ ਲੜੀ ਵਿਚ ਉਘੇ ਪੰਜਾਬੀ ਸ਼ਾਇਰ ਤੇ ਆਲੋਚਕ ਗੁਰਦੇਵ ਚੌਹਾਨ ਦਾ ਲੇਖ ਛਾਪ ਚੁਕੇ ਹਾਂ। ਪ੍ਰਤੀਕਰਮ-ਦਰ-ਪ੍ਰਤੀਕਰਮ ਵਿਚ ਪ੍ਰਭਸ਼ਰਨਬੀਰ ਸਿੰਘ, ਪ੍ਰੋ. ਅਵਤਾਰ ਸਿੰਘ ਅਤੇ ਗੁਰਦੇਵ ਚੌਹਾਨ ਦੇ ਲੇਖ ਛਾਪ ਚੁਕੇ ਹਾਂ। ਇਸ ਤੋਂ ਇਲਾਵਾ ਪਿਛਲੇ ਅੰਕ ਵਿਚ ਸੰਨੀ ਮਲਹਾਂਸ ਦੇ ਲੇਖ ਛਪਿਆ ਸੀ। ਇਸ ਅੰਕ ਵਿਚ ਉਨ੍ਹਾਂ ਦੀ ਲਿਖਤ ਦੇ ਪ੍ਰਤੀਕਰਮ ਵਿਚ ਆਈਆਂ ਪ੍ਰੋ. ਅਵਤਾਰ ਸਿੰਘ ਤੇ ਪ੍ਰੋ. ਹਰਪਾਲ ਸਿੰਘ ਅਤੇ ਪ੍ਰਭਸ਼ਰਨਬੀਰ ਸਿੰਘ ਦੀਆਂ ਲਿਖਤਾਂ ਛਾਪ ਰਹੇ ਹਾਂ। ਸਾਡਾ ਮਨੋਰਥ ਉਸਾਰੂ ਬਹਿਸ ਲਈ ਮੰਚ ਮੁਹੱਈਆ ਕਰਨਾ ਸੀ ਪਰ ਸਾਡੇ ਪਾਠਕਾਂ ਨੇ ਮਹਿਸੂਸ ਕੀਤਾ ਹੈ ਕਿ ਬਹਿਸ ਦੀ ਥਾਂ ਗੱਲ ਆਪਸੀ ਕਿੜ 'ਤੇ ਪੁੱਜ ਚੁਕੀ ਹੈ। ਸੋ ਅਸੀਂ ਇਸ ਬਹਿਸ ਨੂੰ ਇਥੇ ਹੀ ਸਮਾਪਤ ਕਰਦੇ ਹਾਂ। -ਸੰਪਾਦਕ***

ਅਵਤਾਰ ਸਿੰਘ ਨੇ ਆਪਣੀ ਜਿੱਤ ਦਾ ਆਪ ਹੀ ਐਲਾਨ ਕਰਦਿਆਂ ਬਹਿਸ ਬੰਦ ਕਰਨ ਦਾ ਫੈਸਲਾ ਕੀਤਾ ਹੈ। ਪਾਤਰ ਦੀ ਵਕਾਲਤ ਕਰਦਾ ਕਰਦਾ ਉਹ ਜੱਜ ਵੀ ਆਪ ਹੀ ਬਣ ਬੈਠਾ ਹੈ। ਸੁਆਲਾਂ ਤੋਂ ਭੱਜਦੇ ਭੱਜਦੇ ਹਫ ਗਿਆ ਹੋਣੈ। ਇਸ ਸਦਮੇ ਵਿਚੋਂ ਉਸ ਨੇ ਮੇਰੇ ਖਿਲਾਫ ਤਾਂ ਬੋਲਣਾ ਹੀ ਸੀ, ਸਿੱਖੀ ਦੀ ਨਿਆਰੀ ਹਸਤੀ ਨੂੰ ਵੇਦਾਂਤ ਦੇ ਇੱਕ ਅੰਗ ਵਜੋਂ ਦਿਖਾਉਣ ਤੇ ਬ੍ਰਾਹਮਣਵਾਦ ਦੀ ਪ੍ਰੋੜਤਾ ਕਰਨ ਦੀ ਵੀ ਬੇਤੁਕੀ ਹਰਕਤ ਕੀਤੀ ਹੈ।

ਉਸ ਦੀ ਦਲੀਲ ਹੈ ਕਿ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਾਹਮਣਵਾਦ ਨੂੰ ਰੱਦ ਕੀਤਾ ਜਾ ਚੁਕਾ ਹੈ, ਇਸ ਲਈ ਹੁਣ ਇਸ ਦੀ ਆਲੋਚਨਾ ਕਰਨ ਦੀ ਕੋਈ ਤੁਕ ਨਹੀਂ ਬਣਦੀ। ਉਹ ਕਹਿੰਦਾ ਹੈ, 'ਬ੍ਰਾਹਮਣਵਾਦ ਦਾ ਇਹ ਰੋਣਾ ਕਿਸੇ ਹੋਰ ਦੁਖਦੀ ਰਗ ਦਾ ਪੱਜ ਹੈ।' ਉਸ ਦੀ ਇਹ ਗੱਲ ਸਹੀ ਹੋਣੀ ਸੀ ਜੇ ਬ੍ਰਾਹਮਣਵਾਦ ਦੀ ਸਮਾਜਕ-

**ਪ੍ਰਭਸ਼ਰਨਬੀਰ ਸਿੰਘ**
**ਫੋਨ: 778-836-7901**

ਰਾਜਨੀਤਕ ਅਜਾਰੇਦਾਰੀ ਧਰਤੀ ਤੋਂ ਖਤਮ ਹੋ ਗਈ ਹੁੰਦੀ। ਧਾਰਮਿਕ ਪੱਖੋਂ ਸਿੱਖੀ ਜ਼ਰੂਰ ਬ੍ਰਾਹਮਣਵਾਦ ਤੋਂ ਮੁਕਤ ਹੈ, ਭਾਵੇਂ ਕਿ ਅਵਤਾਰ ਵਰਗੇ 'ਵਿਦਵਾਨ' ਇਸ ਨੂੰ ਹੋਰ ਨਾਂਵਾਂ ਹੇਠ ਬ੍ਰਾਹਮਣਵਾਦ ਦਾ ਹੀ ਅੰਗ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ 1947 ਦੀ ਸੱਤਾ ਤਬਦੀਲੀ ਤੋਂ ਬਾਅਦ ਬ੍ਰਾਹਮਣਵਾਦ ਦੀ ਸਮਾਜਕ-ਰਾਜਨੀਤਕ ਅਜਾਰੇਦਾਰੀ ਹੋਰ ਮਜ਼ਬੂਤ ਹੋਈ ਹੈ। ਭਾਰਤ ਵਿਚ ਉਭਰ ਰਿਹਾ ਹਿੰਦੂ ਫਾਸ਼ੀਵਾਦ ਵੀ ਇਸੇ ਦਾ ਹੀ ਹਿੱਸਾ ਹੈ। ਇਸ ਖਿੱਤੇ ਵਿਚ ਰਹਿਣ ਵਾਲੀਆਂ ਘੱਟ-ਗਿਣਤੀ ਕੌਮਾਂ, ਦਲਿਤ, ਅਤੇ ਆਦਿਵਾਸੀ ਲੋਕ ਇਸ ਅਜਾਰੇਦਾਰੀ ਨੂੰ ਨਿੱਤ ਆਪਣੇ ਪਿੰਡੇ 'ਤੇ ਹੰਢਾਉਂਦੇ ਹਨ। ਦੱਖਣੀ ਭਾਰਤ ਦੇ ਦਲਿਤ ਬ੍ਰਾਹਮਣਵਾਦ ਦੇ ਖਤਰੇ ਬਾਰੇ ਬੇਹੱਦ ਚੇਤੰਨ ਹਨ। ਸ਼ਾਇਦ ਇਸੇ ਲਈ ਉਹ ਸਿੱਖ ਸੰਘਰਸ਼ ਅਤੇ ਖਾਲਿਸਤਾਨ ਦੇ ਹਾਮੀ ਹਨ।

ਅਵਤਾਰ ਦਾ ਕਹਿਣਾ ਹੈ ਕਿ ਬ੍ਰਾਹਮਣਵਾਦ ਅਤੇ ਸਨਾਤਨਵਾਦ ਦੋ ਅੱਡ-ਅੱਡ ਗੱਲਾਂ ਹਨ, ਇੱਕ ਨਹੀਂ। ਆਪਣੀ ਦਲੀਲ ਦੇ ਹੱਕ ਵਿਚ ਉਹ ਭਗਤ ਕਬੀਰ ਦੀ ਇੱਕ ਤੁਕ ਵੀ ਵਰਤਦਾ ਹੈ ਜਿਸ ਵਿਚ ਉਨ੍ਹਾਂ ਨੇ ਸਨਾਤਨ ਸ਼ਬਦ ਦੀ ਵਰਤੋਂ ਕੀਤੀ ਹੈ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਵਿਚ ਪੁਰਾਤਨ ਸ਼ਬਦਾਂ ਅਤੇ ਸੰਕਲਪਾਂ ਦੀ ਹਾਂ-ਪੱਖੀ ਸੁਰ ਵਿਚ ਵਰਤੋਂ ਕੀਤੀ ਗਈ ਹੈ ਪਰ ਉਨ੍ਹਾਂ ਨੂੰ ਨਵੇਂ ਅਰਥ ਪ੍ਰਦਾਨ ਕਰਨ ਤੋਂ ਬਾਅਦ। ਗੁਰਬਾਣੀ ਦਾ ਫੁਰਮਾਨ ਹੈ:

ਜੋਗੁ ਬਨਿਆ ਤੇਰਾ ਕੀਰਤਨ ਗਾਈ॥

ਜਿਵੇਂ ਅਵਤਾਰ ਨੇ ਭਗਤ ਕਬੀਰ ਦੀ ਤੁਕ ਵਿਚ ਆਏ ਸਨਾਤਨ ਸ਼ਬਦ ਦੇ ਬਹਾਨੇ ਸਿੱਖੀ ਨੂੰ ਸ਼ੰਕਰ ਦੇ ਸਨਾਤਨਵਾਦ ਨਾਲ ਜੋੜ ਦਿੱਤਾ ਹੈ, ਉਹ ਉਪਰਲੀ ਤੁਕ ਦਾ ਵੀ ਇਹੀ ਅਰਥ ਕੱਢੇਗਾ ਕਿ ਗੁਰਬਾਣੀ ਦੀ ਪਤੰਜਲੀ ਦੇ ਯੋਗ ਨਾਲ ਅੰਤਰੀਵ ਸਾਂਝ ਹੈ। ਪਰ ਇੰਜ ਨਹੀਂ ਹੈ ਕਿਉਂਕਿ ਗੁਰਬਾਣੀ ਵਿਚ ਜੋਗ ਨੂੰ ਪਰੰਪਰਾਗਤ ਅਰਥਾਂ ਵਿਚ ਨਹੀਂ ਸਗੋਂ ਨਵੇਂ ਅਰਥਾਂ ਵਿਚ ਵਰਤਿਆ ਗਿਆ ਹੈ। ਪਰੰਪਰਾਗਤ ਅਰਥ ਸਿਰਫ ਉਥੇ ਵਰਤੇ ਗਏ ਹਨ ਜਿੱਥੇ ਜੋਗ ਦਾ ਖੰਡਨ ਹੈ। ਜਿਵੇਂ:

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨ ਰਹੀਐ
ਜੋਗ ਜੁਗਤਿ ਇਵ ਪਾਈਐ॥

ਸਪੱਸ਼ਟ ਹੈ, ਗੁਰਬਾਣੀ ਦਾ ਜੋਗੁ ਪਤੰਜਲੀ ਦਾ ਯੋਗ ਨਹੀਂ, ਸਗੋਂ ਅਸਲੋਂ ਹੀ ਨਵੀਂ ਧਾਰਾ ਹੈ। ਇਸੇ ਤਰ੍ਹਾਂ ਭਗਤ ਕਬੀਰ ਦੀ ਤੁਕ ਵਿਚ ਆਏ ਸਨਾਤਨ ਸ਼ਬਦ ਦਾ ਭਾਵ ਆਪਣੇ ਆਦਿ-ਜੁਗਾਦੀ ਮੂਲ ਨਾਲ ਜੁੜਨ ਤੋਂ ਹੈ ਨਾ ਕਿ ਸ਼ੰਕਰ ਦੇ ਸਨਾਤਨਵਾਦ ਤੋਂ। ਭਾਈ ਵੀਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਵਿਚ ਸਨਾਤਨ ਸ਼ਬਦ ਦੇ ਤਿੰਨ ਅਰਥ ਕੀਤੇ ਹਨ: 1. ਬ੍ਰਹਮਾ ਦੇ ਇਕ ਪੁਤਰ ਦਾ ਨਾਮ, 2. ਪੁਰਾਤਨ ਅਤੇ 3. ਜਿਹੋ-ਜਿਹਾ ਪਹਿਲਾਂ ਆਪਣੇ ਅਸਲੀ ਰੂਪ ਵਿਚ ਸੀ। ਯਥਾ- 'ਅਬ ਮਨ ਉਲਟ ਸਨਾਤਨ ਹੂਆ' (327)। ਉਨ੍ਹਾਂ ਨੇ ਉਦਾਹਰਣ ਵਜੋਂ ਵੀ ਉਹੀ ਤੁਕ ਵਰਤੀ ਹੈ ਜਿਹੜੀ ਅਵਤਾਰ ਨੇ, ਪਰ ਅਰਥ ਅਵਤਾਰ ਦੇ ਉਲਟ ਕੀਤੇ ਹਨ। ਸਪੱਸ਼ਟ ਹੈ, ਇੱਥੇ ਮਨ ਦੇ ਆਦਿ-ਜੁਗਾਦੀ ਸਰੂਪ ਦੀ ਗੱਲ ਹੈ, ਨਾ ਕਿ ਸ਼ੰਕਰ ਦੇ ਸਨਾਤਨਵਾਦ ਦੀ। ਗੁਰਬਾਣੀ ਅਨੁਸਾਰ:

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥

ਅਵਤਾਰ ਦਾ ਕਹਿਣਾ ਹੈ, 'ਸਿੱਖੀ ਨੇ ਉਦਾਸੀ ਪਰੰਪਰਾ ਰਾਹੀਂ ਸ਼ੰਕਰ ਦੇ ਪ੍ਰਚਾਰਿਤ ਹਿੰਦੂ ਧਰਮ ਦੇ ਗਰਭ 'ਚ ਪਏ ਸਨਾਤਨੀ ਸੱਚ ਨਾਲ ਵਿਚਾਰਧਾਰਕ ਤੰਦਾਂ ਜੋੜੀਆਂ।' ਇਹ ਇੱਕ ਵਾਕ ਅਵਤਾਰ ਦੇ ਵਿਚਾਰਧਾਰਕ ਆਧਾਰਾਂ ਨੂੰ ਵੀ ਨਸ਼ਰ ਕਰਦਾ ਹੈ ਤੇ ਇਸ ਬਹਿਸ ਲਈ ਉਸ ਦੀ ਉਕਸਾਹਟ ਦੇ ਸੋਮੇ ਦੀ ਦੱਸ ਵੀ ਪਾਉਂਦਾ ਹੈ। ਇੱਥੇ ਲੋੜ ਹੈ, ਸ਼ੰਕਰ ਦੇ ਸਨਾਤਨੀ ਸੱਚ ਨੂੰ ਥੋੜ੍ਹਾ ਵਿਸਥਾਰ ਵਿਚ ਸਮਝਿਆ ਜਾਵੇ। ਸ਼ੰਕਰ ਨੇ ਅਦਵੈਤ-ਵੇਦਾਂਤ ਦਾ ਫਲਸਫਾ ਦਿੱਤਾ ਜਿਸ ਦੇ ਦੋ ਮੁੱਖ ਆਧਾਰ ਹਨ। ਪਹਿਲਾ, ਕੇਵਲ ਬ੍ਰਾਹਮਣ ਹੀ ਸੱਚ ਹੈ, ਬਾਕੀ ਸਭ ਮਿਥਿਆ ਹੈ। ਜਦੋਂ ਜਗਤ ਦੇ ਮਿਥਿਆ ਅਤੇ ਬ੍ਰਾਹਮਣ ਦੇ ਸੱਚ ਹੋਣ ਦੀ ਸੋਝੀ ਆ ਗਈ ਤਾਂ ਮੁਕਤੀ ਪ੍ਰਾਪਤ ਹੋ ਜਾਵੇਗੀ। ਗਿਆਨ ਹੀ ਮੁਕਤੀ ਦਾ ਸੋਮਾ ਹੈ। ਸਿੱਖੀ ਵਿਚ ਇਸ ਦੇ ਉਲਟ ਗੁਰ-ਪ੍ਰਸਾਦਿ ਭਾਵ ਗੁਰੂ ਦੀ ਬਖਸ਼ਿਸ਼ ਨੂੰ ਅਸਲ ਸੱਚ ਮੰਨਿਆ ਗਿਆ ਹੈ। ਗੁਰਬਾਣੀ ਅਨੁਸਾਰ ਜੀਵਨ ਦਾ ਅੰਤਮ ਮਨੋਰਥ ਮੁਕਤੀ ਵੀ ਨਹੀਂ ਹੈ, ਸਗੋਂ ਅਕਾਲ-ਪੁਰਖ ਨਾਲ ਪ੍ਰੇਮ-ਬੰਧਨ ਵਿਚ ਬੱਝੇ ਹੋਣਾ ਹੈ। ਦੂਜਾ, ਸ਼ੰਕਰ ਮੰਨਦਾ ਸੀ ਕਿ ਸਾਧਕ ਦਾ ਮੁਕਤੀ ਪ੍ਰਾਪਤ ਕਰਨ ਲਈ ਸੰਨਿਆਸੀ ਹੋਣਾ ਜ਼ਰੂਰੀ ਹੈ। ਸਿੱਖੀ ਵਿਚ ਗ੍ਰਹਿਸਥ ਵਿਚ ਰਹਿ ਕੇ ਪ੍ਰੇਮਾ-ਭਗਤੀ ਕਰਨ ਦੀ ਗੱਲ ਹੈ। ਸਿੱਖੀ ਅਤੇ ਵੇਦਾਂਤ ਵਿਚ ਇਕ ਹੋਰ ਫਰਕ ਇਹ ਹੈ ਕਿ ਵੇਦਾਂਤ ਕਾਇਨਾਤ ਦੇ ਪਸਾਰੇ ਦਾ ਪਰਾਭੌਤਿਕ ਵਰਣਨ ਕਰਦਾ ਹੈ ਜਦਕਿ ਸਿੱਖੀ ਜੀਵ ਦਾ ਅਕਾਲ ਪੁਰਖ ਨਾਲ ਅੰਤਰੀਵ ਰਿਸ਼ਤਾ ਜੋੜਨ ਨੂੰ ਤਰਜੀਹ ਦਿੰਦੀ ਹੈ। ਅਵਤਾਰ ਨੇ ਆਪਣੇ ਨੁਕਤੇ ਨੂੰ ਸਥਾਪਤ ਕਰਨ ਲਈ ਸ਼ੰਕਰ ਦੀ ਕਿਸੇ ਲਿਖਤ ਦਾ ਹਵਾਲਾ ਨਹੀਂ ਦਿੱਤਾ, ਸਿਰਫ ਭਗਤ ਕਬੀਰ ਵੱਲੋਂ ਸਨਾਤਨ ਸ਼ਬਦ ਦੀ ਵਰਤੋਂ ਕੀਤੇ ਜਾਣ ਨੂੰ ਹੀ ਆਪਣੇ ਹਿਸਾਬ ਨਾਲ ਵਰਤ ਲਿਆ।

ਅਵਤਾਰ ਨੇ ਸ਼ੰਕਰ ਦੀ 'ਮਨੀਸ਼ ਪੰਚਕਮ' ਦੇ ਹਵਾਲੇ ਨਾਲ ਕਿਹਾ ਹੈ ਕਿ ਸ਼ੰਕਰ ਨੇ ਜਾਤ-ਪਾਤ ਦਾ ਖੰਡਨ ਕੀਤਾ ਹੈ। 'ਮਨੀਸ਼-ਪੰਚਕਮ' ਦੀ ਜਿਸ ਕਥਾ ਦੀ ਉਹ ਗੱਲ ਕਰ ਰਿਹਾ ਹੈ, ਪਹਿਲਾਂ ਉਸ 'ਤੇ ਨਜ਼ਰ ਮਾਰੀਏ। ਇਕ ਵਾਰ ਸ਼ੰਕਰ ਆਪਣੇ ਚੇਲਿਆਂ ਨਾਲ ਜਾ ਰਿਹਾ ਸੀ ਕਿ ਸਾਹਮਣੇ ਤੋਂ ਇਕ ਚੰਡਾਲ ਤੁਰਿਆ ਆਵੇ। ਸ਼ੰਕਰ ਦੇ ਚੇਲਿਆਂ ਨੇ ਉਸ ਨੂੰ ਪਾਸੇ ਹੋਣ ਲਈ ਕਿਹਾ, ਜਿਸ 'ਤੇ ਉਸ ਨੇ ਪ੍ਰਸ਼ਨ ਉਠਾਇਆ ਕਿ ਜੇ ਬ੍ਰਾਹਮਣ ਹੀ ਇਕੋ-ਇਕ ਸੱਚ ਹੈ ਤਾਂ ਮੈਂ ਤੁਹਾਡੇ ਨਾਲੋਂ ਵੱਖਰਾ ਕਿਵੇਂ ਹੋਇਆ? ਇਸ ਦਲੀਲ ਅੱਗੇ ਸ਼ੰਕਰ ਨਿਰਉਤਰ ਹੋ ਗਿਆ। ਉਸ ਨੂੰ ਮੰਨਣਾ ਪਿਆ ਕਿ ਜੇ ਬ੍ਰਾਹਮਣ ਹੀ ਇਕੋ ਇਕ ਸੱਚਾਈ ਹੈ ਤਾਂ ਫਿਰ ਕਿਸੇ ਨਾਲ ਜਾਤ ਦੇ ਆਧਾਰ 'ਤੇ ਪੱਖਪਾਤ ਨਹੀਂ ਕੀਤਾ ਜਾ ਸਕਦਾ। ਪਰ ਇਸ ਘਟਨਾ ਪਿਛੋਂ ਪੈਦਾ ਹੋਈ ਲਿਖਤ 'ਉਪਦੇਸ-ਸਹਿਸਰੀ' ਵਿਚ ਸ਼ੰਕਰ ਸਾਫ ਲਿਖਦਾ ਹੈ ਕਿ ਜਨਮ ਤੋਂ ਬ੍ਰਾਹਮਣ ਪੈਦਾ ਹੋਣ ਵਾਲਾ ਹੀ ਬ੍ਰਹਮ ਦਾ ਗਿਆਨ ਪ੍ਰਾਪਤ ਕਰ ਸਕਦਾ ਹੈ, ਹੋਰ ਕੋਈ ਨਹੀਂ। ਸ਼ੰਕਰ ਦੀ ਸਭ ਤੋਂ ਮਸ਼ਹੂਰ ਲਿਖਤ 'ਬ੍ਰਹਮਸੂਤਰਭਾਸ਼ਯ', ਜੋ ਭਦਰਾਇਣ ਰਿਸ਼ੀ ਦੇ ਬ੍ਰਹਮ ਸੂਤਰਾਂ ਦੀ ਵਿਆਖਿਆ ਹੈ, ਵਿਚ ਵੀ ਕਿਹਾ ਗਿਆ ਹੈ ਕਿ ਗਿਆਨ ਕੇਵਲ ਬ੍ਰਾਹਮਣ ਹੀ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਹਵਾਲਿਆਂ ਦੀ ਰੌਸ਼ਨੀ ਵਿਚ ਪਾਠਕ ਖੁਦ ਵੇਖ ਸਕਦੇ ਹਨ ਕਿ ਕਿਵੇਂ ਸ਼ੰਕਰ ਨੂੰ ਸਹੀ ਦੱਸਣ ਦੇ ਜਨੂੰਨ ਵਿਚ ਅਵਤਾਰ ਸ਼ੰਕਰ ਦੀਆਂ ਆਪਣੀਆਂ ਲਿਖਤਾਂ ਦੇ ਹਵਾਲਿਆਂ ਨੂੰ ਅੱਖੋਂ-ਪਰੋਖੇ ਕਰ ਇਕ ਕਹਾਣੀ ਦੇ ਤੋੜੇ-ਮਰੋੜੇ ਅਰਥਾਂ 'ਤੇ ਨਿਰਭਰ ਕਰ ਰਿਹਾ ਹੈ।

ਨਾਰਾਇਣ ਪੰਡਿਤਾਚਾਰਿਆ ਨੇ ਆਪਣੀ ਪੁਸਤਕ 'ਮਨੀਮੰਜਾਰੀ' ਵਿਚ ਸ਼ੰਕਰ ਦਾ ਵਰਣਨ ਇਉਂ ਕੀਤਾ ਹੈ: 'ਮਨਮਤਿ ਨੇ ਸ਼ੰਕਰ ਦੇ ਰੂਪ ਵਿਚ ਇਕ ਵਿਧਵਾ ਦੇ ਘਰ ਜਨਮ ਲਿਆ। ਉਸ ਨੇ ਆਪਣੇ ਬ੍ਰਾਹਮਣ ਜਜਮਾਨ ਦੀ ਪਤਨੀ ਨੂੰ ਆਪਣੇ ਜਾਦੂ ਨਾਲ ਵਰਗਲਾ ਲਿਆ ਸੀ। ਉਸ ਨੂੰ ਮੰਨਣ ਵਾਲੇ ਲੋਕ ਜ਼ਾਲਮ ਹਨ ਜੋ ਮੱਠਾਂ ਨੂੰ ਅੱਗ ਲਾ ਕੇ ਰਾਖ ਕਰ ਦਿੰਦੇ ਹਨ, ਪਸ਼ੂਆਂ ਨੂੰ ਤਬਾਹ ਕਰ ਦਿੰਦੇ ਹਨ ਤੇ ਔਰਤਾਂ ਤੇ ਬੱਚਿਆਂ ਦੇ ਕਤਲ ਕਰਦੇ ਹਨ। ਜੋ ਲੋਕ ਵੇਦਾਂ ਨੂੰ ਨਹੀਂ ਮੰਨਦੇ, ਉਹ ਉਨ੍ਹਾਂ ਨੂੰ ਕੋੜੇ ਮਾਰਦੇ ਹਨ ਤੇ ਦੂਜਿਆਂ ਨੂੰ ਧੱਕੇ ਨਾਲ ਆਪਣੇ ਨਾਲ ਰਲਾ ਲੈਂਦੇ ਹਨ।'

ਸ਼ੰਕਰ ਦੀ ਸਭ ਤੋਂ ਪੁਰਾਣੀ ਜੀਵਨੀ 'ਸ਼ੰਕਰ ਦਿਗਵਿਜੈ' ਵਿਚ ਇਕ ਵੇਰਵਾ ਆਉਂਦਾ ਹੈ। ਜਦੋਂ ਸ਼ੰਕਰ ਨੇ ਮੰਡਨ ਮਿਸ਼ਰਾ ਨੂੰ ਬਹਿਸ ਵਿਚ ਹਰਾਇਆ ਤਾਂ ਉਸ ਦੀ ਪਤਨੀ ਉਭੈਯਾ ਭਾਰਤੀ ਨੇ ਸ਼ੰਕਰ ਨੂੰ ਬਹਿਸ ਲਈ ਵੰਗਾਰਿਆ। 17 ਦਿਨ ਬਹਿਸ ਚਲਦੀ ਰਹੀ। ਜਦੋਂ ਗੱਲ ਕਾਮ-ਸ਼ਾਸਤਰ ਉਤੇ ਆਈ ਤਾਂ ਸ਼ੰਕਰ ਉਲਝ ਗਿਆ। ਉਸ ਨੇ ਭਾਰਤੀ ਤੋਂ ਇਕ ਮਹੀਨੇ ਦਾ ਸਮਾਂ ਮੰਗਿਆ ਜੋ ਉਸ ਨੇ ਦੇ ਦਿੱਤਾ। ਸ਼ੰਕਰ ਆਪਣੇ ਚੇਲਿਆਂ ਨਾਲ ਸਫਰ 'ਤੇ ਨਿਕਲ ਪਿਆ। ਰਸਤੇ 'ਚ ਇਕ ਮ੍ਰਿਤਕ ਰਾਜੇ ਦੀ ਦੇਹ ਨਜ਼ਰ ਪਈ ਤਾਂ ਸ਼ੰਕਰ ਨੇ ਦੇਹ-ਪ੍ਰਵੇਸ਼ ਕਰਨ ਦਾ ਫੈਸਲਾ ਕੀਤਾ। ਕਾਰਣ ਸੀ ਕਿ ਬ੍ਰਹਮਚਾਰੀ ਹੋਣ ਕਰਕੇ ਉਸ ਨੂੰ ਕਾਮ ਦਾ ਗਿਆਨ ਨਹੀਂ ਸੀ ਤੇ ਉਹ ਕਦੇ ਵੀ ਭਾਰਤੀ ਤੋਂ ਜਿੱਤ ਨਹੀਂ ਸੀ ਸਕਦਾ। ਰਾਜੇ ਦੀ ਦੇਹ ਰਾਹੀਂ ਉਹ ਕਾਮ-ਕ੍ਰੀੜਾ ਦਾ ਅਨੁਭਵ ਕਰਨਾ ਚਾਹੁੰਦਾ ਸੀ। ਜਦੋਂ ਉਸ ਦੇ ਚੇਲਿਆਂ ਨੇ ਇਤਰਾਜ਼ ਕੀਤਾ ਕਿ ਬ੍ਰਹਮਚਾਰੀ ਹੋਣ ਦੇ ਨਾਤੇ ਅਜਿਹਾ ਕਰਨਾ ਠੀਕ ਨਹੀਂ ਤਾਂ ਸ਼ੰਕਰ ਦਾ ਜੁਆਬ ਸੀ ਕਿ ਜਿਸ ਨੇ ਬ੍ਰਾਹਮਣ ਦਾ ਗਿਆਨ ਪਾ ਲਿਆ ਹੋਵੇ, ਉਸ ਨੂੰ ਦੁਨੀਆਂ ਦਾ ਕੋਈ ਵੀ ਪਾਪ ਛੂਹ ਨਹੀਂ ਸਕਦਾ। ਉਹ ਜੋ ਵੀ ਕਰੇ, ਠੀਕ ਹੀ ਹੁੰਦਾ ਹੈ। ਸ਼ੰਕਰ ਦਾ ਜੁਆਬ ਬ੍ਰਾਹਮਣ ਦੇ ਤਥਾਕਥਿਤ ਉਚ ਦਰਜੇ ਦਾ ਪਰਾਭੌਤਿਕ ਤਰਕ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸ਼ੰਕਰ ਦਾ ਅਦਵੈਤ ਵੇਦਾਂਤ ਨੈਤਿਕਤਾ ਤੋਂ ਕੋਰਾ ਗਿਆਨ ਹੈ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ 'ਸ਼ੰਕਰ ਵੱਲੋਂ ਪ੍ਰਚਾਰੇ ਜਾਂਦੇ ਹਿੰਦੂ ਧਰਮ ਦੇ ਗਰਭ ਵਿਚ ਪਏ ਸਨਾਤਨੀ ਸੱਚ' ਨਾਲ ਸਿੱਖੀ ਦੀ ਕਿੰਨੀ ਕੁ ਵਿਚਾਰਧਾਰਕ ਸਾਂਝ ਹੋ ਸਕਦੀ ਹੈ। ਉਪਰੋਕਤ ਮਿਸਾਲ ਤੋਂ ਸਪੱਸ਼ਟ ਹੈ ਕਿ ਸ਼ੰਕਰ ਦੇ ਫਲਸਫੇ ਦਾ ਸਿੱਖੀ ਨਾਲ ਕੋਈ ਮੇਲ ਨਹੀਂ, ਸਗੋਂ ਸ਼ੰਕਰ ਆਪਣੇ ਜੀਵਨ ਵਿਚ ਵੀ ਕਥਨੀ ਤੇ ਕਰਨੀ ਵਿਚ ਖਰਾ ਉਤਰਨ ਵਾਲਾ ਇਨਸਾਨ ਨਹੀਂ ਸੀ।

ਗੁਰਬਾਣੀ ਸਗਲੀ ਕਾਇਨਾਤ ਨੂੰ ਕਲਾਵੇ ਵਿਚ ਲੈਂਦੀ ਹੈ। ਵਿਭਿੰਨ ਸਥਾਨਕਤਾਵਾਂ, ਆਪਣੀਆਂ ਵਿਲੱਖਣਤਾਵਾਂ ਸਣੇ ਕਾਇਨਾਤ ਦਾ ਹੀ ਇਕ ਅੰਗ ਹਨ। ਗੁਰਬਾਣੀ ਸਥਾਨਕਤਾ ਨੂੰ ਨਿਵਾਜਦੀ ਹੈ, ਰੱਦ ਨਹੀਂ ਕਰਦੀ। ਆਪਣੀ ਸਥਾਨਕਤਾ ਨਾਲ ਅਪਣੱਤ ਭਰਿਆ ਰਿਸ਼ਤਾ ਰੱਖਣਾ ਗੁਨਾਹ ਨਹੀਂ ਹੈ। ਸਥਾਨਕਤਾ ਦੇ ਦਾਇਰੇ ਵਿਚ ਕੈਦ ਹੋ ਕੇ 'ਪਰ' ਨਾਲ ਵਿਸਮਾਦੀ ਮਿਲਣ ਤੋਂ ਮੂੰਹ ਮੋੜਨਾ ਗਲਤ ਹੈ ਅਤੇ ਇਹੀ ਸਨਾਤਨਤਾ ਹੈ। ਇਸੇ ਲਈ ਸਨਾਤਨਤਾ ਸੰਨਿਆਸੀ ਹੈ। ਅਜਿਹੀ ਸਨਾਤਨਤਾ ਦੀ ਦਲਦਲ 'ਚ ਫਸਿਆ ਹੋਣ ਕਰਕੇ ਹੀ ਅਵਤਾਰ ਯੂਰਪੀ ਫਲਸਫੇ ਨਾਲ ਸੰਵਾਦ ਤੋਂ ਤ੍ਰਹਿੰਦਾ ਹੈ। ਸਥਾਨਕਤਾਵਾਂ ਸਾਂਝੀ ਮਨੁੱਖੀ ਸੱਭਿਅਤਾ ਦੇ ਬਾਗ ਵਿਚ ਖਿੜੇ ਵੰਨ-ਸੁਵੰਨੇ ਫੁੱਲਾਂ ਦੀ ਨਿਆਈਂ ਹਨ। ਇਨ੍ਹਾਂ ਨੂੰ ਰੂਪ, ਰੰਗ ਅਤੇ ਖੇੜਾ ਧਰਤੀ ਬਖਸ਼ਦੀ ਹੈ। ਕਾਇਨਾਤੀ ਦ੍ਰਿਸ਼ਟੀ ਤੋਂ ਦੇਖਿਆਂ ਧਰਤੀ ਖੁਦ ਇਕ ਸਥਾਨਕਤਾ ਹੈ ਜਿਸ ਦੀ ਹੋਂਦ ਅਸੀਮ ਬ੍ਰਹਿਮੰਡ ਅੰਦਰ ਰੇਤ ਦੇ ਇਕ ਕਣ ਜਿੰਨੀ ਹੈ। ਦੱਖਣੀ ਏਸ਼ੀਆ ਦੀ ਵੀ ਆਪਣੀ ਇਕ ਸਥਾਨਕਤਾ ਹੈ। ਬਸਤੀਵਾਦ ਤੋਂ ਬਾਅਦ ਪੱਛਮੀ ਫਲਸਫੇ ਅਤੇ ਪ੍ਰਵਚਨਾਂ ਨੇ ਦੁਨੀਆਂ 'ਤੇ ਆਪਣਾ ਗਲਬਾ ਸਥਾਪਤ ਕਰ ਲਿਆ ਹੈ। ਇਸ ਨਾਲ ਰਾਜਨੀਤਕ ਸ਼ਕਤੀ ਤੋਂ ਵਾਂਝੇ ਸਮੂਹਾਂ ਦੀ ਸੱਭਿਆਚਾਰਕ ਸਲਾਮਤੀ ਨੂੰ ਖਤਰਾ ਪੈਦਾ ਹੋ ਗਿਆ ਹੈ। ਸਥਾਨਕਤਾ ਨਾਲ ਅਪਣੱਤ ਪਾਲਣੀ ਅਲਹਿਦਗੀ ਵਿਚ ਵਿਚਰਣ ਵਾਲੀ ਗੱਲ ਨਹੀਂ ਹੈ। ਇਹ ਆਪਣੀ ਹਸਤੀ ਦੀ ਵਿਲੱਖਣਤਾ ਨੂੰ ਬਰਕਰਾਰ ਰੱਖਦਿਆਂ ਦੂਸਰੇ ਨਾਲ ਸੰਵਾਦੀ ਮਿਲਣ ਦੀ ਤਮੰਨਾ ਦਾ ਜੀਵੰਤ ਅਤੇ ਸੁਹਜਮਈ ਪ੍ਰਗਟਾਵਾ ਹੈ। ਇਸ ਦੇ ਉਲਟ ਸਨਾਤਨਤਾ ਆਪਣੇ ਭੂਤਕਾਲ ਦੀ ਮਹਾਨਤਾ ਦੇ ਵਹਿਮ 'ਚੋਂ ਉਪਜੀ ਹਉਂ ਵਿਚ ਵਿਚਰਦੀ ਹੈ। ਇਹ ਦੁਨੀਆਂ ਉਤੇ ਆਪਣਾ ਗਲਬਾ ਸਥਾਪਤ ਕਰਨਾ ਲੋਚਦੀ ਹੈ। ਇਸੇ ਲਈ ਸਨਾਤਨੀ ਵਿਚਾਰਧਾਰਾਵਾਂ ਵਿਚੋਂ ਸਿਆਸੀ ਫਾਸ਼ੀਵਾਦ ਪੈਦਾ ਹੁੰਦਾ ਹੈ ਜਿਵੇਂ ਅੱਜ ਭਾਰਤ 'ਚ ਹੋ ਰਿਹਾ ਹੈ। ਸਨਾਤਨੀ ਫਾਸ਼ੀਵਾਦ ਜ਼ਿੰਦਗੀ ਦੇ ਭਰੇ ਹੋਏ ਮੇਲੇ ਨੂੰ ਇਕ ਰੰਗ ਵਿਚ ਰੰਗਣਾ ਲੋਚਦਾ ਹੈ। ਇਹ ਇਸ ਮੇਲੇ ਦੀ ਮਾਸੂਮ ਚਹਿਚਹਾਹਟ ਨੂੰ ਅਨੁਸ਼ਾਸਨੀ ਤਰਤੀਬ ਵਿਚ ਕੈਦ ਕਰਨਾ ਚਾਹੁੰਦਾ ਹੈ। ਕੋਈ ਸ਼ੱਕ ਨਹੀਂ ਕਿ ਸਥਾਨਕਤਾ ਵੀ ਕਈ ਵਾਰ ਸੰਕੀਰਣ ਰੂਪ ਅਖਤਿਆਰ ਕਰ ਲੈਂਦੀ ਹੈ। ਇਸ ਤੋਂ ਬਚਣਾ ਹੀ ਅੱਜ ਸਮੇਂ ਦੀ ਸਭ ਤੋਂ ਵੱਡੀ ਚੁਣੌਤੀ ਹੈ। ਇਹ ਸਥਾਨਕਤਾ ਨੂੰ 'ਹਨੇਰੀ ਖੁੱਡ' ਕਹਿਣ ਨਾਲ ਨਹੀਂ ਹੋ ਸਕਦਾ ਜਿਵੇਂ ਅਵਤਾਰ ਕਰਦਾ ਹੈ। ਇਸ ਲਈ ਮਨ-ਮਸਤਕ ਦੇ ਦਰ ਖੁੱਲ੍ਹੇ ਰੱਖਣੇ ਪੈਂਦੇ ਹਨ। ਸਗਲੀ ਕਾਇਨਾਤ ਇਕ ਅੰਤਰ-ਸਬੰਧਤ ਸੁਰਤਾਲ ਵਿਚ ਗੁਣਗੁਣਾ ਰਹੀ ਹੈ। ਸਨਾਤਨੀ ਸੰਕੀਰਣਤਾ ਇਸ ਬ੍ਰਹਿਮੰਡੀ ਸੁਰਤਾਲ ਵਿਚ ਵਿਘਨ ਪੈਦਾ ਕਰਦੀ ਹੈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਜਦ 'ਸ੍ਰਿਸ਼ਟਿ ਉਬਾਰਣ' ਦੀ ਵੱਡੀ ਜ਼ਿੰਮੇਵਾਰੀ ਖਾਲਸੇ ਦੀ ਝੋਲੀ ਪਾਈ ਤਾਂ ਇਸ਼ਾਰਾ ਅਜਿਹੇ ਵਿਘਨਾਂ ਦੇ ਨਾਸ਼ ਵੱਲ ਹੀ ਸੀ।

ਅਵਤਾਰ ਦਾ ਕਹਿਣਾ ਹੈ ਕਿ ਮੈਂ 'ਨਾਦ ਪ੍ਰਗਾਸ' ਦੇ ਲੰਗਰਾਂ ਵਿਚੋਂ ਦਾਲ ਛਕਦਾ ਰਿਹਾ ਹਾਂ ਜਿਸ ਵਿਚ ਲੂਣ ਵੀ ਹੁੰਦਾ ਹੈ। ਇਸ ਟਿੱਪਣੀ ਨਾਲ ਅਵਤਾਰ ਦੀ ਅਸਲ ਫਿਤਰਤ ਸਾਹਮਣੇ ਆਉਂਦੀ ਹੈ। ਜਗਦੀਸ਼ ਨਾਲ ਮੇਰੀ ਕਦੇ ਦੋਸਤੀ ਰਹੀ ਹੈ। ਮੈਂ ਵੀ ਅੰਮ੍ਰਿਤਸਰ 'ਨਾਦ ਪ੍ਰਗਾਸ' ਦੇ ਦਫਤਰ ਜਾਂਦਾ ਰਿਹਾਂ ਤੇ ਉਹ ਵੀ ਮੇਰੇ ਕੋਲ ਪੰਜਾਬ ਯੂਨੀਵਰਸਿਟੀ ਦੇ ਹੋਸਟਲ ਵਿਚ ਠਹਿਰਦੇ ਰਹੇ ਹਨ। ਨਾ ਉਸ ਵੇਲੇ ਜਗਦੀਸ਼ ਦਾ ਮੇਰੇ ਕੋਲ ਆਉਣਾ ਕੋਈ ਬੋਝ ਸੀ ਤੇ ਨਾ ਹੀ ਮੈਨੂੰ ਹੁਣ ਅਵਤਾਰ ਦੇ ਪੱਧਰ ਦੇ ਤਾਹਨੇ ਮਿਹਣੇ ਮਾਰਨ ਦੀ ਲੋੜ ਲੱਗਦੀ ਹੈ। ਮੈਨੂੰ ਜਗਦੀਸ਼ ਨੂੰ ਮਿਲਣ ਤੋਂ ਬਹੁਤ ਸਾਲ ਪਹਿਲਾਂ ਹੀ ਸਾਹਿਤ ਅਤੇ ਫਲਸਫੇ ਦਾ ਸ਼ੌਕ ਸੀ। ਮੈਂ ਕਦੇ ਵੀ ਅਜਿਹੀ ਸੰਸਥਾ ਵਿਚ ਵਿਦਿਆਰਥੀ ਨਹੀਂ ਰਿਹਾ ਜਿੱਥੇ ਜਗਦੀਸ਼ ਅਧਿਆਪਕ ਹੋਵੇ। ਸੋ ਉਂਗਲ ਫੜ ਕੇ ਤੁਰਨਾ ਸਿਖਾਉਣ ਵਰਗੀ ਕੋਈ ਗੱਲ ਨਹੀਂ ਹੈ। ਜਗਦੀਸ਼ ਨੂੰ 'ਨਾਦ ਪ੍ਰਗਾਸ' ਚਲਾਉਂਦਿਆਂ ਇਕ ਦਹਾਕੇ ਤੋਂ ਉਪਰ ਹੋ ਗਿਆ ਹੈ, ਜੇ ਉਹ ਏਡਾ ਹੀ ਧਨੰਤਰ ਹੁੰਦਾ ਤਾਂ ਉਹ ਹੁਣ ਤੱਕ ਵਿਦਵਾਨਾਂ ਦਾ ਇਕ ਪੋਚ ਤਿਆਰ ਕਰ ਲੈਂਦਾ। ਉਸ ਦੀ ਸੋਚ ਵਿਚ ਅਚਾਨਕ ਆਈ ਤਬਦੀਲੀ ਤੋਂ ਮੈਨੂੰ ਲੱਗਾ ਕਿ ਉਹ ਸਿੱਖੀ ਦੀ ਬ੍ਰਾਹਮਣਵਾਦੀ ਵਿਆਖਿਆ ਦੇ ਰਾਹ ਪੈ ਰਿਹਾ ਹੈ। ਇਨ੍ਹਾਂ ਵਿਚਾਰਧਾਰਕ ਵਖਰੇਵਿਆਂ ਦੇ ਮੱਦੇਨਜ਼ਰ ਤੂੰ-ਤੂੰ, ਮੈਂ-ਮੈਂ ਵਿਚ ਪੈਣ ਦੀ ਬਜਾਏ ਮੈਂ ਚੁੱਪ-ਚਾਪ ਪਾਸਾ ਵੱਟਣਾ ਬਿਹਤਰ ਸਮਝਿਆ।

ਅਵਤਾਰ ਨੇ ਆਪਣੇ ਹਰ ਪ੍ਰਤੀਕਰਮ ਵਿਚ ਬਾਹਰਲੇ ਸਿੱਖਾਂ ਨੂੰ ਮਿਹਣੇ ਮਾਰੇ ਹਨ। ਅਜੀਬ ਗੱਲ ਹੈ, ਪਿਛਲੇ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ 'ਨਾਦ ਪ੍ਰਗਾਸ' ਬਾਹਰਲੇ ਸਿੱਖਾਂ ਦੀ ਕਿਰਤ-ਕਮਾਈ 'ਤੇ ਹੀ ਚੱਲ ਰਹੀ ਹੈ। ਪਰ ਸ਼ੰਕਰ ਦੀ ਸਨਾਤਨੀ ਸੋਚ ਨਾਲ ਜੁੜੇ ਲੋਕਾਂ ਵਿਚ ਐਨੀ ਅਕ੍ਰਿਤਘਣਤਾ ਹੋਣੀ ਕੋਈ ਹੈਰਾਨੀ ਦੀ ਗੱਲ ਨਹੀਂ।

ਭੂਤਵਾੜੇ ਦੀ ਗੱਲ ਕਰਨ ਤੋਂ ਮੇਰਾ ਇਹ ਭਾਵ ਨਹੀਂ ਸੀ ਕਿ ਬਾਂਸ 'ਤੇ ਟੰਗੇ ਕੱਛੇ/ਕੱਛੀ ਨੂੰ ਨਿਸ਼ਾਨ ਸਾਹਿਬ ਮੰਨ ਲਿਆ ਜਾਵੇ। ਭੂਤਵਾੜੇ ਦੇ ਮੈਂਬਰ ਅਜਿਹੇ ਕੁਕਰਮਾਂ ਲਈ ਸਾਂਝੇ ਤੌਰ 'ਤੇ ਜ਼ਿੰਮੇਵਾਰ ਸਨ। ਮੈਂ ਤਾਂ ਸਿਰਫ ਅਵਤਾਰ ਅਤੇ 'ਨਾਦ ਪ੍ਰਗਾਸ' ਦੇ ਦੂਹਰੇ ਮਾਪਦੰਡਾਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਸੀ ਕਿ ਭੂਤਵਾੜੇ ਦੇ ਹਰ ਪੁੱਠੇ ਕੰਮ ਦਾ ਦੋਸ਼ ਸਿਰਫ ਮਹਿਬੂਬ ਸਾਹਿਬ ਸਿਰ ਮੜ੍ਹ ਦਿੰਦੇ ਹਨ ਜਦਕਿ ਦੂਜਿਆਂ ਨਾਲ ਪੱਕੇ ਯਾਰਾਨੇ ਰੱਖਦੇ ਹਨ। ਨਿਸ਼ਾਨ ਸਾਹਿਬ ਦੀ ਬੇਅਦਬੀ ਦਾ ਇਨ੍ਹਾਂ ਨੂੰ ਕੋਈ ਦੁੱਖ ਨਹੀਂ, ਇਹ ਤਾਂ ਉਸ ਬੇਅਦਬੀ ਨੂੰ ਵੀ ਨਿਜੀ ਕਿੜ੍ਹਾਂ ਕੱਢਣ ਲਈ ਹਥਿਆਰ ਵਜੋਂ ਵਰਤਦੇ ਹਨ।

ਪ੍ਰਾਚੀਨ ਅਤੇ ਮੱਧ-ਕਾਲੀਨ ਸਾਹਿਤ ਆਧੁਨਿਕ ਸਾਹਿਤ ਨਾਲੋਂ ਬੁਨਿਆਦੀ ਤੌਰ 'ਤੇ ਭਿੰਨ ਹੈ। ਉਦੋਂ ਅਜੇ ਛਾਪਾਖਾਨਾ ਈਜਾਦ ਨਹੀਂ ਹੋਇਆ ਸੀ। ਸਾਹਿਤ ਦਾ ਅਦਾਨ-ਪ੍ਰਦਾਨ ਵੱਖਰੇ ਰੂਪ ਵਿਚ ਹੁੰਦਾ ਸੀ। ਸਾਰੇ ਧਾਰਮਿਕ ਗ੍ਰੰਥਾਂ ਵਿਚ ਜੀਵਨ ਦੇ ਮੁੱਢਲੇ ਅਤੇ ਸਦੀਵੀ ਸੱਚ ਦਾ ਜ਼ਿਕਰ ਮਿਲਦਾ ਹੈ। ਵਖਰੇਵਾਂ ਉਸ ਸੱਚ ਨੂੰ ਨਿਜੀ ਅਤੇ ਸਮੂਹਿਕ ਜੀਵਨ ਵਿਚ ਉਤਾਰਨ ਦੇ ਤਰੀਕਿਆਂ ਵਿਚ ਹੈ। ਪਾਤਰ ਦੀ ਸਾਹਿਤਕ ਚੋਰੀ ਸਿਰਫ ਖਿਆਲ ਦੀ ਸਮਰੂਪਤਾ ਵਿਚ ਨਹੀਂ ਸਗੋਂ ਰੂਪਕ ਦੀ ਨਕਲ ਵਿਚ ਵੀ ਹੈ। ਕਵਿਤਾ ਕਿਸੇ ਖਿਆਲ ਨੂੰ ਸੁਹਜਮਈ ਤਰੀਕੇ ਨਾਲ ਰੂਪਕ, ਅਲੰਕਾਰ ਤੇ ਹੋਰ ਭਾਸ਼ਾਈ ਵਿਧੀਆਂ ਵਰਤ ਕੇ ਪ੍ਰਗਟ ਕਰਦੀ ਹੈ। ਆਧੁਨਿਕ ਜ਼ਮਾਨੇ ਵਿਚ, ਜਦੋਂ ਪਾਤਰ ਦੀ ਕਵਿਤਾ ਪਾਤਰ ਦੇ ਨਾਂ ਕਾਪੀ ਰਾਈਟ ਹੈ ਤੇ ਉਹ ਇਸ ਦੀ ਰਾਇਲਟੀ ਵੀ ਲੈ ਰਿਹਾ ਹੈ ਤਾਂ ਉਸ ਦਾ ਇਹ ਵੀ ਫਰਜ਼ ਬਣਦਾ ਹੈ ਕਿ ਉਹ ਯਕੀਨੀ ਬਣਾਵੇ ਕਿ ਉਸ ਦੇ ਸ਼ੇਅਰ ਕਿਤੇ ਹੋਰ ਇੰਨ-ਬਿੰਨ ਰੂਪ ਵਿਚ ਤਾਂ ਨਹੀਂ ਮਿਲਦੇ।

ਗੁਰਦੇਵ ਚੌਹਾਨ ਨੇ ਇਸੇ ਮਾਮਲੇ ਸਬੰਧੀ ਇੱਕ ਹੋਰ ਨੁਕਤਾ ਉਠਾਇਆ ਹੈ ਕਿ ਸ਼ਾਇਦ ਪਾਤਰ ਨੂੰ ਫਾਰਸੀ ਆਉਂਦੀ ਹੀ ਨਾ ਹੋਵੇ, ਸੋ ਉਸ ਲਈ ਰੂਮੀ ਦੀ ਮਸਨਵੀ 'ਚੋਂ ਸ਼ੇਅਰ ਚੋਰੀ ਕਰਨਾ ਸੰਭਵ ਨਹੀਂ। ਮੈਨੂੰ ਵੀ ਲੱਗਦਾ ਹੈ ਕਿ ਪਾਤਰ ਨੂੰ ਫਾਰਸੀ ਨਹੀਂ ਆਉਂਦੀ ਹੋਵੇਗੀ ਕਿਉਂਕਿ ਫਾਰਸੀ ਸਾਹਿਤ ਦਾ ਪਾਠਕ ਏਨੀ ਨਿੰਕਮੀ ਕਵਿਤਾ ਨਹੀਂ ਰਚ ਸਕਦਾ। ਪਰ ਸ਼ਾਇਦ ਚੌਹਾਨ ਸਾਹਿਬ ਨੂੰ ਨਹੀਂ ਪਤਾ ਕਿ ਰੂਮੀ ਦੀ ਮਸਨਵੀ ਨੂੰ ਦਰਸ਼ਨ ਸਿੰਘ ਅਵਾਰਾ ਨੇ ਪੰਜਾਬੀ ਵਿਚ ਉਲਥਾਇਆ ਹੈ ਜੋ ਭਾਸ਼ਾ ਵਿਭਾਗ ਨੇ 1962 ਵਿਚ ਪ੍ਰਕਾਸ਼ਿਤ ਕੀਤੀ ਸੀ; ਹਵਾ ਵਿਚ ਲਿਖੇ ਹਰਫ ਦੇ ਪ੍ਰਕਾਸ਼ਿਤ ਹੋਣ ਤੋਂ ਕਾਫੀ ਚਿਰ ਪਹਿਲਾਂ। ਪਾਤਰ ਦਾ ਵਿਚਾਰਅਧੀਨ ਸ਼ੇਅਰ ਉਸ ਅਨੁਵਾਦ ਦੇ ਪਹਿਲੇ ਸ਼ੇਅਰ ਦੀ ਨਕਲ ਹੈ; ਸ਼ਬਦਾਵਲੀ ਵੀ ਹੂਬਹੂ ਮਿਲਦੀ ਹੈ।

ਅਵਤਾਰ ਦਾ ਕਹਿਣਾ ਹੈ, 'ਕਿਸ ਸਮੇਂ ਕਵਿਤਾ ਬਾਰਬਰਿਕ ਹੈ ਜਾਂ ਨਹੀਂ ਇਹ ਸੇਧ ਸਾਨੂੰ ਅਡੋਰਨੋ ਤੋਂ ਲੈਣ ਦੀ ਲੋੜ ਨਹੀਂ।' ਮੇਰੇ ਪਹਿਲੇ ਲੇਖ ਦਾ ਮੁੱਖ ਨੁਕਤਾ ਇਹੀ ਸੀ ਕਿ ਅਡੋਰਨੋ ਵਾਲੀ ਦੁਬਿਧਾ ਪੰਜਾਬ ਵਿਚ ਨਹੀਂ ਹੈ। ਸੰਨੀ ਮਲਹਾਂਸ ਨੇ ਬਹਿਸ 'ਤੇ ਟਿੱਪਣੀ ਵਿਚ ਵੀ ਇਹ ਗੱਲ ਸਪੱਸ਼ਟ ਕੀਤੀ ਹੈ। ਅਵਤਾਰ ਨੂੰ ਤੱਥਾਂ ਦੀ ਪ੍ਰਵਾਹ ਕਰਨ ਦੀ ਕੀ ਲੋੜ ਹੈ, ਜਦੋਂ ਉਸ ਦਾ ਮਕਸਦ ਹੀ ਸਿਰਫ ਭੜਾਸ ਕੱਢਣਾ ਹੈ? ਉਹ ਮੇਰੇ ਵੱਲੋਂ ਪੱਛਮੀ ਚਿੰਤਕਾਂ ਦੇ ਨਾਂ ਲਏ ਜਾਣ 'ਤੇ ਇਤਰਾਜ਼ ਕਰਦਾ ਹੈ ਪਰ ਆਪ ਲੋੜ ਅਨੁਸਾਰ ਪੱਛਮੀ ਚਿੰਤਕਾਂ ਨੂੰ ਵਰਤਦਾ ਵੀ ਹੈ।

ਸੰਨੀ ਮਲਹਾਂਸ ਨੇ ਆਪਣੇ ਲੇਖ ਵਿਚ ਦੋ ਜਾਇਜ ਨੁਕਤੇ ਉਠਾਏ ਹਨ: ਪਹਿਲਾ, ਮਹਿਬੂਬ ਤੇ ਪਾਤਰ ਬਾਰੇ ਨਿਰਣੇ ਦਾ ਆਧਾਰ ਲੇਖ 'ਚ ਮੌਜੂਦ ਨਹੀਂ; ਦੂਜਾ, ਮੇਰੀ ਤੇ ਮਹਿਬੂਬ ਦੀ ਵਿਚਾਰਧਾਰਾ ਸਾਂਝੀ ਹੈ। ਮੇਰਾ ਲੇਖ ਮਹਿਬੂਬ 'ਤੇ ਪਾਤਰ ਦਾ ਤੁਲਨਾਤਮਕ ਅਧਿਐਨ ਨਹੀਂ ਸੀ। ਕੇਂਦਰੀ ਨੁਕਤਾ ਆਧੁਨਿਕਤਾ, ਬਰਬਰਤਾ, ਤੇ ਕਵਿਤਾ ਦੇ ਸਬੰਧਾਂ ਬਾਰੇ ਅਡੋਰਨੋ ਦੇ ਕਥਨ ਦੇ ਹਵਾਲੇ ਨਾਲ ਵਿਚਾਰ ਕਰਨੀ ਸੀ ਜਿਸ ਲਈ ਮੈਂ ਮਹਿਬੂਬ ਤੇ ਪਾਤਰ ਦੀ ਕਵਿਤਾ ਨੂੰ ਮਿਸਾਲ ਵਜੋਂ ਵਰਤਿਆ।

ਸਮੁੱਚੀ ਬਹਿਸ ਵਿਚ ਮੇਰੇ ਲਈ ਦੋ ਗੱਲਾਂ ਸਭ ਤੋਂ ਹੈਰਾਨੀਜਨਕ ਰਹੀਆਂ। ਪਹਿਲੀ ਅਵਤਾਰ ਵੱਲੋਂ ਇਹ ਕਿਹਾ ਜਾਣਾ ਕਿ ਸ਼ੰਕਰ ਵੱਲੋਂ ਪ੍ਰਚਾਰੇ ਜਾਂਦੇ ਹਿੰਦੂ ਧਰਮ ਦੇ ਗਰਭ ਵਿਚ ਪਏ ਸਨਾਤਨੀ ਸੱਚ ਨਾਲ ਸਿੱਖੀ ਦੀਆਂ ਤੰਦਾਂ ਜੁੜੀਆਂ ਹਨ। ਦੂਜੀ ਉਸ ਵੱਲੋਂ ਬਾਬਾ ਸ੍ਰੀ ਚੰਦ ਨੂੰ ਗੁਰੂ ਅਰਜਨ ਦੇਵ ਜੀ ਦੇ ਅਧਿਆਤਮਕ ਰਹਿਬਰ ਵਜੋਂ ਵਿਖਾਇਆ ਜਾਣਾ। ਅਵਤਾਰ ਨੇ ਲਿਖਿਆ ਹੈ ਕਿ ਬਾਬਾ ਸ੍ਰੀ ਚੰਦ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਬਦ ਦ੍ਰਿੜ ਕਰਵਾਇਆ। ਭਾਵ ਬੇਦੀ ਕੁਲ ਗੁਰੂ ਸਾਹਿਬਾਨ ਤੋਂ ਵੀ ਸ੍ਰੇਸ਼ਟ ਹੋ ਗਈ ਹਾਲਾਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਇੱਕ ਸਿੱਖ ਲਈ ਗੁਰੂ ਸਾਹਿਬਾਨ ਤੋਂ ਉਪਰ ਹੋਰ ਕੋਈ ਨਹੀਂ ਹੋ ਸਕਦਾ। ਇਹ ਗੱਲਾਂ ਹੈਰਾਨੀਜਨਕ ਇਸ ਲਈ ਹਨ ਕਿ ਅਵਤਾਰ ਵਰਗੇ ਸਿੱਖ ਦੇ ਮੂੰਹੋਂ ਨਿਕਲੀਆਂ ਹਨ। ਇਹ ਵਰਤਾਰਾ ਬਹੁਤ ਖਤਰਨਾਕ ਹੈ ਤੇ ਇਸ ਦੀ ਜੜ੍ਹ ਫੜਨੀ ਬਹੁਤ ਜ਼ਰੂਰੀ ਹੈ। ਲੋਕ ਇਹ ਵੀ ਕਹਿੰਦੇ ਹਨ ਕਿ

***(ਬਾਕੀ ਅਗਲੇ ਸਫੇ 'ਤੇ)***

ਪ੍ਰਤੀਕਰਮ ਦਰ ਪ੍ਰਤੀਕਰਮ

# ਜਾਤ ਤੇ ਜਾਤੀਵਾਦ ਦਾ ਤੱਥ ਸੱਚ

'ਪੰਜਾਬ ਟਾਈਮਜ਼' ਦੇ 12 ਨਵੰਬਰ ਦੇ ਅੰਕ ਵਿਚ ਸੰਨੀ ਮਲਹਾਂਸ ਦਾ ਚੱਲ ਰਹੀ ਵਿਚਾਰ-ਚਰਚਾ ਵਿਚ ਪ੍ਰਤੀਕਰਮ ਛਪਿਆ। ਧੰਨ ਭਾਗ! ਉਨ੍ਹਾਂ ਇੰਨਾ ਪਾਰਦਰਸ਼ੀ ਅਤੇ ਨਿਰਲੇਪ ਵਿਸ਼ਲੇਸ਼ਣ ਕੀਤਾ, ਜਿਵੇਂ ਉਹ ਕੋਈ ਮਲਹਾਂਸ ਨਹੀਂ, ਸਗੋਂ ਪਰਮ ਹਾਂਸ ਹੋਵੇ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਖੇੜ ਦਿੱਤਾ। ਇੰਨੀ ਪ੍ਰੌਢ ਲਿਖਤ ਵਾਲੇ ਇਨਸਾਨ ਦਾ ਨਾਂ ਸੰਨੀ ਹੋਵੇ, ਯਕੀਨ ਨਹੀਂ ਆਇਆ। ਨਾਂ ਦੀ ਉਮਰ ਸਤਾਰਾਂ ਸਾਲ, ਲਿਖਤ ਦੀ ਪਚੱਤਰ ਸਾਲ!

ਸੰਨੀ ਮਲਹਾਂਸ ਦਾ ਤਾਤਪਰਜ ਹੈ, ਪੰਜਾਬੀ ਸਮਾਜ ਵਿਚ ਜਾਤੀਵਾਦ ਦਾ ਨਾਂ ਨਿਸ਼ਾਨ ਨਹੀਂ। ਸਾਡੇ ਵਿਦਵਾਨਾਂ ਵਿਚ ਨੌਂ ਸੌ ਨੜਿੰਨਵੇਂ ਦੋਸ਼ ਹੋਣਗੇ, ਪਰ ਜਾਤੀਵਾਦ ਪੱਖੋਂ ਨਿਰਾ ਗੰਗਾ ਜਲ ਹਨ। ਮੇਰੇ ਜਿਹਾ ਬੰਦਾ ਜੋ ਜਾਤੀਵਾਦ ਦੀ ਸ਼ਿਕਾਇਤ

ਅਵਤਾਰ ਸਿੰਘ (ਪ੍ਰੋ)
ਫੋਨ: 91-94175-18384

ਅਤੇ ਇਤਰਾਜ਼ ਕਰੇ, ਦਰਅਸਲ ਉਹੀ ਸੰਕੀਰਣ ਸੋਚ ਅਤੇ ਜਾਤੀਵਾਦ ਦੇ ਕੋਹੜ ਨਾਲ ਗ੍ਰਸਿਆ ਹੋਇਆ ਹੋਵੇਗਾ। ਸੰਨੀ ਨੇ ਆਪਣੀ ਖੋਜੀ ਬਿਰਤੀ ਰਾਹੀਂ ਇਹ ਵੀ ਪਤਾ ਲਾ ਲਿਆ ਕਿ ਮੇਰੀ ਜਾਤ ਵੀ ਪਾਤਰ ਵਾਲੀ ਹੈ। ਪਾਤਰ ਦੇ ਪੋਤੜੇ ਉਹ ਪਹਿਲਾਂ ਹੀ ਫੋਲ ਚੁੱਕਾ ਹੋਵੇਗਾ।

ਮੇਰਾ ਪਾਤਰ-ਹੇਜ ਉਸ ਮੁਤਾਬਕ ਨਿਰੋਲ ਜਾਤੀਵਾਦ ਹੈ। ਉਸ ਮੁਤਾਬਕ ਪਾਤਰ ਦੀ ਜਾਤ ਨਾਲ ਸਬੰਧਤ ਕਿਸੇ ਵੀ ਪਾਠਕ ਨੂੰ ਪਾਤਰ ਦੀ ਕਵਿਤਾ ਦੀ ਤਾਰੀਫ ਕਰਨ ਦਾ ਹੱਕ ਨਹੀਂ। ਸੰਨੀ ਦੇ ਕਿਸੇ ਦੋਸਤ ਨੇ ਉਸ ਨੂੰ ਦੱਸ ਦਿੱਤਾ ਕਿ ਰਾਮਗੜ੍ਹੀਆ ਕਾਲਜ ਵਿਚ ਕਿਸੇ ਗੈਰ-ਲੁਹਾਰ/ਤਰਖਾਣ ਨੂੰ ਤਾਂ ਫਟਕਣ ਵੀ ਨਹੀਂ ਦਿੰਦੇ ਹੋਣਗੇ। ਉਸ ਦੇ ਦੋਸਤ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਜਿਸ ਤਰ੍ਹਾਂ ਹੁਣ ਖਾਲਸਾ ਕਾਲਜ ਖਾਲਸਾ ਨਹੀਂ ਰਹੇ, ਰਾਮਗੜ੍ਹੀਆ ਕਾਲਜ ਵੀ ਰਾਮਗੜ੍ਹੀਆ ਨਹੀਂ ਰਹੇ। ਖਾਲਸਾ ਕਾਲਜਾਂ ਵਿਚ ਹੁਣ ਗਾਤਰੇ ਨਹੀਂ, ਗੋਤਰ ਦੇਖੇ ਜਾਂਦੇ ਹਨ। ਰਾਮਗੜ੍ਹੀਆ ਕਾਲਜਾਂ 'ਚ ਹੋਰ ਸਭ ਕੁਝ ਦੇਖਿਆ ਜਾਂਦਾ ਹੈ, ਗੋਤਰ ਨਹੀਂ।

ਜਾਤਾਂ-ਗੋਤਾਂ ਦਾ ਹਾਲ ਇਹ ਹੈ ਕਿ ਜਿਹੜਾ ਦੇਖੋ, ਰਾਜਪੂਤਾਂ 'ਚੋਂ ਘੁੰਮ ਘੁਮਾ ਕੇ ਅਖੀਰ ਖੱਤਰੀਆਂ 'ਚ ਵੜ ਜਾਂਦਾ ਹੈ।

ਹਿੰਦੂ ਮਿਥਿਹਾਸ ਵਿਚ ਇੱਕ ਦਿਲਚਸਪ ਕਥਾ ਹੈ ਕਿ ਪਰਜਾ ਨੇ ਬ੍ਰਹਮਾ ਕੋਲ ਫਰਿਆਦ ਕੀਤੀ ਕਿ ਸਾਡੀਆਂ ਸਮੱਸਿਆਵਾਂ ਦੇ ਸਦੀਵੀ ਹੱਲ ਲਈ ਇਕ ਰਾਜਾ ਥਾਪ ਦਿੱਤਾ ਜਾਵੇ, ਜੋ ਸਾਡੀ ਪ੍ਰਤਿਨਿਧਤਾ ਕਰੇ, ਜਿਸ ਵਿਚੋਂ ਅਸੀਂ ਖੁਦ ਨੂੰ ਦੇਖ ਸਕੀਏ। ਬ੍ਰਹਮਾ ਨੇ ਖੁਸ਼ ਹੋ ਕੇ ਅੱਠ ਦਿਸ਼ਾਵਾਂ ਦੇ ਲੋਕ ਪਾਲਾਂ ਦਾ ਇੱਕ ਇੱਕ ਗੁਣ ਲੈ ਕੇ ਛੁੱਪ ਨਾਂ ਦਾ ਰਾਜਾ ਥਾਪ ਦਿੱਤਾ, ਜਿਸ ਦਾ ਵੰਸ ਪਾਟ ਕੇ ਦੋ ਰਾਜ ਕੁਲਾਂ ਵਿਚ ਵੰਡਿਆ ਗਿਆ। ਦੱਖਣੀ ਭਾਰਤ ਵਿਚ ਅਰਬ ਸਾਗਰ ਦੇ ਕੰਢਿਆਂ 'ਤੇ ਯਦੂ ਵੰਸ ਨੇ ਤੇ ਉਤਰੀ ਭਾਰਤ ਵਿਚ ਸਰਸਵਤੀ ਦੇ ਕਿਨਾਰਿਆਂ 'ਤੇ ਪੁਰੂ ਵੰਸ ਨੇ ਰਾਜ ਚਲਾਇਆ। ਪੁਰੂ ਵੰਸ ਵਿਚੋਂ ਕੁਰੂ ਅਰਥਾਤ ਕੌਰਵ ਹੋਏ ਤੇ ਕੌਰਵਾਂ ਵਿਚੋਂ ਹੀ ਪਾਂਡਵ ਉਪਜੇ। ਉਤਰੀ ਵੰਸ ਕੌਰਵਾਂ ਤੇ ਪਾਂਡਵਾਂ ਦੇ ਮਹਾਂਯੁੱਧ ਵਿਚ ਦੱਖਣੀ ਯਦੂ ਵੰਸੀ ਸ੍ਰੀ ਕ੍ਰਿਸ਼ਨ ਨੇ ਪਾਂਡਵਾਂ ਦਾ ਸਾਥ ਦਿਤਾ।

ਸਿਕੰਦਰ ਤੋਂ ਹਾਰਨ ਵਾਲਾ ਰਾਜਾ ਪੋਰਸ ਪੁਰੂ ਵੰਸ ਨਾਲ ਸਬੰਧਤ ਸੀ। ਇੱਕ ਜਾਤੀ ਮਾਹਿਰ ਦੋਸਤ ਨੇ ਬੜੇ ਮਾਣ ਨਾਲ ਦੱਸਿਆ ਕਿ ਉਨ੍ਹਾਂ ਦੇ ਵਡਾਰੂਆਂ ਨੇ ਪੋਰਸ ਦੀ ਸੈਨਾ ਵਿਚ ਸਿਕੰਦਰ ਨਾਲ ਯੁੱਧ ਲੜਿਆ ਸੀ। ਉਸ ਨੇ ਇਹ ਵੀ ਫਖਰ ਮਹਿਸੂਸ ਕੀਤਾ ਕਿ ਪੋਰਸ ਦੇ ਹਾਰੇ ਜਾਂ ਮਾਰੇ ਗਏ ਸੈਨਕਾਂ ਦੀਆਂ ਔਰਤਾਂ ਸਿਕੰਦਰ ਦੇ ਜੇਤੂ ਜਰਨੈਲਾਂ ਨਾਲ ਉਲਝ ਕੇ ਸੁਲਝ ਗਈਆਂ ਸਨ, ਜਿਸ ਕਰਕੇ ਉਨ੍ਹਾਂ ਦੇ ਵੰਸ ਦੇ ਨੈਣ ਨਕਸ਼ ਯੂਨਾਨੀ ਹੋ ਗਏ। ਬੀਰਤਾ ਪੋਰਸੀ, ਨੈਣ ਨਕਸ਼ ਸਿਕੰਦਰੀ। ਲੱਜਾ?

ਸ਼ਾਸਨ ਅਤੇ ਪ੍ਰਸ਼ਾਸਨ ਖੱਤਰੀ ਵਰਣ ਦਾ ਕਾਰਜ ਸੀ। ਵੱਡੇ ਵੱਡੇ ਲੋਕ ਆਪਣੇ ਖਾਨਦਾਨ ਨੂੰ ਰਾਜਿਆਂ ਨਾਲ ਜੋੜ ਲੈਂਦੇ ਹਨ। ਸੰਤ ਸਿੰਘ ਸੇਖੋਂ ਵੀ ਆਪਣੇ ਗੋਤਰ ਨੂੰ ਰਾਜਸਥਾਨ ਵੱਲ ਨੂੰ ਖਿਚ ਕੇ ਲੈ ਜਾਂਦੇ ਸਨ। ਪਟਿਆਲੇ ਦੇ ਰਾਜ ਘਰਾਣੇ ਦੇ ਇਤਿਹਾਸ ਵਿਚ ਅਸੀਂ ਪੜ੍ਹਦੇ ਹਾਂ ਕਿ ਗੁਰੂਸਰ ਦੇ ਜੰਗ ਪਿਛੋਂ ਜਦ ਗੁਰੂ ਸਾਹਿਬ ਦੇ ਦੀਵਾਨ ਵਿਚ ਬਾਲਕ ਫੂਲ ਆਪਣੇ ਚਾਚੇ ਕਾਲੇ ਨਾਲ ਹਾਜ਼ਰ ਹੋਇਆ, ਤਾਂ ਸੁਭਾਵਕ ਹੀ ਪੇਟ ਵਜਾਉਣ ਲੱਗ ਪਿਆ। ਪੁੱਛਣ 'ਤੇ ਪਤਾ ਲੱਗਾ ਕਿ ਭੁੱਖ ਦਾ ਇਸ਼ਾਰਾ ਕਰ ਰਿਹਾ ਹੈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਸ ਬਾਲਕ ਦੀ ਸੰਤਾਨ ਗੁਰੂ ਨਾਨਕ ਦੇਵ ਦੀ ਕ੍ਰਿਪਾ ਨਾਲ ਰਾਜ ਭਾਗ ਭੋਗੇਗੀ। ਜ਼ਾਹਰ ਹੈ, 1631 ਈਸਵੀ ਵਿਚ ਫੂਲਕੀਆਂ ਦੇ ਬਾਬੇ ਢਿੱਡ ਵਜਾਉਂਦੇ ਸਨ। ਹੁਣ ਭਾਈ ਕਾਨ੍ਹ ਸਿੰਘ ਫੂਲਵੰਸੀਆਂ ਨੂੰ ਪਟਿਆਲੇ, ਜੀਂਦ ਤੇ ਨਾਭੇ ਤੋਂ ਖਿੱਚ ਕੇ ਯਦੂਵੰਸੀ ਭੱਟੀ ਰਾਜਪੂਤ ਜੈਸਲ ਤੱਕ ਲੈ ਗਏ।

ਕਿਸੇ ਬੰਦੇ ਨੇ ਦੁਸਾਂਝ ਕਲਾਂ ਦਾ ਸਮਾਜੀ ਇਤਿਹਾਸ ਲਿਖਿਆ ਤੇ ਖਟਕੜ ਕਲਾਂ ਦੇ ਵਿਦਵਾਨ ਚੌਧਰੀ ਕਿਸ਼ਨ ਸਿੰਘ ਨੂੰ ਦਿਖਾਉਣ ਗਿਆ। ਉਨ੍ਹਾਂ ਨੇ ਖਰੜਾ ਲਿਆ ਤੇ ਕਹਿਣ ਲੱਗੇ, "ਰੋਟੀ ਜੁੜ ਜਾਂਦੀ ਹੈ ਤਾਂ ਬੰਦਾ ਸਮਾਜੀ ਇਤਿਹਾਸ ਲੱਭਣ ਤੁਰ ਪੈਂਦਾ।" ਬੰਦਾ ਹਮੇਸ਼ਾ ਚੰਗੀ ਚੀਜ਼ 'ਚੋਂ ਹੀ ਗੌਰਵ ਹਾਸਲ ਕਰਦਾ ਹੈ। ਚੁਰਾਸੀ ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਸਮੇਂ ਡਰਨ ਵਾਲਾ, ਮਰਨ ਵਾਲਾ ਤੇ ਮਾਰਨ ਵਾਲਾ ਤਿੰਨੋਂ ਬਰਾੜ ਸਨ। ਕੋਈ ਕਿਸ 'ਤੇ ਗੌਰਵ ਕਰੇ!

ਜਾਤ ਇੱਕ ਪਰੰਪਰਕ ਪਛਾਣ ਹੈ। ਕੋਈ ਰੱਖੇ, ਨਾ ਰੱਖੇ, ਕਿਸੇ ਨੂੰ ਕੀ ਇਤਰਾਜ਼! ਪਰ, ਜਾਤੀਵਾਦ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਕੋਈ ਫਖ਼ਰ ਵਿਚ ਗ੍ਰਸਿਆ ਪਿਆ ਹੈ, ਕੋਈ ਹੀਣ ਭਾਵ ਵਿਚ। ਹੀਣ ਭਾਵ 'ਚ ਬੰਦਾ ਟੁੱਟ ਜਾਂਦਾ ਤੇ ਫਖ਼ਰ ਵਿਚ ਬਿਖਰ ਜਾਂਦਾ ਹੈ। "ਦੂਹਾ ਸਿਰਿਆ ਕਾ ਆਪਿ ਸੁਆਮੀ॥"

ਪਿਛੇ ਚੱਲੀ ਵਿਚਾਰ ਵਿਚ ਮੈਂ ਵਿਦਵਾਨਾਂ ਦੀਆਂ ਲਿਖਤਾਂ ਵਿਚ ਜਾਤੀਵਾਦ ਦੀਆਂ ਕੁਝ ਝਲਕਾਂ ਪੇਸ਼ ਕੀਤੀਆਂ। ਇਸ ਗੱਲ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਕਿ ਉਨ੍ਹਾਂ ਹਸਤੀਆਂ ਦੀ ਆਪਣੀ ਜਾਤ ਕਿਹੜੀ ਹੈ। ਅਜੋਕੇ ਪੰਜਾਬੀ ਆਚਾਰ ਵਿਹਾਰ ਅਤੇ ਗੀਤਾਂ ਵਿਚ ਇਕ ਜਾਤੀ ਵਿਸ਼ੇਸ਼ ਦਾ ਉਭਾਰ ਇਸ ਕਦਰ ਹੋ ਰਿਹਾ ਹੈ ਕਿ ਸੰਵੇਦਨਸ਼ੀਲ ਮਨਾਂ ਨੂੰ ਕੋਫਤ ਆਉਂਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਗੀਤ ਲਿਖਣ/ਗਾਉਣ ਵਾਲੇ ਉਸੇ ਜਾਤੀ ਨਾਲ ਸਬੰਧਤ ਹਨ। ਕਿਸੇ ਦਾ ਜਨਮ ਕਿਸ ਜਾਤ ਵਿਚ ਹੋਇਆ, ਕਿਸੇ ਦੇ ਵੱਸ ਦੀ ਗੱਲ ਨਹੀਂ। ਕਿਸੇ ਨੂੰ ਕਿਸੇ ਜਾਤ ਨਾਲ ਸਬੰਧਤ ਹੋਣ ਦਾ, ਮਲਹਾਂਸ ਦੀ ਤਰ੍ਹਾਂ, ਨਾ ਮਿਹਣਾ ਮਾਰਿਆ ਜਾ ਸਕਦਾ ਹੈ, ਨਾ ਇਨਾਮ ਦਿੱਤਾ ਜਾ ਸਕਦਾ ਹੈ।

ਜਾਤ ਅਤੇ ਜਾਤੀਵਾਦ ਦੋ ਗੱਲਾਂ ਹਨ। ਜਾਤ ਨੂੰ ਚਰਚਾ ਵਿਚ ਨਹੀਂ ਲਿਆਂਦਾ ਜਾ ਸਕਦਾ, ਜਾਤੀਵਾਦ ਦੀ ਚਰਚਾ ਹੋ ਸਕਦੀ ਹੈ। ਜਾਤ ਇੱਕ ਤੱਥ ਹੈ, ਜੋ ਸਾਡੀ ਮਾਨਸਿਕਤਾ ਵਿਚ ਦਾਖਲ ਹੋ ਕੇ ਸਾਡੇ ਵਿਹਾਰ 'ਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਵਿਹਾਰ ਜਦੋਂ ਵਿਚਾਰ ਦਾ ਰੂਪ ਅਖਤਿਆਰ ਕਰ ਕੇ ਦਿਮਾਗ ਨੂੰ ਚੜ੍ਹ ਜਾਂਦਾ ਹੈ ਤਾਂ ਇਸ ਨੂੰ ਜਾਤੀਵਾਦ ਕਿਹਾ ਜਾਂਦਾ ਹੈ। ਮਸਤਕ ਨੂੰ ਚੜ੍ਹਿਆ ਹੋਇਆ ਜਾਤੀ ਖੁਮਾਰ ਸਾਡੇ ਵਿਸ਼ਲੇਸ਼ਣ ਨੂੰ ਬੁਖਾਰ ਵਾਂਗ ਚੰਬੜ ਜਾਂਦਾ ਹੈ, ਜਿਸ ਕਰਕੇ ਕਿਸੇ ਨੂੰ ਪਾਤਰ ਪਸੰਦ ਨਹੀਂ, ਕਿਸੇ ਨੂੰ ਗੁਰਦਿਆਲ ਸਿੰਘ।

ਕੀ ਕਾਮਰੇਡ ਤੇ ਕੀ ਸਿੱਖ, ਸਾਰੇ ਹੀ ਜਾਤੀਵਾਦ ਕੁੱਛੜ ਚੁੱਕੀ ਫਿਰਦੇ ਹਨ। ਸਿੱਖ ਚਿੰਤਨ ਤੇ ਮਾਰਕਸੀ ਖਿਆਲਾਂ ਦੇ ਮਰਮੱਗ, ਸੰਘਣੀ ਵਿਸ਼ਾਲ ਛਾਂ ਅਤੇ ਧਰਮ ਦੇ ਪ੍ਰਤੀਕ, 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਨੇ ਆਪਣੀ ਪੁਸਤਕ 'ਰੀਝਾਂ ਤੇ ਰਮਜ਼ਾਂ' ਵਿਚ ਲਿਖਿਆ ਹੈ, "ਪੰਜਾਬੀ ਲੋਕਾਂ ਦੇ ਸੁਭਾਵ ਨੂੰ ਬਾਕੀ ਭਾਰਤੀਆਂ ਨਾਲੋਂ ਨਿਖੇੜਨ ਵਾਲੇ ਪਠਾਣ, ਤੁਰਕ, ਮੁਗਲ, ਈਰਾਨੀ ਜਾਂ ਅਰਬ ਲੋਕ ਨਹੀਂ। ਨਾ ਹੀ ਇਸ ਦੇਸ਼ ਦਾ ਵਿਸ਼ੇਸ਼ ਸੁਭਾਵ ਇਸ ਦੇਸ਼ ਦੇ ਆਦਿਵਾਸੀਆਂ ਨੇ, ਜਿਨ੍ਹਾਂ ਵਿਚ ਅਸੀਂ ਅੱਜ ਕਲ ਦੀਆਂ ਦਲਿਤ ਜਾਤੀਆਂ ਦੇ ਵਰਗਾਂ ਨੂੰ ਗਿਣ ਸਕਦੇ ਹਾਂ, ਨਿਰਣੇ ਕੀਤਾ ਹੈ ਤੇ ਨਾ ਹੀ ਪੁਰਾਣੇ ਬ੍ਰਾਹਮਣਾਂ ਕਸ਼ਤਰੀਆਂ ਨੇ। ਮੰਨਣ ਯੋਗ ਹੈ ਕਿ ਇਸ ਦੇਸ਼ ਦਾ ਸੁਭਾਵ ਨਿਰਮਾਣ ਕਰਨ ਵਾਲੀ ਜਾਤੀ, ਇਸ ਦੇ ਕਿਰਸਾਣ ਜੱਟਾਂ ਆਦਿ ਦੀ ਹੈ ਕਿਉਂਕਿ ਉਹ ਹੀ ਇਸ ਦੇ ਬਹੁ ਗਿਣਤੀ ਵਾਲੇ, ਸਮਾਜਕ ਤੇ ਰਾਜਸੀ ਬਲ, ਅਭਿਮਾਨ ਤੇ ਚਲੰਤ (ਡਾਇਨਾਮਿਕ) ਵਾਲੇ ਲੋਕ ਹਨ।"

ਪ੍ਰੋ. ਪੂਰਨ ਸਿੰਘ ਨੇ ਲਿਖਿਆ, 'ਪੰਜਾਬ ਜੀਉਂਦਾ ਗੁਰਾਂ ਦੇ ਨਾਂ 'ਤੇ।' ਪੰਜਾਬ ਨੂੰ ਸਿੱਖੀ ਦਾ ਪੰਘੂੜਾ ਅਨੁਮਾਨਿਆਂ ਜਾਂਦਾ ਹੈ। ਜੇ ਪੰਜਾਬ ਦੇ ਇਤਿਹਾਸ ਵਿਚੋਂ ਦਸ ਗੁਰੂ ਸਾਹਿਬਾਨ ਨੂੰ ਖਾਰਜ ਕਰ ਦੇਈਏ ਤਾਂ ਕੁਝ ਵੀ ਜ਼ਿਕਰਯੋਗ ਨਹੀਂ ਬਚਦਾ। ਬੇਸ਼ੱਕ ਗੁਰੂ ਸਾਹਿਬਾਨ ਕਿਸੇ ਵਿਸ਼ੇਸ਼ ਜਾਤੀ ਨਾਲ ਸਬੰਧ ਰੱਖਦੇ ਸਨ ਅਤੇ ਉਨ੍ਹਾਂ ਦੇ ਸਿੱਖ ਵੀ ਵਿਵਿਧ ਜਾਤੀਆਂ ਵਿਚੋਂ ਸਨ। ਪਰ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਦੀ ਗੌਰਵ ਕੀਰਤੀ ਦਾ ਸਿਹਰਾ ਉਨ੍ਹਾਂ ਦੀਆਂ ਜਾਤੀਆਂ ਨੂੰ ਨਹੀਂ, ਸਿਰਫ ਸਿਦਕ ਨੂੰ ਜਾਂਦਾ ਹੈ, "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।"

ਪ੍ਰਚੰਡ ਚਿੰਤਕ ਸੰਤ ਸਿੰਘ ਸੇਖੋਂ ਮੁਤਾਬਕ ਪੰਜਾਬ ਇਕ ਵਿਸ਼ੇਸ਼ ਜਾਤੀ ਦੇ ਨਾਂ ਜੀਉਂਦਾ ਹੈ, ਅਰਥਾਤ ਇੱਕ ਵਿਸ਼ੇਸ਼ ਜਾਤ ਹੀ ਅਸਲ ਅਰਥਾਂ ਵਿਚ ਪੰਜਾਬੀ ਹੈ। ਮੈਂ ਪਹਿਲੇ ਵਿਦਵਾਨ ਨਾਲ ਵਿਚਾਰ-ਚਰਚਾ ਸਮਾਪਤ ਕਰ ਦਿੱਤੀ ਹੈ। ਸੰਨੀ ਮਲਹਾਂਸ ਦੇ ਮੁਤਾਬਕ ਮੈਨੂੰ ਪਾਤਰ ਦੀ ਸ਼ਾਇਰੀ ਦੀ ਸਰਾਹਨਾ ਕਰਨ ਦਾ ਕੋਈ ਹੱਕ ਨਹੀਂ, ਕਿਉਂਕਿ ਉਸ ਮੁਤਾਬਕ ਮੇਰੀ ਜਾਤ ਵੀ ਪਾਤਰ ਵਾਲੀ ਹੈ। ਇਹ ਗੱਲ ਵੱਖਰੀ ਹੈ ਕਿ ਮੈਨੂੰ ਪਾਤਰ ਦੀ ਜਾਤ ਦਾ ਕੋਈ ਇਲਮ ਨਹੀਂ। ਸੰਨੀ ਮਲਹਾਂਸ ਨਾਲ ਚਰਚਾ ਛੇੜਨ ਦਾ ਮੇਰਾ ਕੋਈ ਇਰਾਦਾ ਨਹੀਂ।

ਕੋਈ ਜ਼ਿੱਦ ਵੀ ਨਹੀਂ ਕਿ ਮੈਂ ਸਿੱਖ ਸਮਾਜ ਵਿਚ ਜਾਤੀਵਾਦ ਸਾਬਤ ਕਰਕੇ ਹੀ ਰਹਿਣਾ। ਨਾ ਮੈਂ ਚਾਹੁੰਦਾ ਹਾਂ ਕਿ ਜਾਤੀਵਾਦ ਜ਼ਰੂਰ ਹੋਵੇ। ਜੇ ਇਹ ਨਹੀਂ ਹੈ ਤਾਂ ਇਸ ਤੋਂ ਵਧੇਰੇ ਖੁਸ਼ੀ ਦੀ ਗੱਲ ਕਿਹੜੀ ਹੋਵੇਗੀ! ਮੈਂ ਸਮਝਾਂਗਾ, ਗੁਰੂ ਸਾਹਿਬਾਨ ਅਤੇ ਭਗਤਾਂ ਨੂੰ ਜਾਤੀਵਾਦ ਦਾ ਕੋਈ ਟਪਲਾ ਲੱਗਾ ਸੀ। ਸਿਰਦਾਰ ਕਪੂਰ ਸਿੰਘ ਸਮੇਤ ਜਾਤੀਵਾਦ ਦੇ ਰੋਣੇ ਰੋਣ ਵਾਲੇ ਸਭ ਵਿਦਵਾਨ ਲੇਖਕਾਂ ਨੇ ਝੱਖ ਮਾਰਿਆ ਹੈ। ਪਰ ਮੈਂ ਪੰਜਾਬੀ ਲੇਖਕਾਂ ਤੋਂ ਇਹ ਜਾਣਨ ਦਾ ਇੱਛਕ ਜ਼ਰੂਰ ਹਾਂ ਕਿ ਸੰਤ ਸਿੰਘ ਸੇਖੋਂ ਦਾ ਉਕਤ ਵਿਚਾਰ ਜਾਤੀਵਾਦੀ ਹੈ ਕਿ ਨਹੀਂ?

# ਸੰਨੀ ਮਲਹਾਂਸ: ਪਰਤ ਦਰ ਪੜਤ

ਮੈਂ ਪੰਜਾਬ ਟਾਈਮਜ਼ ਦਾ ਬਾਕਾਇਦਾ ਪਾਠਕ ਨਹੀਂ ਹਾਂ, ਪਰ ਪ੍ਰਭਸ਼ਰਨਬੀਰ ਸਿੰਘ ਤੇ ਪ੍ਰੋ. ਅਵਤਾਰ ਸਿੰਘ ਦਰਮਿਆਨ ਚੱਲ ਰਹੀ ਸਾਰੀ ਵਿਚਾਰ-ਚਰਚਾ ਪੜ੍ਹੀ ਹੈ। ਕਾਰਨ? ਪ੍ਰਭਸ਼ਰਨਬੀਰ ਦੀ ਲਿਖਤ ਪਹਿਲਾਂ ਮੈਂ ਹੀ ਪੜ੍ਹੀ ਸੀ ਤੇ ਪਾਤਰ ਤੇ ਮਹਿਬੂਬ ਸਬੰਧੀ ਉਸ ਦੀ ਗੈਰਜ਼ਿੰਮੇਵਾਰਾਨਾ ਅਤੇ ਬੇਸਮਝ ਧਾਰਨਾ ਬਾਰੇ ਕੁਝ ਲਿਖਣ ਲਈ ਮੈਂ ਹੀ ਅਵਤਾਰ ਸਿੰਘ ਨੂੰ ਕਿਹਾ ਸੀ। ਲਿਖ ਕੇ ਗੱਲ ਕਹਿਣ ਦਾ ਸੰਕੋਚੀ ਹੋਣ ਕਰਕੇ ਮੇਰੇ ਤੋਂ ਅਜਿਹਾ

ਹਰਪਾਲ ਸਿੰਘ (ਪ੍ਰੋ.) ਬੰਗਿਆਂਵਾਲਾ
prof.singh.harpal@gmail.com

ਨਹੀਂ ਸੀ ਹੋ ਸਕਣਾ। ਪਰ ਮੁਕੰਮਲ ਬਹਿਸ ਨੂੰ ਪੜ੍ਹਨਾ ਮੇਰਾ ਇਖਲਾਕੀ ਫਰਜ਼ ਬਣ ਗਿਆ।

ਸੰਨੀ ਮਲਹਾਂਸ ਦੇ ਬਹਿਸ ਵਿਚ ਉਤਰਨ ਬਾਅਦ ਮੈਂ ਵੀ ਲਿਖਣ ਲਈ ਉਤੇਜਿਤ ਹੋ ਗਿਆ। ਮੇਰੇ ਤੇ ਸੰਨੀ ਦੀ ਉਤੇਜਨਾ ਵਿਚ ਫਰਕ ਹੋ ਸਕਦਾ ਹੈ, ਕਿਉਂਕਿ ਉਸ ਵਾਂਗ ਮੈਂ ਕਿਸੇ ਇੱਕ ਦੀ ਹਮਾਇਤ ਵਿਚ ਨਹੀਂ ਲਿਖ ਰਿਹਾ। ਇਸ ਨੂੰ ਉਸ ਦੀ ਲਿਖਤ ਦੀ ਖੂਬੀ ਕਹਿ ਲਓ ਜਾਂ ਸਿਤਮ ਕਿ ਸਾਧਾਰਣ ਪੜ੍ਹਤ ਵਿਚ ਉਨ੍ਹਾਂ ਉਤੇ ਇਹ ਇਲਜ਼ਾਮ ਨਹੀਂ ਲੱਗ ਸਕਦਾ। ਜ਼ਰਾ ਕੁ ਘੋਖਵੀਂ ਨਜ਼ਰ ਉਪਰੰਤ ਜੋ ਮੈਨੂੰ ਸਮਝ ਪਿਆ ਹੈ, ਉਹ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

ਸੰਨੀ ਮਲਹਾਂਸ ਮੁਤਾਬਕ ਪ੍ਰਭਸ਼ਰਨਬੀਰ ਦੇ ਲੇਖ ਵਿਚ ਕੁਝ ਵੀ ਅਸਪਸ਼ਟ ਨਹੀਂ। ਪਰ ਉਸ ਨੇ ਪਾਠਕ ਨੂੰ ਇਹ ਵੀ ਨਹੀਂ ਕਿਹਾ ਕਿ ਅਵਤਾਰ ਸਿੰਘ ਦਾ ਲੇਖ ਅਜਿਹੀ ਸਿਫਤ ਦਾ ਹੱਕਦਾਰ ਨਹੀਂ। ਉਸ ਦੀ ਲਿਖਤ ਤੋਂ ਇਹ ਇਸ਼ਾਰਾ ਸਹਿਜੇ ਹੀ ਮਿਲ ਜਾਂਦਾ ਹੈ ਕਿ ਉਹ ਦੋਵੇਂ ਐਡੋਰਨੋ ਦੇ ਕਾਇਲ ਹਨ। ਜਦ ਐਡੋਰਨੋ ਨੇ ਪ੍ਰਭਸ਼ਰਨਬੀਰ ਮੁਤਾਬਕ ਕਵਿਤਾ ਬਾਰੇ ਅਖੀਰ ਵਿਚ ਆਪਣੀ ਧਾਰਨਾ ਬਦਲ ਹੀ ਲਈ ਤਾਂ ਉਸ ਦੀ ਕਵਿਤਾ ਲਿਖਣ ਨੂੰ ਬਰਬਰਤਾ ਕਹਿਣ ਵਾਲੀ ਗੱਲ ਨੂੰ ਤੂਲ ਦੇਣਾ ਬਿਲਕੁਲ ਫਜ਼ੂਲ ਗੱਲ ਬਣ ਜਾਂਦੀ ਹੈ।

ਹਰਿੰਦਰ ਸਿੰਘ ਮਹਿਬੂਬ ਦੇ ਸੰਦਰਭ ਵਿਚ ਪ੍ਰਭਸ਼ਰਨਬੀਰ ਦਾ ਇਹ ਕਹਿਣਾ ਜਾਂ ਅਨੁਮਾਨਣਾ ਕਿ ਉਨ੍ਹਾਂ ਦੀ ਸ਼ਾਇਰੀ ਦੇ ਉਚ-ਕੁਲੀ ਹੋਣ ਦਾ ਸਰੀਂਹਦਾ ਕਾਰਨ 1984 ਦਾ ਸਿੱਖ ਦਰਦ ਹੈ, ਉਨ੍ਹਾਂ ਦੀ ਸ਼ਖਸੀਅਤ ਜਾਂ ਕਾਵਿ-ਕਾਬਲੀਅਤ ਲਈ ਹਰਗਿਜ਼ ਪ੍ਰਸ਼ੰਸਾਯੋਗ ਨਹੀਂ। ਮਹਾਨ ਕਵਿਤਾ ਦੀ ਉਚੇ ਨਛੱਤਰਾਂ ਵਸਣ ਵਾਲੀ ਸੁੰਦਰਤਾਈ ਨੂੰ ਉਹ ਧਰਾਤਲ 'ਤੇ ਖੜ੍ਹਾ ਕਰਕੇ ਜਵਾਬ-ਤਲਬੀ ਕਰਨਾ ਲੋੜਦਾ ਹੈ। ਮਿਰਜ਼ਾ ਗਾਲਿਬ ਨੇ 1857 ਦੀ ਅਫਰਾ ਤਫਰੀ ਬਾਰੇ ਕੁਝ ਨਹੀਂ ਲਿਖਿਆ, ਕਿਉਂਕਿ ਕਵਿਤਾ ਤੁਕਬੰਦੀ-ਵਿਉਂਤਬੰਦੀ ਨਹੀਂ। ਇਸ ਦਾ ਨਿਰਮਾਣ ਨਹੀਂ ਕੀਤਾ ਜਾਂਦਾ। ਗੈਬ 'ਚੋਂ ਖਿਆਲ ਉਤਰਦੇ ਹਨ ਅਤੇ ਕਾਗਜ਼ 'ਤੇ ਚੱਲਦੀ ਕਲਮ ਦੀ ਸਰਸਰਾਹਟ ਫਰਿਸ਼ਤਿਆਂ ਦੀ ਆਵਾਜ਼ ਤੁੱਲ ਹੁੰਦੀ ਹੈ: "ਆਤੇ ਹੈਂ ਗੈਬ ਸੇ ਯੇ ਮਜ਼ਾਮੀਂ ਖਯਾਲ ਮੇਂ, ਗਾਲਿਬ ਸਰੀਰ ਖਾਮਾ ਨਵਾਏ ਸਰੋਸ਼ ਹੈ।"

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਨੇ ਗੁਰਬਾਣੀ ਨੂੰ ਸਰਲਤਾ ਨਾਲ ਸਮਝਣ ਲਈ ਆਏ ਸਿੱਖਾਂ ਨੂੰ ਸਪਸ਼ਟ ਕਿਹਾ ਸੀ, 'ਅਨੁਭਵ ਰੂਪ' ਦੀ ਵਿਆਖਿਆ ਕਰਨ ਦੀ ਮੇਰੀ ਸਮਰੱਥਾ ਨਹੀਂ। ਮਲਹਾਂਸ ਜੀ ਪ੍ਰਭਸ਼ਰਨਬੀਰ ਦੀਆਂ ਦਲੀਲਾਂ ਵਿਚਲੇ ਅਭਾਵ ਨੂੰ ਸਮਝਦੇ ਹੋਏ ਵੀ (ਉਸ ਦੀ ਦਲੀਲ ਨਾਲ ਕੋਈ ਸਹਿਮਤ ਹੋਵੇ ਜਾਂ ਨਾ) ਸਪਸ਼ਟ ਕਹਿ ਕੇ ਇਸ ਕਮਜ਼ੋਰੀ ਨੂੰ ਢਕ ਛੱਡਦੇ ਹਨ।

ਮਲਹਾਂਸ ਦਾ ਇਹ ਦੋਸ਼ ਵੀ ਨਾਵਾਜਿਬ ਹੈ ਕਿ ਅਵਤਾਰ ਸਿੰਘ ਦੇ ਪ੍ਰਤੀਕਰਮ ਸੰਗਠਤ ਨਹੀਂ ਅਤੇ ਪ੍ਰਸੰਗਿਕ ਨੁਕਤਿਆਂ 'ਤੇ ਕੇਂਦਰਿਤ ਵੀ ਨਹੀਂ। ਜਾਪਦਾ ਹੈ, ਅਵਤਾਰ ਦੇ ਪ੍ਰਮਾਣ ਉਨ੍ਹਾਂ ਨੂੰ ਲੁਭਾਉਂਦੇ ਨਹੀਂ। ਮੈਂ ਇਹ ਤਾਂ ਨਹੀਂ ਕਹਾਂਗਾ ਕਿ ਗੁਰਬਾਣੀ ਜਾਂ ਸਿੱਖ ਦਰਸ਼ਨ ਨੂੰ ਦਲੀਲ ਦਾ ਹਿੱਸਾ ਬਣਾਉਣ ਨੂੰ ਉਹ ਹਕਾਰਤ ਦੇ ਨਜ਼ਰੀਏ ਤੋਂ ਵੇਖਦੇ ਹਨ। ਜਦੋਂ ਬਹਿਸ ਅਧੀਨ ਵਿਸ਼ਾ ਪੰਜਾਬ, ਸਿੱਖੀ ਅਤੇ ਸਿੱਖ ਇਤਿਹਾਸ ਹੋਵੇ ਤਾਂ ਸਿੱਖ ਚਿੰਤਨ ਨੂੰ ਕਸਵੱਟੀ ਵਜੋਂ ਵਰਤਣਾ ਕਿਵੇਂ ਅਣਉਚਿਤ ਹੋਇਆ?

ਹਰ ਵਿਦਵਾਨ ਦੀਆਂ ਦਲੀਲਾਂ ਦਾ ਆਪਣਾ ਜੁਦਾਗਾਨਾ ਸੰਗਠਨ ਵੀ ਹੁੰਦਾ ਹੈ। ਵਿਦਵਾਨਾਂ ਦੀ ਆਲੋਚਨਾ ਸ਼ੈਲੀ ਹਮੇਸ਼ਾ ਇਕਸਾਰ ਨਹੀਂ ਹੁੰਦੀ। ਜੇ ਉਹ ਆਪਣੀ ਗੱਲ ਸਥਾਪਤ ਕਰਨ ਅਤੇ ਲੋੜ ਮੁਤਾਬਕ ਦੂਜੇ ਦੀ ਦਲੀਲ ਕਟਣ ਵਿਚ ਸਫਲ ਹੋ ਜਾਂਦਾ ਹੈ ਤਾਂ ਉਸ ਦੇ ਵਿਚਾਰ ਸੰਗਠਿਤ ਨਾ ਹੋਣ ਜਾਂ ਪ੍ਰਸੰਗਿਕ ਨੁਕਤਿਆਂ 'ਤੇ ਕੇਂਦ੍ਰਿਤ ਨਾ ਹੋਣ ਦਾ ਦੋਸ਼ ਨਿਆਂਏ-ਸੰਗਤ ਨਹੀਂ ਕਿਹਾ ਜਾ ਸਕਦਾ।

ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਦਵਤਾ ਅਤੇ ਅਣਥੱਕ ਮਿਹਨਤ ਦਾ ਜਾਗਦਾ ਪ੍ਰਮਾਣ ਹੈ। ਪਰ ਕੀ ਉਸ ਦੇ ਕਿਸੇ ਵੀ ਇੰਦਰਾਜ ਉਤੇ ਉਂਗਲ ਨਹੀਂ ਉਠਾਈ ਜਾ ਸਕਦੀ? ਇਹ ਕਹਿ ਕੇ ਕਿ ਉਸ ਦੇ ਕਈ ਇੰਦਰਾਜ ਅਜਿਹੇ ਹਨ, ਜਿਨ੍ਹਾਂ ਵਿਚ ਉਸ ਨੇ ਨਿਜੀ ਰੰਜਸ਼ੀ ਕਿੜਾਂ ਕੱਢੀਆਂ ਹਨ, ਮੈਂ ਇਸ ਮਹਾਨ ਗ੍ਰੰਥ ਅਤੇ ਉਸ ਦੀ ਦੇਣ ਨੂੰ ਛੁਟਿਆਉਣਾ ਨਹੀਂ ਚਾਹੁੰਦਾ। ਗਿਆਨੀ ਗਿਆਨ ਸਿੰਘ ਦੀ ਸ਼ਖਸੀਅਤ ਅਤੇ ਲਿਖਤ ਬਾਰੇ ਭਾਈ ਨਾਭਾ ਦੀ ਮੰਦ ਬਿਰਤੀ, ਸਬੰਧਤ ਇੰਦਰਾਜ ਤੋਂ ਸਪਸ਼ਟ ਹੋ ਜਾਂਦੀ ਹੈ। ਜੇ ਅਵਤਾਰ ਸਿੰਘ ਨੇ ਭਾਈ ਨਾਭਾ ਵਲੋਂ ਆਪੂੰ ਲਿਖੀ ਗੱਲ ਵਿਚਲੇ ਕੱਚ ਦੇ ਸੱਚ ਨੂੰ ਫੜ ਲਿਆ ਤਾਂ ਇਹ ਅਨਰਥ ਕਿਵੇਂ ਹੋ ਗਿਆ? ਜਾਦੂ ਵਹ ਜੋ ਸਿਰ ਚੜ੍ਹ ਬੋਲੇ। ਜੇ ਇਹ ਅਖਾਣ ਕਿਧਰੇ ਨਾਭਾ ਸਾਹਿਬ 'ਤੇ ਢੁਕ ਗਿਆ ਤਾਂ ਅਵਤਾਰ ਦਾ ਕੀ ਕਸੂਰ!

ਅਵਤਾਰ ਸਿੰਘ ਉਤੇ ਆਵੇਸ਼ ਵਿਚ ਆ ਕੇ ਔਝੜੇ ਪੈਣ ਦਾ ਇਲਜ਼ਾਮ ਵੀ ਮੜ੍ਹਿਆ ਗਿਆ ਹੈ। ਮੇਰੀ ਜਾਤੀ ਰਾਇ ਹੈ ਕਿ ਸਿੱਖੀ ਦੇ ਲਿਬਾਸ ਵਿਚ ਜਾਤੀਵਾਦ ਦੀ ਗੱਲ ਕਰਨਾ ਅਯੋਗ ਹੈ ਤੇ ਨਾ ਮੁਆਫ ਕਰਨਯੋਗ ਗੁਨਾਹ ਹੈ। ਇੰਜ ਕਰਨ ਵਾਲੇ ਨੂੰ ਵੰਗਾਰਨਾ ਅਤੇ ਬੇਪਰਦ ਕਰਨਾ ਇਕ ਮੁਕੱਦਸ ਕਰਮ ਹੀ ਕਿਹਾ ਜਾਣਾ ਚਾਹੀਏ। ਪਤਾ ਨਹੀਂ ਕੀ ਸੋਚ ਕੇ ਮਲਹਾਂਸ ਜੀ ਨੇ ਅਵਤਾਰ ਸਿੰਘ ਦੀ ਮਹਿਬੂਬ-ਪਾਤਰ ਕਵਿਤਾ ਦੇ ਵਿਸ਼ਲੇਸ਼ਣ ਨੂੰ 'ਦਾਰਸ਼ਨਿਕ ਬਿਰਤੀ ਤੋਂ ਕੋਰੀ ਆਲੋਚਨਾ' ਕਹਿ ਕੇ ਮੂਲੋਂ ਨਕਾਰ ਦਿਤਾ। ਸਗੋਂ ਇਹ ਗੱਲ ਪ੍ਰਭਸ਼ਰਨਬੀਰ ਉਤੇ ਸਹੀ ਢੁਕਦੀ ਹੈ। ਟੈਗੋਰ ਮੁਤਾਬਕ ਕਵਿਤਾ ਨੂੰ ਪਰਖਣ ਦੀ ਪ੍ਰਭਸ਼ਰਨ-ਵਿਧੀ ਉਸ ਸੁਨਿਆਰੇ ਦੀ ਭਾਂਤੀ ਹੈ ਜੋ ਪੱਥਰ ਦੀ ਕਸਵੱਟੀ ਲੈ ਕੇ ਫੁੱਲਾਂ ਦੀਆਂ ਪੱਤੀਆਂ ਦੀ ਪਰਖ ਕਰਨ ਲਈ ਬਾਗ ਵਿਚ ਜਾ ਵੜਦਾ ਹੈ।

ਪਾਤਰ ਅਤੇ ਅਵਤਾਰ ਦੀ ਸਮਾਜੀ ਜਾਤ ਨੂੰ ਚਿਤਾਰਨਾ ਮਲਹਾਂਸ ਦੀ ਆਲੋਚਨਾਤਮਕ ਪ੍ਰਤਿਭਾ ਨੂੰ ਕੋਈ ਚਾਰ ਚੰਦ ਨਹੀਂ ਲਾਉਂਦਾ। ਇਹ ਨੀਵੇਂ ਪੱਧਰ ਦਾ ਹਮਲਾ ਹੈ, ਜਿਸ ਨੂੰ ਅੰਗਰੇਜ਼ੀ ਵਾਲੇ 'ਟੂ ਹਿਟ ਬਿਲੋਅ ਦ ਬੈਲਟ' ਆਖਦੇ ਹਨ। ਅਜਿਹਾ ਕਰਕੇ ਇੱਕ ਤਰੀਕੇ ਨਾਲ ਉਨ੍ਹਾਂ ਨੇ ਅਵਤਾਰ ਦੀਆਂ ਪੁਖਤਾ ਦਲੀਲਾਂ ਮੋਹਰੇ ਹਾਰ ਮੰਨ ਲਈ ਹੈ। ਗੁਰਬਚਨ 'ਫਿਲਹਾਲ' ਨੂੰ ਪੰਜਾਬੀ ਲੇਖਕਾਂ ਦੀ ਆਲੋਚਨਾ ਦੇ ਸਬੰਧ ਵਿਚ ਆਖਰੀ ਫਤਵਾ ਸਮਝ ਲੈਣਾ ਵੀ ਸਾਡੀ ਬੌਧਿਕ ਪ੍ਰਬੁੱਧਤਾ ਨੂੰ ਕਲੰਕਿਤ ਕਰਦਾ ਹੈ। ਉਸ ਦੇ ਕਹਿਣ 'ਤੇ ਪਾਸ਼ ਸਿਰਮੌਰ ਅਤੇ ਪਾਤਰ ਤੁੱਛ ਨਹੀਂ ਬਣ ਜਾਂਦਾ। ਉਹ ਸਿਆਣਾ ਹੈ ਪਰ ਉਹ ਆਪਣੇ ਜ਼ਾਵੀਏ ਦੀ ਕੈਦ ਵੀ ਹੰਢਾ ਰਿਹਾ ਹੈ।

ਮਲਹਾਂਸ ਨੇ ਇਸ ਬਹਿਸ ਉਤੇ ਟਿੱਪਣੀ ਕਰਨ ਲਈ ਮੁੱਢੋਂ ਗਲਤ ਪੈਂਤੜਾ ਚੁਣਿਆ ਹੈ। ਉਸ ਦੀ ਵੇਦਨਾ ਇਹ ਜਾਪਦੀ ਹੈ ਕਿ ਪ੍ਰਭਸ਼ਰਨਬੀਰ 'ਕੱਲਾ ਕਾਰਾ ਇਹ ਲੜਾਈ ਲੜ ਰਿਹਾ ਹੈ ਅਤੇ ਉਹ ਆਪ ਭਰਾਤਰੀ ਭਾਵ ਦੇ ਨਾਤੇ ਕਿਉਂ ਨਾ ਇਸ ਜਹਾਦ ਵਿਚ ਸ਼ਾਮਲ ਹੋਵੇ; 'ਬਾਝ ਭਰਾਵਾਂ ਮਾਰਿਆ, ਅਇ; ਕੋਈ ਨਾ ਮਿਰਜ਼ੇ ਦੇ ਸੰਗ।' ਸੰਨੀ ਮਲਹਾਂਸ ਨੇ ਸਾਰੀ ਬਹਿਸ ਦਾ ਨਿਚੋੜ ਇਹ ਕੱਢਿਆ ਹੈ, 'ਜਾਤੀਵਾਦ ਦੀ ਗੱਲ ਕਰਨ ਵਾਲਾ ਅਵਤਾਰ ਕੁਰਾਹਿਆ ਹੈ ਅਤੇ ਪ੍ਰਭਸ਼ਰਨਬੀਰ, ਅਜਿਹੇ ਕਿਸੇ ਵੀ ਇਲਜ਼ਾਮ ਤੋਂ ਅਸਲੋਂ ਮੁਕਤ ਹੈ।' ਪ੍ਰੰਤੂ ਪਾਠਕਾਂ ਨੂੰ ਆਪਣੀ ਰਾਇ ਬਣਾਉਣ ਤੋਂ ਕੋਈ ਰੋਕ ਸਕਦਾ ਹੈ ਭਲਾ!

ਸਿੱਖੀ ਦਾਅਵਾ ਅਤੇ ਜਾਤੀਵਾਦ ਕਿਸੇ ਇਕ ਮਿਆਨ ਵਿਚ ਨਹੀਂ ਸਿਮਟ ਸਕਦੇ। ਕਿਸੇ ਇਕ ਨੂੰ ਪ੍ਰਣਾਈ ਸੋਚ ਦੂਜਿਆਂ ਨੂੰ ਖੁਦ-ਬ-ਖੁਦ ਨਕਾਰ ਦਿੰਦੀ ਹੈ। ਸਿੱਖ ਇਤਿਹਾਸ ਦੇ ਸੁਨਹਿਰੀ ਯੁੱਗ ਦੀ ਪੰਥ ਪ੍ਰਕਾਸ਼ ਦੇ ਕਰਤਾ ਵਲੋਂ ਬੰਨ੍ਹੀ ਸਿੱਖ ਰਹਿਣੀ-ਬਹਿਣੀ ਦੀ ਤਸਵੀਰ ਸਿੱਖੀ ਦੇ ਸ਼ਾਖਸਾਤ ਸੱਚ ਦਾ ਨਿਖੇੜਾ ਕਰ ਦਿੰਦੀ ਹੈ:

ਖਾਣਾ ਭੀ ਇਕੱਠੇ ਸਭ ਖੈ ਹੈਂ,
ਸਕੇ ਬੀਰ ਆਪਸ ਮੇਂ ਥੈ ਹੈਂ।
ਜਾਤ ਗੋਤ ਕੁਲ ਕਿਰਿਆ ਨਾਮ,
ਪਿਛਲੇ ਜੋ ਤਜ ਦੇਤ ਤਮਾਮ।
ਘਰ ਮੈਂ ਸਿੱਖ ਸਿੱਖ ਕੇ ਜਾਵੈ,
ਮਾਲਕ ਸਮ ਹਉ ਸੋਊ ਕਹਾਵੈ।
ਬਨੇ ਰਹੇ ਸਭ ਸਕੇ ਬਿਰਾਦਰ,
ਇਕ ਕੋ ਦੂਸਰ ਦੇਵਤ ਆਦਰ।

ਮਲਹਾਂਸ ਨੇ ਅਜਮੇਰ ਸਿੰਘ ਨੂੰ ਕਿਉਂ ਜਾਤੀਵਾਦ ਨਾਲ ਜੋੜ ਦਿੱਤਾ, ਮੇਰੀ ਸਮਝ ਤੋਂ ਬਾਹਰ ਹੈ। ਅਜੇ ਤੱਕ ਕਿਸੇ ਨੇ, ਸਣੇ ਅਵਤਾਰ ਸਿੰਘ, ਉਸ 'ਤੇ ਅਜਿਹਾ ਦੋਸ਼ ਨਹੀਂ ਲਾਇਆ। ਅਜਮੇਰ ਸਿੰਘ ਨੂੰ ਹਊਆ ਬਣਾ ਕੇ ਪੇਸ਼ ਕਰਨਾ ਉਸ ਨਿਮਰ ਭਾਵੀ ਸਿੱਖ ਵਿਦਵਾਨ ਦੀ ਸ਼ਖਸੀਅਤ ਅਤੇ ਲੇਖਣੀ ਨਾਲ ਨਿਆਂ ਨਹੀਂ, ਬਸ਼ਰਤਿ ਸੰਨੀ ਮਲਹਾਂਸ ਉਸ ਨੂੰ ਖਾਹਮਖਾਹ ਆਪਣੀ ਧਿਰ ਬਣਾਉਣ ਦੀ ਅਕਾਂਖਿਆ ਨਾ ਰੱਖਦੇ ਹੋਣ!

## ਸਨਾਤਨਤਾ ਦੀ ਦਲਦਲ 'ਚ ਖੁੱਭੀ ਮਾਨਸਿਕਤਾ

(ਪਿਛਲੇ ਸਫੇ ਦੀ ਬਾਕੀ)


ਇਹ ਅਵਤਾਰ ਤੇ 'ਨਾਦ ਪ੍ਰਗਾਸ' ਦੀ ਆਰ. ਐਸ. ਐਸ. ਨਾਲ ਸਾਂਝ ਦਾ ਨਤੀਜਾ ਹੈ। ਪਰ ਮੈਨੂੰ ਨਿਜੀ ਤੌਰ ਤੇ ਇਸ ਬਾਰੇ ਕੋਈ ਜਾਣਕਾਰੀ ਨਹੀਂ, ਹੋ ਸਕਦਾ ਹੈ ਕਿ ਇਹ ਮਹਿਜ ਅਵਤਾਰ ਦੀ ਬੌਧਿਕ ਤੇ ਮਾਨਸਿਕ ਕਮਜ਼ੋਰੀ ਦਾ ਹੀ ਨਤੀਜਾ ਹੋਵੇ। ਹਿੰਦੁਤਵੀਆਂ ਦੀ ਬੋਲੀ ਬੋਲਣ ਵਾਲੇ ਸਿੱਖਾਂ ਦੇ ਆਰ.ਐਸ.ਐਸ. ਨਾਲ ਸਿੱਧੇ ਸਬੰਧਾਂ ਦੀ ਘੋਖ ਕਰਨ ਦੀ ਥਾਂ ਇਹ ਸਮਝਣਾ ਜ਼ਿਆਦਾ ਅਹਿਮ ਹੈ ਕਿ ਸਿੱਖਾਂ ਦੇ ਇਕ ਹਿੱਸੇ ਉਤੇ ਹਿੰਦੂਤਵੀ ਤਾਕਤਾਂ ਨੇ ਕਿੰਨਾ ਡੂੰਘਾ ਮਾਨਸਿਕ ਦਬਾਅ ਬਣਾ ਲਿਆ ਹੈ। ਅਵਤਾਰ ਵਰਗੇ ਬੰਦੇ ਸਿੱਖਾਂ ਦੀ ਨਿਆਰੀ ਹਸਤੀ ਮਿਟਾਉਣ 'ਤੇ ਉਤਾਰੂ ਹਿੰਦੂਤਵੀ ਤਾਕਤਾਂ ਸਾਹਮਣੇ ਕੋਈ ਠੋਸ ਪੋਜ਼ੀਸ਼ਨ ਲੈਣ ਦੀ ਥਾਂ ਸਿੱਖਾਂ ਅਤੇ ਸਿੱਖੀ ਉਤੇ ਕੋਝੇ ਹਿੰਸਕ ਵਾਰ ਕਰਦੇ ਹਨ। ਅਵਤਾਰ ਹੋਰਾਂ ਨੂੰ ਇਸ ਰਾਹ ਤੋਰਨ ਵਿਚ ਜਗਦੀਸ਼ ਦੀ ਵੱਡੀ ਭੂਮਿਕਾ ਹੈ। ਸਾਨੂੰ ਸਭ ਨੂੰ ਕਿਸੇ ਵੀ ਕਿਸਮ ਦੇ ਵਿਚਾਰ ਰੱਖਣ ਅਤੇ ਪ੍ਰਗਟ ਕਰਨ ਦਾ ਪੂਰਾ ਹੱਕ ਹੈ। ਪਰ ਜਿਸ ਤਰੀਕੇ ਨਾਲ ਜਗਦੀਸ਼ ਅਵਤਾਰ ਅਤੇ 'ਨਾਦ-ਪ੍ਰਗਾਸ' ਨਾਲ ਜੁੜੇ ਵਿਦਿਆਰਥੀਆਂ ਰਾਹੀਂ ਆਪਣੀ ਗੱਲ ਕਹਿ ਕੇ ਹਿਸਾਬ ਲਾਉਣਾ ਚਾਹੁੰਦਾ ਹੈ ਕਿ ਸਿੱਖਾਂ ਵਿਚੋਂ ਇਨ੍ਹਾਂ ਖਿਆਲਾਂ ਦਾ ਕਿਹੋ-ਜਿਹਾ ਵਿਰੋਧ ਹੁੰਦਾ ਹੈ, ਇਸ ਵਿਚ ਇਮਾਨਦਾਰੀ ਵਾਲੀ ਕੋਈ ਗੱਲ ਨਹੀਂ। ਜਗਦੀਸ਼ ਨੂੰ ਜ਼ਿੰਮੇਵਾਰ ਬੰਦਿਆਂ ਵਾਂਗੂੰ ਆਪਣੇ ਵਿਚਾਰ ਖੁਦ ਅੱਗੇ ਆ ਕੇ ਪ੍ਰਗਟ ਕਰਨੇ ਚਾਹੀਦੇ ਹਨ, ਭੋਲੇ ਵਿਦਿਆਰਥੀਆਂ ਨਾਲ ਅਜਿਹਾ ਖਿਲਵਾੜ ਨਹੀਂ ਕਰਨਾ ਚਾਹੀਦਾ।

# ਪਹਿਲੀ ਵਰੇਸ ਦੇ ਪਰਛਾਵੇਂ

***ਤਕਰੀਬਨ ਡੇਢ ਦਹਾਕਾ ਪਹਿਲਾਂ ਆਪਣੀ ਰਿਟਾਇਰਮੈਂਟ ਤੋਂ ਬਾਅਦ, ਮੌਲਿਕ ਲੇਖਣੀ ਲਈ ਕਲਮ ਉਠਾਉਣ ਵਾਲੇ ਦਰਸ਼ਨ ਸਿੰਘ ਦਾ ਲੇਖਕਾਂ ਅਤੇ ਸਾਹਿਤ ਰਸੀਆਂ ਨਾਲ ਨੇੜਲਾ ਵਾਹ ਰਿਹਾ ਹੈ। ਸ਼ਾਇਦ ਇਸੇ ਕਰ ਕੇ ਜਦੋਂ ਉਨ੍ਹਾਂ ਕਲਮ ਉਠਾਈ, ਤਾਂ ਲਗਾਤਾਰ ਵਾਹੀ ਚਲੇ ਗਏ ਅਤੇ ਕਿਤਾਬਾਂ ਦੇ ਢੇਰ ਲਾ ਦਿੱਤੇ। ਉਨ੍ਹਾਂ ਦੀ ਲੇਖਣੀ ਦਾ ਰੰਗ ਵੀ ਨਿਆਰਾ ਹੈ। 'ਪਹਿਲੀ ਵਰੇਸ ਦੇ ਪ੍ਰਛਾਵੇਂ' ਵਿਚ ਉਨ੍ਹਾਂ 1947 ਵਾਲੀ ਵੰਡ ਵੇਲੇ ਦੇ ਲਾਹੌਰ ਅਤੇ ਸਰਗਰਮ ਲੇਖਕਾਂ ਦਾ ਨਕਸ਼ਾ ਖੂਬ ਖਿੱਚਿਆ ਹੈ। ਇਸ ਵਿਚ ਸਾਹਿਤ, ਸਿਆਸਤ ਅਤੇ ਸ਼ਖਸੀਅਤਾਂ ਦਾ ਮੇਲਾ ਲੱਗਿਆ ਜਾਪਦਾ ਹੈ। -ਸੰਪਾਦਕ***

ਸੰਨ 1947। ਅਗਸਤ ਮਹੀਨਾ। ਦੇਸ਼ ਆਜ਼ਾਦ ਹੁੰਦਾ-ਹੁੰਦਾ ਵੰਡਿਆ ਗਿਆ। ਇਕ ਤੋਂ ਦੋ ਹੋ ਗਿਆ। ਹਿੰਦੁਸਤਾਨ ਨਿਰੋਲ ਹਿੰਦੁਸਤਾਨ ਨਾ ਰਿਹਾ, ਹਿੰਦੁਸਤਾਨ ਤੇ ਪਾਕਿਸਤਾਨ ਹੋ ਗਿਆ। ਇਧਰ ਪੰਜਾਬ ਤੇ ਉਧਰ ਦੂਰ ਪੂਰਬ ਵਿਚ ਬੰਗਲਾ ਦੁਫਾੜ ਕਰ ਦਿੱਤੇ। ਪੰਜਾਬ ਦਾ ਪੱਛਮੀ ਤੇ ਕੁਝ ਕੇਂਦਰੀ ਹਿੱਸਾ ਪਾਕਿਸਤਾਨ ਦੇ ਹਵਾਲੇ ਹੋ ਗਿਆ ਤੇ ਪੰਜਾਬ ਦਾ ਕੁਝ ਕੇਂਦਰੀ ਹਿੱਸਾ ਤੇ ਪੂਰਬੀ ਹਿੱਸਾ ਹਿੰਦੁਸਤਾਨ ਦੇ। ਇਸ ਹਿੱਸੇ ਵਿਚ ਹਿੰਦੂਆਂ ਤੇ ਸਿੱਖਾਂ ਦੀ ਬਹੁਗਿਣਤੀ ਸੀ।

ਵੰਡ ਦੀ ਇਹ ਵਿੰਨ੍ਹਵੀਂ, ਪੱਛਦੀ ਲੀਕ ਖਿੱਚੀ ਤਾਂ ਸਿਰਫ ਸਰਹੱਦ ਉਤੇ ਗਈ ਸੀ, ਪਰ ਉਹ ਲੰਘਦੀ, ਆਪਣੇ ਅਜੀਬ ਅਦਿਸ ਢੰਗ ਨਾਲ, ਪੰਜਾਬ ਦੀ ਹਰ ਗਲੀ, ਮੁਹੱਲੇ, ਪਿੰਡ, ਕਸਬੇ ਤੇ ਸ਼ਹਿਰ ਵਿਚੋਂ ਸੀ। ਪੱਛਮ ਵਾਲੇ ਪਾਸੇ ਵਿਚੋਂ ਹਿੰਦੂ ਤੇ ਸਿੱਖ ਪੂਰਬ ਨੂੰ ਹਿੱਕ ਦਿੱਤੇ ਗਏ ਅਤੇ ਪੂਰਬ ਵਾਲੇ ਪੰਜਾਬ ਵਿਚੋਂ ਮੁਸਲਮਾਨ ਪੱਛਮ ਨੂੰ। ਉਨ੍ਹਾਂ ਨੂੰ ਅੱਗ ਤੇ ਲਹੂ ਦੇ ਝਨਾਂ ਚੀਰਨੇ ਪਏ। ਨਵੇਂ ਡੇਰੇ, ਨਵੇਂ ਵਸੇਬੇ ਲੱਭਣੇ ਪਏ। ਜ਼ਿੰਦਗੀ ਦੇ ਬੂਟੇ ਨਵੇਂ ਸਿਰਿਉਂ, ਨਵੀਆਂ, ਪੜਤਲ ਜ਼ਮੀਨਾਂ ਵਿਚ



**ਦਰਸ਼ਨ ਸਿੰਘ**

ਲਾਉਣੇ ਪਏ। ਰੱਤ ਤੇ ਮੁੜ੍ਹਕੇ ਨਾਲ ਸਿੰਜਣੇ ਪਏ। ਜਫ਼ਰ ਜਾਲ ਨਿਸਾਰਨੇ ਪਏ।

ਵੰਡਾਰੇ ਦੀ ਕੰਡਿਆਲੀ, ਝਰੀਟਦੀ ਲੀਕ ਸਾਹਿਤ ਅਤੇ ਸਭਿਆਚਾਰ ਦੇ ਕਾਮਿਆਂ ਦੇ ਸਿਰੀਂ ਵੀ ਵੱਜੀ। ਉਨ੍ਹਾਂ ਨੂੰ ਵੀ ਆਪਣੀ ਟਿੰਡ-ਫ੍ਹੁੜੀ ਚੁੱਕਣੀ ਪਈ ਅਤੇ ਪੂਰਬ ਤੇ ਪੱਛਮ ਵੱਲ ਧਾਈਆਂ ਕਰਨੀਆਂ ਪਈਆਂ। ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਭੁਲੇਖਾ ਸੀ ਕਿ ਉਨ੍ਹਾਂ ਦਾ ਇਹ ਸਫਰ ਦੋ-ਚਾਰ ਮਹੀਨਿਆਂ ਦੀ ਹੀ ਗੱਲ ਸੀ, ਫਿਰ ਉਨ੍ਹਾਂ ਵਾਪਸ ਵਤਨੀ ਪਹੁੰਚ ਜਾਣਾ ਸੀ, ਪਰ ਇਹ ਨਾ-ਲੱਗਦਾ ਭੁਲੇਖਾ, ਭੁਲੇਖਾ ਹੀ ਸਿੱਧ ਹੋਇਆ ਸੀ। ਸੰਨ ਸੰਤਾਲੀ ਦੀ ਇਹ ਤੋਰਾ-ਫੇਰੀ ਨਿਰੀ ਹਵਾ-ਬਦਲੀ ਨਹੀਂ ਸੀ, ਮੂਲ ਵਸੇਬਾ ਸੀ। ਵਾਪਸ ਮੁਹਾਰਾਂ ਮੋੜਨੀਆਂ ਮੁਮਕਿਨ ਨਹੀਂ ਸਨ। ਹੁਣ ਤਾਂ ਪਰਦੇਸ ਨੇ ਹੀ ਵਤਨ ਬਣਨਾ ਸੀ।

ਵੰਡਾਰੇ ਦੀ ਇਸ ਪਾੜਵੀਂ ਲੀਕ ਦੇ ਵੱਜਣ ਤੋਂ ਪਹਿਲਾਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਕੇਂਦਰ ਦਰਿਆ ਰਾਵੀ ਦੇ ਕੰਢੇ ਵੱਸਿਆ ਸ਼ਹਿਰ ਲਾਹੌਰ ਹੁੰਦਾ ਸੀ; ਉਹੀਓ ਸ਼ਹਿਰ ਜਿਹਨੂੰ ਵੇਖੇ ਬਿਨਾ ਲੋਕ ਜੰਮੇ-ਪਲੇ ਨਹੀਂ ਸਨ ਸਮਝੇ ਜਾਂਦੇ। ਉਥੇ ਹੀ ਯੂਨੀਵਰਸਿਟੀ ਹੁੰਦੀ ਸੀ, ਆਮ ਤੇ ਵਿਸ਼ੇਸ਼ ਪੜ੍ਹਾਈ ਵਾਲੇ ਕਾਲਜ, ਸਿਨਮੇ ਤੇ ਥਿਏਟਰ ਹੁੰਦੇ ਸਨ। ਰੇਡੀਓ ਸਟੇਸ਼ਨ ਤੇ ਫਿਲਮ ਸਟੂਡੀਓ। ਅਖਬਾਰ, ਰਸਾਲੇ ਤੇ ਪ੍ਰਕਾਸ਼ਨ ਗ੍ਰਹਿ ਹੁੰਦੇ ਸਨ। ਬਹੁਤੇ ਲੇਖਕ, ਪੱਤਰਕਾਰ, ਸੰਗੀਤਕਾਰ ਤੇ ਚਿੱਤਰਕਾਰ ਵੀ ਉਥੇ ਹੀ ਵਸਦੇ ਸਨ।

ਫੈਜ਼, ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਉਪਿੰਦਰ ਨਾਥ ਅਸ਼ਕ, ਅਹਿਮਦ ਨਦੀਮ ਕਾਸਮੀ, ਸਾਹਿਰ ਲੁਧਿਆਣਵੀ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਪ੍ਰੀਤਮ ਸਿੰਘ ਸਫੀਰ, ਕਰਤਾਰ ਸਿੰਘ ਦੁੱਗਲ ਤੇ ਬਲਵੰਤ ਗਾਰਗੀ, ਪੱਤਰਕਾਰ ਹੀਰਾ ਸਿੰਘ ਦਰਦ ਤੇ ਜਗਜੀਤ ਸਿੰਘ ਆਨੰਦ, ਸਾਰੇ ਉਥੇ ਹੀ ਰਹਿੰਦੇ ਸਨ। ਸ. ਗੁਰਬਖਸ਼ ਸਿੰਘ 'ਪ੍ਰੀਤਲੜੀ' ਭਾਵੇਂ ਲਾਹੌਰੋਂ ਆਪਣੇ ਆਪ-ਵਸਾਏ ਪਿੰਡ ਪ੍ਰੀਤ ਨਗਰ ਜਾ ਚੁੱਕੇ ਸਨ; ਉਨ੍ਹਾਂ ਦਾ ਪੁੱਤਰ, ਕਹਾਣੀਕਾਰ ਨਵਤੇਜ ਲਾਹੌਰ ਹੀ ਪੜ੍ਹਦਾ ਸੀ, ਤੇ ਉਨ੍ਹਾਂ ਦੀ ਕਿਤਾਬਾਂ ਦੀ ਦੁਕਾਨ ਪ੍ਰੀਤ ਨਗਰ ਬੁੱਕ ਸ਼ਾਪ, ਲਾਹੌਰ ਨਿਸਬਤ ਰੋਡ ਤੋਂ ਹੀ ਚੱਲਦੀ ਸੀ। ਉਭਰ ਰਿਹਾ ਕਵੀ ਤੇ ਮਾਰਕਸਵਾਦੀ ਵਿਦਵਾਨ ਰਣਧੀਰ ਸਿੰਘ ਵੀ ਉਥੇ ਹੀ ਵਿਦਿਆਰਥੀ ਲਹਿਰ ਵਿਚ ਸਰਗਰਮ ਸੀ। ਹਰਿਭਜਨ ਸਿੰਘ ਦੀ ਪ੍ਰਤਿਭਾ ਵੀ ਉਥੇ ਇੱਛਰੇ ਨਾਂ ਦੀ ਬਸਤੀ ਵਿਚ ਪੁੰਗਰ ਰਹੀ ਸੀ। ਸਾਡੀ ਅਜੀਤ ਕੌਰ ਵੀ ਉਸੇ ਸ਼ਹਿਰ ਦੀ ਹਸਪਤਾਲ ਰੋਡ ਦੇ ਕਿਸੇ ਚਿੱਕਾਂ ਢਕੇ ਘਰ ਵਿਚ ਦੁਬਕੀ ਬੈਠੀ ਸੀ ਤੇ ਖੁੱਲ੍ਹੀਆਂ, ਉਚੀਆਂ ਉਡਾਰੀਆਂ ਦੇ ਸੁਪਨੇ ਲੈ ਰਹੀ ਸੀ। ਸਾਡੇ ਮੋਹਰੀ ਚਿੱਤਰਕਾਰ ਉਚਾ ਸੁਣਦੇ ਸਤੀਸ਼ ਗੁਜਰਾਲ ਨੇ ਆਪਣਾ ਮੁਢਲਾ, ਛੋਟਾ ਜਿਹਾ ਸਟੂਡੀਓ ਮੈਕਲੋਡ ਰੋਡ ਦੇ ਇਕ ਸਿਨਮੇ ਦੀ ਦੂਜੀ ਮੰਜ਼ਲ ਉਤੇ ਬਣਾਇਆ ਸੀ ਤੇ ਉਹਦੀ ਇਕ ਕੰਧ 'ਤੇ ਉਹਦਾ ਚਿੱਤਰਿਆ 'ਵਾਰਿਸ ਸ਼ਾਹ ਦਾ ਮਜ਼ਾਰ' ਨਾਂ ਦਾ ਚਿੱਤਰ ਟੰਗਿਆ ਹੋਇਆ ਸੀ।

ਵੰਡਾਰੇ ਦੀ ਲੀਕ ਵੱਜਣ ਤੋਂ ਪਹਿਲਾਂ ਦਾ ਉਹ ਸਮਾਂ ਬੜਾ ਤੂਫਾਨੀ ਹੁੰਦਾ ਸੀ। ਅੰਗਰੇਜ਼ੀ ਰਾਜ ਆਖਰੀ ਸਾਹਾਂ 'ਤੇ ਸੀ। ਹਿੰਦੁਸਤਾਨ ਵਿਚ ਉਹਦਾ ਸੂਰਜ ਡੁੱਬਣ ਵਾਲਾ ਸੀ, ਪਰ ਇਸ ਸੂਰਜ ਡੁੱਬਣ ਤੋਂ ਬਾਅਦ ਰਾਤ ਨਹੀਂ ਸੀ ਹੋਣੀ, ਸਗੋਂ ਪਹਿਲਾਂ ਤੋਂ ਵੀ ਰੌਸ਼ਨ ਦਿਨ ਚੜ੍ਹ ਪੈਣਾ ਸੀ। ਸਭੋ ਲੇਖਕ ਤੇ ਰਚਨਾਕਾਰ ਉਛਾਲੇ ਵਿਚ ਸਨ। ਉਨ੍ਹਾਂ ਦੀਆਂ ਕਲਮਾਂ ਤੇ ਬੁਰਸ਼ਾਂ ਵਿਚ ਲੋਹੜੇ ਦੀ ਰਵਾਨੀ ਸੀ। ਉਹ ਸੁੱਤਿਆਂ-ਜਾਗਦਿਆਂ ਕਿਸੇ ਨਵੀਂ-ਨਵੇਲੀ ਜ਼ਿੰਦਗੀ ਦਾ ਖਵਾਬ ਲੈ ਰਹੇ ਸਨ।

ਬੜਾ ਕੁਝ ਰਚਿਆ ਜਾ ਰਿਹਾ ਸੀ। ਉਰਦੂ ਵਿਚ ਰਚਿਆ ਜਾਂਦਾ ਸਭ ਤੋਂ ਚੰਗਾ ਕੁਝ ਰਸਾਲੇ 'ਅਦਬ-ਏ-ਲਤੀਫ਼' ਅਤੇ 'ਹਮਾਯੂੰ' ਵਿਚ ਛਪ ਰਿਹਾ ਸੀ ਤੇ ਪੰਜਾਬੀ ਦਾ 'ਪ੍ਰੀਤਲੜੀ', 'ਪੰਜ ਦਰਿਆ', 'ਆਸ਼ਾ' ਤੇ 'ਫੁਲਵਾੜੀ' ਵਿਚ। ਪੰਜਾਬ ਵਿਚ ਲਿਖਣ ਵਾਲੇ ਬੜੇ ਸਨ, ਇਕ ਤੋਂ ਇਕ ਵਧੀਆ। ਪੰਜਾਬ ਵਿਚ ਹੀ ਨਹੀਂ, ਕੌਮੀ ਪੈਮਾਨੇ 'ਤੇ ਛਪਣ ਵਾਲੇ ਮੰਨੇ-ਸਤਿਕਾਰੇ ਜਾਣ ਵਾਲੇ ਦੂਰ-ਦੂਰ ਤੱਕ ਧਾਕਾਂ ਪਾਣ ਵਾਲੇ। ਬਹੁਤਾ ਚੰਗਾ ਲਿਖਣ ਵਾਲੇ ਪੰਜਾਬੀ ਤਾਂ ਸਨ, ਪਰ ਪਤਾ ਨਹੀਂ ਕਿਉਂ, ਪੰਜਾਬੀ ਵਿਚ ਨਹੀਂ ਸਨ ਲਿਖਦੇ। ਸਵੈ-ਪ੍ਰਗਟਾਵੇ ਦੀ ਉਨ੍ਹਾਂ ਦੀ ਮਨ-ਪਸੰਦ ਜ਼ਬਾਨ ਉਰਦੂ ਹੁੰਦੀ ਸੀ। ਇਕਬਾਲ ਨੇ ਉਰਦੂ ਵਿਚ ਹੀ ਲਿਖਿਆ। ਬਾਅਦ ਵਿਚ ਫੈਜ਼ ਅਹਿਮਦ ਫੈਜ਼, ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਨ.ਮ. ਰਾਸ਼ਦ, ਅਹਿਮਦ ਨਦੀਮ ਕਾਸਮੀ, ਸਾਹਿਰ ਲੁਧਿਆਣਵੀ ਨੇ ਵੀ ਉਰਦੂ ਨੂੰ ਹੀ ਭਾਗ ਲਾਏ। ਉਨ੍ਹਾਂ ਤੋਂ ਪਹਿਲਾਂ ਪੰਜਾਬੀ ਵਿਚ, ਖਾਸ ਕਰ ਕੇ ਕਵਿਤਾ ਲਿਖਣ ਦੀ ਬੜੀ ਅਮੀਰ ਰਵਾਇਤ ਹੁੰਦੀ ਸੀ, ਫਿਰ ਵੀ ਪਤਾ ਨਹੀਂ ਕਿਉਂ, ਬਾਅਦ ਵਾਲੇ ਲੇਖਕਾਂ ਤੇ ਕਵੀਆਂ ਨੇ ਉਰਦੂ ਦੀ ਉਂਗਲੀ ਹੀ ਫੜੀ।

ਸ਼ਾਇਦ ਇਸ ਕਰ ਕੇ ਕਿ ਉਸ ਵੇਲੇ ਸਕੂਲਾਂ-ਕਾਲਜਾਂ ਦੀ ਪੜ੍ਹਾਈ ਤੇ ਕਚਹਿਰੀਆਂ ਦੀ ਕਾਰਵਾਈ ਦੀ ਜ਼ਬਾਨ ਉਰਦੂ ਹੁੰਦੀ ਸੀ। ਸ਼ਾਇਦ ਇਸ ਕਰ ਕੇ, ਕਿ ਸਭ ਲੇਖਕ ਸਕੂਲਾਂ ਵਿਚ ਉਰਦੂ ਦੀਆਂ ਕੋਰਸੀ ਕਿਤਾਬਾਂ 'ਮੁਰੱਕਾ-ਏ-ਅਦਬ' ਤੇ 'ਹਕਾਯਾਤ-ਏ-ਸ਼ੀਰੀਂ' ਪੜ੍ਹ ਕੇ ਹੀ ਵੱਡੇ ਹੋਏ ਸਨ। ਸ਼ਾਇਦ ਇਸ ਕਰ ਕੇ, ਕਿ ਉਰਦੂ ਬਹੁ-ਵਿਕਸਤ ਜ਼ਬਾਨ ਸੀ ਤੇ ਸਾਰੇ ਹਿੰਦੁਸਤਾਨ ਵਿਚ ਬੋਲੀ-ਪੜ੍ਹੀ ਜਾਂਦੀ ਸੀ; ਜਾਂ ਸ਼ਾਇਦ ਇਸ ਕਰ ਕੇ ਕਿ ਮੁਸਲਮਾਨ ਆਪਣੇ ਆਪ ਨੂੰ ਉਰਦੂ ਨਾਲ ਜੋੜਦੇ ਸਨ ਤੇ ਉਨ੍ਹਾਂ ਦੀ ਗਿਣਤੀ ਹਿੰਦੁਸਤਾਨ ਵਿਚ ਨਿਰੋਲ ਪੰਜਾਬੀਆਂ ਨਾਲੋਂ ਕਈ ਗੁਣਾਂ ਵਧੇਰੇ ਸੀ; ਜਾਂ ਸ਼ਾਇਦ ਇਸ ਕਰ ਕੇ, ਕਿ ਉਰਦੂ ਸਿਰਫ ਇਕੋ ਲਿਪੀ, ਫਾਰਸੀ ਅੱਖਰਾਂ ਵਿਚ ਲਿਖੀ ਜਾਂਦੀ ਸੀ। ਇਸ ਲਈ ਪੰਜਾਬੀ ਜ਼ਬਾਨ ਦੇ ਹਿੱਸੇ, ਕੁਝ ਚੋਣਵੇਂ ਰਚਨਾਕਾਰਾਂ ਨੂੰ ਛੱਡ ਕੇ ਦੂਜੇ ਦਰਜੇ ਦੇ ਲੇਖਕ ਹੀ ਆਏ।

ਇਸੇ ਤਰ੍ਹਾਂ ਹੀਮੁਲਕ ਰਾਜ ਆਨੰਦ ਤੇ ਖੁਸ਼ਵੰਤ ਸਿੰਘ ਅੰਗਰੇਜ਼ੀ ਵਿਚ ਲਿਖਦੇ ਸਨ। ਪੰਜਾਬੀ ਵਿਚ ਲਿਖਣ ਵਾਲੇ ਲੇਖਕਾਂ ਉਤੇ ਉਰਦੂ ਸਾਹਿਤ ਦਾ ਡੂੰਘਾ ਅਸਰ ਹੁੰਦਾ ਸੀ। ਕਦੀ-ਕਦੀ ਉਨ੍ਹਾਂ ਦੀਆਂ ਰਚਨਾਵਾਂ ਉਰਦੂ ਦੇ ਪਰਚਿਆਂ ਵਿਚ ਵੀ ਛਪਦੀਆਂ। ਇਹ ਵੱਡੀ ਗੱਲ ਸਮਝੀ ਜਾਂਦੀ।

ਪੂਰਬੀ ਪੰਜਾਬ ਵਿਚ ਲਾਹੌਰ ਜਿਹਾ ਕੋਈ ਸ਼ਹਿਰ ਨਹੀਂ ਸੀ ਹੁੰਦਾ। ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਸਭ ਆਪੋ-ਆਪਣੀ ਥਾਂ ਅਹਿਮ

***ਵੰਡਾਰੇ ਦੀ ਲੀਕ ਵੱਜਣ ਤੋਂ ਪਹਿਲਾਂ ਦਾ ਉਹ ਸਮਾਂ ਬੜਾ ਤੂਫਾਨੀ ਹੁੰਦਾ ਸੀ। ਅੰਗਰੇਜ਼ੀ ਰਾਜ ਆਖਰੀ ਸਾਹਾਂ 'ਤੇ ਸੀ। ਹਿੰਦੁਸਤਾਨ ਵਿਚ ਉਹਦਾ ਸੂਰਜ ਡੁੱਬਣ ਵਾਲਾ ਸੀ, ਪਰ ਇਸ ਸੂਰਜ ਡੁੱਬਣ ਤੋਂ ਬਾਅਦ ਰਾਤ ਨਹੀਂ ਸੀ ਹੋਣੀ, ਸਗੋਂ ਪਹਿਲਾਂ ਤੋਂ ਵੀ ਰੌਸ਼ਨ ਦਿਨ ਚੜ੍ਹ ਪੈਣਾ ਸੀ। ਸਭੋ ਲੇਖਕ ਤੇ ਰਚਨਾਕਾਰ ਉਛਾਲੇ ਵਿਚ ਸਨ। ਉਨ੍ਹਾਂ ਦੀਆਂ ਕਲਮਾਂ ਤੇ ਬੁਰਸ਼ਾਂ ਵਿਚ ਲੋਹੜੇ ਦੀ ਰਵਾਨੀ ਸੀ। ਉਹ ਸੁੱਤਿਆਂ-ਜਾਗਦਿਆਂ ਕਿਸੇ ਨਵੀਂ-ਨਵੇਲੀ ਜ਼ਿੰਦਗੀ ਦਾ ਖਵਾਬ ਲੈ ਰਹੇ ਸਨ।***

ਸਨ, ਪਰ ਉਹ ਲਾਹੌਰ ਨਹੀਂ ਸਨ। ਬਾਅਦ ਵਿਚ ਚੰਡੀਗੜ੍ਹ ਵੀ ਬਣ ਗਿਆ, ਫਿਰ ਵੀ ਉਹ ਲਾਹੌਰ ਦੀ ਥਾਂ ਨਾ ਲੈ ਸਕਿਆ। ਦਿੱਲੀ ਭਾਵੇਂ ਪੰਜਾਬੋਂ ਬਾਹਰ ਸੀ, ਉਥੇ ਬੜੇ ਹੀ ਪੰਜਾਬੀ ਆਣ ਵੱਸੇ ਸਨ ਤੇ ਉਹ ਪੰਜਾਬੀਆਂ ਦਾ ਸਭ ਤੋਂ ਵੱਡਾ ਸ਼ਹਿਰ ਬਣ ਗਈ ਸੀ। ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਕੇਂਦਰ ਬਣ ਕੇ ਉਭਰ ਰਹੀ ਸੀ। ਇਥੇ ਪੰਜਾਬੀ ਦੇ ਪ੍ਰਕਾਸ਼ਨ-ਗ੍ਰਹਿ ਖੁੱਲ੍ਹ ਗਏ ਸਨ। ਪਰਚੇ ਨਿਕਲਣ ਲੱਗ ਪਏ ਸਨ। ਨਵਯੁਗ ਪ੍ਰੈੱਸ ਤੇ ਨਵਯੁਗ ਪਬਲਿਸ਼ਰਜ਼ ਕਾਇਮ ਹੋ ਗਏ ਸਨ ਤੇ ਮਾਸਕ 'ਆਰਸੀ', 'ਸਾਡਾ ਜੁਗ', 'ਨਵੀਆਂ ਕੀਮਤਾਂ', 'ਪ੍ਰੀਤਮ' ਤੇ ਹਫਤਾਵਾਰੀ 'ਨਵੇਂ ਰਾਹ', 'ਫਤਹ' ਤੇ 'ਸ਼ੇਰ-ਏ-ਪੰਜਾਬ' ਨਿਕਲਣ ਲੱਗ ਪਏ ਸਨ। ਆਲ ਇੰਡੀਆ ਰੇਡੀਓ, ਪੰਜਾਬੀ ਦਾ ਬਹੁਤ ਹੀ ਪਸੰਦ ਕੀਤਾ ਜਾਣ ਵਾਲਾ ਪ੍ਰੋਗਰਾਮ ਉਥੋਂ ਹੀ ਨਸ਼ਰ ਕਰ ਰਿਹਾ ਸੀ। ਬਹੁਤੇ ਲੇਖਕ ਤੇ ਹੋਰ ਰਚਨਾਕਾਰ ਇਥੇ ਹੀ ਵੱਸ ਗਏ ਸਨ। ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫੀਰ, ਡਾ. ਗੋਪਾਲ ਸਿੰਘ ਦਰਦੀ, ਪ੍ਰਭਜੋਤ ਕੌਰ, ਨਰਿੰਦਰ ਪਾਲ ਸਿੰਘ, ਬਲਵੰਤ ਗਾਰਗੀ, ਹਰਚਰਨ ਸਿੰਘ, ਹਰਿਭਜਨ ਸਿੰਘ, ਅਜੀਤ ਕੌਰ, ਬਾਵਾ ਬਲਵੰਤ ਵੀ ਹੁਣ ਇਥੇ ਹੀ ਵੱਸੇ ਹੋਏ ਸਨ। ਪੰਜਾਬੀ ਵਿਦਵਾਨ ਤੇ ਸਰਕਾਰੇ-ਦਰਬਾਰੇ ਤੇ ਹੋਰ ਕਿੰਨੇ ਹੀ ਪੰਜਾਬੀ ਚਿੱਤਰਕਾਰ ਵੀ ਹੁਣ ਇਥੇ ਹੀ ਵਿਚਰ ਰਹੇ ਸਨ। 'ਇਪਟਾ' ਅਤੇ ਸ਼ੀਲਾ ਭਾਟੀਆ ਦੇ ਪੰਜਾਬੀ ਥਿਏਟਰ ਨੂੰ ਸੁਰਜੀਤ ਕਰਨ ਦੇ ਜਤਨਾਂ ਦਾ ਪਿੜ ਵੀ ਦਿੱਲੀ ਹੀ ਸੀ। ਇਸ ਤਰ੍ਹਾਂ ਦਿੱਲੀ, ਲਾਹੌਰ ਦੇ ਵਾਰਸ ਦੇ ਤੌਰ 'ਤੇ ਉਭਰ ਰਹੀ ਸੀ।

ਵੰਡਾਰਿਉਂ ਬਾਅਦ ਅਸੀਂ ਪੱਛਮੀ ਪੰਜਾਬੀ ਨਾਲੋਂ ਚੰਗੇ ਰਹੇ ਸਾਂ। ਉਜੜ ਕੇ ਵੀ ਭਰੇ-ਭਰਾਤੇ ਸਾਂ, ਪਰ ਪੱਛਮੀ ਪੰਜਾਬ ਅਸਲੋਂ ਹੀ ਸੱਖਣਾ ਹੋ ਗਿਆ ਸੀ। ਪੰਜਾਬੀ ਵਿਚ ਲਿਖਣ ਵਾਲੇ ਬਹੁਤੇ ਸਿੱਖ ਅਤੇ ਹਿੰਦੂ ਹੁੰਦੇ ਸਨ। ਉਹ ਛੱਡ-ਛਡਾ ਕੇ ਇਧਰ ਪਹੁੰਚ ਗਏ ਸਨ; ਤੇ ਪਿੱਛੇ ਪੱਛਮੀ ਪੰਜਾਬ ਵਿਚ ਕੁਝ ਵੀ ਨਹੀਂ ਸੀ ਰਹਿ ਗਿਆ। ਉਧਰ, ਉਰਦੂ ਜ਼ਬਾਨ ਹੁਣ ਪੂਰੀ ਤਰ੍ਹਾਂ ਹਾਵੀ ਹੋ ਗਈ ਸੀ। ਛਾਪਣ ਤੇ ਪੜ੍ਹਨ ਨੂੰ ਪੰਜਾਬੀ ਵਿਚ ਹੁਣ ਫਾਰਸੀ ਅੱਖਰਾਂ ਵਿਚ ਛਪੇ ਸਿਰਫ ਹੀਰ, ਸੱਸੀ, ਸਹਿਤੀ, ਸ਼ਾਹ ਮਲੂਕ ਤੇ ਤੋਤਾ-ਮੈਨਾ ਦੇ ਕਿੱਸੇ ਹੀ ਰਹਿ ਗਏ ਸਨ; ਜਾਂ ਹਮਦਮ, ਦਾਮਨ ਤੇ ਸ਼ਰਫ਼ ਜਿਹੇ ਸਟੇਜ ਤੋਂ ਕਵਿਤਾਵਾਂ ਸੁਣਾਉਣ ਵਾਲੇ ਸ਼ਾਇਰ। ਉਧਰ ਭਾਵੇਂ ਠੇਠ ਠੁਲ੍ਹੀ ਪੰਜਾਬੀ, ਬੋਲਣ ਦੀ ਹੱਦ ਤੱਕ, ਸਾਰੇ ਪਾਕਿਸਤਾਨ ਉਤੇ ਛਾ ਗਈ, ਫਿਰ ਵੀ ਸਾਹਿਤ ਦੇ ਚਿਰ ਪਏ ਬੀਜ ਕਈ ਦਹਾਕੇ ਪੁੰਗਰ ਨਾ ਸਕੇ। ਹੁਣ ਕੋਈ ਪੱਚੀ-ਤੀਹ ਵਰ੍ਹਿਆਂ ਤੋਂ ਕੋਈ-ਕੋਈ ਕਰੂੰਬਲ ਫੁੱਟੀ ਦਿਸਦੀ ਏ, ਪਰ ਕੋਈ ਕਹਿ ਨਹੀਂ ਸਕਦਾ, ਇਹ ਕਦੋਂ ਤੇ ਕਿੰਨੀ ਨਿੱਸਰੇਗੀ।

ਸਾਡੇ ਪਾਸੇ ਦੇ ਪੰਜਾਬ ਵਿਚ ਇਹ ਉਹ ਸਮਾਂ ਸੀ, ਜਦੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਅਗਵਾਈ ਖੱਬੇ-ਪੱਖੀਆਂ ਹੱਥ ਹੁੰਦੀ ਸੀ। ਸਾਡੇ ਲੇਖਕ ਆਜ਼ਾਦੀ ਦੇ ਕਮਿਊਨਿਸਟ ਮੁਲੰਕਣ ਨੂੰ ਮੰਨਦੇ ਸਨ। ਉਹ ਇਕ ਜਾਂ ਦੂਜੀ ਹੱਦ ਤੱਕ, ਇਸ ਗੱਲ ਦੇ ਕਾਇਲ ਸਨ ਕਿ ਜਿਹੜੀ ਆਜ਼ਾਦੀ ਆਈ ਸੀ, ਉਹ ਅੰਗਰੇਜ਼ਾਂ ਨਾਲ ਲੋਕ ਵਿਰੋਧੀ ਸੌਦੇ ਦੀ ਉਪਜ ਸੀ ਤੇ ਉਹਦਾ ਸਮਾਜਿਕ-ਆਰਥਿਕ ਤੱਤ ਨਿਗੂਣਾ ਸੀ। ਡੂੰਘੀਆਂ, ਭਾਵ-ਪੂਰਤ ਤਬਦੀਲੀਆਂ ਨਹੀਂ ਸਨ ਆਈਆਂ। ਗਰੀਬ-ਗੁਰਬੇ ਦੇ ਪੱਲੇ ਕੁਝ ਨਹੀਂ ਸੀ ਪਿਆ।

ਬਾਕੀ ਪੰਜਾਬੀਆਂ ਵਾਂਗ ਲੇਖਕ ਵੀ ਆਪਣੇ ਆਪ ਨੂੰ ਫਿਰ ਪੈਰੀਂ ਖੜ੍ਹੇ ਕਰਨ ਦੇ ਜਤਨਾਂ ਵਿਚ ਸਨ। ਅੰਦਰ ਉਨ੍ਹਾਂ ਦੇ ਹਲਚਲ ਸੀ ਤੇ ਉਨ੍ਹਾਂ ਦੀਆਂ ਕਲਮਾਂ ਦੀ ਸਿਆਹੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਰਚਨਾ ਦੀ ਕਾਂਗ ਚੜ੍ਹੀ ਹੋਈ ਸੀ। ਅਜੀਬ ਤਰ੍ਹਾਂ ਦੀ ਸਿਰਜਣਕ ਹਰਫਲ ਸੀ। ਥਾਂ-ਥਾਂ ਨਵੇਂ ਲੇਖਕ ਪੁੰਗਰ ਰਹੇ ਸਨ। ਪੁਰਾਣੇ ਲੇਖਕਾਂ ਨੂੰ ਵੀ ਨਵਾਂ ਸਾਹ ਆਇਆ ਲੱਗਦਾ ਸੀ। ਨਵੇਂ ਰਸਾਲੇ ਨਿਕਲ ਰਹੇ ਸਨ ਤੇ ਪ੍ਰਕਾਸ਼ਨ ਗ੍ਰਹਿ ਕਾਇਮ ਹੋ ਰਹੇ ਸਨ।

ਇਸ ਸਮੇਂ ਵਿਚ ਜਦੋਂ ਕਿ ਲਿਖਣ ਵਾਲਿਆਂ ਨੇ ਲਿਖਿਆ, ਅਲੇਖਕ ਤੇ ਲੇਖਕ-ਨੁਮਾ ਪ੍ਰਬੰਧ-ਰਸੀਏ ਲੋਕਾਂ ਨੇ ਸਾਹਿਤ ਸਭਾਵਾਂ ਕਾਇਮ ਕਰਨ ਦਾ ਕਾਜ ਆਰੰਭਿਆ। ਹਰ ਜ਼ਿਲ੍ਹੇ, ਹਰ ਸ਼ਹਿਰ, ਹਰ ਕਸਬੇ ਅਤੇ ਹਰ ਪਿੰਡ ਵਿਚ ਸਾਹਿਤ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ। ਲੱਗਦਾ ਸੀ, ਪੰਜਾਬ ਵਿਚ ਝੋਨੇ ਤੇ ਕਣਕ ਦੀਆਂ ਫਸਲਾਂ ਦੇ ਭਰਪੂਰ ਹੋਣ ਦੇ ਨਾਲ-ਨਾਲ ਲੇਖਕਾਂ ਦਾ ਝਾੜ ਵੀ ਵਧ ਗਿਆ ਸੀ। ਅਗਾਂਹਵਧੂ ਲੇਖਕ ਤੇ ਉਨ੍ਹਾਂ ਦੇ ਸਿਆਸੀ ਆਗੂ ਇਨ੍ਹਾਂ ਬੇ-ਬਹਾਰੀਆਂ ਖੁੰਬਾਂ ਉਗਣ ਉਤੇ ਬਹੁਤ ਖੁਸ਼ ਸਨ ਤੇ ਉਨ੍ਹਾਂ ਨੂੰ ਆਪਣੀ ਲਹਿਰ ਵਿਚ ਵਾਧਾ ਸਮਝਦੇ ਸਨ। ਉਸ ਵੇਲੇ ਕਿਸੇ ਨੇ ਘੱਟ ਹੀ ਸੋਚਿਆ ਸੀ ਕਿ ਚੰਗਾ ਲਿਖਣ ਲਈ ਲੇਖਕ ਕੋਲ ਵਿਸ਼ਾਲ ਜਥੇਬੰਦੀ ਹੋਣੀ ਜ਼ਰੂਰੀ ਨਹੀਂ। ਰਚਨਾ ਦੀ ਕਿਰਿਆ ਖਾਸ ਕਿਸਮ ਦੀ ਅਟੰਕਤਾ



***1947 ਵਿਚ ਸ੍ਰੀਨਗਰ ਦੀ ਇਕ ਸਾਹਿਤਕ ਮਿਲਣੀ ਦੌਰਾਨ ਨਵਤੇਜ ਸਿੰਘ, ਖਵਾਜਾ ਅਹਿਮਦ ਅੱਬਾਸ, ਰਾਜਿੰਦਰ ਸਿੰਘ ਬੇਦੀ ਅਤੇ ਹੋਰ ਲੇਖਕ।***

ਤੇ ਇਕਾਗਰਤਾ ਦੀ ਮੰਗ ਕਰਦੀ ਏ।

ਉਸ ਵੇਲੇ ਅੰਮ੍ਰਿਤਾ ਪ੍ਰੀਤਮ ਅਤੇ ਮੋਹਨ ਸਿੰਘ ਨੇ ਹੋਰ ਵੀ ਚੰਗਾ ਲਿਖਿਆ। ਪ੍ਰਭਜੋਤ ਕੌਰ, ਈਸ਼ਵਰ ਚਿੱਤਰਕਾਰ, ਬਾਵਾ ਬਲਵੰਤ ਦੀਆਂ ਕਲਮਾਂ ਵੀ ਚੰਗੀਆਂ ਰਵਾਂ ਰਹੀਆਂ। ਸੰਤੋਖ ਸਿੰਘ ਧੀਰ, ਸ.ਸ. ਮੀਸ਼ਾ ਤੇ ਫਿਰ ਸ਼ਿਵ ਕੁਮਾਰ ਉਭਰੇ। ਕਹਾਣੀ ਦੇ ਖੇਤਰ ਵਿਚ ਕੁਲਵੰਤ ਸਿੰਘ ਵਿਰਕ, ਮਹਿੰਦਰ ਸਿੰਘ ਸਰਨਾ ਤੇ ਨਵਤੇਜ ਸਿੰਘ ਨੇ ਮੂਹਰਲੀਆਂ ਸਫ਼ਾਂ ਮੱਲੀਆਂ ਤੇ ਅਜੀਤ ਕੌਰ, ਅਮਰ ਸਿੰਘ, ਬੂਟਾ ਸਿੰਘ ਤੇ ਕਈਆਂ ਹੋਰਨਾਂ ਨੇ ਸਾਹਿਤਕ ਘਾਲਣਾ ਅਰੰਭੀ। ਗੁਲਜ਼ਾਰ ਸਿੰਘ ਸੰਧੂ ਨੇ ਵੀ ਆਪਣੀਆਂ ਪਹਿਲੀਆਂ ਕਹਾਣੀਆਂ ਇਸ ਦੌਰ ਵਿਚ ਹੀ ਲਿਖੀਆਂ। ਨਾਵਲ ਦੇ ਖੇਤਰ ਵਿਚ ਗੁਰਦਿਆਲ ਸਿੰਘ ਪ੍ਰਗਟ ਹੋਇਆ। ਪੰਜਾਬੀ ਆਲੋਚਕਾਂ ਵਿਚ ਸੰਤ ਸਿੰਘ ਸੇਖੋਂ ਅਤੇ ਉਹਦੇ ਅਨੁਯਾਈਆਂ ਦਾ ਦੌਰ-ਦੌਰਾ ਰਿਹਾ।

ਇਸੇ ਹੀ ਸਮੇਂ ਦਿੱਲੀ ਵਿਚ ਦਿੱਲੀ ਕਮਿਊਨਿਸਟ ਪਾਰਟੀ ਦੀ ਪ੍ਰੇਰਨਾ ਨਾਲ ਪ੍ਰੇਮ ਨਾਥ ਪਰਵਾਜ਼ (ਬਾਅਦ ਵਿਚ ਫਿਲਮ ਪ੍ਰੋਡਿਊਸਰ ਪ੍ਰੇਮ ਜੀ) ਨੇ ਉਰਦੂ ਦੇ ਅਗਾਂਹਵਧੂ ਲੇਖਕਾਂ ਨੂੰ ਸੰਸਥਾ ਵਿਚ ਇਕੱਠਿਆਂ ਕਰਨ ਦਾ ਉਪਰਾਲਾ ਕੀਤਾ। ਉਹਨੂੰ ਵੇਖ ਪੰਜਾਬ ਦੀ ਕਮਿਊਨਿਸਟ ਪਾਰਟੀ ਦੇ ਦਿੱਲੀ ਵਿਚ ਸਰਗਰਮ ਸਭਿਆਚਾਰਕ ਸੈੱਲਾਂ ਨੇ ਰਾਜਧਾਨੀ ਵਿਚ ਵੱਸਦੇ ਪੰਜਾਬੀ ਦੇ ਅਗਾਂਹਵਧੂ ਲਿਖਾਰੀਆਂ ਦੀ ਸਭਾ ਕਾਇਮ ਕੀਤੀ। ਇਸ ਸਭਾ ਦਾ ਸਾਹਮਣਿਉਂ ਦਿਸਦਾ ਕਰਤਾ-ਧਰਤਾ ਮੈਂ ਸਾਂ, ਕਨਵੀਨਰ ਦੇ ਰੂਪ ਵਿਚ। ਇਹ ਉਸ ਸਮੇਂ ਦੀ ਰੀਤ ਅਨੁਸਾਰ ਸੀ। ਲੇਖਕਾਂ ਦਾ ਸੰਚਾਲਨ ਅਲੇਖਕਾਂ ਨੂੰ ਸੌਂਪਿਆ ਜਾਂਦਾ ਸੀ, ਪਰ ਮੈਂ ਸੰਚਾਲਕ ਨਹੀਂ ਸਾਂ। ਇਕ ਤਰ੍ਹਾਂ ਦਾ ਥੋੜ੍ਹਾ ਬਹੁਤ ਵਡਿਆਇਆ ਹੋਇਆ ਕਲਰਕ ਸਾਂ। ਕੰਮ ਸਿਰਫ ਲੇਖਕਾਂ ਨੂੰ ਚਿੱਠੀਆਂ ਲਿਖਣਾ ਸੀ ਤੇ ਮੀਟਿੰਗ ਪਿੱਛੋਂ ਮੀਟਿੰਗ ਦੀ ਕਾਰਵਾਈ ਲਿਖਣੀ ਸੀ, ਜਾਂ ਕਦੀ-ਕਦੀ ਕਿਸੇ ਨੂੰ ਉਚੇਚਾ ਬੁਲਾਉਣ ਲਈ ਕਿਰਾਏ ਦਾ ਸਾਈਕਲ ਭਜਾਣਾ ਸੀ।

ਮੀਟਿੰਗਾਂ ਮਹੀਨੇ ਵਿਚ ਦੋ ਵਾਰੀ ਹੁੰਦੀਆਂ ਸਨ। ਆਮ ਤੌਰ ਉਤੇ ਨਾਟਕਕਾਰ ਹਰਚਰਨ ਸਿੰਘ ਦੇ ਕਰੋਲ ਬਾਗ ਵਾਲੇ 'ਈਸਟ ਪੰਜਾਬ ਕਾਲਜ' ਵਿਚ ਅਤੇ ਕਦੀ ਕਦਾਈਂ ਬਲਵੰਤ ਗਾਰਗੀ ਦੇ ਕਰਜ਼ਨ ਰੋਡ ਵਾਲੇ ਛੋਟੇ ਜਿਹੇ ਘਰ ਵਿਚ।

ਸਾਡੀ ਇਹ ਸਭਾ ਸਾਲ-ਖੰਡ ਚੰਗੀ ਘੂਕੀ। ਹਰ ਮੀਟਿੰਗ ਵਿਚ ਪੰਦਰਾਂ-ਵੀਹ ਲੇਖਕ ਇਕੱਠੇ ਹੁੰਦੇ। ਇਕ ਕਹਾਣੀ ਤੇ ਦੋ-ਤਿੰਨ ਨਜ਼ਮਾਂ ਪੜ੍ਹੀਆਂ ਜਾਂਦੀਆਂ। ਉਨ੍ਹਾਂ ਦੇ ਸਾਹਿਤਕ ਗੁਣਾਂ ਦਾ ਨਿਰਣਾ ਕੀਤਾ ਜਾਂਦਾ। ਹਰ ਮੀਟਿੰਗ ਡੇਢ-ਦੋ ਘੰਟੇ ਚੱਲਦੀ।

ਸਾਡੀਆਂ ਮੀਟਿੰਗਾਂ ਵਿਚ ਗਰਮਾ-ਗਰਮ ਬਹਿਸਾਂ ਹੁੰਦੀਆਂ। ਹਰ ਰਚਨਾ ਦਾ ਜਾਇਜ਼ਾ ਉਸ ਸਮੇਂ ਦੇ ਕਮਿਊਨਿਸਟ ਟੀਚਿਆਂ ਅਨੁਸਾਰ ਲਿਆ ਜਾਂਦਾ। ਮਾਪ ਮੋਟਾ ਹੁੰਦਾ। ਸਿਰਫ ਇਹ ਵੇਖਿਆ ਜਾਂਦਾ, ਵਿਚਾਰ ਗੋਚਰੀ ਰਚਨਾ ਕਿਰਤੀ-ਕਿਸਾਨਾਂ ਦੇ ਘੋਲ ਨੂੰ ਅੱਗੇ ਖੜ੍ਹਦੀ ਸੀ ਕਿ ਨਹੀਂ। ਇੰਜ ਜਿਵੇਂ ਇਹ ਘੋਲ ਵਾਧੇ ਪੈਣ ਤੋਂ ਪਹਿਲਾਂ ਬੱਸ ਇਸ ਰਚਨਾ ਦੀ ਹੀ ਉਡੀਕ ਕਰ ਰਿਹਾ ਹੋਵੇ। ਹਰ ਰਚਨਾ ਗੋਰਕੀ ਦੇ ਨਾਵਲ 'ਮਾਂ' ਦੇ ਛਾਬੇ ਵਿਚ ਤੋਲੀ ਜਾਂਦੀ ਸੀ। ਉਸ ਤੋਂ ਆਸ ਕੀਤੀ ਜਾਂਦੀ, ਉਹ ਕੋਈ ਸੁਨੇਹਾ ਦੇਵੇ ਜੋ ਸਾਫ, ਸਿੱਧਾ ਤੇ ਸਪਸ਼ਟ ਹੋਵੇ। ਸਾਡੀ ਬਹਿਸ ਵਿਚ ਹਰ ਰਚਨਾ ਦੇ ਬਖੀਏ ਉਧੇੜ ਦਿੱਤੇ ਜਾਂਦੇ। ਉਹਦੇ ਇਕ-ਇਕ ਪੱਖ ਨੂੰ ਇੰਜ ਨਿੰਦਿਆ ਜਾਂਦਾ, ਜਿਵੇਂ ਲਿਖਣ ਵਾਲੇ ਨੂੰ ਲਿਖਣਾ ਆਉਂਦਾ ਹੀ ਨਾ ਹੋਵੇ। ਜਿਵੇਂ ਉਹ ਕਿਤੋਂ ਘਾਹ ਖੋਤਰਦਾ ਆ ਗਿਆ ਹੋਵੇ ਤੇ ਖੁਰਪੀ ਛੱਡ ਕਲਮ ਫੜ ਲਈ ਹੋਵੇ। ਨੁਕਤਾਚੀਨੀ ਸੁਣ ਰਚਨਾਕਾਰ ਦਾ ਮੂੰਹ ਲਹਿ ਜਾਂਦਾ। ਉਹਨੂੰ ਸੰਸਾ ਹੋਣ ਲੱਗਦਾ, ਉਹਨੂੰ ਲਿਖਣ-ਲਿਖਾਣ ਵਿਚ ਪੈਣਾ ਵੀ ਚਾਹੀਦਾ ਸੀ ਕਿ ਨਹੀਂ, ਪਰ ਸਾਡੀ ਸਭਾ ਵਿਚ ਆਉਣ ਵਾਲੇ ਲੇਖਕ ਸੂਰਮੇ ਸਨ ਤੇ ਉਹ ਹਾਰ ਨਹੀਂ ਸਨ ਮੰਨਦੇ। ਜਦੋਂ ਕਦੀ ਵੀ ਉਹ ਕੁਝ ਹੋਰ ਲਿਖ ਲੈਂਦੇ, ਘਬਰਾਉਂਦੇ ਨਾ ਤੇ ਉਹਨੂੰ ਚੀਰ-ਫਾੜ ਲਈ ਫਿਰ ਸਭਾ ਅੱਗੇ ਲਿਆ ਧਰਦੇ।

ਉਨ੍ਹੀਂ ਦਿਨੀਂ ਸਾਡੀ ਸਭਾ ਤੋਂ ਪਹਿਲੋਂ ਲੇਖਕਾਂ ਤੇ ਸਾਹਿਤ ਦੇ ਰਸਿਕਾਂ ਦੀ ਇਕ ਹੋਰ ਸਭਾ ਵੀ ਜੁੜਦੀ ਹੁੰਦੀ ਸੀ। ਇਹ ਸੀ ਪੰਜਾਬੀ ਸਾਹਿਤ ਸਭਾ ਜੋ ਗੋਲ ਮਾਰਕੀਟ ਦੇ ਇਕ ਸਰਕਾਰੀ ਕੁਆਰਟਰ ਵਿਚ ਹਰ ਹਫਤੇ ਹੁੰਦੀ ਸੀ। ਇਹ ਕੁਆਰਟਰ ਗਿਆਨੀ ਹਰੀ ਸਿੰਘ ਦਾ ਸੀ। ਇਹਦੀਆਂ ਮੀਟਿੰਗਾਂ ਵਿਚ ਹਿੱਸਾ ਲੈਣ ਵਾਲੇ ਬਹੁਤੇ ਲੇਖਕ ਸਰਕਾਰੀ ਨੌਕਰੀਆਂ ਕਰਨ ਵਾਲੇ ਸਨ, ਜਾਂ ਕਿਸੇ ਹੋਰ ਪੱਖੋਂ ਸਰਕਾਰ ਦੇ ਨੇੜੇ। ਫਰਸ਼ 'ਤੇ ਸੂਤੀ ਦਰੀ ਵਿਛੀ ਹੁੰਦੀ। ਲੇਖਕ ਚੂਨਾ ਕੀਤੀ ਕੰਧ ਨਾਲ ਢਾਸਣਾ ਲਾ ਕੇ ਬਹਿ ਜਾਂਦੇ। ਕਹਾਣੀਆਂ ਤੇ ਕਵਿਤਾਵਾਂ ਸੁਣਦੇ। ਵਾਹ-ਵਾਹ ਕਰਦੇ, ਜਾਂ ਪੋਲੀ-ਪੋਲੀ ਪੜਚੋਲ ਜਾਂ ਕੋਈ ਸਹਿੰਦੀ-ਸਹਿੰਦੀ ਰਾਇ ਦਿੰਦੇ। ਸਾਡੀ ਸਭਾ ਵਾਂਗ ਇਥੇ ਖੰਜਰ ਜਾਂ ਨੇਰ੍ਹਣੇ ਨਾ ਨਿਕਲਦੇ। ਬਹਿਸ ਦੀ ਪੱਧਰ ਵੀ ਲਗਭਗ ਗਿਆਨੀ ਦੀ ਕਲਾਸ ਦੀ ਹੁੰਦੀ। ਸਾਰਾ ਕੁਝ ਬੀਬਾ-ਬੀਬਾ ਹੁੰਦਾ।

1950 ਦੇ ਅੰਤ ਵਿਚ ਮੈਂ ਸੋਵੀਅਤ ਦੂਤਾਵਾਸ ਦੀ ਨੌਕਰੀ ਕਰ ਲਈ ਤੇ ਮੇਰੇ ਲਈ ਅਗਾਂਹਵਧੂ ਲਿਖਾਰੀ ਸਭਾ ਦੀ ਕਨਵੀਨਰੀ ਮੁਸ਼ਕਿਲ ਹੋ ਗਈ। ਨੌਕਰੀ ਦੀਆਂ ਸ਼ਰਤਾਂ ਇਹਦੀ ਇਜਾਜ਼ਤ ਨਹੀਂ ਸਨ ਦਿੰਦੀਆਂ। ਹੌਲੀ-ਹੌਲੀ ਕੁਝ ਸਮੇਂ ਪਿੱਛੋਂ ਸਾਡੀ ਸਭਾ ਵਾਲੇ ਲੇਖਕ ਦਿੱਲੀ ਸੂਬੇ ਦੀ ਅਗਾਂਹਵਧੂ ਲਿਖਾਰੀ ਸਭਾ ਵਿਚ ਹੀ ਸ਼ਾਮਲ ਹੋ ਗਏ। ਉਹਨੂੰ ਸਾਹਮਣਿਉਂ ਚਲਾਉਣ ਦਾ ਕੰਮ ਪਹਿਲੋਂ ਕਵੀ ਪਿਆਰਾ ਸਿੰਘ ਸਹਿਰਾਈ ਅਤੇ ਬਾਅਦ ਵਿਚ ਕਰਨਜੀਤ ਸਿੰਘ ਦੇ ਜ਼ਿੰਮੇ ਰਿਹਾ। 0

# ਪੁਆਧੀ ਲੋਕ ਗੀਤਾਂ 'ਚ ਜਨ ਜੀਵਨ ਦੀ ਝਲਕ

ਲੋਕ ਸੱਭਿਆਚਾਰ

ਲੋਕ ਗੀਤ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਵਸਦੇ ਲੋਕਾਂ ਦੇ ਹਾਵਾਂ-ਭਾਵਾਂ, ਉਦਗਾਰਾਂ, ਖੁਸ਼ੀਆਂ-ਗਮੀਆਂ ਤੇ ਉਮੰਗਾਂ ਦਾ ਪ੍ਰਗਟਾਵਾ ਹੀ ਨਹੀਂ ਕਰਦੇ ਸਗੋਂ ਸੱਭਿਆਚਾਰਕ ਤੇ ਸਮਾਜਿਕ ਜੀਵਨ ਦੀ ਗਾਥਾ ਵੀ ਬਿਆਨ ਕਰਦੇ ਹਨ। ਇਨ੍ਹਾਂ ਵਿਚ ਕਿਸੇ ਜਨ ਸਮੂਹ ਦੇ ਪਰੰਪਰਾਗਤ, ਸੰਸਕ੍ਰਿਤਕ ਅਤੇ ਸੱਭਿਆਚਾਰਕ ਤੱਤ ਸਮੋਏ ਹੁੰਦੇ ਹਨ। ਲੋਕ ਗੀਤਾਂ ਦਾ ਕੇਵਲ ਸਾਹਿਤਕ ਮਹੱਤਵ ਹੀ ਨਹੀਂ ਬਲਕਿ ਇਨ੍ਹਾਂ ਨੂੰ ਸੱਭਿਆਚਾਰਕ ਅਤੇ ਲੋਕਧਰਾਈ ਦ੍ਰਿਸ਼ਟੀ ਤੋਂ ਵੀ ਸਮਝਣ ਦੀ ਲੋੜ ਹੈ। ਇਹ ਜੀਵਨ ਮੁੱਲਾਂ, ਸਰੋਕਾਰਾਂ, ਸਾਕਾਦਾਰੀ ਤੇ

ਸੁਖਦੇਵ ਮਾਦਪੁਰੀ
ਫੋਨ: 91-94630-34472

ਮਾਨਵੀ ਰਿਸ਼ਤਿਆਂ ਦੇ ਪ੍ਰਮਾਣਿਕ ਵਾਹਨ ਹਨ।

ਪੁਆਧੀ ਲੋਕ ਗੀਤ ਪੰਜਾਬੀ ਲੋਕਧਾਰਾ ਦਾ ਅਨਿਖੜਵਾਂ ਅੰਗ ਹਨ। ਪੁਆਧ (ਪੂਰਬ+ਅੱਧ) ਚੜ੍ਹਦੇ ਪੰਜਾਬ ਦਾ ਪੂਰਬ ਦੇ ਪਾਸੇ ਦਾ ਭਾਸ਼ਾਈ ਖੇਤਰ ਹੈ ਜਿੱਥੇ ਪੁਆਧੀ ਉਪ ਭਾਸ਼ਾ ਬੋਲੀ ਜਾਂਦੀ ਰਹੀ ਹੈ। ਪੁਆਧੀ ਪੰਜਾਬੀ ਦੀ ਹੀ ਉਪ ਭਾਸ਼ਾ ਹੈ। ਮੁੱਖ ਤੌਰ 'ਤੇ ਦਰਿਆ ਸਤਲੁਜ ਅਤੇ ਘੱਗਰ ਦੇ ਵਿਚਕਾਰਲੇ ਖੇਤਰ ਨੂੰ ਪੁਆਧ ਦਾ ਇਲਾਕਾ ਕਿਹਾ ਜਾਂਦਾ ਹੈ। ਇਸ ਵਿਚ ਰੋਪੜ ਸਬ-ਡਵੀਜ਼ਨ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਖਮਾਣੋਂ ਦਾ ਇਲਾਕਾ, ਮੋਰਿੰਡਾ, ਖਰੜ, ਮੋਹਾਲੀ, ਡੇਰਾਬਸੀ, ਬਨੂੜ, ਰਾਜਪੁਰਾ, ਅੰਬਾਲਾ, ਜਗਾਧਰੀ, ਨਰਾਇਣਗੜ੍ਹ, ਯਮਨਾ ਨਗਰ, ਕੁਰੂਕਸ਼ੇਤਰ ਤੇ ਕੈਥਲ ਤੱਕ ਦੇ ਇਲਾਕੇ ਸ਼ਾਮਿਲ ਹਨ। ਹਿਮਾਚਲ ਪ੍ਰਦੇਸ਼ ਦੇ ਬੱਦੀ ਇਲਾਕੇ ਤੱਕ ਪੁਆਧ ਦੀ ਸੀਮਾ ਜਾ ਲੱਗਦੀ ਹੈ।

ਦੇਸ਼ ਆਜ਼ਾਦ ਹੋਣ ਅਤੇ ਚੰਡੀਗੜ੍ਹ ਰਾਜਧਾਨੀ ਬਣਨ ਤੋਂ ਪਹਿਲਾਂ ਪੰਜਾਬ ਦਾ ਇਹ ਇਲਾਕਾ ਪਾਣੀ ਦੀ ਘਾਟ ਕਾਰਨ ਆਰਥਿਕ ਅਤੇ ਸਮਾਜਿਕ ਪੱਖੋਂ ਪੱਛੜਿਆ ਹੋਇਆ ਸੀ। ਖੇਤੀਬਾੜੀ ਕੁਦਰਤ ਦੇ ਸਹਾਰੇ ਸੀ-ਮਾਰੂ ਫਸਲਾਂ, ਕਦੇ ਮੀਂਹ ਪੈਣੇ, ਕਦੇ ਨਾ ਪੈਣੇ; ਕਦੇ ਡੋਬਾ, ਕਦੇ ਸੋਕਾ। ਨਦੀਆਂ-ਨਾਲਿਆਂ ਅਤੇ ਚੋਆਂ 'ਤੇ ਪੁਲ ਨਹੀਂ ਸਨ। ਟੋਏ ਟਿੱਬੇ ਆਮ ਸਨ ਪਰ ਲੋਕ ਹਿੰਮਤੀ ਸਨ, ਕੁਦਰਤ ਦੇ ਰੰਗਾਂ ਨੂੰ ਮਾਣਨ ਵਾਲੇ। ਤੰਗੀਆਂ ਤੁਰਸ਼ੀਆਂ ਭਰਿਆ ਜੀਵਨ ਜੀ ਰਹੇ ਪੁਆਧ ਦੇ ਲੋਕਾਂ ਦਾ ਪੁਆਧੀ ਲੋਕ ਗੀਤ ਮਨੋਰੰਜਨ ਹੀ ਨਹੀਂ ਸੀ ਕਰਦੇ ਸਗੋਂ ਉਨ੍ਹਾਂ ਲਈ ਹੌਸਲੇ ਭਰਿਆ ਜੀਵਨ ਜੀਣ ਲਈ ਹੌਸਲਾ ਵੀ ਦਿੰਦੇ ਰਹੇ ਹਨ।

ਇਨ੍ਹਾਂ ਲੋਕ ਗੀਤਾਂ ਵਿਚ ਉਥੋਂ ਦੇ ਜੀਵਨ ਦੀਆਂ ਝਲਕਾਂ ਸਾਫ ਨਜ਼ਰੀਂ ਪੈਂਦੀਆਂ ਹਨ। ਖੁਸ਼ੀਆਂ-ਗਮੀਆਂ, ਵਿਆਹ-ਸ਼ਾਦੀਆਂ, ਤਿੱਥ-ਤਿਉਹਾਰਾਂ, ਮੇਲੇ-ਮਸਾਹਵਿਆਂ, ਸਮਾਜਿਕ ਰਿਸ਼ਤੇ-ਨਾਤਿਆਂ ਸਬੰਧੀ ਅਨੇਕਾਂ ਲੋਕ ਗੀਤ ਮਿਲਦੇ ਹਨ। ਮਾਲਵਾ ਖੇਤਰ ਨਾਲ ਲੱਗਦੇ ਪਿੰਡਾਂ ਵਿਚ ਮਲਵਈ ਬੋਲੀ ਤੋਂ ਪ੍ਰਭਾਵਿਤ ਮਲਵਈ ਲੋਕ ਗੀਤ ਗਾਏ ਜਾਂਦੇ ਹਨ ਅਤੇ ਹਰਿਆਣਾ ਦੇ ਨਾਲ ਲੱਗਦੇ ਖੇਤਰ ਵਿਚ ਪੁਆਧੀ ਬਾਂਗਰੂ ਬੋਲੀ ਤੋਂ ਪ੍ਰਭਾਵਿਤ ਗੀਤ ਪ੍ਰਚਲਿਤ ਹਨ। ਪੁਆਧੀ ਲੋਕਧਾਰਾ ਦੀ ਵਿਦਵਾਨ ਡਾ. ਚਰਨਜੀਤ ਕੌਰ ਅਨੁਸਾਰ "ਪੁਆਧ ਦੇ ਲੋਕ ਗੀਤਾਂ ਬਾਰੇ ਪਹਿਲਾਂ ਵੀ ਵਿਦਵਾਨਾਂ ਨੇ ਰਾਏ ਦਿੱਤੀ ਹੈ ਕਿ ਪੁਆਧੀ ਉਪਭਾਸ਼ਾ 'ਚ ਬਹੁਤ ਘੱਟ ਲੋਕ ਗੀਤ ਮਿਲਦੇ ਹਨ। ਪੁਆਧੀ ਲੋਕ ਜਾਂ ਤਾਂ ਮਲਵਈ ਲੋਕ ਗੀਤ ਗਾਉਂਦੇ ਹਨ ਜਾਂ ਫਿਰ ਬਾਂਗਰੂ ਹਰਿਆਣਵੀ ਗੀਤ।"

ਮਲਵਈ ਰੰਗ ਵਿਚ ਰੰਗਿਆ ਸਾਂਝੀ ਦਾ ਇੱਕ ਗੀਤ ਹੈ:

ਉਠਣ ਬੈਠਣ ਝੋਟੜੀਆਂ,
ਬੀਰ ਮੇਰੇ ਦੇ ਬਾੜੇ ਮਾਂ।
ਗੋਹਾ ਚੁਗਣ ਤੇਰੀਆਂ ਭੈਣਤੀਆਂ,
ਭਾਬੀਆਂ ਦੇ ਲਿਸ਼ਕਾਰੇ ਮਾਂ।
ਦੁੱਧ ਰਿੜਕਣ ਤੇਰੀਆਂ ਵਹੁਟੜੀਆਂ,
ਚੂੜੇ ਦੇ ਛਣਕਾਟੇ ਮਾਂ।

ਬਾਂਗਰੂ ਹਰਿਆਣਵੀ ਪ੍ਰਭਾਵ ਵਾਲੇ ਇੱਕ ਸੁਹਾਗ ਗੀਤ ਦੇ ਬੋਲ ਹਨ:

ਸੁਹਾਗ ਮਾਂਗਣ ਦਾਦੀ ਪਾ ਗਈ,
ਨੀ ਦਾਦੀ ਭਰ ਦੇਨਾਂ ਮਾਂਗ ਸੰਧੂਰ,
ਸੁਹਾਗ ਮੰਨੇ ਤੋਹੀ ਦੇਗੀ ਰੀ
ਸੁਹਾਗ ਮਾਂਗਣ ਅੰਮਾਂ ਪਾ ਗਈ
ਨੀ ਅੰਮਾਂ ਭਰ ਦੇਨਾ ਮਾਂਗ ਸੰਧੂਰ
ਸੁਹਾਗ ਮੰਨੇ ਤੋਹੀ ਦੇਗੀ ਰੀ।

ਪੁਆਧ ਦੇ ਆਰਥਿਕ ਪਛੜੇਵੇਂ ਕਾਰਨ ਮਾਲਵੇ ਵਾਹੇ ਦੇ ਲੋਕ ਆਪਣੀਆਂ ਧੀਆਂ ਦੇ ਸਾਕ ਪੁਆਧ ਦੇ ਇਲਾਕੇ ਵਿਚ ਘੱਟ ਵੱਧ ਹੀ ਕਰਦੇ ਸਨ। ਪਰੰਤੂ ਪੁਆਧ ਦੀਆਂ ਕੁੜੀਆਂ ਦੇ ਸਾਕ ਅਕਸਰ ਲੈ ਲੈਂਦੇ ਸਨ। ਇਸ ਤਰ੍ਹਾਂ ਦੋਹਾਂ ਖੇਤਰਾਂ ਵਿਚ ਰਿਸ਼ਤੇਦਾਰੀਆਂ ਹੋਣ ਕਰਕੇ ਭਾਵਾਤਮਕ ਤੇ ਸਭਿਆਚਾਰਕ ਸਾਂਝ ਦੀ ਤੰਦ ਜੁੜ ਜਾਂਦੀ ਸੀ। ਇੱਕ ਲੋਕ ਗੀਤ ਵਿਚ ਜੰਗਲ ਅਥਵਾ ਮਾਲਵੇ ਦੀ ਇੱਕ ਮੁਟਿਆਰ ਪੁਆਧ ਵਿਚ ਵਿਆਹੇ ਜਾਣ ਉਪਰੰਤ ਆਪਣੀ ਸੱਸ ਤੋਂ ਸਤੀ ਹੋਈ ਪੁਆਧ ਨੂੰ ਚੰਦਰਾ ਪੁਆਧ ਆਖ ਕੇ ਆਪਣੇ ਦਿਲ ਦੇ ਗੁਭ-ਗੁਭਾਟ ਕੱਢਦੀ ਉਥੋਂ ਦੇ ਜੀਵਨ ਦੀ ਇਕ ਝਲਕ ਪੇਸ਼ ਕਰਦੀ ਹੈ:

ਜੰਗਲ ਦੀ ਮੈਂ ਜੰਮੀ ਜਾਈ,
ਚੰਦਰੇ ਪੁਆਧ ਵਿਆਹੀ।
ਹੱਥ ਵਿਚ ਖੁਰਪਾ ਮੋਢੇ ਚਾਦਰ,
ਮੱਕੀ ਗੁਡਣ ਲਾਈ।
ਗੁੱਡਦੀ-ਗੁੱਡਦੀ ਦੇ ਪੈ ਗਏ ਛਾਲੇ,
ਆਥਣ ਨੂੰ ਘਰ ਆਈ।
ਆਉਂਦੀ ਨੂੰ ਸੱਸ ਦੇਵੇ ਗਾਲਾਂ,
ਨਾ ਘਾਹ ਦੀ ਪੰਡ ਲਿਆਈ।
ਵੱਛੇ ਕੱਟੇ ਵਗ ਰਲਾਵਾਂ,
ਮਹਿੰ ਨੂੰ ਲੈਣ ਕਸਾਈ।
ਪੰਜੇ ਬੁੱਢੀਏ ਤੇਰੇ ਪੁੱਤ ਮਰ ਜਾਣ,
ਛੇਵਾਂ ਮਰੇ ਜਵਾਈ।
ਗਾਲ ਭਰਾਵਾਂ ਦੀ, ਕੀਹਨੇ ਦੇਣ ਸਖਾਈ।

ਇਕ ਹੋਰ ਗੀਤ ਵਿਚ ਨਣਦ, ਵੀਰ ਵੱਲੋਂ ਲਾਡਲੀ ਰੱਖੀ ਭਾਬੋ ਨੂੰ ਸਿਰ ਚੜ੍ਹਨੋਂ ਰੋਕਣ ਲਈ ਆਪਣੇ ਵੀਰ ਨੂੰ ਸਮਝਾਉਂਦੀ ਹੈ:

ਅੱਟੀ ਅੱਟੀ ਵੇ ਵੀਰਾ, ਸੂਤ ਦੀ ਅੱਟੀ।
ਮੈਂ ਕੀ ਜਾਣਦੀ ਵੀਰਾ, ਭਾਬੋ ਮਾਝੇ ਦੀ ਅੱਟੀ।
ਔਖਾ ਹੋਵੇਗਾ ਵੀਰਾ, ਭਾਬੋ ਲਾਡਲੀ ਰੱਖੀ।
ਵਿਆਹ ਕਰਵਾਲਾਂਗਾਂ ਬੀਬੀ,
ਭਾਰੀ ਲੈਦੂੰਗਾ ਚੱਕੀ।
ਪੇਕੀਂ ਉਠਜੂ ਵੀਰਾ, ਤੇਰੀ ਚੱਕੀ ਦੀ ਥੱਕੀ।

ਉਨ੍ਹਾਂ ਸਮਿਆਂ ਵਿਚ ਜਨਾਨੀਆਂ ਨੂੰ ਹੱਥ ਚੱਕੀਆਂ ਨਾਲ ਰੋਜ਼ ਦੀ ਰੋਜ਼ ਆਟਾ ਪੀਹ ਕੇ ਆਪਣੇ ਟੱਬਰ ਦਾ ਢਿੱਡ ਭਰਨਾ ਪੈਂਦਾ ਸੀ। ਉਹ ਨਾਲੇ ਚੱਕੀ ਝੋਂਦੀਆਂ, ਨਾਲੇ ਬ੍ਰਿਹਾ ਕੁੱਠੇ ਗੀਤ ਗਾ-ਗਾ ਕੇ ਆਪਣੇ ਮਨ ਦਾ ਭਾਰ ਹੌਲਾ ਕਰਦੀਆਂ:

ਪੀਹ ਪੀਹ ਵੇ ਮੈਂ ਭਰਦੀ ਪਰਾਤਾਂ
ਆਪਣੀਆਂ ਮਾਂਵਾਂ ਬਾਝੋਂ,
ਵੇ ਕੋਈ ਪੁੱਛਦਾ ਨਾ ਬਾਤਾਂ।
ਅੱਖੀਆਂ ਜਲ ਭਰ ਆਈਆਂ ਨੀ ਮਾਏ
ਅੱਖੀਆਂ ਡੁਲ੍ਹ-ਡੁਲ੍ਹ ਪੈਂਦੀਆਂ ਨੀ ਮਾਏ
ਪੀਹ ਪੀਹ ਵੇ ਮੈਂ ਭਰਦੀ ਭੜੋਲੇ
ਆਪਣਿਆਂ ਵੀਰਾਂ ਬਾਝੋਂ,
ਵੇ ਕੋਈ ਮੁੱਖੋਂ ਨਾ ਬੋਲੇ।
ਅੱਖੀਆਂ ਜਲ ਭਰ ਆਈਆਂ ਨੀ ਮਾਏ
ਅੱਖੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੀ ਮਾਏ।

ਪੁਰਾਣੇ ਸਮਿਆਂ ਵਿਚ ਆਉਣ-ਜਾਣ ਦੇ ਸਾਧਨ ਸੀਮਤ ਸਨ। ਨਾ ਨਦੀ-ਨਾਲਿਆਂ 'ਤੇ ਪੁਲ। ਪੰਜ-ਦਸ ਕੋਹ ਦੀ ਵਾਟ 'ਤੇ ਵਿਆਹੀ ਮੁਟਿਆਰ ਆਪਣੇ-ਆਪ ਨੂੰ ਪਰਦੇਸਣ ਸਮਝਦੀ ਸੀ। ਵਰ੍ਹੇ-ਛਿਮਾਹੀ ਹੀ ਕੋਈ ਮਿਲਣ ਆਉਂਦਾ। ਸਾਵਣ ਦੇ ਅਨੇਕਾਂ ਗੀਤ ਮਿਲਦੇ ਹਨ, ਜਿਨ੍ਹਾਂ ਰਾਹੀਂ ਸਹੁਰੇ ਬੈਠੀ ਧੀ ਜਿੱਥੇ ਆਪਣੇ ਦੂਰ ਵਸੇਂਦੇ ਮਾਪਿਆਂ ਦੇ ਦਰਦ ਦਾ ਸਲ ਸਹਿੰਦੀ ਹੈ, ਉਥੇ ਪਰਦੇਸ ਖੱਟੀ ਕਰਨ ਗਏ ਆਪਣੇ ਮਾਹੀ ਦੇ ਵਿਛੋੜੇ ਨੂੰ ਵੀ ਬੜੇ ਦਰਦੀਲੇ ਬੋਲਾਂ ਵਿਚ ਬਿਆਨ ਕਰਦੀ ਹੈ। ਤੀਆਂ ਦੇ ਦਿਨਾਂ ਵਿਚ ਪੇਕੀਂ ਨਾ ਜਾ ਸਕੀ ਧੀ ਆਪਣੀ ਮਾਂ ਨੂੰ ਤੀਆਂ ਦਾ ਸੰਧਾਰਾ ਭੇਜਣ ਲਈ ਆਖਦੀ ਹੈ ਤੇ ਅੱਗੋਂ ਮਾਂ ਦੀ ਬੇਵਸੀ ਤੇ ਧੀ ਦੇ ਮਨ ਦੀ ਭਾਵਨਾ ਦਾ ਪ੍ਰਗਟਾਵਾ ਇੱਕ ਲੋਕ ਗੀਤ ਇਸ ਤਰ੍ਹਾਂ ਬਿਆਨ ਕਰਦਾ ਹੈ:

ਭੇਜੀਂ ਨੀ ਮਾਏ ਸੂਹੜੇ,
ਸੂਹਿਆਂ ਦੇ ਦਿਨ ਚਾਰ,
ਕਿਕੂੰ ਨੀ ਭੇਜਾਂ ਸੂਹੜੇ, ਪਿਓ ਤੇਰਾ ਪਰਦੇਸ।
ਲਿਖ ਲਿਖ ਭੇਜਾਂ ਚੀਰੀਆਂ,
ਤੂੰ ਪਰਦੇਸਾਂ ਤੋਂ ਆ
ਕਿਕੂੰ ਨੀ ਆਮਾਂ ਜਾਈਏ ਮੇਰੀਏ,
ਨਦੀਆਂ ਨੇ ਲਿਆ ਨੀ ਉਛਾਲ।
ਪਾਵੇਂ ਵੇ ਮਲਾਹੋ ਬੇੜੀਆਂ,
ਮੇਰਾ ਬਾਬਲ ਪਾਰ ਲੰਘਾਓ
ਹੱਥ ਦੀ ਵੇ ਦੇਵਾਂ ਮੁੰਦਰੀ
ਗਲ਼ ਦਾ ਨੌ ਲੱਖਾ ਹਾਰ।
ਮੇਰਾ ਬਾਬਲ ਪਾਰ ਲੰਘਾਓ,
ਸਾਵਣ ਆਇਆ।

ਕਈ ਦਹਾਕੇ ਪਹਿਲਾਂ ਪੁਆਧ ਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਨਹੀਂ ਸੀ। ਪਾਣੀ ਦਾ ਪੱਧਰ ਡੂੰਘਾ ਹੋਣ ਕਰਕੇ ਖੂਹ-ਖੂਹੀਆਂ ਆਮ ਨਹੀਂ ਸਨ। ਔਰਤਾਂ ਦੂਰੋਂ-ਨੇੜਿਓਂ ਪਾਣੀ ਭਰਦੀਆਂ ਸਨ। ਕਿਸੇ ਸਾਧੂ ਸੰਤ ਨੇ ਪੇਂਡੂਆਂ ਦੇ ਸਾਂਝੇ ਯਤਨਾਂ ਨਾਲ ਕੁਟੀਆ ਦੇ ਨਾਲ ਖੂਹੀ ਉਸਾਰ ਲੈਣੀ ਜਿਥੋਂ ਔਰਤਾਂ ਪਾਣੀ ਭਰਦੀਆਂ ਅਤੇ ਕਈ ਵਾਰ ਰਮਤੇ ਜੋਗੀ ਵੀ ਕੁਟੀਆ ਵਿਚ ਆ ਜਾਂਦੇ। ਪੇਂਡੂ ਲੋਕਾਂ ਵਿਚ ਜੋਗੀਆਂ/ਸਾਧੂਆਂ ਪ੍ਰਤੀ ਅਥਾਹ ਸ਼ਰਧਾ ਹੋਇਆ ਕਰਦੀ ਸੀ। ਇਕ ਗੀਤ ਵਿਚ ਪਾਣੀ ਭਰਨ ਦੇ ਪੱਜ ਨਣਦ-ਭਰਜਾਈ ਕਿਸੇ ਜੋਗੀ ਨੂੰ ਦੇਖਣ ਜਾਂਦੀਆਂ ਹਨ-ਭਾਬੋ ਜੋਗੀ 'ਤੇ ਮੋਹਿਤ ਹੋ ਜਾਂਦੀ ਹੈ:

ਅੰਬਾਂ ਤੇ ਤੂਤੀਂ ਠੰਢੀ ਛਾਂ,
ਕੋਈ ਪਰਦੇਸੀ ਜੋਗੀ ਆਣ ਲੱਥੇ
ਚਲ ਨਣਦੇ ਪਾਣੀ ਨੂੰ ਚੱਲੀਏ,
ਪਾਣੀ ਦੇ ਪੱਜ ਜੋਗੀ ਦੇਖੀਏ ਨੀ।
ਕਿਥੇ ਰੱਖਾਂ ਨਣਦੇ ਡੋਲ ਨੀ,
ਕਿਥੇ ਖੜ੍ਹ ਕੇ ਜੋਗੀ ਦੇਖੀਏ ਨੀ।
ਨੀਵੇਂ ਤਾਂ ਧਰਦੇ ਭਾਬੋ ਡੋਲ ਨੀ,
ਉਚੇ ਤਾਂ ਖੜ੍ਹ ਕੇ ਜੋਗੀ ਦੇਖੀਏ ਨੀ।
ਇਸ ਜੋਗੀ ਦੇ ਲੰਬੇ-ਲੰਬੇ ਕੇਸ ਨੀ,
ਦਹੀਓਂ ਕਟੋਰੇ ਜੋਗੀ ਨੁਾਵਦਾ ਸੀ।
ਇਸ ਜੋਗੀ ਦੇ ਚਿੱਟੇ-ਚਿੱਟੇ ਦੰਦ ਨੀ,
ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਸੀ।
ਚਲ ਨੀ ਭਾਬੋ ਘਰ ਨੂੰ ਚੱਲੀਏ,
ਸੱਸ ਉਡੀਕੇ ਨੂੰਹੇ ਆ ਘਰੇ,
ਸੱਸਾਂ ਨੂੰ ਨੂੰਹਾਂ ਨਣਦੇ ਹੋਰ-ਹੋਰ ਨੀ,
ਮੈਂ ਮਨ ਰੱਖਾਂ ਵੱਲ ਜੋਗੀ ਦੇ ਨੀ।
ਚੱਲ ਨੀ ਭਾਬੋ ਘਰ ਨੂੰ ਚੱਲੀਏ,
ਸਹੁਰਾ ਉਡੀਕੇ ਨੂੰਹੇ ਆ ਘਰੇ,
ਸਹੁਰੇ ਨੂੰ ਨੂੰਹਾਂ ਨਣਦੇ ਹੋਰ-ਹੋਰ ਨੀਂ,
ਮੈਂ ਮਨ ਰੱਖਾਂ ਵੱਲ ਜੋਗੀ ਦੇ ਨੀ।
ਮਰ ਵੇ ਜੋਗੀ ਕਿਸੇ ਹੋਰ ਦੇਸ਼ ਵੇ,
ਤੈਂ ਮੇਰੀ ਚੈਂਚਲ ਭਾਬੋ ਮੋਹ ਲਈ ਵੇ।
ਮਰਨ ਨੀ ਨਣਦੇ ਤੇਰੇ ਵੀਰੜੇ,
ਇਹ ਪਰਦੇਸੀ ਜੋਗੀ ਕਿਉਂ ਮਰੇ।

ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਨ ਸਦਕਾ ਪਿਛਲੇ ਕੁਝ ਸਮੇਂ ਤੋਂ ਪੁਆਧ ਦੇ ਆਰਥਿਕ ਅਤੇ ਸਮਾਜਿਕ ਜੀਵਨ ਵਿਚ ਅਹਿਮ ਤਬਦੀਲੀਆਂ ਆਈਆਂ ਹਨ-ਪੇਂਡੂ ਲੋਕਾਂ ਲਈ ਰੁਜਗਾਰ ਦੇ ਸਾਧਨਾਂ ਵਿਚ ਵਾਧਾ ਹੋਇਆ ਹੈ। ਨਦੀਆਂ 'ਤੇ ਪੁਲ ਬਣ ਗਏ ਹਨ-ਸੜਕਾਂ ਦਾ ਜਾਲ ਵਿਛ ਗਿਆ ਹੈ ਅਤੇ ਖੇਤੀਬਾੜੀ ਆਧੁਨਿਕ ਢੰਗ ਨਾਲ ਹੋਣ ਲੱਗੀ ਹੈ, ਵਪਾਰਕ ਘਰਾਣਿਆਂ ਨੇ ਮਹਿੰਗੇ ਭਾਅ ਜ਼ਮੀਨਾਂ ਖਰੀਦ ਕੇ ਪਿੰਡਾਂ ਵਿਚ ਤਕਨੀਕੀ ਕਾਲਜ ਖੋਲ੍ਹ ਦਿੱਤੇ ਹਨ। ਸਰਕਾਰੀ ਪੱਧਰ 'ਤੇ ਵੀ ਵਿੱਦਿਆ ਦਾ ਪਸਾਰ ਹੋਇਆ ਹੈ। ਆਰਥਿਕ ਵਿਕਾਸ ਹੋਣ ਸਦਕਾ ਪੁਆਧ ਦੇ ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਵਿਚ ਵੀ ਤਬਦੀਲੀ ਵਾਪਰੀ ਹੈ। ਨੌਜਵਾਨ ਪੀੜ੍ਹੀ ਪੁਆਧੀ ਉਪ-ਭਾਸ਼ਾ ਤੋਂ ਮੁੱਖ ਮੋੜ ਗਈ ਹੈ। ਦੂਰ-ਦੁਰਾਡੇ ਪਿੰਡਾਂ ਵਿਚ ਪੁਰਾਣੀ ਪੀੜ੍ਹੀ ਦੇ ਬਜ਼ੁਰਗ ਹੀ ਪੁਆਧੀ ਬੋਲੀ ਦੀ ਵਰਤੋਂ ਕਰਦੇ ਹਨ। ਉਨ੍ਹਾਂ ਪਾਸ ਜਾ ਕੇ ਪੁਆਧੀ ਲੋਕ ਗੀਤ ਅਤੇ ਲੋਕ ਕਹਾਣੀਆਂ ਸੰਭਾਲਣ ਦੀ ਅਤਿਅੰਤ ਲੋੜ ਹੈ। ਪੁਆਧੀ ਲੋਕ ਗੀਤ ਪੰਜਾਬੀ ਲੋਕਧਾਰਾ ਦੇ ਬੇਸ਼ਕੀਮਤੀ ਮੋਤੀ ਹਨ।

# ਪੁਆਧੀ ਬੋਲੀ ਦਾ ਪਹਿਲਾ ਖੋਜੀ

ਭਾਸ਼ਾ ਵਿਗਿਆਨ ਦੇ ਖੇਤਰ ਵਿਚ 'ਇੰਸਟਰੂਮੈਂਟ ਫੋਨੈਟਿਕਸ' ਦਾ ਸ਼ਾਹ ਅਸਵਾਰ ਅਤੇ ਪੁਆਧੀ ਬੋਲੀ 'ਤੇ ਪਹਿਲੀ ਪੀਐਚ.ਡੀ. ਕਰਨ ਵਾਲਾ ਡਾ. ਬਲਬੀਰ ਸਿੰਘ ਸੰਧੂ ਉਚ ਵਿੱਦਿਅਕ ਸੰਸਥਾਵਾਂ ਅਤੇ ਵਿਦਵਾਨਾਂ ਦੇ ਚੇਤਿਆਂ ਵਿਚੋਂ ਵਿਸਰ ਗਿਆ ਜਾਪਦਾ ਹੈ। ਉਹ ਪਟਿਆਲਾ ਤੋਂ ਰਾਜਪੁਰਾ ਸੜਕ 'ਤੇ ਪੈਂਦੇ ਪੁਆਧ ਦੇ ਨਿੱਕੇ ਜਿਹੇ ਪਿੰਡ ਨਰੜੂ ਦੇ ਸਾਧਾਰਨ ਕਿਸਾਨ ਪਰਿਵਾਰ ਵਿਚ 28 ਸਤੰਬਰ 1934 ਨੂੰ ਜਨਮੇ। ਵੱਖ ਵੱਖ ਵਿੱਦਿਅਕ ਸੰਸਥਾਵਾਂ ਵਿਚ ਪੜ੍ਹਾਈ ਕਰਨ ਪਿਛੋਂ

ਗੁਰਨਾਮ ਸਿੰਘ ਅਕੀਦਾ
ਫੋਨ: 91-81460-01100

1956 ਵਿਚ ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਵਿਚ ਬਤੌਰ ਖੋਜ ਸਹਾਇਕ ਦੀ ਨੌਕਰੀ ਕੀਤੀ। ਉਦੋਂ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਗਿਆਨੀ ਲਾਲ ਸਿੰਘ ਨੇ ਬਲਬੀਰ ਸਿੰਘ ਸੰਧੂ ਦੀ ਖੋਜ ਘਾਲਣਾ ਬਾਰੇ ਕਿਹਾ ਸੀ ਕਿ ਉਸ ਦੀਆਂ ਖੁੱਚਾਂ ਵਿਚ ਬੜਾ ਦਮ ਹੈ। ਇਹੋ ਸਮਾਂ ਸੀ ਜਦੋਂ ਡਾ. ਸੰਧੂ ਭਾਸ਼ਾ ਵਿਗਿਆਨ ਦੀਆਂ ਖੋਜਾਂ ਵੱਲ ਅੱਗੇ ਵਧਦੇ ਗਏ। ਐਮ.ਏ. ਕਰਨ ਤੋਂ ਬਾਅਦ ਡਾ. ਸੰਧੂ ਦਾ ਸੰਪਰਕ ਲਿੰਗੁਇਸਟਿਕਸ ਸੁਸਾਇਟੀ ਆਫ ਇੰਡੀਆ ਨਾਲ ਹੋਇਆ। ਇਸ ਦੌਰਾਨ ਉਹ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿਚ ਬਤੌਰ ਲੈਕਚਰਾਰ ਪੜ੍ਹਾਉਣ ਲੱਗ ਗਏ ਸਨ। 1960 ਤੋਂ ਲੈ ਕੇ 1964 ਤਕ ਡਾ. ਸੰਧੂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ 'ਏ ਡਿਸਕ੍ਰਿਪਟਿਵ ਗਰਾਮਰ ਆਫ ਪੁਆਧੀ' (ਪੁਆਧੀ 'ਤੇ ਪਹਿਲੀ ਵਾਰ) ਵਿਸ਼ੇ 'ਤੇ ਪੀਐਚ.ਡੀ. ਦੀ ਡਿਗਰੀ ਹਾਸਲ ਕੀਤੀ।

ਡਾ. ਸੰਧੂ 1964 ਵਿਚ ਸੋਵੀਅਤ ਯੂਨੀਅਨ ਵੱਲੋਂ ਭਾਸ਼ਾ ਵਿਗਿਆਨ ਵਿਚ ਖੋਜ ਕਰਨ ਲਈ ਸਰਬ ਭਾਰਤੀ ਪੱਧਰ ਉਤੇ ਭਾਸ਼ਾ ਵਿਗਿਆਨ ਦੇ ਕਰਵਾਏ ਗਏ ਇੱਕ ਖੁੱਲ੍ਹੇ ਮੁਕਾਬਲੇ ਵਿਚ ਫੈਲੋਸ਼ਿਪ ਲਈ ਚੁਣੇ ਗਏ। ਸੋਵੀਅਤ ਯੂਨੀਅਨ ਦੀ ਲੈਨਿਨਗਰਾਡ ਯੂਨੀਵਰਸਿਟੀ ਵਿਚ ਸਖਤ ਮਿਹਨਤ ਨਾਲ ਕੀਤੀ ਖੋਜ ਸਦਕਾ ਉਨ੍ਹਾਂ ਨੂੰ ਇੰਸਟਰੂਮੈਂਟਲ ਫੋਨੈਟਿਕਸ ਦੇ ਖੇਤਰ ਵਿਚ ਖੋਜ ਦੀ ਸਭ ਤੋਂ ਵੱਡੀ ਡਿਗਰੀ ਡੀਐਸਸੀ ਪ੍ਰਾਪਤ ਹੋਈ। ਇਸ ਦੌਰਾਨ ਉਹ ਸੰਸਾਰ ਦੀਆਂ ਵਿਸ਼ਵ ਪ੍ਰਸਿੱਧ ਭਾਸ਼ਾ ਲੈਬਾਰਟਰੀਆਂ-ਮਾਸਕੋ, ਕੀਵ, ਬਰਲਿਨ, ਸਟਾਕਹੋਮ, ਲੰਡਨ ਤੇ ਹੈਲਿੰਸਕੀ ਨਾਲ ਭਾਸ਼ਾ ਵਿਗਿਆਨ 'ਤੇ ਖੋਜ ਕਰਦੇ ਰਹੇ। ਉਨ੍ਹਾਂ ਭਾਰਤ ਵਿਚ ਵੀ ਭਾਸ਼ਾ ਵਿਗਿਆਨ ਦੇ ਵੱਖ ਵੱਖ ਪਹਿਲੂਆਂ 'ਤੇ ਖੋਜਾਂ ਕੀਤੀਆਂ ਅਤੇ ਕਈ ਕੋਰਸ ਪਾਸ ਕੀਤੇ।

ਡਾ. ਸੰਧੂ ਨੇ 1971 ਤੋਂ 1985 ਤਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਪੜ੍ਹਾਇਆ ਅਤੇ ਨਾਲੋ-ਨਾਲ ਭਾਸ਼ਾ ਵਿਗਿਆਨ 'ਤੇ ਹੋਰ ਡੂੰਘਾਈ ਨਾਲ ਖੋਜ ਵੀ ਕਰਦੇ ਰਹੇ। ਡਾ. ਸੰਧੂ ਨੂੰ ਸੋਵੀਅਤ ਯੂਨੀਅਨ ਦੀ ਅਕਾਦਮੀ ਆਫ ਸਾਇੰਸ ਦੇ ਡੀਐਸਸੀ ਪੇਪਰਾਂ ਦੇ ਥੀਸਿਸ ਦਾ ਨਿਰੀਖਕ ਹੋਣ ਦਾ ਮਾਣ ਵੀ ਹਾਸਲ ਹੋਇਆ। ਉਨ੍ਹਾਂ ਵਿਸ਼ਵ ਪੱਧਰ 'ਤੇ ਭਾਸ਼ਾ ਵਿਗਿਆਨ ਵਿਚ ਹੋਈਆਂ ਖੋਜਾਂ ਦੇ ਕਈ ਖੋਜ ਪੱਤਰਾਂ ਦਾ ਨਿਰੀਖਣ ਕੀਤਾ। 1980 ਵਿਚ ਸੈਂਟਰਲ ਇੰਸਟੀਚਿਊਟ ਆਫ ਇੰਡੀਅਨ ਲੈਂਗੂਏਜਿਜ਼ ਦੇ ਪੋਸਟ ਗਰੈਜੂਏਟ ਤੇ ਪੋਸਟ ਡਾਕਟਰਲ ਭਾਸ਼ਾ ਸਕਾਲਰਾਂ ਨੂੰ ਪੜ੍ਹਾਉਣ ਲਈ ਡਾ. ਬਲਬੀਰ ਸਿੰਘ ਸੰਧੂ ਨੂੰ ਵਿਜ਼ਟਿੰਗ ਪ੍ਰੋਫੈਸਰ ਨਿਯੁਕਤ ਕੀਤਾ ਗਿਆ। 1983 ਵਿਚ ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਇੱਕ ਸਾਲ ਲਈ ਵਿਜ਼ਟਿੰਗ ਪ੍ਰੋਫੈਸਰ ਵਜੋਂ ਵੀ ਸੇਵਾ ਨਿਭਾਈ। ਇੱਥੇ ਹੀ ਬੱਚਿਆਂ ਨੂੰ ਭਾਸ਼ਾ ਵਿਗਿਆਨ ਦੇ ਮਾਹਿਰ ਬਣਾਉਣ ਲਈ ਉਨ੍ਹਾਂ ਵਿਸ਼ੇਸ਼ ਸਿਲੇਬਸ ਬਣਾਉਣ ਵਾਸਤੇ ਕਾਰਜ ਵੀ ਅਰੰਭਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 'ਕਰਾਸ ਡਾਇਲੈਕਟ ਫੀਚਰ ਆਫ ਪੰਜਾਬੀ' ਪ੍ਰਾਜੈਕਟ ਅਧੀਨ ਪੰਜਾਬ ਅਤੇ ਹਰਿਆਣਾ ਦੇ ਸਰਹੱਦੀ ਪਿੰਡਾਂ ਦੇ ਭਾਸ਼ਾ ਅਧਿਐਨ ਅਤੇ ਪੰਜਾਬੀ ਬੋਲਦੇ ਪਿੰਡਾਂ ਦਾ ਜਾਇਜ਼ਾ ਲੈਣ ਉਪਰੰਤ ਇੱਕ ਪੁਆਧੀ ਸ਼ਬਦ ਕੋਸ਼ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਪਰ ਉਹ 16 ਅਕਤੂਬਰ 1985 ਨੂੰ ਇਹ ਕਾਰਜ ਅਧੂਰਾ ਛੱਡ ਕੇ ਅਚਾਨਕ ਦੁਨੀਆਂ ਨੂੰ ਅਲਵਿਦਾ ਕਹਿ ਗਏ।



ਡਾ. ਬਲਬੀਰ ਸਿੰਘ ਸੰਧੂ ਦੀ ਯਾਦਗਾਰੀ ਤਸਵੀਰ ਤੇ ਪਿੰਡ ਨਰੜੂ ਵਿਚ ਉਨ੍ਹਾਂ ਦਾ ਖੰਡਰ ਹੋ ਰਿਹਾ ਘਰ

ਡਾ. ਸੰਧੂ ਦੀ ਤੀਬਰ ਇੱਛਾ ਸੀ ਕਿ ਪਿੰਡਾਂ ਵਿਚ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣ। ਪੰਜਾਬ ਸਾਹਿਤ ਅਕਾਦਮੀ ਦਾ ਸਕੱਤਰ ਬਣ ਕੇ ਉਨ੍ਹਾਂ ਇਹ ਕੰਮ ਅਰੰਭ ਕੀਤਾ। ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਲੇਖਕਾਂ ਦੀਆਂ ਕਿਤਾਬਾਂ ਖਰੀਦਣ ਦੀ ਇੱਕ ਵਿਸ਼ੇਸ਼ ਯੋਜਨਾ ਬਣਾਈ ਸੀ ਜੋ ਪੰਜਾਬ ਆਰਟਸ ਕੌਂਸਲ ਰਾਹੀਂ ਉਨ੍ਹਾਂ ਪੰਜਾਬ ਸਰਕਾਰ ਤੋਂ ਪ੍ਰਵਾਨ ਕਰਵਾ ਲਈ ਸੀ। ਡਾ. ਸੰਧੂ ਦੀਆਂ ਅੰਤਿਮ ਰਸਮਾਂ ਮੌਕੇ ਡਾ. ਮਹਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ, "ਪਿੰਡਾਂ ਵਿਚ ਲਾਇਬ੍ਰੇਰੀਆਂ ਉਸਾਰਨ ਵਾਲਾ ਵਿਦਵਾਨ ਤੁਰ ਗਿਆ ਹੈ।"

ਡਾ. ਬਲਬੀਰ ਸਿੰਘ ਸੰਧੂ ਨੇ ਭਾਸ਼ਾ ਵਿਗਿਆਨ (ਧੁਨੀ ਤੋਂ ਲੈ ਕੇ ਸ਼ਬਦਾਂ ਦੀ ਬਣਤਰ ਤਕ) ਤੇ ਕੋਸ਼ਕਾਰੀ 'ਤੇ ਸੈਂਕੜੇ ਪਰਚੇ ਅਤੇ ਕਈ ਪੁਸਤਕਾਂ ਲਿਖੀਆਂ। ਉਨ੍ਹਾਂ ਕੋਲ ਪੜ੍ਹਨ ਵਾਲਿਆਂ ਦੀ ਕਤਾਰ ਵੀ ਲੰਬੀ ਹੈ ਪਰ 1985 ਤੋਂ ਬਾਅਦ ਡਾ. ਸੰਧੂ ਬਾਰੇ ਕੋਈ ਖੋਜ ਨਹੀਂ ਹੋਈ। ਪੰਜਾਬੀ ਅਤੇ ਪੰਜਾਬ ਯੂਨੀਵਰਸਿਟੀ ਵੱਲੋਂ ਕੋਈ ਯਾਦਗਾਰ ਬਣਾਉਣਾ ਤਾਂ ਦੂਰ ਦੀ ਗੱਲ, ਉਨ੍ਹਾਂ ਨਮਿੱਤ ਕਦੇ ਯਾਦਗਾਰੀ ਭਾਸ਼ਣ ਵੀ ਨਹੀਂ ਕਰਾਇਆ ਗਿਆ। ਪਿੰਡ ਨਰੜੂ ਵਿਚ ਉਨ੍ਹਾਂ ਦਾ ਘਰ ਵੀ ਖੰਡਰ ਹੋ ਗਿਆ ਹੈ। ਉਨ੍ਹਾਂ ਦੀ ਪਤਨੀ ਅਜਮੇਰ ਕੌਰ ਨੇ 1985 ਵਿਚ ਉਨ੍ਹਾਂ ਸਬੰਧੀ ਇੱਕ ਯਾਦਗਾਰੀ ਕਿਤਾਬ ਆਪਣੀ ਸੰਪਾਦਨਾ ਹੇਠ ਛਪਾਈ ਸੀ ਪਰ ਉਸ ਤੋਂ ਬਾਅਦ ਪੁਆਧ ਦਾ ਇਹ ਵੱਡਾ ਭਾਸ਼ਾ ਵਿਗਿਆਨੀ ਸਾਡੇ ਚੇਤਿਆਂ ਵਿਚੋਂ ਮਨਫੀ ਹੋ ਗਿਆ।



ਸੰਤ ਰਾਮ ਉਦਾਸੀ

ਸੰਤ ਰਾਮ ਉਦਾਸੀ ਦਾ ਦੁਖਾਂਤ-3

# ਰੰਗ ਉਦਾਸੀ

*ਸੰਤ ਰਾਮ ਉਦਾਸੀ (20 ਅਪਰੈਲ 1939 ਤੋਂ 6 ਨਵੰਬਰ 1986) ਨੂੰ ਸਾਥੋਂ ਵਿਛੜਿਆਂ 30 ਸਾਲ ਬੀਤ ਗਏ ਹਨ, ਪਰ ਉਹਦੀਆਂ ਕਵਿਤਾਵਾਂ ਅਤੇ ਸ਼ਾਨਾਂਮੱਤਾ ਜੀਵਨ ਦੀ ਕਹਾਣੀ ਸਾਡੇ ਅੰਗ-ਸੰਗ ਹੈ। ਉਹ ਪੰਜਾਬੀ ਕਾਵਿ-ਜਗਤ ਦਾ ਅਹਿਮ ਹਸਤਾਖਰ ਹੈ। ਉਹਦੀਆਂ ਕਵਿਤਾਵਾਂ ਵਿਚ ਰੋਹ ਦੇ ਚੰਗਿਆੜੇ ਬਲਦੇ ਹਨ ਅਤੇ ਨਾਲ ਹੀ ਦਰਦ ਦੇ ਨੀਰ ਵਗਦੇ ਹਨ। ਦੱਬੇ-ਕੁਚਲੇ ਲੋਕਾਂ ਲਈ ਉਹਦੀਆਂ ਕਵਿਤਾਵਾਂ ਸੂਰਜ ਤੋਂ ਘੱਟ ਨਹੀਂ। ਪ੍ਰਿੰ. ਸਰਵਣ ਸਿੰਘ ਨੇ ਇਸ ਵਿਲੱਖਣ ਹਸਤੀ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ ਹੈ। ਪਹਿਲੀ ਕਿਸ਼ਤ ਵਿਚ ਉਦਾਸੀ ਦੇ ਪਰਿਵਾਰਕ ਪਿਛੋਕੜ ਅਤੇ ਦੂਜੀ ਵਿਚ ਨਕਸਲੀ ਲਹਿਰ ਦੌਰਾਨ ਹੋਏ ਪੁਲਿਸ ਤਸ਼ੱਦਦ ਦੀ ਚਰਚਾ ਸੀ। ਐਤਕੀਂ ਉਸ ਦੀ ਸ਼ਖਸੀਅਤ ਦੇ ਕੁਝ ਹੋਰ ਪੱਖਾਂ ਦੀ ਵਾਰਤਾ ਸੁਣਾਈ ਗਈ ਹੈ। -ਸੰਪਾਦਕ*

ਜਿਥੇ ਉਦਾਸੀ ਦੇ ਗੀਤਾਂ ਤੇ ਨਜ਼ਮਾਂ ਵਿਚ ਲੋਹੜੇ ਦਾ ਵੇਗ ਤੇ ਗਾਉਣ ਦੀ ਬੁਲੰਦੀ ਸੀ, ਉਥੇ ਉਸ ਦੀ ਸ਼ਖਸੀਅਤ ਦੇ ਕੁਝ ਉਲਾਰ ਪੱਖ ਵੀ ਸਨ। ਉਹ ਪਲ 'ਚ ਤੋਲਾ ਤੇ ਪਲ 'ਚ ਮਾਸਾ ਹੋ ਜਾਂਦਾ ਸੀ। ਉਹਦੇ ਸੁਭਾਅ ਨੂੰ ਹੋਰ ਤਾਂ ਕੀ, ਉਹਦੇ ਘਰ ਵਾਲੇ ਵੀ ਨਹੀਂ ਸਮਝ ਸਕੇ। ਉਹ ਹੱਸਦਾ ਹੱਸਦਾ ਰੋ ਪੈਂਦਾ, ਰੋਂਦਾ ਰੋਂਦਾ ਹੱਸ ਪੈਂਦਾ। ਕਦੇ ਕੂਕਾਂ ਮਾਰਦਾ, ਕਦੇ ਚੁੱਪ ਗੜੁੱਪ। ਲੰਘ ਜਾਣ ਤਾਂ ਹਾਥੀ ਲੰਘ ਜਾਣ, ਨਹੀਂ ਕੀੜੀ ਵੀ ਨਾ ਲੰਘਣ ਦਿੰਦਾ। ਅਜੀਬ ਸ਼ਖਸੀਅਤ ਸੀ ਸੰਤ ਰਾਮ ਉਦਾਸੀ। ਕਦੇ ਸੋਫੀ ਤੇ ਸਾਊ, ਕਦੇ ਐਬੀ ਤੇ ਸ਼ਰਾਬੀ!

ਕੁਝ ਐਬ ਉਹਦੇ ਦੋਸਤਾਂ ਨੇ ਕੋਲੋਂ ਵੀ ਉਹਦੇ ਨਾਂ ਨਾਲ ਜੋੜ ਰੱਖੇ ਸਨ। ਮਸਲਨ, ਉਹ ਇੰਟੈਰੋਗੇਸ਼ਨ ਸੈਂਟਰ ਦਾ ਤਸ਼ੱਦਦ ਝੱਲ ਕੇ ਬਾਹਰ ਆਇਆ ਤਾਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕਿਸੇ ਸਭਾ ਦੇ ਸਮਾਗਮ ਵਿਚ ਹੱਡਬੀਤੀ ਦੱਸਣ ਲੱਗਾ, ਇੰਟੈਰੋਗੇਸ਼ਨ ਸੈਂਟਰ ਵਿਚ ਉਹਦੇ ਉਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ, ਉਹਦੀ ਨਿਗ੍ਹਾ ਘਟ ਗਈ ਤੇ ਹੁਣ ਬੜਾ ਘੱਟ ਦਿਸਦੈ। ਸਾਹਮਣੇ ਬੈਠੇ ਸਰੋਤਿਆਂ ਦਾ ਵੀ ਬੱਸ ਝੌਲਾ ਜਿਹਾ ਈ ਪੈਂਦੈ। ਸਿਰ ਸ਼ਿਕੰਜੇ 'ਚ ਪੀੜਿਆ ਗਿਐ ਜਿਸ ਨਾਲ ਯਾਦਾਸ਼ਤ ਘਟ ਗਈ ਐ।

ਸਭਾ ਸਮਾਪਤ ਹੋਣ ਪਿਛੋਂ ਯਾਰਾਂ-ਬੇਲੀਆਂ ਦੀਆਂ ਢਾਣੀਆਂ ਬਣ ਗਈਆਂ। ਉਦਾਸੀ ਦੀ ਢਾਣੀ ਚਾਰ ਜਣਿਆਂ ਦੀ ਸੀ। ਸਭ ਨੇ ਸਾਈਕਲਾਂ 'ਤੇ ਆਪੋ-ਆਪਣੇ ਪਿੰਡੀਂ ਜਾਣਾ ਸੀ। ਪ੍ਰੋਗਰਾਮ ਬਣਿਆ ਕਿ ਠੇਕੇ ਤੋਂ ਪਊਆ ਪਊਆ ਪੀ ਕੇ ਸਾਈਕਲਾਂ 'ਤੇ ਲੱਤ ਦਿੱਤੀ ਜਾਵੇ। ਉਦਾਸੀ ਨੂੰ ਇਹ ਪ੍ਰੋਗਰਾਮ ਪਸੰਦ ਸੀ, ਕਿਉਂਕਿ ਸਾਈਕਲ ਉਤੇ ਜਾਂਦਿਆਂ ਉਸ ਨੇ ਕੋਈ ਗੀਤ ਜੋੜ ਲੈਣਾ ਸੀ। ਐਨ ਉਵੇਂ ਜਿਵੇਂ ਬਾਬੂ ਰਜਬ ਅਲੀ ਨੇ ਬਹੁਤ ਸਾਰੀ ਕਵੀਸ਼ਰੀ ਨਹਿਰੀ ਬਾਬੂ ਬਣ ਕੇ ਘੋੜੇ ਦੀ ਸਵਾਰੀ ਕਰਦਿਆਂ ਜੋੜੀ ਸੀ।

ਉਨ੍ਹਾਂ ਦੀ ਢਾਣੀ ਠੇਕੇ ਕੋਲ ਜਾ ਖਲੋਤੀ। ਉਨ੍ਹੀਂ ਦਿਨੀਂ ਸਭ ਤੋਂ ਸਸਤੀ ਬੋਤਲ ਅੱਠ ਰੁਪਿਆਂ ਦੀ ਸੀ ਤੇ ਸਭ ਤੋਂ ਸਸਤਾ ਪਊਆ ਤਿੰਨ ਰੁਪਿਆਂ ਦਾ। ਜੇ ਚਾਰੇ ਆਪੋ ਆਪਣੇ ਪਊਏ ਖਰੀਦਦੇ ਤਾਂ ਮਹਿੰਗੇ ਪੈਂਦੇ ਸਨ। ਸਰਫੇ-ਹੱਥੇ ਚਾਰਾਂ ਜਣਿਆਂ ਨੇ ਦੋ-ਦੋ ਰੁਪਏ ਪਾ ਕੇ ਸਾਂਝੀ ਬੋਤਲ ਲੈ ਲਈ। ਚਾਰ ਗਲਾਸਾਂ ਦਾ ਪ੍ਰਬੰਧ ਵੀ ਹੋ ਗਿਆ। ਦਿਨ ਛਿਪ ਰਿਹਾ ਸੀ। ਉਦਾਸੀ ਦੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਸਨ। ਗਲਾਸਾਂ 'ਚ ਪਊਆ ਪਊਆ ਪਾਉਣ ਵਾਲੇ ਨੇ ਸੋਚਿਆ- 'ਉਦਾਸੀ ਨੂੰ ਕਿਹੜਾ ਦਿਸਦੈ?' ਉਹਨੇ ਉਹਦੇ ਗਲਾਸ ਵਿਚ ਘੱਟ ਪਾਈ ਤੇ ਬਾਕੀ ਤਿੰਨਾਂ 'ਚ ਵੱਧ। ਉਦਾਸੀ ਕਾਲੀਆਂ ਐਨਕਾਂ ਲਾਹ ਕੇ ਆਖਣ ਲੱਗਾ- "ਪਤੰਦਰੋ, ਮੈਨੂੰ ਇੰਨਾ ਘੱਟ ਵੀ ਨਈਂ ਦੀਂਹਦਾ, ਬਈ ਪਤਾ ਨਾ ਲੱਗੇ ਕਿ ਮੇਰੇ ਗਲਾਸ 'ਚ ਪੂਰਾ ਹਿੱਸਾ ਨ੍ਹੀਂ ਪਾਇਆ!" ਬਣਦਾ ਹਿੱਸਾ ਲੈਣ ਬਾਰੇ ਤਾਂ ਉਸ ਨੇ ਕਵਿਤਾ ਵੀ ਲਿਖੀ ਸੀ:

ਉਚੀ ਕਰ ਕੇ ਆਵਾਜ਼
ਮਜ਼ਦੂਰ ਨੇ ਹੈ ਕਹਿਣਾ,
ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ
ਅਸੀਂ ਵੀ ਹੈ ਲੈਣਾ...।

ਉਦਾਸੀ ਦਾ ਪਰਿਵਾਰ ਜਿਵੇਂ ਜਿਵੇਂ ਵਧ ਰਿਹਾ ਸੀ, ਖਰਚੇ ਵੀ ਵਧ ਰਹੇ ਸਨ ਜੋ ਇਕੱਲੇ ਦੀ ਤਨਖਾਹ ਨਾਲ ਪੂਰੇ ਨਹੀਂ ਸਨ ਹੋ ਰਹੇ। ਬਿਰਧ ਮਾਂ ਸਣੇ ਸੁੱਖ ਨਾਲ ਅੱਠਾਂ ਜੀਆਂ ਦਾ ਟੱਬਰ ਸੀ। ਤਿੰਨ ਧੀਆਂ ਤੇ ਦੋ ਪੁੱਤ ਸਨ ਜੋ ਪੜ੍ਹਦੇ ਸਨ। ਉਨ੍ਹਾਂ ਦੀਆਂ ਕਾਪੀਆਂ ਕਿਤਾਬਾਂ, ਲੀੜੇ ਕਪੜੇ ਤੇ ਹੋਰ ਵੀਹ ਖਰਚੇ ਸਨ। ਪਹਿਲਾਂ ਤਾਂ ਉਹ ਦਿਨ ਦਿਹਾਰ 'ਤੇ ਹੀ ਪੀਂਦਾ ਤੇ ਮੀਟ ਖਾਂਦਾ। ਫਿਰ ਦਿਨ ਦਿਹਾਰ ਤੋਂ ਮਹੀਨੇਵਾਰ ਤੇ ਹਫਤੇਵਾਰ 'ਤੇ ਉਤਰ ਆਇਆ। ਜਦੋਂ ਉਹ ਸ਼ਹਿਰੋਂ ਤਨਖਾਹ ਲੈਣ ਜਾਂਦਾ ਤਾਂ ਰਸੋਈ ਦੇ ਹੋਰ ਸਮਾਨ ਨਾਲ ਮੀਟ ਵੀ ਲੈ ਆਉਂਦਾ। ਨਾਲ ਨਿਆਣਿਆਂ ਨੂੰ ਵੀ ਖੁਆਉਂਦਾ।

ਉਦਾਸੀ ਸਾਹਿਤ ਸਭਾ ਬਰਨਾਲੇ ਤੇ ਹੋਰ ਸਾਹਿਤਕ/ਅਧਿਆਪਕ ਮੀਟਿੰਗਾਂ ਵਿਚ ਵੀ ਜਾਂਦਾ ਰਹਿੰਦਾ। ਫਿਰ ਉਦਣ ਤਾਂ ਯਾਰਾਂ ਬੇਲੀਆਂ ਸੰਗ ਘੁੱਟ ਲਾ ਕੇ ਹੀ ਘਰ ਮੁੜਦਾ। ਕੁਝ ਨਾ ਕੁਝ ਨਿਆਣਿਆਂ ਦੇ ਖਾਣ ਲਈ ਵੀ ਲੈ ਆਉਂਦਾ। ਰਸੋਈ ਦਾ ਸਮਾਨ ਉਹਦੇ ਸਾਈਕਲ ਉਤੇ ਲੱਦਿਆ ਹੁੰਦਾ। ਘਰ ਆ ਕੇ ਧੀਆਂ ਪੁੱਤਾਂ ਨਾਲ ਲਾਡ ਕਰਦਾ ਤੇ ਉਨ੍ਹਾਂ ਦੇ ਮੂੰਹ ਚੁੰਮਦਾ। ਬੇਬੇ ਧੀਆਂ ਨਾਲ ਅਜਿਹੇ ਲਾਡ ਕਰਨੋਂ ਰੋਕਦੀ, ਪਰ ਨਿਆਣੇ ਖੁਸ਼ੀ ਵਿਚ ਚਾਂਭਲਦੇ। ਉਹ ਕਦੇ ਲੱਤਾਂ ਨੂੰ ਚੰਬੜਦੇ ਕਦੇ ਮੋਢਿਆਂ 'ਤੇ ਚੜ੍ਹਦੇ। ਉਦਣ ਉਦਾਸੀ ਦੇ ਵਿਹੜੇ ਸੂਰਜ ਚੜ੍ਹਿਆ ਲੱਗਦਾ। ਮਹੀਨੇ ਮਗਰੋਂ ਤਨਖਾਹ ਲੈਣ ਲਈ ਤਾਂ ਉਹ ਸ਼ਹਿਰ ਜਾਂਦਾ ਹੀ ਸੀ। ਉਦਾਸੀ ਆਪਣੇ ਬੱਚਿਆਂ ਨਾਲ ਨਰਮ ਵੀ ਸੀ ਤੇ ਪੜ੍ਹਾਈ ਕਰਾਉਣ ਲਈ ਸਖਤ ਵੀ।

ਉਦਾਸੀ ਜਦੋਂ ਸਹੁਰੀਂ ਜਾਂਦਾ ਤਾਂ ਕਦੇ ਕਦੇ ਮੱਛਰ ਵੀ ਜਾਂਦਾ, ਜਣੇ ਖਣੇ ਨੂੰ ਸਾਲਾ ਬਣਾ ਧਰਦਾ। ਉਹਦਾ ਸਹੁਰਾ ਪਿੰਡ ਨੱਥੋਕੇ ਜ਼ਿਲ੍ਹਾ ਫਰੀਦਕੋਟ ਵਿਚ ਹੋਣ ਕਰਕੇ ਲਾਚੜਿਆ ਹੋਇਆ ਉਹ ਫਰੀਦਕੋਟ ਦੇ ਕਾਮਰੇਡਾਂ ਨੂੰ ਵੀ ਸਾਲੇ ਆਖਣੋਂ ਨਾ ਟਲਦਾ। ਆਪਣੇ ਜੁਆਕਾਂ ਨੂੰ ਕਹਿੰਦਾ, ਇਹ ਥੋਡੇ ਮਾਮੇ ਨੇ! ਸਹੁਰੀਂ ਗਿਆ ਵਿਹੜੇ ਦੇ ਮੁਰਗੇ ਨਾ ਛੱਡਦਾ। ਜੀਹਦਾ ਕੁੱਕੜ ਕੋਲ ਦੀ ਲੰਘਦਾ ਫੜ ਕੇ ਧੌਣ ਮਰੋੜ ਦਿੰਦਾ। ਅਗਲੇ ਜੁਆਈ ਭਾਈ ਸਮਝ ਕੇ ਚੁੱਪ ਰਹਿੰਦੇ। ਲੁਕ ਛਿਪ ਕੇ ਰਾਤ ਕੱਟਣ ਵਾਲੇ ਉਹਦੇ ਨਕਸਲਬਾੜੀਏ ਸਾਥੀ ਕਹਿੰਦੇ, ਉਦਾਸੀ ਦੇ ਸਹੁਰੇ ਆਏ ਗਏ ਦੀ ਬੜੀ ਖਾਤਰ ਕਰਦੇ ਨੇ। ਜਦੋਂ ਉਹ ਰਾਏਸਰ ਜਾ ਕੇ ਉਦਾਸੀ ਦੇ ਸਹੁਰਿਆਂ ਦੀ ਵਡਿਆਈ ਕਰਦੇ ਤਾਂ ਉਦਾਸੀ ਘਰ ਵਾਲੀ ਨੂੰ ਲਾ ਕੇ ਕਹਿੰਦਾ, "ਆਹੀ ਸੀਂਢਲ ਜੀ ਖਾਤਰ ਨੀ ਕਰਦੀ, ਉਹ ਤਾਂ ਬਥੇਰੀ ਖਾਤਰ ਕਰਦੇ ਆ ਭਾਈ।"

ਉਹਦਾ ਇਕ ਦੋਸਤ ਦੱਸਦੈ, "ਅਸੀਂ ਦੋਵੇਂ ਜਣੇ ਨਹਿਰੂ ਦੇ ਬੁੱਤ ਕੋਲ ਚਾਹ ਦੇ ਖੋਖੇ 'ਤੇ ਬਹਿ ਗਏ। ਉਦਾਸੀ ਨੇ ਕਿਹਾ, "ਮੇਰਾ ਨਵਾਂ ਗੀਤ ਸੁਣ। ਚਾਹ ਦੇ ਨਾਲ ਬਰਫ਼ੀ ਖੁਆ ਦਿੰਨਾਂ ਸੌ ਗਰਾਮ।"

ਮੈਂ ਕਿਹਾ, "ਇਕ ਅਧੀਆ ਵੀ। ਆਟਾ ਜਿਹਾ ਖਾ ਕੇ ਕਿਉਂ ਸੁਣਾਂ? ਚਲ ਸ਼ਹਿਰੋਂ ਬਾਹਰ। ਹਵਾ ਪਿਆਜ਼ੀ ਤਾਂ ਹੋਈਏ।"

ਬਰਨਾਲੇ ਸ਼ਹਿਰ ਦੇ ਸੰਘੇੜਿਆਂ ਵਾਲੇ ਅੱਡੇ ਤੋਂ ਅਸੀਂ ਬੋਤਲ ਲਈ। ਠੀਕਰੀ ਵਾਲ ਦੇ ਰਾਹ ਬਰੋਟੇ ਹੇਠ ਬੈਠ ਗਏ। ਲੋਰ ਵਿਚ ਆਏ ਉਦਾਸੀ ਨੇ ਰੰਗ ਬੰਨ੍ਹ ਦਿੱਤਾ। ਗੀਤ ਸੀ, ਅਜੇ ਹਨ੍ਹੇਰਾ ਗਾੜ੍ਹਾ ਹੈ। ਇਹ ਗੱਲ ਸੱਚ ਸੀ ਕਿ ਉਦਾਸੀ ਦੀ ਪੀਤੀ ਤੋਂ ਹਨ੍ਹੇਰਾ ਹੋਰ ਵੀ ਗਾੜ੍ਹਾ ਹੋ ਜਾਂਦਾ ਸੀ। ਹਨ੍ਹੇਰੇ 'ਚ ਉਹ ਡਿੱਗ ਢਹਿ ਵੀ ਪੈਂਦਾ!

ਹੱਥ ਹਮੇਸ਼ਾ ਤੰਗ ਰਹਿੰਦਾ, ਪਰ ਉਹ ਪੀਣੋਂ ਫਿਰ ਵੀ ਨਹੀਂ ਸੀ ਹਟਦਾ। ਯਾਰ ਬੇਲੀ ਮਦਦ ਕਰਨ ਜੋਗੇ ਨਹੀਂ ਸਨ। ਪੀਣ ਲਈ ਤੇ ਹੱਥ ਸੁਖਾਲਾ ਕਰਨ ਲਈ ਉਹ ਅਨੰਦ ਕਾਰਜਾਂ ਉਤੇ ਕਵਿਤਾਵਾਂ ਤੇ ਗੀਤ ਗਾਉਣ ਲੱਗਾ। ਜਿਹੜੇ ਪੈਸੇ ਸਿਹਰੇ ਤੇ ਸਿੱਖਿਆ ਪੜ੍ਹਨ ਵਾਲਿਆਂ ਨੂੰ ਮਿਲਣੇ ਹੁੰਦੇ, ਉਹ ਉਦਾਸੀ ਨੂੰ ਮਿਲ ਜਾਂਦੇ, ਬਲਕਿ ਉਹਦੇ ਪ੍ਰਸੰਸਕ ਕੁਝ ਵੱਧ ਹੀ ਦੇ ਦਿੰਦੇ। ਇੰਜ ਪੈਸੇ ਕਮਾਉਣ ਨੂੰ ਉਹਦੇ ਕੁਝ ਸਾਥੀ ਚੰਗਾ ਨਾ ਸਮਝਦੇ ਅਤੇ ਪਿੱਠ ਪਿੱਛੇ ਉਹਦੀ ਨਿੰਦਿਆ ਚੁਗਲੀ ਕਰਦੇ ਕਹਿੰਦੇ, "ਇਹਨੇ ਲਾਗੀਆਂ ਭਾਈਆਂ ਵਾਲਾ ਕੰਮ ਕਿਉਂ ਫੜ ਲਿਆ?" ਪਰ ਉਦਾਸੀ ਨੂੰ ਪੈਸਿਆਂ ਦੀ ਲੋੜ ਸੀ, ਤੇ ਉਹ ਅਨੰਦ ਕਾਰਜਾਂ ਤੋਂ ਅਗਾਂਹ ਗੁਰਦੁਆਰਿਆਂ ਵਿਚ ਗੁਰਪੁਰਬਾਂ ਦੇ ਦੀਵਾਨਾਂ ਮੌਕੇ ਵੀ ਗੀਤ-ਕਵਿਤਾਵਾਂ ਗਾਉਣ ਲੱਗ ਪਿਆ ਅਤੇ ਰਾਗੀਆਂ ਢਾਡੀਆਂ ਵਾਂਗ ਭੇਟਾ ਲੈਣ ਲੱਗ ਪਿਆ।

ਉਹ ਗੁਰਦੁਆਰੇ ਦੀ ਸਟੇਜ 'ਤੇ ਗਾਉਂਦਾ, ਸਰਕਾਰੀ ਕਵੀ ਦਰਬਾਰਾਂ ਵਿਚ, ਜਾਂ ਅਨੰਦ ਕਾਰਜਾਂ ਸਮੇਂ ਗਾਉਂਦਾ, ਉਹਦੇ ਗੀਤ ਹਮੇਸ਼ਾ ਇਨਕਲਾਬੀ ਤੇ ਉਸਾਰੂ ਹੁੰਦੇ। ਉਹਦੇ ਇਨਕਲਾਬੀ ਸਾਥੀ ਉਦਾਸੀ ਦੇ ਇਸ ਤਰ੍ਹਾਂ ਪੈਸੇ ਕਮਾਉਣ ਦੀ ਨੁਕਤਾਚੀਨੀ ਤਾਂ ਕਰਦੇ, ਪਰ ਇਹਦਾ ਕੋਈ ਹੋਰ ਇਲਾਜ ਨਾ ਸੋਚਦੇ। ਕੋਈ ਅਦਾਰਾ ਉਹਦੀ ਮਾਲੀ ਮਦਦ ਲਈ ਨਾ ਬਹੁੜਿਆ। ਉਦਾਸੀ ਨੂੰ ਗੁਜ਼ਾਰੇ ਲਈ ਪੈਸਿਆਂ ਦੀ ਲੋੜ ਸੀ ਜੋ ਹੋਰ ਕਿਸੇ ਤਰ੍ਹਾਂ ਪੂਰੀ ਨਾ ਹੁੰਦੀ। ਜੋ ਉਦਾਸੀ ਦੇ ਦਿਲ 'ਤੇ ਬੀਤਦੀ, ਉਹੀ ਜਾਣਦਾ ਸੀ।

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਾਰਨ ਉਹ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਵੀ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ਵਿਚ ਵੀ ਸਥਾਪਤੀ ਵਿਰੋਧੀ ਕਵਿਤਾਵਾਂ ਪੜ੍ਹਦਾ। ਸਰਕਾਰੀ ਅਫ਼ਸਰਾਂ ਦੀ ਉਹਨੇ ਕਦੇ ਖੁਸ਼ਾਮਦ ਨਹੀਂ ਸੀ ਕੀਤੀ, ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁਧ ਬੋਲਦਾ। 'ਦਿੱਲੀਏ ਦਿਆਲਾ ਦੇਖ' ਕਵਿਤਾ ਉਸ ਨੇ ਲਾਲ ਕਿਲ੍ਹੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ। ਉਹ ਅਕਸਰ ਆਖਦਾ, "ਲਾਲ ਕਿਲ੍ਹੇ 'ਤੇ ਕਵਿਤਾ ਹੀ ਨਹੀਂ ਪੜ੍ਹਨੀ, ਲਾਲ ਕਿਲ੍ਹੇ 'ਤੇ ਲਾਲ ਝੰਡਾ ਵੀ ਗੱਡਣੈਂ।"


ਅਨੰਦ ਕਾਰਜਾਂ ਉਤੇ ਉਹ ਅਕਸਰ 'ਡੋਲੀ' ਨਾਂ ਦੀ ਕਵਿਤਾ ਸੁਣਾਉਂਦਾ:

ਹੱਸ ਹੱਸ ਤੋਰ ਦੇ ਤੂੰ
ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ
ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ...।
ਡੱਕ ਨਾ ਨੀ ਮਾਏ
ਸਾਨੂੰ ਸੁੱਚੀਆਂ ਸੁਗੰਧੀਆਂ ਨੂੰ,
ਆਇਆ ਮੇਰੀ ਆਸਾਂ ਉਤੇ ਬੂਰ।
ਜਿਵੇਂ ਸਾਡਾ ਸਾਰਿਆਂ ਦਾ
ਢਿੱਡ ਰੋਟੀ ਮੰਗਦਾ ਹੈ,
ਮਾਂਗ ਮੇਰੀ ਮੰਗਦੀ ਸੰਧੂਰ...।

ਜਦੋਂ ਉਹ ਅਨੰਦ ਕਾਰਜਾਂ 'ਤੇ ਜਾਂਦਾ ਤਾਂ ਵਿਆਹਾਂ ਵਾਲਾ ਖਾਣ-ਪੀਣ ਵੀ ਕਰ ਲੈਂਦਾ। ਉਹਦੇ ਪ੍ਰਸ਼ੰਸਕ ਉਹਨੂੰ ਦਾਰੂ ਪਿਆ ਕੇ ਗੀਤ ਸੁਣਦੇ ਤੇ ਪਿੱਛੋਂ ਉਹਦੀ ਪੀਤੀ ਦੀਆਂ ਗੱਲਾਂ ਕਰਦੇ। ਕਦੇ ਕਦੇ ਸ਼ਰਾਬ ਉਹਦੇ ਉਤੋਂ ਦੀ ਵੀ ਹੋ ਜਾਂਦੀ ਤੇ ਉਹ ਜਿਥੇ ਹੁੰਦਾ, ਉਥੇ ਹੀ ਢਹਿ ਪੈਂਦਾ। ਦਿਨ ਦਿਹਾਰ ਤੋਂ ਹਫ਼ਤੇਵਾਰ 'ਤੇ ਆਇਆ ਉਹ ਨਿੱਤ ਦਾ ਪਿਆਕ ਬਣ ਗਿਆ। ਉਹ ਪੂਰਾ ਨਹੀਂ ਤਾਂ ਅਰਧ ਅਲਕੋਹਲਿਕ ਤਾਂ ਹੋ ਹੀ ਗਿਆ ਸੀ।

ਸ਼ਰਾਬ ਸਾਡੇ ਕਈ ਕਵੀਆਂ ਤੇ ਲੇਖਕਾਂ ਦੀ ਕਮਜ਼ੋਰੀ ਬਣੀ ਹੈ। ਸ਼ਿਵ ਕੁਮਾਰ ਬਟਾਲਵੀ ਕਮਾਲ ਦਾ ਕਵੀ ਤੇ ਗਾਇਕ ਸੀ। ਉਸ ਨੂੰ ਕੁਝ ਤਾਂ ਇਸ਼ਕ ਮੁਸ਼ਕ ਲੈ ਬੈਠਾ, ਤੇ ਬਾਕੀ ਸ਼ਰਾਬ ਲੈ ਬੈਠੀ। ਕਰਮਜੀਤ ਕੁੱਸਾ ਬੜਾ ਹੋਣਹਾਰ ਨਾਵਲਕਾਰ ਸੀ, ਪਰ ਸ਼ਰਾਬ ਨੇ ਉਹ ਛੋਟੀ ਉਮਰ ਵਿਚ ਹੀ ਨਿਗਲ ਲਿਆ। ਮੀਸ਼ੇ ਦੀ ਮੌਤ ਵੀ ਸ਼ਰਾਬ ਨਾਲ ਜੋੜੀ ਜਾਂਦੀ ਹੈ। ਸਵਿਤੋਜ ਨੂੰ ਵੀ ਸ਼ਰਾਬ ਦਾ ਸੰਤਾਪ ਲੱਗਾ। ਨੰਦ ਲਾਲ ਨੂਰਪੁਰੀ ਸ਼ਰਾਬ ਦੇ ਦੁੱਖੋਂ ਖੂਹ ਵਿਚ ਛਾਲ ਮਾਰ ਕੇ ਖੁਦਕਸ਼ੀ ਕਰ ਗਿਆ। ਸ਼ਰਾਬ ਨੇ ਹੋਰ ਵੀ ਕਈਆਂ ਦਾ ਖਾਨਾ ਖਰਾਬ ਕੀਤਾ। ਕੀ ਪਤਾ ਉਦਾਸੀ ਦੇ ਅਧਖੜ ਉਮਰ ਵਿਚ ਗੁਜ਼ਰ ਜਾਣ ਦਾ ਇਕ ਕਾਰਨ ਸ਼ਰਾਬ ਵੀ ਹੋਵੇ।

ਇਕ ਵਾਰ ਅਸੀਂ ਪਿੰਡ ਕੁੱਸੇ 'ਕੱਠੇ ਹੋਏ। ਕਰਮਜੀਤ ਕੁੱਸੇ ਦੀ ਭੈਣ ਦਾ ਵਿਆਹ ਸੀ। ਕੁਝ ਅਧਿਆਪਕ ਦੋਸਤ-ਮਿੱਤਰ ਬਾਹਰਲੇ ਘਰ ਜਾ ਬੈਠੇ ਜਿਥੇ ਦਾਰੂ ਦੀ ਮਹਿਫ਼ਲ ਜੰਮ ਗਈ। ਦਾਰੂ ਦੀ ਲੋਰ ਵਿਚ ਉਦਾਸੀ ਚੜ੍ਹਦੇ ਤੋਂ ਚੜ੍ਹਦਾ ਗੀਤ ਗਾਉਂਦਾ ਗਿਆ। ਲੋਹੜਿਆਂ ਦਾ ਵੇਗ ਤੇ ਤਰੰਨਮ ਸੀ ਉਹਦੇ ਗਾਉਣ ਵਿਚ, ਮੰਝੇ ਹੋਏ ਗਾਇਕਾਂ ਵਾਲਾ। ਕਈ ਤਰਜ਼ਾਂ ਉਹਨੇ ਕਮਾਲ ਦੀਆਂ ਕੱਢੀਆਂ। ਨਵੇਂ ਗੀਤਾਂ ਦੀਆਂ ਨਵੀਆਂ ਤਰਜ਼ਾਂ ਕੱਢਣ ਦਾ ਉਹ ਮਾਹਿਰ ਸੀ। ਤੂੰ ਮਘਦਾ ਰਈਂ ਵੇ ਸੂਰਜਾ... ਦੀ ਤਰਜ਼ ਉਹਦੇ ਜਿਹੀ ਕੋਈ ਹੋਰ ਨਹੀਂ ਕੱਢ ਸਕਿਆ। ਡੋਲੀ ਤੋਰਨ ਦਾ ਸੁਨੇਹਾ ਆਇਆ ਤਾਂ ਮਹਿਫ਼ਲ ਉਠ ਖੜ੍ਹੀ ਹੋਈ, ਪਰ ਉਦਾਸੀ ਤੋਂ ਉਠਿਆ ਨਾ ਗਿਆ। ਅਖੀਰਲਾ ਭਰਵਾਂ ਹਾੜਾ ਉਹਨੂੰ ਲੈ ਬੈਠਾ। ਉਹ ਘਰੋੜੇ ਮੰਜੇ ਉਤੇ ਹੀ ਲਮਲੇਟ ਹੋ ਗਿਆ ਤੇ ਉਹਦੇ ਸਾਥੀ ਉਹਨੂੰ ਉਥੇ ਹੀ ਛੱਡ ਗਏ। ਛੱਡ ਹੀ ਨਹੀਂ ਗਏ, ਬਲਕਿ ਉਹਦੀ ਵੱਧ ਪੀਤੀ ਉਤੇ ਆਪਣੀ ਘੱਟ ਪੀਤੀ ਖੇੜਦੇ ਗਏ!



*ਸੰਤ ਰਾਮ ਉਦਾਸੀ (ਐਨਕਾਂ ਵਾਲਾ) ਕਿਸੇ ਸਮਾਗਮ ਤੋਂ ਬਾਅਦ ਆਪਣੇ ਯਾਰਾਂ-ਬੇਲੀਆਂ ਨਾਲ।*

1982 ਵਿਚ ਉਹ ਢੁੱਡੀਕੇ ਸਾਹਿਤ ਸਭਾ ਵੱਲੋਂ ਕੀਤੇ ਮੇਰੇ ਸਨਮਾਨ ਸਮਾਗਮ ਵਿਚ ਸਾਡੇ ਪਿੰਡ ਆਇਆ। ਉਥੇ ਜਸਵੰਤ ਸਿੰਘ ਕੰਵਲ ਵੀ ਹਾਜ਼ਰ ਸੀ ਤੇ ਹਾਕੀ ਵਾਲਾ ਪ੍ਰਿਥੀਪਾਲ ਸਿੰਘ ਵੀ। ਜਥੇਦਾਰ ਤੋਤਾ ਸਿੰਘ ਤੇ ਗੁਰਭਜਨ ਸਿੰਘ ਗਿੱਲ ਵੀ। ਢੁੱਡੀਕੇ ਕਾਲਜ ਦੇ ਪ੍ਰੋਫ਼ੈਸਰ ਵੀ। ਸਮਾਗਮ ਉਹਦੇ ਗੀਤਾਂ ਨਾਲ ਸਰਸ਼ਾਰਿਆ ਗਿਆ। ਸਰੋਤੇ ਬੜੇ ਖੁਸ਼ ਹੋਏ ਤੇ ਉਹਦਾ ਗੀਝਾ ਨੋਟਾਂ ਨਾਲ ਭਰ ਗਿਆ। ਮੈਨੂੰ ਉਹੀ ਡਰ ਕਿ ਖਾਣ ਪੀਣ ਵੇਲੇ ਉਦਾਸੀ ਕਿਤੇ ਕੁੱਸੇ ਵਾਲੀ ਨਾ ਕਰ ਬਹੇ। ਪੈਸੇ ਨਾ ਡੇਗ ਬੈਠੇ। ਇਸ ਲਈ ਮੈਂ ਪੀਣ-ਪਿਆਉਣ ਦੀ ਸੁਲ੍ਹਾ ਨਾ ਮਾਰੀ ਤੇ ਉਦਾਸੀ ਬਿਨ ਪੀਤਿਆਂ ਉਦਾਸ ਜਿਹਾ ਰਾਏਸਰ ਚਲਾ ਗਿਆ। ਫਿਰ ਉਹ ਮੇਰੇ ਭਰਾ ਦੇ ਵਿਆਹ ਪਿੱਛੋਂ ਉਹਦੇ ਅਮਰੀਕਾ ਜਾਣ ਦੀ ਖੁਸ਼ੀ ਵਿਚ ਰੱਖੇ ਅਖੰਡ ਪਾਠ ਦੇ ਭੋਗ ਮੌਕੇ ਚਕਰ ਆਇਆ। ਉਸ ਨੇ ਕਵਿਤਾਵਾਂ ਸੁਣਾਈਆਂ ਜੋ ਖੂਬ ਸਲਾਹੀਆਂ ਗਈਆਂ। ਮਾਣ-ਤਾਣ ਤਾਂ ਹੋਣਾ ਹੀ ਸੀ। ਭੋਗ ਪੈ ਚੁੱਕਾ ਤਾਂ ਢੁੱਡੀਕੇ ਦੇ ਪ੍ਰੋਫੈਸਰ ਕਹਿਣ ਲੱਗੇ, "ਉਦਾਸੀ ਆਇਆ ਹੋਇਐ। ਏਥੋਂ ਉਠੀਏ ਤੇ ਕਿਤੇ ਨਿਵੇਕਲੇ ਬਹਿ ਕੇ ਉਦਾਸੀ ਦੇ ਗੀਤ ਸੁਣੀਏ।"

ਉਦਣ ਸਾਹਿਤ ਸਭਾ ਦੇ ਸਮਾਗਮ ਦੀ ਥਾਂ ਭਰਾ ਦੇ ਵਿਆਹ ਦੀ ਖੁਸ਼ੀ ਮਨਾਉਣ ਦਾ ਮੌਕਾ ਸੀ, ਸੋ ਦਾਰੂ ਪੀਣ-ਪਿਆਉਣ ਤੋਂ ਸੰਕੋਚ ਕਰਨਾ ਵਾਜਬ ਨਹੀਂ ਸੀ। ਮਾਸਟਰ ਗੁਰਪ੍ਰੀਤ ਦੇ ਚੁਬਾਰੇ ਵਿਚ ਖਾਣ ਪੀਣ ਦਾ ਪ੍ਰਬੰਧ ਹੋ ਗਿਆ। ਬਾਅਦ ਦੁਪਹਿਰ ਲੱਗੀ ਮਹਿਫ਼ਲ ਡੂੰਘੀ ਸ਼ਾਮ ਤਕ ਲੱਗੀ ਰਹੀ। ਚੁਬਾਰੇ ਦੀਆਂ ਕੰਧਾਂ ਉਦਾਸੀ ਦੇ ਗੀਤਾਂ ਨਾਲ ਲਰਜ਼ਦੀਆਂ ਰਹੀਆਂ। ਮੇਰੀ ਤੇ ਗੁਰਪ੍ਰੀਤ ਦੀ ਕੋਸ਼ਿਸ਼ ਸੀ ਕਿ ਉਦਾਸੀ ਠੀਕ ਠਾਕ ਰਹੇ ਪਰ ਕਿਸੇ ਪ੍ਰੋਫੈਸਰ ਨੇ ਪਤਾ ਨਹੀਂ ਕਦੋਂ ਉਹਨੂੰ ਭਰਵਾਂ ਹਾੜਾ ਲੁਆ ਦਿੱਤਾ। ਫਿਰ ਉਹੀ ਗੱਲ ਹੋਈ, ਜੀਹਦਾ ਡਰ ਸੀ। ਉਦਾਸੀ ਗੀਤ ਗਾਉਣ ਦੀ ਥਾਂ ਘਿਆਕੋ ਬਿੱਲੀਆਂ ਬੁਲਾਉਣ ਲੱਗਾ। ਉਸ ਨੇ ਪੱਗ ਲਾਹ ਲਈ ਤੇ ਜਟਾਂ ਖਿਲਾਰ ਲਈਆਂ। ਬਾਕੀ ਤਾਂ ਸਾਰੇ ਆਪੋ ਆਪਣੇ ਰਾਹ ਪੈ ਗਏ ਪਰ ਉਦਾਸੀ ਚੁਬਾਰੇ 'ਚੋਂ ਉਤਰਨ ਜੋਗਾ ਵੀ ਨਾ ਰਿਹਾ। ਇਹ 1984 ਦੀ ਗੱਲ ਹੈ।

ਇਕ ਵਾਰ ਜਗਰਾਓਂ ਦੇ ਲਾਲਾ ਲਾਜਪਤ ਰਾਏ ਕਾਲਜ ਵਿਚ ਪ੍ਰੋ. ਗੁਰਭਜਨ ਗਿੱਲ ਨੇ ਕਵੀ ਦਰਬਾਰ ਕਰਵਾਇਆ। ਹੋਰਨਾਂ ਕਵੀਆਂ ਤੋਂ ਬਿਨਾਂ ਸੂਬਾ ਸਿੰਘ ਨੂੰ ਵੀ ਸੱਦਿਆ ਤੇ ਸੰਤ ਰਾਮ ਉਦਾਸੀ ਨੂੰ ਵੀ। ਸੂਬਾ ਸਿੰਘ ਦੀਆਂ ਹਾਸਰਸੀ ਕਵਿਤਾਵਾਂ ਰੰਗ ਬੰਨ੍ਹ ਦਿੰਦੀਆਂ ਸਨ ਪਰ ਉਥੇ ਇਸ ਕਰ ਕੇ ਰੰਗ ਨਾ ਬੱਝਾ ਕਿ ਵਿਦਿਆਰਥੀ ਵਾਰ-ਵਾਰ ਉਦਾਸੀ ਦੀ ਮੰਗ ਕਰਦੇ ਰਹੇ। ਅੱਕ ਕੇ ਗੁਰਭਜਨ ਨੇ ਕਿਹਾ, "ਓਏ ਚੁੱਪ ਵੀ ਕਰੋ। ਪਹਿਲਾਂ ਸੂਬਾ ਸਿੰਘ ਦੀ ਹਾਸੀ ਤਾਂ ਸੁਣ ਲਓ, ਫਿਰ ਸੰਤ ਰਾਮ ਦੀ ਉਦਾਸੀ ਵੀ ਵਰਤਾ ਦਿਆਂਗੇ!"

ਇਕੇਰਾਂ ਪਾਸ਼ ਨੇ ਖੁਦ ਮੰਨਿਆ ਸੀ, ਬਈ ਜਿਥੇ ਉਦਾਸੀ ਆ ਜਾਵੇ, ਉਥੇ ਉਹ ਵੀ ਪਾਸਾ ਵੱਟ ਜਾਂਦਾ ਸੀ- ਇਥੇ ਸਾਡੀ ਕਵਿਤਾ ਕੀਹਨੇ ਸੁਣਨੀ ਐਂ! ਉਦਾਸੀ ਨਾ ਹੋਵੇ ਤਾਂ ਪਾਸ਼ ਪਾਸ਼ ਹੁੰਦੀ ਸੀ। ਸਟੇਜੀ ਕਵਿਤਾ 'ਚ ਉਦਾਸੀ ਦੀ ਝੰਡੀ ਸੀ। ਕਿਤਾਬੀ ਕਵਿਤਾ 'ਚ ਪਾਸ਼ ਦੀ।

ਸਾਹਿਤ ਟਰੱਸਟ ਢੁੱਡੀਕੇ ਵੱਲੋਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ 1978 'ਚ ਸੰਤ ਰਾਮ ਉਦਾਸੀ ਨੂੰ ਦਿੱਤਾ ਗਿਆ ਸੀ। ਜਸਵੰਤ ਸਿੰਘ ਕੰਵਲ ਨਾਲ ਅਸੀਂ ਢੁੱਡੀਕੇ ਤੋਂ ਲੁਧਿਆਣੇ ਦੀ ਖੇਤੀ ਯੂਨੀਵਰਸਿਟੀ ਗਏ। ਸਮਾਗਮ ਪਾਲ ਆਡੀਟੋਰੀਅਮ ਵਿਚ ਸੀ ਜਿਸ ਦਾ ਇੰਤਜ਼ਾਮ ਡਾ. ਐਸ.ਐਸ. ਦੁਸਾਂਝ ਨੇ ਕੀਤਾ ਸੀ। ਉਥੇ ਸੰਤ ਸਿੰਘ ਸੇਖੋਂ ਤੇ ਹੋਰ ਕਈ ਸਾਹਿਤਕਾਰ ਹਾਜ਼ਰ ਸਨ। ਵਿਦਿਆਰਥੀਆਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਉਦਾਸੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਇਆ ਸੀ। ਉਦੋਂ ਤਕ ਉਹ ਸਟਾਰ ਸ਼ਾਇਰ ਬਣ ਚੁੱਕਾ ਸੀ ਜਿਸ ਦੇ ਆਟੋਗਰਾਫ ਯੂਨੀਵਰਸਿਟੀ ਦੀਆਂ ਕੁੜੀਆਂ ਵੀ ਲੈ ਰਹੀਆਂ ਸਨ। ਉਥੇ ਉਸ ਨੂੰ ਕੰਬਲੀ ਨਾਲ ਥੈਲੀ ਵੀ ਭੇਟ ਕੀਤੀ ਗਈ ਜਿਸ ਨਾਲ ਉਸ ਨੇ ਘਰੇਲੂ ਖਰਚਿਆਂ ਦੀਆਂ ਕਈ ਖੁੱਡਾਂ ਬੰਦ ਕੀਤੀਆਂ। ਸਮਾਗਮ 'ਚ ਉਹਨੇ 'ਕੰਮੀਆਂ ਦਾ ਵਿਹੜਾ' ਬੁਲੰਦ ਆਵਾਜ਼ ਵਿਚ ਗਾਇਆ ਸੀ:

ਮਾਂ ਧਰਤੀਏ! ਤੇਰੀ ਗੋਦ ਨੂੰ
ਚੰਨ ਹੋਰ ਬਥੇਰੇ
ਤੂੰ ਮਘਦਾ ਰਈਂ ਵੇ ਸੂਰਜਾ
ਕੰਮੀਆਂ ਦੇ ਵਿਹੜੇ...।

ਗੀਤ ਇੰਨਾ ਪਸੰਦ ਕੀਤਾ ਗਿਆ ਕਿ ਹਾਲ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ।

ਫਿਰ ਜਗਦੇਵ ਸਿੰਘ ਜੱਸੋਵਾਲ ਨੇ ਐਲਾਨ ਕਰ ਦਿੱਤਾ ਕਿ ਮੋਹਨ ਸਿੰਘ ਮੇਲੇ ਉਤੇ ਉਦਾਸੀ ਦਾ ਸਨਮਾਨ ਸਿੱਕਿਆਂ ਨਾਲ ਤੋਲ ਕੇ ਕੀਤਾ ਜਾਵੇਗਾ। ਉਦਾਸੀ ਕਈ ਦਿਨ ਫੈਸਲਾ ਨਾ ਕਰ ਸਕਿਆ, ਸਨਮਾਨ ਲਵੇ ਜਾਂ ਨਾ? ਆਖਰ ਲੈ ਲਿਆ। ਇਹਦੇ ਨਾਲ ਵੀ ਕਈ ਖਰਚਿਆਂ ਦੀਆਂ ਖੁੱਡਾਂ ਮੁੰਦੀਆਂ ਗਈਆਂ, ਪਰ ਉਹਦੇ ਕਈ ਕਾਮਰੇਡ ਯਾਰਾਂ ਨੇ ਬੁਰਾ ਮਨਾਇਆ, ਤੇ ਮਤੇ ਪਾਸ ਕਰ ਦਿੱਤੇ ਕਿ ਉਦਾਸੀ ਨੂੰ ਹੁਣ ਨਕਸਲੀਆਂ ਦੀਆਂ ਸਟੇਜਾਂ 'ਤੇ ਨਹੀਂ ਬੋਲਣ ਦੇਣਾ। ਉਨ੍ਹਾਂ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਦਾਸੀ ਹੁਣ ਪਹਿਲਾਂ ਵਾਲਾ ਉਦਾਸੀ ਨਹੀਂ ਰਿਹਾ। ਉਹ ਪ੍ਰੋਲੇਤਾਰੀ ਬਣੇ ਰਹਿਣ ਦੀ ਥਾਂ ਪੈਸੇ ਦਾ ਪੁੱਤ ਬਣ ਗਿਐ। ਸਿੱਕਿਆਂ 'ਚ ਵਿਕ ਗਿਐ!

(ਚਲਦਾ)

# ਪਾਇਦਾਰ ਅਲਫਾਜ਼

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਭਾਸ਼ਾ ਵਿਚ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦਾਂ ਦੇ ਨਾਲ ਨਾਲ ਫਾਰਸੀ ਵਲੋਂ ਆਏ ਸ਼ਬਦਾਂ ਦੀ ਵੀ ਖਾਸੀ ਭਰਤੀ ਹੈ। ਮਜ਼ੇਦਾਰ ਗੱਲ ਇਹ ਹੈ ਕਿ ਸੰਸਕ੍ਰਿਤ ਅਤੇ ਫਾਰਸੀ ਦੀ ਪੂਰਵਰਤੀ ਭਾਸ਼ਾ ਪਹਿਲਵੀ, ਦੋਵੇਂ ਹਿੰਦ-ਇਰਾਨੀ ਭਾਸ਼ਾ ਪਰਿਵਾਰ ਦੀਆਂ ਅੰਗ ਹਨ। ਦੋਹਾਂ ਭਾਸ਼ਾਵਾਂ ਦੇ ਅਨੇਕਾਂ ਸ਼ਬਦ ਸੁਜਾਤੀ ਅਤੇ ਸਮਾਨ ਅਰਥਾਂ ਵਾਲੇ ਹਨ। ਇਸ ਲਈ ਕਈ ਵਾਰੀ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਪੰਜਾਬੀ ਦਾ ਕੋਈ ਸ਼ਬਦ ਫਾਰਸੀ ਵਲੋਂ ਆਇਆ ਹੈ ਜਾਂ ਸੰਸਕ੍ਰਿਤ ਵਲੋਂ। ਅਜਿਹਾ ਵੀ ਹੁੰਦਾ ਹੈ ਕਿ ਕੋਈ ਸ਼ਬਦ ਸੰਸਕ੍ਰਿਤ ਵਲੋਂ ਫਾਰਸੀ ਵਿਚ ਗਿਆ ਤੇ ਉਸੇ ਜਾਂ



ਕੁਝ ਬਦਲੇ ਹੋਏ ਰੂਪ ਤੇ ਅਰਥਾਂ ਵਿਚ ਮੁੜ ਸਾਡੀਆਂ ਭਾਸ਼ਾਵਾਂ ਵਿਚ ਆ ਗਿਆ। ਪੈਰ ਨਾਲ ਸਬੰਧਤ ਪਿਛਲੇ ਦੋ ਲੇਖਾਂ ਵਿਚ ਅਸੀਂ ਆਪਣੇ ਵਲੋਂ ਪਦ ਧਾਤੂ ਤੋਂ ਬਣੇ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦਾਂ ਦੀ ਹੀ ਚਰਚਾ ਕੀਤੀ ਸੀ। ਮਿਸਾਲ ਵਜੋਂ 'ਪਾਈ' ਸ਼ਬਦ ਦੀ, ਜੋ ਇਕ ਛੋਟੇ ਸਿੱਕੇ ਦਾ ਅਰਥਾਵਾਂ ਵੀ ਹੈ ਅਤੇ ਚਾਰਪਾਈ ਜਿਹੇ ਸ਼ਬਦ ਵਿਚ ਪੈਰ ਜਾਂ ਲੱਤ ਦਾ ਅਰਥਾਵਾਂ ਵੀ। ਪਰ ਪਾਈ ਅਤੇ ਪਾਵ ਸ਼ਬਦ ਫਾਰਸੀ ਵਿਚ ਵੀ ਮਿਲਦੇ ਹਨ।

ਫਾਰਸੀ ਵਿਚ ਪੈਰ ਜਾਂ ਪੈੜ ਦੇ ਅਰਥਾਂ ਵਿਚ ਪਾਇ (ਪਾਯ) ਸ਼ਬਦ ਹੈ। ਪੰਜਾਬੀ ਵਿਚ ਇਹ ਸ਼ਬਦ ਸੁਤੰਤਰ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ, 'ਪਾਇ ਪਰਉ ਗੁਰ ਕੇ ਬਲਿਹਾਰੈ॥' ਫਾਰਸੀ ਵਿਚ ਇਸ ਦਾ ਅਰਥ ਨੀਂਹ, ਬੁਨਿਆਦ ਵੀ ਹੈ ਤੇ ਇਸੇ ਅਰਥ ਵਿਚ ਗੁਰੂ ਨਾਨਕ ਦੇਵ ਨੇ ਵੀ ਇਹ ਸ਼ਬਦ ਵਰਤਿਆ ਹੈ, 'ਜੋਗ ਜੁਗਤਿ ਕੀ ਇਹੈ ਪਾਂਇ॥' ਇਹ ਸ਼ਬਦ ਅਗੇਤਰ ਦੇ ਤੌਰ 'ਤੇ ਕੁਝ ਇਕ ਸ਼ਬਦਾਂ ਵਿਚ ਵਰਤਿਆ ਗਿਆ ਹੈ। ਪਾਇਦਾਨ ਉਹ ਪਟੜੀ ਹੁੰਦੀ ਹੈ ਜਿਸ 'ਤੇ ਪੈਰ ਰੱਖ ਕੇ ਕਿਸੇ ਵਾਹਨ ਆਦਿ 'ਤੇ ਚੜ੍ਹਿਆ ਜਾਂਦਾ ਹੈ ਜਿਵੇਂ ਟਾਂਗੇ ਦਾ। ਉਂਜ ਫਾਰਸੀ ਵਿਚ ਇਸ ਦਾ ਅਰਥ ਜੁੱਤੀ ਵੀ ਹੈ। ਫਾਰਸੀ ਵਿਚ ਪੈਰ ਦੇ ਗਹਿਣੇ ਦੇ ਅਰਥਾਂ ਵਾਲਾ 'ਪਾਯਜ਼ੀਬ' ਪੰਜਾਬੀ ਵਿਚ ਪੰਜੇਬ ਵਜੋਂ ਪ੍ਰਚਲਿਤ ਹੋਇਆ। ਇਸ ਵਿਚ ਜ਼ੀਬ ਸ਼ਬਦ ਜ਼ੇਵਰ ਦਾ ਹੀ ਰੁਪਾਂਤਰ ਹੈ। ਇਸ ਨੂੰ ਪਾਇਲ ਵੀ ਕਹਿੰਦੇ ਹਨ। ਮੋਰ ਦੇ ਨਾਚ ਵਾਲੇ ਪਾਇਲ/ਪੈਲ ਵਿਚ ਵੀ ਇਹੋ ਪਾਇ ਰੜਕਦਾ ਹੈ, ਨਾਚ ਪੈਰਾਂ ਦੀ ਹੀ ਕਿਰਿਆ ਹੈ। ਪਾਇਦਾਰ ਲਫਜ਼ ਦਾ ਸ਼ਾਬਦਿਕ ਅਰਥ ਹੈ 'ਪੈਰਾਂ ਵਾਲਾ' ਪਰ ਇਹ ਪੰਜਾਬੀ ਵਿਚ ਸਥਿਰ, ਹੰਢਣਸਾਰ, ਮਜ਼ਬੂਤ, ਟਿਕਾਊ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਸ ਤੋਂ ਅੱਗੇ ਪਾਇਦਾਰੀ ਸ਼ਬਦ ਬਣਿਆ ਹੈ। ਬੁਲੇ ਸ਼ਾਹ ਫੁਰਮਾਉਂਦੇ ਹਨ,

ਕਿੱਥੇ ਹੈ ਸੁਲਤਾਨ ਸਿਕੰਦਰ,
ਮੌਤ ਨਾ ਛੱਡੇ ਪੀਰ ਪੈਗੰਬਰ।
ਸਭੇ ਛੱਡ ਛੱਡ ਗਏ ਅਡੰਬਰ,
ਕੋਈ ਏਥੇ ਪਾਇਦਾਰ ਨਹੀਂ।
ਉਠ ਜਾਗ ਘੁਰਾੜੇ ਮਾਰ ਨਹੀਂ।

ਪੈਰਾਂ ਜਾਂ ਲੱਤਾਂ ਵਿਚ ਪਾਉਣ ਵਾਲਾ ਪਹਿਰਾਵਾ ਹੈ, ਪਜਾਮਾ ਜੋ ਫਾਰਸੀ ਵਿਚ ਪਾਜਾਮਾ ਤੇ ਪਾਯਜਾਮਾ-ਦੋਹਾਂ ਰੂਪਾਂ ਵਿਚ ਮਿਲਦਾ ਹੈ। ਜਾਮਾ ਦਾ ਅਰਥ ਕੱਪੜਾ, ਪਹਿਰਾਵਾ ਹੁੰਦਾ ਹੈ, ਦੇਖੋ ਪੰਜਾਬੀ ਜੋੜਾ ਜਾਮਾ। ਸੰਦੇਸ਼-ਵਾਹਕ, ਪੈਦਲ ਫੌਜੀ ਅਤੇ ਸ਼ਤਰੰਜ ਦੇ ਮੁਹਰੇ ਲਈ ਪਿਆਦਾ (ਪਯਾਦਾ) ਸ਼ਬਦ ਹੈ। ਇਸ ਨੂੰ ਪਾਯਕ ਵੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਦਾਸ, ਸੇਵਕ ਦੇ ਅਰਥਾਂ ਵਿਚ ਆਇਆ ਹੈ, 'ਧਰਤੀ ਸੇਵਕ ਪਾਇਕ ਚਰਨਾ॥' (ਗੁਰੂ ਅਰਜਨ ਦੇਵ)

ਪੈਰ ਦੇ ਅਰਥਾਂ ਵਾਲੇ ਪਾਯ ਸ਼ਬਦ ਦਾ ਸੰਕੁਚਿਤ ਰੂਪ 'ਪਾ' ਹੈ। ਅਸਲ ਵਿਚ ਪੁਰਾਣੀ ਫਾਰਸੀ ਵਿਚ ਇਸ ਦਾ ਰੂਪ ਪਾਯ ਜਿਹਾ ਹੀ ਹੈ ਜੋ ਸੰਸਕ੍ਰਿਤ ਪਾਦ ਦਾ ਸੁਜਾਤੀ ਹੈ। ਪਰ ਪੰਜਾਬੀ ਵਿਚ ਇਹ ਸੁਤੰਤਰ ਰੂਪ ਵਿਚ ਗੁਰਬਾਣੀ ਵਿਚ ਹੀ ਵਰਤਿਆ ਮਿਲਦਾ ਹੈ, 'ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰ॥' (ਗੁਰੂ ਨਾਨਕ ਦੇਵ) ਫਾਰਸੀ ਵਿਚ ਇਸ ਸ਼ਬਦ ਦੀ ਅਗੇਤਰ-ਪਿਛੇਤਰ ਵਜੋਂ ਵਰਤੋਂ ਕਰਕੇ ਬਣੇ ਸ਼ਬਦ ਪੰਜਾਬੀ ਵਿਚ ਰਚ-ਮਿਚ ਗਏ ਹਨ। ਪਾਬੰਦ ਦਾ ਸ਼ਾਬਦਿਕ ਅਰਥ ਹੈ, 'ਬੱਝੇ ਪੈਰਾਂ ਵਾਲਾ' ਪਰ ਵਿਸਤ੍ਰਿਤ ਅਰਥ (ਕਿਸੇ ਨਿਯਮ ਆਦਿ ਵਿਚ ) ਬੱਝਾ ਹੁੰਦਾ ਹੈ। ਇਸ ਤੋਂ ਪ੍ਰਤਿਬੰਧ, ਰੋਕ ਦੇ ਅਰਥਾਂ ਵਾਲਾ ਪਾਬੰਦੀ ਸ਼ਬਦ ਬਣਿਆ। ਪੀਲਪਾ ਜਾਂ ਫੀਲਪਾ ਦਾ ਸ਼ਬਦਿਕ ਅਰਥ ਹੈ, ਹਾਥੀ ਦਾ ਪੈਰ। ਪਰ ਇਹ ਸ਼ਬਦ ਇਕ ਬੀਮਾਰੀ ਲਈ ਵੀ ਵਰਤੇ ਜਾਂਦੇ ਹਨ ਜਿਸ ਦੀ ਮਾਰ ਵਿਚ ਆਏ ਬੰਦੇ ਦੇ ਪੈਰ ਸੁੱਜ ਕੇ ਹਾਥੀ ਦੇ ਪੈਰਾਂ ਜਿਹੇ ਹੋ ਜਾਂਦੇ ਹਨ। ਟਾਕਰਾ ਕਰੋ ਅੰਗਰੇਜ਼ੀ ਸ਼ਬਦ Elephantiasis. ਫਾਰਸੀ ਪੀਲ ਜਾਂ ਫੀਲ ਦਾ ਅਰਥ ਹਾਥੀ ਹੁੰਦਾ ਹੈ। ਪੀਲਪਾਵਾ ਇਸੇ ਤੋਂ ਬਣਿਆ। ਫਾਰਸੀ ਪੀਲਪਾਵਾ ਦਾ ਅਰਥ ਛੱਤ ਦਾ ਵੱਡਾ ਥਮਲਾ ਵੀ ਹੈ ਜਿਸ ਦੇ ਆਸਰੇ ਹੋਰ ਸ਼ਤੀਰ ਟਿਕੇ ਹੁੰਦੇ ਹਨ। ਸ਼ਤਰੰਜ ਵਿਚ ਹਾਥੀ ਲਈ ਫੀਲਾ ਸ਼ਬਦ ਪੰਜਾਬੀ ਵਿਚ ਵਰਤਿਆ ਜਾਂਦਾ ਹੈ।

ਅੱਖੜ ਹੋਇਆ ਘੋੜਾ ਸੀਖਪਾ ਹੋ ਜਾਂਦਾ ਹੈ ਅਰਥਾਤ ਇਹ ਅਗਲੇ ਪੈਰ ਉਪਰ ਨੂੰ ਚੁੱਕ ਲੈਂਦਾ ਹੈ ਤੇ ਪਿਛਲੇ ਪੈਰਾਂ ਦੇ ਭਾਰ ਖੜ੍ਹਾ ਹੁੰਦਾ ਹੈ। ਸੀਖਪਾ ਹੋਣਾ ਮੁਹਾਵਰੇ ਦਾ ਅਰਥ ਹੈ, ਬਹੁਤ ਗੁੱਸੇ ਵਿਚ ਹੋਣਾ। ਇਸ ਵਿਚ ਸੀਖ ਸ਼ਬਦ ਦਾ ਅਰਥ ਸਿੱਧਾ ਵੀ ਹੁੰਦਾ ਹੈ ਤੇ ਤੀਲੀ, ਸਲਾਖ ਵੀ। ਸਨਮਾਨ ਵਜੋਂ ਸਿਰ ਤੋਂ ਪੈਰ ਤੱਕ ਪਹਿਨਣ ਜਾਂ ਪਹਿਨਾਉਣ ਵਾਲੀ ਪੁਸ਼ਾਕ ਨੂੰ ਸਿਰੋਪਾ ਜਾਂ ਸਿਰੋਪਾਉ ਕਿਹਾ ਜਾਂਦਾ ਹੈ। ਅੱਜ ਕਲ੍ਹ ਇਸ ਦੀ ਖਾਸੀ ਮਿੱਟੀ ਪਲੀਤ ਹੋਣ ਲੱਗ ਪਈ ਹੈ। ਕਈ ਥਾਂਵਾਂ 'ਤੇ ਤਾਂ ਇਹ ਪਰਨੇ ਜਿੱਡਾ ਹੀ ਰਹਿ ਗਿਆ ਹੈ। ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, 'ਸਦਾ



ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ॥' ਜੁੱਤੀ ਦੇ ਅੰਦਰਲੇ ਤਲੇ ਨੂੰ ਪੰਜਾਬੀ ਵਿਚ ਪਤਾਵਾ ਆਖਦੇ ਹਨ। ਇਸ ਦਾ ਫਾਰਸੀ ਰੂਪ ਹੈ, ਪਾਤਾਬਾ। ਤਾਬਾ ਦਾ ਅਰਥ ਪੱਟੀ ਹੁੰਦਾ ਹੈ। ਫਾਰਸੀ ਵਿਚ ਪਤਾਬਾ ਪਿੰਨੀਆਂ 'ਤੇ ਬੰਨ੍ਹਿਆਂ ਜਾਣ ਵਾਲਾ ਚਮੜੇ ਦਾ ਟੁਕੜਾ ਹੈ। ਤੱਕੜੀ ਦੇ ਅਸਾਵੇਂ ਪਲੜੇ ਬਰਾਬਰ ਕਰਨ ਲਈ ਹਲਕੇ ਪਾਸੇ ਰੋੜਾ ਆਦਿ ਬੰਨ੍ਹ ਦਿੰਦੇ ਹਨ। ਇਸ ਨੂੰ ਪਾਸਕ ਜਾਂ ਪਾਸਕੂ ਆਖਦੇ ਹਨ। ਇਸ ਸ਼ਬਦ ਦਾ ਫਾਰਸੀ ਰੂਪ ਹੈ, ਪਾਸੰਗ। ਸੰਗ ਦਾ ਅਰਥ ਪੱਥਰ ਹੁੰਦਾ ਹੈ, ਦੇਖੋ ਸੰਗਮਰਮਰ ਸ਼ਬਦ ਵਿਚ। ਉਂਜ ਸੰਸਕ੍ਰਿਤ ਵਿਚ ਪੱਥਰ ਦੇ ਅਰਥਾਂ ਵਾਲਾ ਪਾਸ਼ਾਣ ਸ਼ਬਦ ਹੈ, ਪਾਸ਼ਾਣੀ ਪੱਥਰ ਦੇ ਛੋਟੇ ਵੱਟੇ ਨੂੰ ਆਖਦੇ ਹਨ। 'ਕਿਸੇ ਦੇ ਪਾਸਕ ਵੀ ਨਾ ਹੋਣਾ' ਮੁਹਾਵਰੇ ਦਾ ਮਤਲਬ ਹੈ, ਕਿਸੇ ਦੇ ਮੁਕਾਬਲੇ ਕੁਝ ਵੀ ਨਾ ਹੋਣਾ। ਪਾਮਾਲ ਦਾ ਅਰਥ ਹੈ, ਪੈਰਾਂ ਨਾਲ ਮਲਿਆ ਹੋਇਆ ਅਰਥਾਤ ਲਤਾੜਿਆ, ਤਬਾਹ ਕੀਤਾ, ਬਰਬਾਦ ਕੀਤਾ। ਇਹ ਫਾਰਸੀ ਦੇ



ਸ਼ਬਦ ਪਾਯਮਾਲ ਤੋਂ ਬਣਿਆ ਹੈ। ਮਾਲ ਦਾ ਅਰਥ ਮਲਿਆ ਹੁੰਦਾ ਹੈ। ਨਜਾਬਤ ਰਚਿਤ 'ਨਾਦਰ ਸ਼ਾਹ ਦੀ ਵਾਰ' ਵਿਚੋਂ,

ਮੇਰੇ ਸਿਰ 'ਤੇ ਗੁਜ਼ਰਿਆ ਹੈ ਇਕ ਜ਼ਵਾਲ।
ਇਕ ਘਰੋਂ ਜ਼ਨਾਨੀ ਟੁਰ ਗਈ,
ਦੂਜਾ ਭੁੱਖ ਕਮਾਲ।
ਜਦੋਂ ਗਿਆ ਤੈਮੂਰ ਵਿਲਾਇਤੇ,
ਮੈਂ ਤਦੋਂ ਸਾਂ ਨਾਲ।
ਉਸ ਲੁੱਟੀਆਂ ਸਭ ਵਿਲਾਇਤਾਂ,
ਕੀਤੀਆਂ ਪਾਮਾਲ।

ਦੋ ਦੋ ਪੈਰ ਚੁੱਕ ਕੇ ਦੌੜਦੇ ਹੋਏ ਘੋੜੇ ਦੀ ਚਾਲ ਨੂੰ ਪੋਇਆ (ਪੋਯਾ) ਆਖਦੇ ਹਨ। ਇਸ ਨੂੰ ਦੁੜੱਕੀ ਵੀ ਕਿਹਾ ਜਾਂਦਾ ਹੈ। ਸਲਵਾਰ ਆਦਿ ਦੀ ਮੁਹਰੀ ਨੂੰ ਪੌਂਚਾ ਕਿਹਾ ਜਾਂਦਾ ਹੈ, 'ਤੁਰਦੀ ਏਂ ਪਿੰਕ ਸੂਟ ਦਾ ਪੌਂਚਾ ਚੱਕ ਚੱਕ ਕੇ।' ਇਹ ਬਣਿਆ ਹੈ ਫਾਰਸੀ 'ਪਾਯਚਾ' ਤੋਂ। ਫਾਰਸੀ ਵਿਚ 'ਚਾ' ਪਿਛੇਤਰ ਲਘੂਤਾਵਾਚੀ ਹੈ। ਸੋ ਸ਼ਾਬਦਿਕ ਅਰਥ ਬਣਿਆ, ਛੋਟਾ ਪੈਰ। ਛੋਟੇ ਪੌਂਚਾ ਲਈ ਪੌਂਚੀ ਸ਼ਬਦ ਹੈ। ਇਸਤਰੀਆਂ ਦੀ ਵੀਣੀ ਤੇ ਪਹਿਨਣ ਵਾਲਾ ਪੌਂਚੀ ਨਾਂ ਦਾ ਇੱਕ ਗਹਿਣਾ ਵੀ ਹੁੰਦਾ ਹੈ, 'ਮੇਲੇ ਜਾਵੇਂਗਾ ਲਿਆਵੀਂ ਪੌਂਚੀ; ਲੈ ਜਾ ਮੇਰਾ ਗੁੱਟ ਮਿਣ ਕੇ।' ਫਾਰਸੀ ਵਿਚ ਪਾਚਾ ਦਾ ਅਰਥ ਭੇਡ ਦਾ ਪੈਰ ਵੀ ਹੁੰਦਾ ਹੈ।

ਪਦ ਧਾਤੂ ਦਾ ਸਾਮਰਾਜ ਇਰਾਨ ਤੋਂ ਅੱਗੇ ਯੂਰਪ ਤੱਕ ਵੀ ਪਹੁੰਚਿਆ ਹੋਇਆ ਹੈ। ਹਿੰਦ-ਯੂਰਪੀ ਭਾਸ਼ਾਵਾਂ ਵਿਚ ਖਾਸੀ ਗਿਣਤੀ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'Ped' ਮਿਥਿਆ ਗਿਆ ਹੈ ਜਿਸ ਦਾ ਅਰਥ ਹੈ, ਪੈਰ। ਅਵੇਸਤਾ ਵਿਚ ਪੈਰ ਦੇ ਅਰਥਾਂ ਵਿਚ ਪਦ ਅਤੇ ਪਦਹ-ਦੋਵੇਂ ਸ਼ਬਦ ਮਿਲਦੇ ਹਨ। ਇਸ ਤੋਂ ਵਿਕਸਿਤ ਹੋਏ ਕੁਝ ਸ਼ਬਦਾਂ ਦਾ ਅਸੀਂ ਜ਼ਿਕਰ ਕਰ ਆਏ ਹਾਂ। ਅੰਗਰੇਜ਼ੀ ਦਾ Foot ਸ਼ਬਦ ਇਸ ਦਾ ਸੁਜਾਤੀ ਹੈ। ਇਸ ਸ਼ਬਦ ਦਾ ਅਰਥ ਪੈਰ ਜਿੰਨੀ ਲੰਬਾਈ ਵੀ ਹੈ ਜੋ ਪੰਜਾਬੀ ਵਿਚ ਵੀ ਪ੍ਰਚਲਿਤ ਹੈ। ਇਕ ਫੁੱਟ ਦੇ ਪੈਮਾਨੇ ਨੂੰ ਫੁੱਟਾ ਆਖਦੇ ਹਨ। ਇਸ ਦਾ ਪ੍ਰਾਕ-ਜਰਮੈਨਿਕ ਰੂਪ ਸੀ, Fot. ਅਨੇਕਾਂ ਜਰਮੈਨਿਕ ਭਾਸ਼ਾਵਾਂ ਵਿਚ ਇਸ ਦੇ ਅਜਿਹੇ ਸੁਜਾਤੀ ਰੂਪ ਲਭਦੇ ਹਨ। ਮਿਸਾਲ ਵਜੋਂ ਡੈਨਿਸ਼ ਫੌਡ, ਡੱਚ ਵੋਅਟ, ਸਵੀਡਸ਼ ਫੌਟ, ਜਰਮਨ ਫੂਜ਼, ਗੌਥਿਕ ਫੋਟਸ ਆਦਿ। ਇਨ੍ਹਾਂ ਭਾਸ਼ਾਵਾਂ ਦੇ ਅਨੇਕਾਂ ਸ਼ਬਦਾਂ ਵਿਚ 'ਪ' ਦੇ ਟਾਕਰੇ 'ਫ' ਧੁਨੀ ਆਉਂਦੀ ਹੈ। ਗਰੀਕ ਵਿਚ ਟਾਕਰੇ ਦਾ ਸ਼ਬਦ ਹੈ, ਪੌਸ। ਇਸ ਦਾ ਇਕ ਰੂਪ ਪੋਡੋਸ ਵੀ ਹੈ। ਪੈਰ-ਕੜੀ ਲਈ ਅੰਗਰੇਜ਼ੀ ਸ਼ਬਦ ਹੈ, ਫੈਟਰ।

ਅੰਗਰੇਜ਼ੀ Pioneer ਸ਼ਬਦ ਦਾ ਮੁਢਲਾ ਅਰਥ ਸੀ, ਪਿਆਦਾ। ਅੰਗਰੇਜ਼ੀ Peon (ਚਪੜਾਸੀ ਅਤੇ Pawn (ਪਿਆਦਾ) ਇਸੇ ਨਾਲ ਸਬੰਧਤ ਹਨ। Pajamas ਦੇ ਰੂਪ ਵਿਚ ਹਿੰਦੀ ਰਾਹੀਂ ਫਾਰਸੀ ਸ਼ਬਦ ਪਾਜਾਮਾ ਅੰਗਰੇਜ਼ੀ ਵਿਚ ਵੀ ਪਹੁੰਚ ਗਿਆ ਹੈ। ਪੰਜਾਬੀਆਂ ਦੇ ਕੁਝ ਹੋਰ ਜਾਣੇ-ਪਛਾਣੇ ਸ਼ਬਦ ਹਨ, ਪੈਡਲ (ਸਾਈਕਲ ਆਦਿ ਦਾ), ਪੋਡੀਅਮ, ਪਾਇਲਟ, Octopus (ਇਕ ਅੱਠ-ਪੈਰਾ ਸਮੁੰਦਰੀ ਜੀਵ), Millepede ਨੂੰ ਫਾਰਸੀ ਵਿਚ ਹਜ਼ਾਰਪਾ ਆਖਦੇ ਹਨ। ਇਹ ਇਕ ਕੀੜਾ ਹੈ ਜਿਸ ਦੇ ਬਹੁਤ ਸਾਰੇ ਪੈਰ ਹੁੰਦੇ ਹਨ। ਤਿਰਪਾਈ ਸ਼ਬਦ ਅੰਗਰੇਜ਼ੀ ਵਿਚ Teapoy ਦੇ ਰੂਪ ਵਿਚ ਚਲੇ ਗਿਆ ਹੈ। ਗਰੀਕ ਦੰਦ ਕਥਾ ਵਿਚ ਇਕ ਰਾਜੇ ਦਾ ਨਾਂ ਸੀ, ਇਡੀਪਸ। ਉਸ ਨੇ ਅਣਜਾਣਪੁਣੇ ਵਿਚ ਆਪਣੇ ਪਿਉ ਦਾ ਕਤਲ ਕਰ ਦਿੱਤਾ ਤੇ ਪਿੱਛੋਂ ਆਪਣੀ ਮਾਂ ਨਾਲ ਵਿਆਹ ਕਰ ਲਿਆ। ਇਸ ਦਾ ਇਹ ਨਾਂ ਇਸ ਲਈ ਪਿਆ ਸੀ ਕਿ ਉਸ ਦੇ ਪੈਰ ਸੁੱਜੇ ਹੋਏ ਸਨ। Oedipus=edema (ਸੋਜਾ)+Pous (ਪੈਰ)।


ਪ੍ਰਸਿੱਧ ਅੰਗਰੇਜ਼ੀ ਨਿਰੁਕਤਕਾਰ ਅਨਾਤੋਲੀ ਲਿਬਰਮੈਨ ਨੇ ਇਨ੍ਹਾਂ ਸ਼ਬਦਾਂ ਦੇ ਮੁਢ ਬਾਰੇ ਮਹੱਤਵਪੂਰਨ ਗੱਲ ਕਹੀ ਹੈ। ਉਸ ਅਨੁਸਾਰ ਅਜਿਹੇ ਸ਼ਬਦ 'ਪਡ ਪਡ', 'ਪਦ ਪਦ' ਜਿਹੀ ਧੁਨੀ ਤੋਂ ਵਿਕਸਿਤ ਹੋਏ ਹੋ ਸਕਦੇ ਹਨ ਜੋ ਜ਼ਮੀਨ 'ਤੇ ਪੈਰ, ਖਾਸ ਤੌਰ 'ਤੇ ਜਾਨਵਰਾਂ ਦੇ ਖੁਰ ਮਾਰਨ ਨਾਲ ਪੈਦਾ ਹੁੰਦੀ ਹੈ। ਅੰਗਰੇਜ਼ੀ ਪੈਡ (Pad) ਦਾ ਇਕ ਮਤਲਬ ਸੜਕ ਹੁੰਦਾ ਹੈ ਅਰਥਾਤ ਜਿਸ 'ਤੇ ਪੈਰਾਂ ਦੀ ਪਡ ਪਡ ਹੁੰਦੀ ਹੈ। ਅੰਗਰੇਜ਼ੀ Path ਅਤੇ ਸੰਸਕ੍ਰਿਤ ਵਲੋਂ ਪਥ, ਪੰਧ ਸ਼ਬਦ ਵੀ ਇਥੇ ਥਾਂ ਸਿਰ ਹਨ।

# ਅਜੋਕੇ ਪੰਜਾਬ ਦੀ ਤਸਵੀਰ ਪੇਸ਼ ਕਰਦਾ ਨਾਵਲ 'ਸਿਆਸਤਦਾਨ'

ਪੁਸਤਕ ਪੜਚੋਲ

ਪੰਜਾਬ ਦੀ ਬਹੁਗਿਣਤੀ ਪਿੰਡਾਂ ਵਿਚ ਵਸਦੀ ਹੈ ਤੇ ਦੇਸ਼ ਦੀ ਰੀੜ੍ਹ ਦੀ ਹੱਡੀ ਕਿਸਾਨ ਤੇ ਮਜ਼ਦੂਰ ਬਹੁਤੇ ਅਨਪੜ੍ਹ, ਲਾਈਲੱਗ, ਫੁਕਰੇ, ਨਸ਼ੱਈ ਤੇ ਕਰਜ਼ਈ ਹਨ। ਉਨ੍ਹਾਂ ਵਿਚਲੇ 'ਅੰਨਿਆਂ ਵਿਚ ਕਾਣਾ ਰਾਜਾ' ਅਖਾਣ ਵਾਂਗ 95% ਪਿੰਡਾਂ ਵਿਚਲੇ ਸਰਪੰਚ, ਨੰਬਰਦਾਰ ਤੇ ਉਨ੍ਹਾਂ ਦੇ ਸਲਾਹਕਾਰ ਤੇ ਚਮਚੇ, ਝੋਲੀਚੁਕ ਅਤੇ ਹਮਪਿਆਲਾ ਉਨ੍ਹਾਂ ਨੂੰ ਗਲਤ ਸਲਾਹਾਂ ਦੇ ਕੇ ਗਲਤ ਕੰਮ ਕਰਵਾਉਣ ਲਈ ਵਰਤਦੇ ਹਨ ਅਤੇ ਇਸ ਵਿਚ ਪੁਲਿਸ ਸਿਵਲ ਤੇ ਕਾਨੂੰਨ ਵਿਭਾਗਾਂ ਦੀਆਂ ਕੁਝ ਕਾਲੀਆਂ ਭੇਡਾਂ ਉਨ੍ਹਾਂ ਦੇ ਸਹਿਯੋਗੀ ਬਣਦੀਆਂ ਹਨ। ਇਨ੍ਹਾਂ ਸਭਨਾਂ ਨੂੰ ਕੰਟਰੋਲ ਇਲਾਕੇ ਦੇ ਕੁਝ ਤਿਕੜਮਬਾਜ਼, ਲੁਟੇਰੇ, ਰਿਸ਼ਵਤਖੋਰ ਤੇ ਵੋਟਾਂ ਮੁੱਲ ਲੈ ਕੇ, ਨਸ਼ੇ ਵੰਡ ਕੇ, ਡਰਾ ਕੇ, ਧਮਕਾ ਕੇ, ਝੂਠੇ ਮੁਕੱਦਮਿਆਂ ਵਿਚ ਫਸਾ ਕੇ, ਭ੍ਰਿਸ਼ਟਾਚਾਰ ਕਰ ਕੇ ਅਤੇ ਕਰਵਾ ਕੇ ਜਿੱਤੇ ਨੇਤਾ 'ਰਾਜ ਨਹੀਂ ਸੇਵਾ' ਦਾ ਨਾਹਰਾ ਲਾ ਕੇ, ਛੋਟੇ ਵੱਡੇ ਲਾਲਚ ਦੇ ਕੇ ਗਰੀਬੀ ਨਹੀਂ, ਗਰੀਬ ਖਤਮ ਕਰਦੇ ਹਨ। ਕਿਸਾਨਾਂ ਨੂੰ ਲੁੱਟਦੇ ਹਨ।

ਜੇਕਰ ਪਿੰਡਾਂ ਵਿਚ ਕੋਈ ਸਿਆਣਾ, ਪੜ੍ਹਿਆ ਲਿਖਿਆ, ਕ੍ਰਾਂਤੀਕਾਰੀ, ਸਮਾਜ ਸੁਧਾਰਕ ਨੌਜਵਾਨ ਲੋਕਾਂ ਨੂੰ ਚੰਗੇ ਸੁਝਾਅ ਦਿੰਦਾ ਹੈ, ਨਸ਼ਿਆਂ ਤੇ ਭ੍ਰਿਸ਼ਟਾਚਾਰ ਵਿਰੁਧ ਆਵਾਜ਼ ਉਠਾਉਂਦਾ ਹੈ, ਤਾਂ ਮਰ ਚੁਕੀ ਜ਼ਮੀਰ ਵਾਲੇ ਤੇ ਗਲਤ ਲੋਕ ਉਸ ਨੂੰ ਹੱਲਾਸ਼ੇਰੀ ਦੇਣ ਦੀ ਥਾਂ ਰੋਕਦੇ ਹਨ। ਪਿੰਡਾਂ ਵਿਚ ਲੋਕਰਾਜ ਦਾ ਚੌਥਾ ਥੰਮ ਪ੍ਰੈਸ ਵੀ ਘੱਟ ਹੀ ਪਹੁੰਚਦੀ ਹੈ। ਪਿੰਡਾਂ ਵਿਚੋਂ ਇਕ ਅੱਧਾ ਹੀ ਪੱਤਰਕਾਰ ਪੈਦਾ




ਹੁੰਦਾ ਹੈ ਜੋ ਦਲੇਰ ਹੋਵੇ। ਉਂਜ ਬਹੁਤੇ ਪੱਤਰਕਾਰ ਵਿਕਾਊ, ਭ੍ਰਿਸ਼ਟ, ਤੇ ਆਲਸੀ ਹੋ ਚੁਕੇ ਹਨ।

ਮੀਡੀਆ ਦੀ ਮਜਬੂਰੀ ਹੈ ਕਿ ਉਹ ਇਸ਼ਤਿਹਾਰਾਂ ਦੀ ਕਮਾਈ ਉਪਰ ਨਿਰਭਰ ਹੁੰਦਾ ਹੈ। ਜੇ ਕੋਈ ਅਖਬਾਰ ਸਰਕਾਰ ਦੇ ਗਲਤ ਕਾਰਨਾਮਿਆਂ ਵਿਰੁਧ ਲਿਖਦਾ ਹੈ ਤਾਂ ਉਸ ਨੂੰ ਸਰਕਾਰੀ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ ਜਾਂਦੇ ਹਨ, ਸੈਂਸਰਸ਼ਿਪ ਲਾ ਦਿੱਤੀ ਜਾਂਦੀ ਹੈ, ਅਨੇਕਾਂ ਅਖਬਾਰ ਬੰਦ ਹੋ ਜਾਂਦੇ ਹਨ, ਕਈ ਵਧੀਆ ਪੱਤਰਕਾਰ ਅਸਤੀਫਾ ਦੇ ਜਾਂਦੇ ਹਨ ਜਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਉਨ੍ਹਾਂ ਉਪਰ ਜਿਸਮਾਨੀ ਹਮਲੇ ਹੁੰਦੇ ਹਨ।

ਜੇ ਪੁਲਿਸ ਦਾ ਕੋਈ ਇਕ ਅੱਧ ਅਫਸਰ ਇਮਾਨਦਾਰੀ ਵਿਖਾਉਂਦਾ ਹੈ, ਉਸ ਨੂੰ ਲਾਈਨ ਹਾਜ਼ਰ, ਸਸਪੈਂਡ ਜਾਂ ਸੀ.ਆਈ.ਡੀ. ਵਿਚ ਭੇਜ ਕੇ ਖੁੱਡੇ ਲਾਈਨ ਲਾ ਦਿੱਤਾ ਜਾਂਦਾ ਹੈ। ਵਕੀਲਾਂ ਤੇ ਕਚਹਿਰੀਆਂ ਦਾ ਵੀ ਭੱਠਾ ਹੀ ਬੈਠ ਚੁਕਾ ਹੈ। ਪੁਲਿਸ ਦੇ ਮੁਖਬਰ ਤੇ ਝੂਠ ਨੂੰ ਸੱਚ ਬਣਾ ਕੇ ਕਾਨੂੰਨ ਦੇ ਨੱਕ ਨੂੰ ਮੋਮ ਵਾਂਗ ਮੋੜਨ ਦੇ ਮਾਹਿਰ ਗਵਾਹ ਬਣਾ ਕੇ ਭੁਗਤਾਏ ਜਾਂਦੇ ਹਨ। ਪੁਲਿਸ ਦੇ 99% ਪਰਚੇ ਝੂਠੇ ਦਰਜ ਹੁੰਦੇ ਹਨ।

ਇਨ੍ਹਾਂ ਸਭ ਸਮੱਸਿਆਵਾਂ ਤੇ ਮਾੜੇ ਹਾਲਾਤ ਅਤੇ ਮਾਹੌਲ ਦੀ ਕਹਾਣੀ ਬੁਣੀ ਹੈ, ਲੇਖਕ ਮੱਤ ਸਿੰਘ ਢਿੱਲੋਂ ਨੇ ਆਪਣੇ ਨਾਵਲ 'ਸਿਆਸਤਦਾਨ' ਵਿਚ। ਇਸ ਵਿਚਲਾ ਮੁੱਖ ਪਾਤਰ ਹੈ, ਇਕ ਪਿੰਡ ਦਾ ਸਰਪੰਚ ਧਰਮ ਸਿੰਘ ਜੋ ਖਲਨਾਇਕ ਹੈ, ਅਨਪੜ੍ਹ, ਸ਼ਰਾਬੀ-ਕਬਾਬੀ, ਕਾਤਿਲ, ਭ੍ਰਿਸ਼ਟ ਹੈ ਅਤੇ ਸਰਪੰਚੀ ਪਿਛੋਂ ਵਿਧਾਇਕ ਬਣ ਕੇ ਭ੍ਰਿਸ਼ਟ ਸਿਸਟਮ ਦਾ ਹਿੱਸਾ ਬਣ ਸਭ ਗਲਤ ਕੰਮ ਕਰਦਾ ਹੈ, ਜੋ ਅੱਜ ਕੱਲ੍ਹ ਕਰੀਬ ਸਾਰੇ ਪੰਜਾਬ, ਖਾਸ ਕਰ ਮਾਲਵਾ ਖੇਤਰ ਅਤੇ ਮੇਰੇ ਹਲਕੇ ਮਲੋਟ, ਲੰਬੀ, ਮੁਕਤਸਰ, ਬਠਿੰਡਾ ਵਿਚਲੇ ਜਥੇਦਾਰ ਕਰ ਤੇ ਕਰਵਾ ਰਹੇ ਹਨ। ਖੁਦ ਮੇਰੇ ਪਿੰਡ ਕਰਮਪੱਟੀ (ਮਲੋਟ) ਦਾ ਇਕ ਸਾਬਕਾ ਸਰਪੰਚ ਅਜਿਹਾ ਹੀ ਹੈ ਜਿਸ ਉਪਰ ਆਪਣੀ ਨੌਕਰਾਣੀ ਦੇ ਕਤਲ, ਪੰਚਾਇਤੀ ਫੰਡ ਦਾ 50,000 ਰੁਪਿਆ ਗਬਨ ਕਰਨ ਦਾ ਦੋਸ਼ ਲੱਗਾ ਤੇ ਸਰਕਾਰ ਨੇ ਉਸ ਦੇ ਚੋਣ ਲੜਨ 'ਤੇ ਪਾਬੰਦੀ ਲਾ ਦਿੱਤੀ। ਡੀ.ਡੀ.ਪੀ.ਓ. 500 ਰੁਪਏ ਰਿਸ਼ਵਤ ਲੈਂਦਾ ਫੜਿਆ ਗਿਆ। ਉਹ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਝਗੜਦਾ ਰਿਹਾ ਪਰ ਸਜ਼ਾ ਬਹਾਲ ਰਹੀ। ਸਰਪੰਚ ਨੇ ਕੋਰਟ ਦੇ ਰਿਕਾਰਡ ਕੀਪਰ ਨੂੰ 10,000 ਰੁਪਏ ਰਿਸ਼ਵਤ ਦੇ ਕੇ ਆਪਣੀ ਫਾਈਲ ਹੀ ਗਾਇਬ ਕਰਵਾ ਦਿੱਤੀ। ਹੁਣ ਉਹ ਸਰਪੰਚੀ ਦੀ ਚੋਣ ਨਹੀਂ ਲੜ ਸਕਦਾ, ਜਦੋਂ ਤੱਕ ਗਬਨ ਕੀਤਾ ਫੰਡ ਵਿਆਜ ਸਮੇਤ ਵਾਪਸ ਜਮਾਂ ਨਹੀਂ ਕਰਵਾਉਂਦਾ। ਪਰ ਲੰਬੀ ਇਲਾਕੇ ਦੇ ਇਕ ਅਨਪੜ੍ਹ ਲਾਹੌਰੀਏ ਜਥੇਦਾਰ ਦਾ ਕਾਫੀ ਕਰੀਬੀ ਬਣ ਚੁਕਾ ਹੈ ਤੇ ਜਥੇਦਾਰ ਮੁੱਖ ਮੰਤਰੀ ਦੇ ਹਮੇਸ਼ਾ ਨਾਲ ਨਾਲ ਸੰਗਤ ਦਰਸ਼ਨਾਂ ਵਿਚ ਵਿਚਰਦੇ ਵੇਖੇ ਜਾਂਦੇ ਹਨ।

'ਸਿਆਸਤਦਾਨ' ਦੇ ਬਾਕੀ ਪਾਤਰ ਬਿੱਲਾ, ਖੜੱਪਾ, ਨੰਬਰਦਾਰ ਸਵਰਨ ਸਿੰਘ, ਵਕੀਲ ਚਮਨ ਚੱਢਾ, ਥਾਣੇਦਾਰ ਗੱਜਣ ਸਿੰਘ-ਸਭ ਖਲਨਾਇਕ ਹਨ। ਸਰਪੰਚ ਦਾ ਹੋਣਹਾਰ, ਇਮਾਨਦਾਰ, ਜਜ਼ਬਾਤੀ ਵੱਡਾ ਪੁੱਤਰ ਮੰਗਲ ਸਿੰਘ (ਥਾਣੇਦਾਰ ਤੋਂ ਐਸ.ਪੀ. ਬਣਿਆ), ਮਾਸਟਰ ਸਰਵਣ ਸਿੰਘ, ਥਾਣੇਦਾਰ ਫੁੰਮਣ ਸਿੰਘ ਚਾਵਲਾ, ਭਾਗ ਕੌਰ, ਰਮਨ ਕੌਰ ਸਭ ਵਧੀਆ, ਅਨੋਖੇ ਤੇ ਵੱਖ ਵੱਖ ਕਿਰਦਾਰਾਂ ਦੀ ਭੂਮਿਕਾ ਵਿਚ ਹਨ। ਨਾਵਲ ਦਾ ਅੰਤ ਹੈਰਾਨੀਜਨਕ ਤੇ ਸਿਖਿਆਦਾਇਕ ਹੈ।

ਮੇਰਾ ਸੁਝਾਅ ਹੈ ਕਿ ਇਹ ਨਾਵਲ ਪਿੰਡਾਂ ਦੀਆਂ ਸਭ ਲਾਇਬਰੇਰੀਆਂ ਲਈ ਮਨਜ਼ੂਰ ਕਰ ਕੇ ਸਰਕਾਰ ਵਲੋਂ ਭੇਜਿਆ ਜਾਵੇ ਤਾਂ ਇਸ ਨੂੰ ਹਰੇਕ ਪਿੰਡ ਦਾ ਸਰਪੰਚ, ਹਾਰਿਆ ਤੇ ਜਿੱਤਿਆ ਅਤੇ ਸਾਬਾਕਾ ਸਾਰੇ ਹੀ ਸਰਪੰਚ, ਨੰਬਰਦਾਰ, ਉਨ੍ਹਾਂ ਦੇ ਸਹਾਇਕ, ਪਿੰਡ ਦੇ ਖੇਡ ਕਲੱਬਾਂ ਦੇ ਪ੍ਰਧਾਨ, ਨੌਜੁਆਨ ਸਭਾ ਦੇ ਪ੍ਰਧਾਨ ਤੇ ਪਿੰਡ ਸੁਧਾਰ ਕਮੇਟੀਆਂ ਦੇ ਪ੍ਰਧਾਨ ਪੜ੍ਹ ਕੇ ਇਮਾਨਦਾਰ ਬਣ ਸਕਣ ਤੇ ਵਧੀਆ ਸਿਆਸਤਦਾਨ ਚੁਣ ਸਕਣ।

-ਜੁਗਰਾਜ ਸਿੰਘ ਗਿੱਲ
ਯੌਰਕ, ਸਾਊਥ ਕੈਰੋਲਾਈਨਾ।
ਫੋਨ: 704-906-9667

# ਹਰਫ ਹਰਫ ਹਿਰਦਾ

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ; ਹੱਥਾਂ ਦੀ ਦਾਸਤਾਨ ਦੱਸ ਚੁਕੇ ਹਨ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥" ਦਾ ਹਵਾਲਾ ਦਿੱਤਾ ਸੀ। ਡਾ. ਭੰਡਾਲ ਬੰਦੇ ਦੇ ਪੈਰਾਂ, ਮੁੱਖੜੇ, ਹਿੱਕ ਤੇ ਮਨ ਦੀ ਬਾਤ ਪਾ ਚੁਕੇ ਹਨ। ਗਰਦਨ ਅਤੇ ਬੁੱਲੀਆਂ ਦਾ ਵਿਖਿਆਨ ਵੀ ਕਰ ਚੁਕੇ ਹਨ। ਵਾਤਾਵਰਣ ਸੰਭਾਲ ਦੀ ਗੱਲ ਕਰਦਿਆਂ ਡਾ. ਭੰਡਾਲ ਨੇ ਨਸੀਹਤ ਕੀਤੀ ਸੀ ਕਿ ਸਾਹ ਆਉਂਦੇ ਜਾਂਦੇ ਰਹਿਣ, ਇਸ ਲਈ ਜਰੂਰੀ ਹੈ ਕਿ ਅਸੀਂ ਵਾਤਾਵਰਣੀ, ਕੁਦਰਤੀ, ਸਮਾਜਿਕ ਅਤੇ ਪਰਿਵਾਰਕ ਸਰੋਕਾਰਾਂ ਵਿਚੋਂ ਹੀ ਖੁਦ ਨੂੰ ਵਿਸਥਾਰਈਏ। ਉਨ੍ਹਾਂ ਨੱਕ ਦੀ ਵਾਰਤਾ ਸੁਣਾਉਂਦਿਆਂ ਦੱਸਿਆ ਕਿ ਕਈ ਵਾਰ ਮਨੁੱਖ ਨੱਕ ਨੂੰ ਉਚਾ ਕਰਨ ਖਾਤਰ ਕਰਜ਼ੇ ਵਿਚ ਡੁੱਬ, ਖੁਦਕੁਸ਼ੀਆਂ ਦੇ ਰਾਹ ਵੀ ਤੁਰ ਪੈਂਦਾ। ਬਾਹਾਂ ਦੀ ਤਸ਼ਬੀਹ ਵਿਚ ਉਨ੍ਹਾਂ ਕਿਹਾ ਸੀ ਕਿ ਬਾਂਹਾਂ ਦੀ ਬਾਂਹਾਂ ਸੰਗ ਯਾਰੀ, ਮਨ-ਵਿਹੜੇ ਮੌਲੇ ਸਰਦਾਰੀ। ਉਨ੍ਹਾਂ ਨਸੀਹਤ ਕੀਤੀ ਸੀ ਕਿ ਪੇਟ ਦਾ ਪੀਹੜਾ ਨੀਵਾਂ ਰੱਖੋ। ਇਸ ਦੀ ਬਰੂਹੀਂ ਕੁੰਡਾ ਰੱਖੋ। ਪਿਛਲੇ ਲੇਖ ਵਿਚ ਵਿਚ ਡਾ. ਭੰਡਾਲ ਨੇ ਕਿਹਾ ਸੀ, "ਕਦੇ ਵੀ ਕਿਸੇ ਵੱਲ ਬੇਲੋੜੀ ਉਂਗਲ ਨਾ ਕਰੋ। ਉਸ ਦੀਆਂ ਕਮੀਆਂ, ਊਣਤਾਈਆਂ ਤੇ ਕਮਜ਼ੋਰੀਆਂ 'ਤੇ ਉਂਗਲ ਨਾ ਧਰੋ ਕਿਉਂਕਿ ਜਦ ਅਸੀਂ ਇਕ ਉਂਗਲ ਕਿਸੇ ਵੱਲ ਕਰਦੇ ਹਾਂ ਤਾਂ ਤਿੰਨ ਉਂਗਲਾਂ ਸਾਡੇ ਵੰਨੀ ਆਪਣੇ ਆਪ ਹੀ ਹੋ ਜਾਂਦੀਆਂ ਨੇ।" ਹਥਲੇ ਲੇਖ ਵਿਚ ਉਨ੍ਹਾਂ ਹਿਰਦੇ ਦੀ ਗੱਲ ਕਰਦਿਆਂ ਕਿਹਾ ਹੈ, ਹਿਰਦੇ ਵਿਚ ਉਠੀ ਵੇਦਨਾ ਹੀ ਹੁੰਦੀ ਜੋ ਕੂਕਦੀ ਏ, 'ਸੱਜਣਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।' ਜਾਂ ਸੁਕਰਾਤ ਵਰਗਾ ਮਹਾਂ-ਪੁਰਖ ਬਿਗਾਨਿਆਂ ਦੇ ਪੱਥਰਾਂ ਦੀ ਪੀੜ ਨੂੰ ਤਾਂ ਹੱਸ ਕੇ ਜਰਦਾ ਏ ਪਰ ਮਿੱਤਰ ਦੇ ਮਾਰੇ ਫੁੱਲ ਦੀ ਪੀੜਾ ਉਸ ਦੀ ਰੂਹ ਨੂੰ ਜਖਮੀ ਕਰ ਜਾਂਦੀ ਏ। -ਸੰਪਾਦਕ*

ਹਿਰਦਾ, ਸਰੀਰ ਦਾ ਕੁਝ ਵੀ ਨਾ ਹੁੰਦਾ ਹੋਇਆ ਸਭ ਕੁਝ ਹੈ। ਮਨੁੱਖੀ ਭਾਵਨਾ, ਅਹਿਸਾਸ, ਸੰਵੇਦਨਾ, ਸਕੂਨ, ਸਹਿਜ, ਸ਼ਾਂਤੀ, ਮਾਨਸਿਕ ਖੁਸ਼ੀ, ਪੀੜਾ, ਗਮ, ਹੁਲਾਸ, ਚਾਅ ਆਦਿ ਦਾ ਅਸਥੂਲ ਸੰਗ੍ਰਿਹ ਹੈ ਹਿਰਦਾ।

ਹਿਰਦੇ ਵਾਲੇ ਮਨੁੱਖ ਵਿਚ ਇਨਸਾਨੀਅਤ, ਬੰਦਿਆਈ, ਭਲਿਆਈ, ਚੰਗਿਆਈ, ਦਾਨਾਈ, ਸਰਬ-ਸੁਖਨ ਦੀ ਕਾਮਨਾ, ਸਰਬੱਤ ਦਾ ਭਲਾ ਅਤੇ ਹਰੇਕ ਦੇ ਕੰਮ ਆਉਣ ਦੀ ਪ੍ਰਬਲਤਾ।

ਹਿਰਦਾ, ਕਲਾ-ਮਦੀਨਾ, ਹਰਫ-ਬੰਦਨਾ, ਅਰਥ-ਅਰਦਾਸ, ਸੰਗੀਤਕ-ਅਰਾਧਨਾ, ਮਾਨਵੀ ਵਰਤਾਰਾ, ਪੀੜਾ ਹਰਨ ਦਾ ਉਦਮ, ਹੰਝੂ ਪੂੰਝਣ ਦੀ ਆਸਥਾ, ਤਨ-ਲੰਗਾਰਾਂ ਦੀ ਸਿਊਣ-ਸੋਚ ਅਤੇ ਮਨ 'ਤੇ ਪਈਆਂ ਝਰੀਟਾਂ ਨੂੰ ਮਿਟਾਉਣ ਦੀ ਲੋਚ।



ਹਿਰਦੇ ਤੋਂ ਬਗੈਰ ਮਨੁੱਖ ਸਿਰਫ ਰੋਬੋਟ। ਹੈਵਾਨੀਅਤ ਭਰਪੂਰ ਕਿਰਿਆਵਾਂ ਵਿਚ ਰੁੱਝੀ ਮਾਨਵ-ਜਾਤ। ਅਹਿਸਾਸ ਵਿਹੂਣੇ ਲੋਕ ਹਿਰਦਾ-ਹੀਣ ਹੁੰਦੇ।

ਹਿਰਦਾ, ਹੰਕਾਰ,

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਹੱਠ-ਧਰਮੀ, ਹਾਅ, ਹੂੰਗਰ, ਹੇਰਵਾ, ਹੂਕ, ਹੁੰਗਾਰਾ, ਹਾਕ, ਹੁਲਾਰਾ, ਹਲੀਮੀ, ਹੱਲਾਸ਼ੇਰੀ, ਹੁਕਮ ਆਦਿ ਵਿਚੋਂ ਆਪਣੇ ਨੂੰ ਪਰਿਭਾਸ਼ਤ ਕਰਦਾ।

ਹਿਰਦੇ ਵਿਚ ਵੱਸਦਾ ਏ ਆਪਾ, ਖੁਦ 'ਚੋਂ ਖੁਦੀ ਦਾ ਝਲਕਾਰਾ। ਸਵੈ 'ਚੋਂ ਅਦਿੱਖ ਸੋਚ ਤੇ ਕਰਮਧਾਰਾ ਦਾ ਵਹਾਅ ਤੇ ਅਸੀਮ ਪਸਾਰਾ।

ਹਿਰਦਾ ਕੋਮਲ ਵੀ ਤੇ ਕਠੋਰ ਵੀ, ਮਲੂਕ ਵੀ ਤੇ ਖੁਰਦੁਰਾ ਵੀ, ਤਰਲ ਵੀ ਤੇ ਠੋਸ ਵੀ, ਅਦਿੱਖ ਵੀ ਤੇ ਦਿਸਦਾ ਵੀ, ਅਬੋਲ ਵੀ ਤੇ ਗੁਣਗਣਾਉਂਦਾ ਵੀ ਅਤੇ ਨਿਰਲੇਪ ਵੀ ਪਰ ਸਮਾਉਣ ਲੱਗਿਆਂ ਪਲ ਵੀ ਨਾ ਲਾਉਂਦਾ।

ਹਿਰਦਾ ਸਰੂਰ 'ਚ ਹੁੰਦਾ ਤਾਂ ਹਾਸੇ-ਖੇੜੇ ਇਸ ਦੀ ਜੂਹ 'ਚ ਸਿਜਦਾ ਕਰਦੇ, ਚਾਵਾਂ ਦੀ ਚਮੇਲੀ ਮੁਹਾਂਦਰੇ ਨੂੰ ਮਹਿਕਾਉਂਦੀ, ਫੁੱਲ-ਪੱਤੀਆਂ ਰੂਹ-ਪੈੜ 'ਤੇ ਪੁਸ਼ਪ-ਬਰਖਾ ਕਰਦੀਆਂ ਅਤੇ ਸਮੁੱਚ ਬਣਦਾ ਮਹਿਕ-ਵਣਜਾਰਾ।

ਹਿਰਦਾ ਦੁਖੀ ਹੁੰਦਾ ਤਾਂ ਇਸ ਦੀ ਬੀਹੀ 'ਚ ਲੇਰ ਗੂੰਜਦੀ, ਖਾਰੇ ਪਾਣੀਆਂ ਦੀ ਬਾਰਸ਼ ਹੁੰਦੀ ਅਤੇ ਪੀੜਾ ਦੀ ਗੰਗਾ ਉਛਲਦੀ। ਜਦ ਅਸੀਮਤ ਦਰਦ ਵਿਚ ਕਿਸੇ ਦਾ ਹਿਰਦਾ ਬਾਹਰ ਆਵੇ ਤਾਂ ਮੁੱਖ 'ਤੇ ਕਸੀਸ ਅਤੇ ਦਰਦ ਦੇ ਪ੍ਰਛਾਵੇਂ, ਫਿਜ਼ਾ ਵਿਚ ਚੁੱਪ-ਹਉਕਾ ਧਰ ਜਾਂਦੇ।

ਹਿਰਦੇ ਵਿਚ ਉਠੀ ਵੇਦਨਾ ਹੀ ਹੁੰਦੀ ਜੋ ਕੂਕਦੀ ਏ, 'ਸੱਜਣਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।' ਜਾਂ ਸੁਕਰਾਤ ਵਰਗਾ ਮਹਾਂ-ਪੁਰਖ ਬਿਗਾਨਿਆਂ ਦੇ ਪੱਥਰਾਂ ਦੀ ਪੀੜ ਨੂੰ ਤਾਂ ਹੱਸ ਕੇ ਜਰਦਾ ਏ ਪਰ ਮਿੱਤਰ ਦੇ ਮਾਰੇ ਫੁੱਲ ਦੀ ਪੀੜਾ ਉਸ ਦੀ ਰੂਹ ਨੂੰ ਜਖਮੀ ਕਰ ਜਾਂਦੀ ਏ।

ਕੋਮਲ ਭਾਵੀ ਵਿਅਕਤੀ ਦੀ ਰੂਹ ਛਿੱਲੀ ਜਾਂਦੀ ਜਦ ਉਹ ਦਰਦ ਭਿੰਨੀ ਵੇਦਨਾ ਸੁਣਦਾ, ਪੈਰਾਂ ਵਿਚ ਰੁਲਦੀ ਪੱਗ ਦੇਖਦਾ, ਖੇਤਾਂ ਵਿਚ ਉਗਦੀਆਂ ਖੁਦਕੁਸ਼ੀਆਂ ਵੰਨੀਂ ਝਾਕਦਾ, ਲੀਰਾਂ ਹੋ ਰਹੀ ਅਜ਼ਮਤ ਦੀ ਬੇਚਾਰਗੀ ਅੱਗੇ ਬੇਬੱਸ ਹੁੰਦਾ, ਪਰਵਾਸੀ ਪੁੱਤ ਦੀ ਪੈੜਚਾਲ ਦੀ ਆਸ 'ਚ ਸੁੱਕਣੇ ਪਏ ਮਾਪਿਆਂ ਨੂੰ ਚੇਤੇ ਕਰਦਾ, ਸੂਹੇ ਚੂੜੇ ਵਿਚ ਪਸਰ ਰਹੀ ਪਲਿੱਤਣ ਦੇਖਦਾ, ਪੇਕਿਆਂ ਨੂੰ ਉਡੀਕਦੀ ਧੀ ਦੇ ਸੁੰਨੇ ਬਨੇਰੇ ਨੂੰ ਕਿਆਸਦਾ ਜਾਂ ਭੈਣ ਦੀ ਰੱਖੜੀ ਵਾਲਾ ਗੁੱਟ ਕਿਸੇ ਨਹਿਰ ਕਿਨਾਰੇ ਜਾਂ ਰੇਲ ਗੱਡੀ ਦੀ ਲਾਈਨ 'ਤੇ ਲਾਸ਼ ਬਣ ਜਾਂਦਾ।

ਹਿਰਦੇਵੇਦਕ ਘਟਨਾਵਾਂ ਦੇ ਨਾਮ ਤੋਂ ਤ੍ਰਭਕਣ ਵਾਲੇ ਲੋਕਾਂ ਦੇ ਮੱਥੇ ਵਿਚ ਹੁੰਦਾ ਏ ਸੁਹਜ, ਸੰਵੇਦਨਾ ਅਤੇ ਸੁੱਚਮ ਨੂੰ ਅਕੀਦੇ 'ਚ ਪਰੋਣਾ, ਕਿਸੇ ਦਾ ਹੋਣਾ ਅਤੇ ਕਿਸੇ ਦੇ ਅੱਥਰੂਆਂ ਦੇ ਨਾਂਵੇਂ ਮਾਸੂਮ ਹਾਸਾ ਲਾਉਣਾ।

ਹਿਰਦੇ ਦੀ ਸ਼ਫਾਫਤ ਵਾਲੇ ਲੋਕ ਚਾਵਾਂ ਦਾ ਨਿਉਂਦਾ, ਭਾਵਨਾਵਾਂ ਦੀ ਤਸਬੀ, ਸ਼ੁਭ ਇੱਛਾਵਾਂ ਦੀ ਮੂਕ-ਅਰਦਾਸ, ਭਲੇ ਦਿਨਾਂ ਦੀ ਆਸ, ਚਾਨਣ ਵੰਡਦੀ ਪ੍ਰਭਾਤ ਅਤੇ ਸਾਹਾਂ ਵਿਚ ਮਹਿਕਾਂ ਬਿਖੇਰਦੀ ਬਹਾਰ-ਸੁਗਾਤ।

ਹਿਰਦੇ ਦੀ ਕੋਮਲਤਾ, ਮਾਸੂਮੀਅਤ ਦੀ ਤਸ਼ਬੀਹ, ਫਰੇਬ ਤੋਂ ਕੋਹਾਂ ਦੂਰ, ਮਗਰੂਰੀ ਅਤੇ ਮਜਬੂਰੀ ਤੋਂ ਆਜ਼ਾਦ। ਅਜਿਹੇ ਲੋਕ ਰੂਹ ਦੀ ਆਵਾਜ਼ ਸੁਣਦੇ ਅਤੇ ਆਪਣੇ ਰੰਗ ਵਿਚ ਜ਼ਿੰਦਗੀ ਨੂੰ ਪਰਿਭਾਸ਼ਤ ਕਰਦੇ।

ਹਿਰਦੇ ਵਿਚ ਪਿਆਰ, ਮੋਹ, ਅਪਣੱਤ, ਸਨੇਹ, ਸਮਰਪਣ ਤੇ ਸਾਦਗੀ ਨੂੰ ਵਸਾਉਣ ਵਾਲੇ ਲੋਕ ਮਾਨਵਤਾ ਦਾ ਸੁਰਖ ਮੁਹਾਂਦਰਾ ਹੁੰਦੇ ਜਿਹਦੇ ਨਾਲ ਸਮਾਜਿਕ ਲਿਸ਼ਕ ਪੈਦਾ ਹੁੰਦੀ।

ਹਿਰਦਾ ਹਿਰਦਾ ਹੋਣ ਵਾਲੇ ਲੋਕ ਖੁਦ ਨਾਲ ਸੰਵਾਦ ਰਚਾਉਂਦੇ, ਆਪਣੀ ਕਥਨੀ ਅਤੇ ਕਰਨੀ ਦਾ ਫਰਕ ਮਿਟਾਉਂਦੇ, ਆਪਣੇ ਕੀਤੇ ਦਾ ਲੇਖਾ-ਜੋਖਾ ਰੂਹ ਦੇ ਛਾਬੇ 'ਚ ਪਾਉਂਦੇ ਅਤੇ ਫਿਰ ਘਾਟੇ-ਵਾਧੇ ਨੂੰ ਝੋਲੀ ਵਿਚ ਪਾ, ਨਿਵੇਕਲੀ ਸੇਧ ਵੰਨੀਂ ਪੈਰ ਟਿਕਾਉਂਦੇ। ਮਨੁੱਖ ਹਰੇਕ ਨਾਲ ਫਰੇਬ ਕਰ ਸਕਦਾ, ਝੂਠ ਬੋਲ ਸਕਦਾ, ਕਪਟੀ ਹੋ ਸਕਦਾ ਪਰ ਖੁਦ ਦੇ ਰੂਬਰੂ ਹੁੰਦਿਆਂ ਬੇਪਰਦ ਜਰੂਰ ਹੁੰਦਾ।

ਜਦ ਕਿਸੇ ਦੇ ਨੈਣਾਂ ਵਿਚ ਸਿੱਲ ਉਤਰਦੀ, ਅੱਖ ਭਰਦੀ ਜਾਂ ਉਹ ਗੁਮਸੁੰਨਤਾ ਦਾ ਸਾਇਆ ਬਣ ਜਾਂਦਾ ਤਾਂ ਹਿਰਦੇ ਵਿਚ ਜ਼ਖਮ ਉਗਦੇ, ਅਸਹਿ ਪੀੜ ਫੁੱਟਦੀ ਅਤੇ ਫਿਰ ਕਿਸੇ ਮਰ੍ਹਮ, ਫੇਹੇ, ਦਵਾ ਜਾਂ ਦੁਆ ਲਈ ਫਰਿਆਦ ਕਰਦਾ। ਪਰ ਬਹੁਤ ਘੱਟ ਲੋਕ ਕਿਸੇ ਦੀ ਰੂਹ ਵਿਚ ਉਤਰ, ਉਸ ਦੇ ਗਮਾਂ ਦੀ ਥਾਹ ਪਾਉਂਦੇ। ਅਜਿਹੇ ਵਕਤ ਸਿਰਫ ਰੂਹਾਂ ਦੇ ਹਾਣੀ ਹੀ ਹੁੰਦੇ ਜੋ ਰੂਹ ਨੂੰ ਅੰਬਰੀਵੀ ਸਾਥੀ ਬਣਾਉਂਦੇ।

ਜਦ ਹਿਰਦੇ ਵਿਚ ਉਗੀ ਹੂਕ ਫਿਜ਼ਾ ਨੂੰ ਚੀਰਦੀ, ਕਿਸੇ ਧਾਰਮਿਕ ਦੁਆਰ ਨੂੰ ਨਤਮਸਤਕ ਹੁੰਦੀ ਜਾਂ ਕਿਸੇ ਪੈਗੰਬਰ ਨੂੰ ਮੁਖਾਤਬ ਹੁੰਦੀ ਤਾਂ ਹਵਾ ਵਿਚ ਸਿਸਕੀ ਉਗਦੀ। ਇਕ ਇਲਹਾਮੀ ਆਵੇਸ਼ ਪੈਦਾ ਹੁੰਦਾ ਜਿਸ ਲਈ ਬਹੁਤੇ ਲੋਕ ਕਿਆਸਦੇ ਹੀ ਰਹਿ ਜਾਂਦੇ। ਹਿਰਦੇ ਵਿਚ ਉਤਰਨ ਵਾਲੇ ਹੀ ਸੁਪਨਿਆਂ ਦੀ ਤਸ਼ਬੀਹ ਬਣਦੇ।




ਹਿਰਦੇ ਵਿਚ ਹਉਕਾ ਨਹੀਂ ਸਗੋਂ ਹੱਲਾਸ਼ੇਰੀ ਧਰੋ, ਮਾਤਮ ਨਹੀਂ ਸਗੋਂ ਮਦਹੋਸ਼ੀ ਭਰੋ, ਸੋਗ ਨਹੀਂ ਸਗੋਂ ਸੁਪਨੇ ਵਰੋ, ਹਨੇਰਾ ਨਹੀਂ ਸਗੋਂ ਚਾਨਣ ਕਰੋ ਅਤੇ ਇਸ ਦੀ ਬੀਆਬਾਨੀ ਦੇ ਨਾਮ ਰੰਗਾਂ ਦਾ ਦਰਿਆ ਕਰੋ।

ਹਿਰਦਾ ਅਤੇ ਮਨ ਦਾ ਗਹਿਰਾ ਸਬੰਧ। ਇਕ ਦੂਜੇ ਦੇ ਪੂਰਕ, ਆਸਥਾ ਅਤੇ ਅਹਿਸਾਸ। ਹਿਰਦੇ ਵਿਚ ਵੱਸਦੇ ਅਚੇਤ ਅਤੇ ਸੁਚੇਤ ਭਾਵ ਜਦ ਕਿ ਮਨ ਵਿਚ ਨਜ਼ਰ ਆਉਂਦੇ ਪ੍ਰਗਟਾਏ ਹੋਏ ਹਾਵ-ਭਾਵ, ਅਹਿਸਾਸ, ਮਨੋਭਾਵਨਾਵਾਂ ਤੇ ਕਾਮਨਾਵਾਂ। ਗਮ, ਦਰਦ, ਉਦਾਸੀ, ਖੁਸ਼ੀ, ਖੇੜੇ ਆਦਿ ਭਾਵ ਅਸੀਂ ਆਪਣੇ ਅੰਗਾਂ ਰਾਹੀਂ ਵੱਖ ਵੱਖ ਰੂਪ ਅਤੇ ਅੰਦਾਜ਼ ਵਿਚ ਪ੍ਰਗਟ ਕਰਦੇ। ਪਰ ਸਾਡੇ ਹਿਰਦੇ ਵਿਚ ਕੀ ਕੁਝ ਹੈ, ਅਸੀਂ ਇਸ ਨੂੰ ਕਈ ਵਾਰ ਪ੍ਰਗਟ ਕਰਨ ਤੋਂ ਅਸਮਰਥ ਹੁੰਦੇ। ਕਈ ਵਾਰ ਅੰਤਰੀਵੀ ਰੂਪ ਵਿਚ ਉਦਾਸ ਹੁੰਦਿਆਂ ਵੀ ਕਿਸੇ ਮੌਕੇ 'ਤੇ ਬਨਾਉਟੀ ਹਾਸੀ ਲਿਆਉਣੀ ਪੈਂਦੀ, ਮਨ ਵਿਚ ਮਰਨ ਦੀ ਇੱਛਾ ਰੱਖ ਕੇ ਜਿਉਣ ਦਾ ਢਕਵੰਜ ਕਰਨਾ ਪੈਂਦਾ ਜਾਂ ਕਿਸੇ ਨਾਲ ਪਲ ਦੀ ਸਾਂਝ ਪਾਉਣ ਤੋਂ ਮੁਨਕਰੀ ਦੇ ਬਾਵਜੂਦ ਸਾਥ ਸਾਥ ਤੁਰਨ ਲਈ ਮਜਬੂਰ ਹੋਣਾ ਪੈਂਦਾ। ਇਹ ਸਾਡੇ ਮਨ ਅਤੇ ਹਿਰਦੇ ਵਿਚਲੀ ਕਸ਼ਮਕਸ਼ ਕਾਰਨ ਹੀ ਵਾਪਰਦਾ। ਅਸੀਂ ਕਿਸੇ ਰੋਬੋਟ ਵਾਂਗ ਅਜਿਹੇ ਸਵੈ-ਵਿਰੋਧੀ ਪਲਾਂ ਵਿਚ ਪਿਸਦਿਆਂ, ਸਾਹਾਂ ਦੀ ਵੰਝਲੀ ਵਜਾਉਂਦੇ ਰਹਿੰਦੇ ਭਾਵੇਂ ਇਸ ਵਿਚੋਂ ਸੁਰ ਦੀ ਬਜਾਏ ਸੰਤਾਪੀ ਹੂਕ ਹੀ ਕਿਉਂ ਨਾ ਨਿਕਲਦੀ ਹੋਵੇ।

ਹਿਰਦਾ ਕਦੇ ਅੰਬਰ ਨੂੰ ਹੱਥ ਲਾਵੇ, ਕਦੇ ਪਤਾਲ ਵਿਚ ਗਰਕ ਜਾਵੇ। ਕਦੇ ਫੁੱਲਾਂ ਦੀ ਪਿਉਂਦ, ਕਦੇ ਟੁੱਟੇ ਪੱਤੇ ਦੀ ਅਉਧ। ਕਦੇ ਖਿੜਦੀ ਹਾਸੀ, ਕਦੇ ਢਲਦੀ ਸ਼ਾਮ ਦੀ ਉਦਾਸੀ। ਕਦੇ ਸੁੰਨੇ ਬਨੇਰੇ, ਕਦੇ ਉਗਮਦੇ ਸਵੇਰੇ। ਕਦੇ ਸਾਹ-ਸੰਗੀਤ, ਕਦੇ ਸਰਾਪੀ ਸੀਤ। ਕਦੇ ਰਾਹਾਂ ਦੇ ਰੋੜ, ਕਦੇ ਸੰਦਲੀ ਮੋੜ। ਕਦੇ ਸਿਆਲ ਦੀ ਨਿੱਘੀ ਸਵੇਰ, ਕਦੇ ਤਿੜਕਦੀ ਦੁਪਹਿਰ। ਕਦੇ ਰੁੱਤਾਂ ਦਾ ਰੋਣਾ, ਕਦੇ ਅੱਲ੍ਹਾ ਜਖਮ ਸਿਊਣਾ। ਕਦੇ ਆਪੇ ਦਾ ਸਿਮਟਣਾ, ਕਦੇ ਖੁਦ ਦਾ ਵਿਗਸਣਾ। ਕਦੇ ਅਸਗਾਹ, ਕਦੇ ਦੁਆ। ਕਦੇ ਬੰਦਗੀ, ਕਦੇ ਦਰਿੰਦਗੀ। ਕਦੇ ਪਲ-ਪਲ ਖੁਰਦਾ ਦੀਦਾਰ, ਕਦੇ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ। ਕਦੇ ਖੁਆਰੀ, ਕਦੇ ਖੁਮਾਰੀ। ਕਦੇ ਸ਼ਬਦਾਂ ਦੀ ਮੁਥਾਜੀ, ਕਦੇ ਅਰਥ-ਬਜ਼ਾਜ਼ੀ। ਕਦੇ ਅਬੋਲ ਹੋ ਜਾਣਾ, ਕਦੇ ਗੁੰਗਾ ਦਰਦ ਹੰਢਾਉਣਾ। ਕਦੇ ਬੋਲਾਂ ਦਾ ਨਗਰ, ਕਦੇ ਖਾਮੋਸ਼-ਡਗਰ। ਹਿਰਦੇ ਦੇ ਅਨੇਕ ਰੂਪ, ਰਿਦਮ, ਰਫਤਾਰ, ਰਸੀਲਤਾ ਅਤੇ ਰੰਗ।

ਕਦੇ ਕਦੇ ਹਿਰਦੇ ਮੁੱਢ ਬਹਿਣਾ, ਮਨ ਦੀਆਂ ਬਾਤਾਂ ਕਹਿਣਾ, ਇਸ ਦੇ ਹੁੰਗਾਰੇ ਨੂੰ ਉਡੀਕਣਾ ਅਤੇ ਇਸ ਦੀ ਸਲਾਹ ਤੇ ਸੰਗਤੀ ਵਿਚੋਂ ਆਪਣੇ ਆਪ ਨੂੰ ਵਿਸਥਾਰਨਾ, ਹਿਰਦੇ 'ਚ ਰਹਿਣ ਵਾਲੇ, ਹਿਰਦੇ 'ਚ ਵਸਾਉਣ ਵਾਲੇ ਅਤੇ ਹਿਰਦਿਆਂ ਦੀ ਬਾਤ ਪਾਉਣ ਵਾਲਿਆਂ ਦੀ ਨਗਰੀ ਵਿਚ ਤੁਹਾਡਾ ਸੁਆਗਤ ਕੀਤਾ ਜਾਵੇਗਾ। ਪਰ ਬਹੁਤ ਘੱਟ ਲੋਕ ਅਜਿਹੀ ਨਗਰੀ ਵਿਚ ਜਾਣ ਦੇ ਚਾਹਵਾਨ ਕਿਉਂਕਿ ਸਭ ਤੋਂ ਔਖਾ ਹੁੰਦਾ ਏ ਹਿਰਦੇ ਦੇ ਮਾਰਗ ਨੂੰ ਜੀਵਨ-ਮਾਰਗ ਬਣਾਉਣਾ।

ਹਿਰਦੇ ਦੀਆਂ ਸਭ ਬਾਤਾਂ ਪਾਉਂਦੇ, ਵੱਖ-ਵੱਖ ਰੂਪਾਂ ਦੀ ਸੰਗਤ ਵੀ ਮਾਣਦੇ, ਇਸ ਨੂੰ ਜੀਵਨੀ ਰੂਪ ਵਿਚ ਵੀ ਢਾਲਦੇ ਪਰ ਫਿਰ ਵੀ ਹਿਰਦੇਵਾਨ ਵਿਅਕਤੀ ਕੋਮਲ ਭਾਵਨਾਵਾਂ ਅਤੇ ਸੱਚੀਆਂ-ਸੁੱਚੀਆਂ ਭਾਵਨਾਵਾਂ ਨੂੰ ਜੀਵਨੀ ਤਰਤੀਬ ਵਿਚ ਲਿਆਉਣ ਤੋਂ ਪਾਸਾ ਹੀ ਵੱਟਦੇ। ਅਜਿਹਾ ਸਾਡੇ ਮਨ ਵਿਚ ਵੱਸੇ ਕਪਟੀ ਵਿਹਾਰ, ਦੋਗਲੀ ਸੋਚ ਅਤੇ ਦੰਭੀ ਕਿਰਦਾਰ ਕਰਕੇ ਹੀ ਹੋ ਰਿਹਾ ਹੈ। ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੀ ਇਹ ਹੈ ਕਿ ਉਹ ਖੁਦ ਵਿਚੋਂ ਖੁਦੀ ਨੂੰ ਮਿਟਾ ਕੇ, ਜੀਵਨ ਦੇ ਸੰਦਲੀ ਮਾਰਗ ਦਾ ਪਾਂਧੀ ਬਣਨ ਤੋਂ ਇਨਕਾਰੀ ਏ।

ਹਿਰਦੇ ਰਾਹੀਂ ਤੁਰਦੇ ਜਾਣਾ ਹੀ ਦਰਅਸਲ ਇਸ ਨੂੰ ਆਪਣਾ ਆਦਰਸ਼ ਬਣਾਉਣਾ ਅਤੇ ਇਸ ਦੀ ਸੱਦ 'ਚੋਂ ਸੁਪਨ ਸੰਸਾਰ ਸਜਾਉਣਾ ਤੇ ਜੀਵਨੀ ਸੰਦਰਭ ਨੂੰ ਉਲਥਾਉਣਾ ਹੁੰਦਾ।

ਹਿਰਦੇ ਵਿਚ ਵੱਸਣ ਵਾਲਾ ਪਿਆਰ ਸਾਰਿਆਂ ਲਈ ਇਕਸਾਰ, ਪਰਿੰਦਿਆਂ, ਪਸ਼ੂਆਂ, ਕੁਦਰਤ ਅਤੇ ਕੁਦਰਤੀ ਕਿਆਮਤਾਂ ਨਾਲ ਜੁੜੇ ਸੁੱਚੇ ਸਰੋਕਾਰ ਅਤੇ ਇਨ੍ਹਾਂ ਦੇ ਵਿਸਥਾਰ ਵਿਚੋਂ ਮਨੁੱਖ ਦਾ ਸੁੱਚਾ ਕਿਰਦਾਰ।

ਦੁੱਖ ਇਸ ਗੱਲ ਦਾ ਹੈ ਕਿ ਅਜੋਕੇ ਸਮੇਂ ਵਿਚ ਹਿਰਦੇ ਤੋਂ ਅਤੇ ਹਿਰਦੇ ਨਾਲ ਪਿਆਰ ਕਰਨ ਵਾਲਿਆਂ ਦਾ ਤੁਖਮ-ਨਾਸ਼। ਵਿਕਦਾ ਹੈ ਮੋਹ, ਤਨ-ਮਨ ਦੀ ਲੱਗਦੀ ਹੈ ਬੋਲੀ ਅਤੇ ਤੱਕੜੀ ਵਿਚ ਤੁਲਦੇ ਹਨ ਸਬੰਧ, ਸਕੀਰੀਆਂ ਤੇ ਸਬੰਧੀ।

ਹਿਰਦਾ ਦੁਖਾਉਣਾ, ਨਾ-ਮੁਆਫੀ ਯੋਗ ਗੁਨਾਹ। ਹਿਰਦੇ ਵਿਚ ਹੀ ਬੰਦਿਆਈ ਵਸਦੀ ਏ। ਇਸੇ ਲਈ ਤਾਂ ਬਾਬਾ ਫਰੀਦ ਜੀ ਕਹਿੰਦੇ ਨੇ, "ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।"

ਹਿਰਦੇ ਤੋਂ ਉਠੀਆਂ ਤਰੰਗਾਂ ਮਨ ਦੀ ਬੀਹੀ ਵਿਚ ਦੀਪਕ ਰਾਗ ਛੇੜਦੀਆਂ, ਮਸਤਕ-ਵਿਹੜੇ ਵਿਚ ਰੌਸ਼ਨ ਫਿਜ਼ਾਵਾਂ ਦਾ ਨਿਉਂਦਾ ਅਤੇ ਇਸ ਪਾਕ ਫਿਜ਼ਾ ਵਿਚ ਮੌਲਦੇ ਸੁੱਚੀਆਂ ਭਾਵਨਾਵਾਂ ਦੇ ਚਿੱਟੇ ਗੁਲਾਬ।

ਹਿਰਦੇ 'ਚੋਂ ਫੁੱਟਦੀ ਦਿਲਦਾਰੀ ਮੋਹ ਦੀ ਹਾਕ ਹੀ ਹੁੰਦੀ ਜੋ ਕਦੇ ਮਾਰੂਥਲਾਂ ਨੂੰ ਗਾਹੁੰਦੀ, ਕਦੇ ਝਨਾਂ ਦੀ ਹਿੱਕ 'ਤੇ ਤਰਦੀ, ਕਦੇ ਮੱਝੀਆਂ ਦਾ ਵਾਗੀ ਅਤੇ ਕਦੇ ਮਾਛੀਵਾੜੇ ਦੇ ਜੰਗਲਾਂ ਵਿਚ ਮਿੱਤਰ-ਪਿਆਰੇ ਲਈ ਕੂਕਦੀ ਤਾਂ ਪਿਆਰ, ਸਰੀਰਕ ਤੋਂ ਰੂਹਾਨੀ ਪੰਧ ਦਾ ਸਫਰਨਾਮਾ ਬਣ ਜਾਂਦਾ।

ਹਿਰਦੇ ਰਾਹੀਂ ਦਿਲ ਵਿਚ ਉਤਰੇ ਵਿਚਾਰ, ਭਾਵ-ਸੰਚਾਰ ਅਤੇ ਸੁਪਨਈ ਸੰਸਾਰ ਜਦ ਕਰਦਾ ਏ ਅੰਤਰੀਵ ਦੇ ਦੀਦਾਰ ਤਾਂ ਹੋ ਜਾਂਦਾ ਏ ਅੱਗ ਦਾ ਦਰਿਆ ਪਾਰ। ਫੁੱਲ ਹਮੇਸ਼ਾ ਕੰਡਿਆਂ ਦੀ ਸੰਗਤ ਵਿਚ ਆਪਣੀ ਨੂਰਾਨੀ ਅਤੇ ਅਦੀਬੀ ਮਹਿਕ ਨੂੰ ਬਖੇਰਨ ਵਿਚ ਮਾਣ ਮਹਿਸੂਸ ਕਰਦੇ ਨੇ।

ਹਿਰਦੇ ਵਿਚ ਵੱਸਦੀ ਰੂਹਾਨੀ ਦੇਵਨੀਤੀ ਦਾ ਹਾਰਦਿਕ ਸੁਆਗਤ ਕਰੋ। ਇਸ ਵਿਚ ਪਨਪਦੇ ਸਦ-ਵਿਚਾਰਾਂ, ਸਰੋਕਾਰਾਂ, ਸਹਿਚਾਰਾਂ ਤੇ ਸੁਖਨ-ਹੁਲਾਰਾਂ ਨੂੰ ਆਪਣੇ ਜੀਵਨ ਦਾ ਹਾਸਲ ਬਣਾਓ। ਜੀਵਨ ਦੀ ਸਤਰੰਗੀ ਵਿਚ ਹਰ ਰੰਗ ਦਾ ਨਿਖਾਰ, ਜੀਵਨ-ਅੰਬਰ ਨੂੰ ਚਾਰ ਚੰਨ ਲਾਵੇਗਾ।

ਆਮੀਨ।

# ਸੋਮਨਾਥ ਦਾ ਮੰਦਰ

**ਕੁਲਜੀਤ ਮਾਨ**

ਇਕ ਪੋਲਿਸ਼ ਵਿਅਕਤੀ ਅਮਰੀਕਾ ਚਲੇ ਗਿਆ ਤੇ ਉਥੇ ਜਾ ਕੇ ਕਿਸੇ ਅਮਰੀਕਨ ਕੁੜੀ ਨਾਲ ਵਿਆਹ ਕਰਵਾ ਲਿਆ। ਉਸ ਦੀ ਅੰਗਰੇਜ਼ੀ ਥੋੜ੍ਹੀ ਜਿਹੀ ਗੁਲਾਬੀ ਸੀ, ਪਰ ਫੇਰ ਵੀ ਕੰਮ ਚਲਾਈ ਜਾਂਦਾ ਸੀ। ਕੰਮ ਚਲਾਊ ਅੰਗਰੇਜ਼ੀ ਨਾਲ ਅਮਰੀਕਨ ਕੁੜੀ ਨਾਲ ਕੰਮ ਨਹੀਂ ਚਲਦੇ ਹੁੰਦੇ।

ਜਲਦੀ ਹੀ ਪਤਾ ਲੱਗ ਗਿਆ ਕਿ ਜੇ ਜ਼ਬਾਨ ਹੀ ਨਾ ਆਉਂਦੀ ਹੋਵੇ ਤਾਂ ਨਾ ਪਲਾਜੇ ਵਿਕਦੇ ਹਨ ਤੇ ਨਾ ਵਿਆਹ ਚਲਦੇ ਹਨ। ਸੋ ਉਸ ਨੇ ਸੋਚਿਆ ਕਿ ਖਹਿੜਾ ਛੁਡਾਉ ਤੇ ਉਹ ਇੱਕ ਵਕੀਲ ਕੋਲ ਚਲੇ ਗਿਆ ਤੇ ਕਹਿੰਦਾ, "ਇਸ ਤੋਂ ਪਹਿਲਾਂ ਕਿ ਸੋਮਨਾਥ ਦਾ ਮੰਦਿਰ ਬਾਕੀਆਂ ਲਈ ਬੈਨ ਹੋ ਜਾਵੇ, ਮੈਨੂੰ ਜਲਦੀ ਤੋਂ ਜਲਦੀ ਤਲਾਕ ਚਾਹੀਦਾ ਹੈ। ਘਬਰਾਏ ਹੋਏ ਨਾਲ ਵਕੀਲ ਦੀ ਗੱਲ ਬਾਤ ਕੁਝ ਇੰਜ ਹੋਈ:

**ਵਕੀਲ:** ਤੇਰੇ ਕੋਲ ਤਲਾਕ ਲਈ ਕੋਈ ਗਰਾਊਂਡ ਹੈ?

**ਪੋਲਿਸ਼ ਮੈਨ:** ਯਾ ਯਾ, ਮੈਂ ਜੋ ਨਵਾ ਪਲਾਜਾ ਖਰੀਦਿਆ ਹੈ, ਉਹਦੇ ਪਿੱਛੇ ਡੂੜ ਏਕੜ ਗਰਾਊਂਡ ਹੈ। ਇੱਕ ਛੋਟਾ ਜਿਹਾ ਘਰ ਵੀ ਹੈ, ਬਜਰੰਗ ਬਲੀ ਦੀ ਮੂਰਤੀ ਰੱਖੀ ਹੈ, ਉਸ ਵਿਚ।

**ਵਕੀਲ:** ਨਹੀ ਮੇਰਾ ਮਤਲਬ ਹੈ ਕਿ ਤਲਾਕ ਦੀ ਫਾਊਂਡੇਸ਼ਨ ਕੀ ਹੈ?

**ਪੋਲਿਸ਼ ਮੈਨ:** ਇਹ ਕੰਕਰੀਟ ਦੀ ਬਣੀ ਹੈ, ਫਟਾ ਫਟ ਵਿਕ ਜਾਵੇਗੀ।

**ਵਕੀਲ:** ਕੀ ਤੁਹਾਡੇ ਦੋਵੇਂ ਪਤੀ-ਪਤਨੀ ਵਿਚ ਕੋਈ ਅਸਲ ਗਰੱਜ ਹੈ?

**ਪੋਲਿਸ਼ ਮੈਨ:** ਜੀ ਸਾਡੇ ਕੋਲ ਘਰ ਵਿਚ ਕਾਰ ਪੋਰਟ ਹੈ, ਗੈਰਾਜ਼ ਦੀ ਲੋੜ ਹੀ ਨਹੀਂ ਹੈ।

**ਵਕੀਲ:** ਤੈਨੂੰ ਅੰਗਰੇਜ਼ੀ ਆਉਂਦੀ ਹੈ?

**ਪੋਲਿਸ਼ ਮੈਨ:** ਜੀ ਉਹ ਕੀ ਹੁੰਦੀ ਹੈ? ਮੈਂ ਤੇ ਨਾਸਤਿਕ ਹਾਂ।

**ਵਕੀਲ:** ਨਹੀਂ, ਮੇਰਾ ਮਤਲਬ ਹੈ ਤੁਹਾਡੇ ਰਿਲੇਸ਼ਨ ਕਿਵੇਂ ਦੇ ਹਨ?

**ਪੋਲਿਸ਼ ਮੈਨ:** ਮੇਰੇ ਸਾਰੇ ਰਿਲੇਸ਼ਨ ਪੋਲੈਂਡ ਹਨ। ਅਮਰੀਕਾ ਵਿਚ ਤੇ ਸਿਰਫ ਬਜਰੰਗ ਬਲੀ ਹੀ ਹੈ। ਮੇਰਾ ਗੁਆਂਢੀ, ਉਹ ਲੰਡਨ ਯੂਨੀਵਰਸਿਟੀ ਵਿਚ ਪੜ੍ਹਦਾ ਹੈ। ਸ਼ਾਇਦ ਉਥੇ ਹੀ ਕੋਈ ਕੰਡੋ ਲੈ ਲਵੇ।

**ਵਕੀਲ:** ਕੀ ਵਿਆਹ ਵਿਚ ਕੋਈ ਵਿਸ਼ਵਾਸ਼ਘਾਤ ਹੈ ਆਈ ਮੀਨ ਇਨਫਾਇਡਲਿਟੀ?

**ਪੋਲਿਸ਼ ਮੈਨ:** ਜੀ ਸਾਡੇ ਕੋਲ hi-fidelity stereo set ਤੇ ਇੱਕ ਵਧੀਆ ਡੀ.ਵੀ.ਡੀ. ਪਲੇਅਰ ਹੈ, ਅਸੀਂ ਚੰਡੀਗੜ੍ਹੋਂ ਮੰਗਵਾਇਆ ਹੈ।

**ਵਕੀਲ:** ਕੀ ਤੇਰੀ ਪਤਨੀ ਨੇ ਕਦੇ ਤੇਰੀ ਕੁੱਟ-ਮਾਰ ਕੀਤੀ ਹੈ?

**ਪੋਲਿਸ਼ ਮੈਨ:** ਨਹੀਂ ਜੀ, ਇਹ ਕੰਮ ਤੇ ਸਗੋਂ ਮੈਂ ਕਰਦਾ ਹਾਂ ਜਦੋਂ ਉਹ ਨਾਸਤਿਕ ਨਹੀਂ ਬਣਦੀ।

**ਵਕੀਲ:** ਤੂੰ ਉਹਦੇ ਕੋਲੋਂ ਖਹਿੜਾ ਕਿਉਂ ਛੁਡਵਾਉਣਾ ਚਾਹੁੰਦਾ ਹੈਂ? ਕਿਉਂ ਚਾਹੀਦਾ ਹੈ ਤੈਨੂੰ ਤਲਾਕ?

**ਪੋਲਿਸ਼ ਮੈਨ:** ਜੀ ਤਲਾਕ ਲੈਣਾ ਮੇਰਾ ਮੌਲਿਕ ਅਧਿਕਾਰ ਹੈ। ਤਲਾਕ ਤੋਂ ਬਾਅਦ ਮੈ ਦਰਸ਼ਨਾਂ ਲਈ ਸੋਮ ਨਾਥ ਦੇ ਮੰਦਿਰ ਜਾਣਾ ਹੈ।

**ਵਕੀਲ:** ਉਹ ਤੇ ਠੀਕ ਹੈ ਪਰ ਸਮਾਜ ਵਿਚ ਤਲਾਕ ਨੂੰ ਚੰਗਾ ਨਹੀਂ ਸਮਝਿਆ ਜਾਂਦਾ।

**ਪੋਲਿਸ਼ ਮੈਨ:** ਜੀ ਮੈਨੂੰ ਲਗਦਾ ਹੈ ਕਿ ਉਹ ਮੇਰਾ ਕਤਲ ਕਰਨਾ ਚਾਹੁੰਦੀ ਹੈ।

**ਵਕੀਲ:** ਉਹ ਕਿਹੜੀ ਗੱਲ ਹੈ ਜਿਸ ਨਾਲ ਤੂੰ ਇਸ ਨਤੀਜੇ 'ਤੇ ਪਹੁੰਚਿਆ?

**ਪੋਲਿਸ਼ ਮੈਨ:** ਜੀ ਉਹ ਕਦੇ ਵੀ ਮੈਨੂੰ ਬੋਲਣ ਲਈ ਡੂਢ ਮਿੰਟ ਤੋਂ ਵਧ ਸਮਾਂ ਹੀ ਨਹੀਂ ਦਿੰਦੀ। ਨਾਲੇ ਮੇਰੇ ਕੋਲ ਸਬੂਤ ਹੈ।


**ਵਕੀਲ:** ਹੈਂ! ਕਿਹੋ ਜਿਹਾ ਸਬੂਤ?

**ਪੋਲਿਸ਼ ਮੈਨ:** ਉਹ ਮੈਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਉਸ ਨੇ ਇੱਕ ਸ਼ੀਸ਼ੀ ਡਰੱਗ ਸਟੋਰ ਤੋਂ ਖਰੀਦ ਕੇ ਵਾਸ਼ਰੂਮ ਵਿਚ ਰੱਖੀ ਹੈ। ਮੈਂ ਇਤਨੀ ਕੁ ਅੰਗਰੇਜ਼ੀ ਤੇ ਜਾਣਦਾ ਹਾਂ ਕਿ ਉਸ 'ਤੇ ਲਿਖਿਆ ਪੜ੍ਹ ਸਕਾਂ।

**ਵਕੀਲ:** ਕੀ ਲਿਖਿਆ ਹੈ ਸ਼ੀਸ਼ੀ 'ਤੇ?

**ਪੋਲਿਸ਼ ਮੈਨ:** ਜੀ, ਉਸ 'ਤੇ ਅੰਗਰੇਜ਼ੀ ਵਿਚ ਲਿਖਿਆ ਹੈ, POLISH REMOVER.

# ਬੰਦਾ ਬਹਾਦਰ ਦਾ ਵਕਤ




ਸਾਲ 2004 ਵਿਚ ਫਿਲਮ ਨਿਰਮਾਤਾ/ਨਿਰਦੇਸ਼ਕ ਹੈਰੀ ਬਵੇਜਾ ਐਨੀਮੇਸ਼ਨ ਫਿਲਮ 'ਚਾਰ ਸਾਹਿਬਜ਼ਾਦੇ' ਲੈ ਕੇ ਆਇਆ ਤਾਂ ਹਰ ਪਾਸੇ ਬੱਲੇ-ਬੱਲੇ ਹੋ ਗਈ। ਦਰਸ਼ਕਾਂ ਨੇ ਤਾਂ ਇਸ ਫਿਲਮ ਨੂੰ ਭਰਪੂਰ ਹੁੰਗਾਰਾ ਭਰਿਆ ਹੀ, ਉਸ ਨੂੰ ਉਂਜ ਵੀ ਬਹੁਤ ਮਾਣ-ਤਾਣ ਮਿਲਿਆ।

**ਗੁਰਜੰਟ ਸਿੰਘ**

ਕਮਾਈ ਅਤੇ ਸਿਫਤਾਂ ਪੱਖੋਂ ਤਾਂ ਇਸ ਫਿਲਮ ਨੇ ਕਈ ਨਵੇਂ ਰਿਕਾਰਡ ਵੀ ਬਣਾਏ। ਇਸ ਮਾਣ-ਤਾਣ ਅਤੇ ਹੁੰਗਾਰੇ ਦਾ ਹੀ ਨਤੀਜਾ ਸੀ ਕਿ ਹੈਰੀ ਬਵੇਜਾ ਹੁਣ ਇਸ ਫਿਲਮ ਦੀ ਸੀਕੁਅਲ 'ਚਾਰ ਸਾਹਿਬਜ਼ਾਦੇ-2: ਦਿ ਰਾਈਜ਼ ਆਫ ਬੰਦਾ ਸਿੰਘ ਬਹਾਦਰ' ਲੈ ਕੇ ਹਾਜ਼ਰ ਹੋਇਆ ਹੈ। ਪਹਿਲੀ ਫਿਲਮ ਵਿਚ ਸਾਰੀ ਕਹਾਣੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਉਤੇ ਕੇਂਦਰਤ ਸੀ। ਇਸ ਦਾ ਸਮਾਂ 17ਵੀਂ ਸਦੀ ਦੇ ਅੰਤ ਅਤੇ 18ਵੀਂ ਸਦੀ ਦੇ ਆਰੰਭ ਨਾਲ ਬਾਵਸਤਾ ਸੀ। ਇਸ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਕਹਾਣੀ ਛੇੜੀ ਗਈ ਹੈ। ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਦਾ ਆਪਣਾ, ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਹ ਅਜਿਹਾ ਸੂਰਬੀਰ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਖਾਲਸਾ ਪੰਥ ਦੇ ਸਿਧਾਂਤ ਨੂੰ ਅੱਗੇ ਵਧਾਇਆ। ਪਹਿਲੇ ਸਿੱਖ ਰਾਜ ਦੀ ਕਾਇਮੀ ਦਾ ਸਿਹਰਾ ਵੀ ਉਸੇ ਦੇ ਸਿਰ ਬੱਝਦਾ ਹੈ। ਉਸ ਨੇ ਪੰਜਾਬ ਵਿਚ ਪਹਿਲੀ ਵਾਰ ਜ਼ਿਮੀਦਾਰੀ ਸਿਸਟਮ ਖਤਮ ਕੀਤਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦਿਵਾਈ। ਬਾਬਾ ਬੰਦਾ ਸਿੰਘ ਬਹਾਦਰ ਦਾ 1670 ਵਿਚ ਕਸ਼ਮੀਰ ਵਿਚ ਹੋਇਆ ਦੱਸਿਆ ਜਾਂਦਾ ਹੈ। ਸੰਨ 1716 ਵਿਚ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਵੇਲੇ ਉਸ ਦੀ ਉਮਰ ਮਹਿਜ਼ 45 ਵਰ੍ਹਿਆਂ ਦੀ ਸੀ। ਬਾਬਾ ਬੰਦਾ ਬਹਾਦਰ ਨੇ ਜ਼ੁਲਮਾਂ ਦੇ ਨਾਸ ਲਈ 11 ਲੜਾਈਆਂ ਲੜੀਆਂ ਅਤੇ ਚੱਪੜ ਚਿੜੀ ਦੀ ਮਸ਼ਹੂਰ ਲੜਾਈ ਵਿਚ ਵਜ਼ੀਰ ਖਾਨ ਨੂੰ ਪਾਰ ਬੁਲਾ ਦਿੱਤਾ।


ਫਿਲਮਸਾਜ਼ ਹੈਰੀ ਬਵੇਜਾ

'ਚਾਰ ਸਾਹਿਬਜ਼ਾਦੇ-2: ਦਿ ਰਾਈਜ਼ ਆਫ ਬਾਬਾ ਬੰਦਾ ਸਿੰਘ ਬਹਾਦਰ' ਭਾਵੇਂ ਪਹਿਲੀ ਫਿਲਮ 'ਚਾਰ ਸਾਹਿਬਜ਼ਾਦੇ' ਵਾਲਾ ਕ੍ਰਿਸ਼ਮਾ ਕਰਨ ਵਿਚ ਤਾਂ ਅਸਫਲ ਰਹੀ ਹੈ, ਪਰ ਇਸ ਨੇ ਨਾਲ ਹੀ ਰਿਲੀਜ਼ ਹੋਈ ਫਿਲਮ 'ਰੌਕ-2' ਨਾਲੋਂ ਵਧੇਰੇ ਕਮਾਈ ਕੀਤੀ ਹੈ। ਫਿਲਮ ਦਾ ਪਹਿਲਾ ਅੱਧ ਜ਼ਿਆਦਾ ਲਮਕਾ ਦਿੱਤਾ ਗਿਆ ਜਿਸ ਕਾਰਨ ਫਿਲਮ ਦੀ ਕਹਾਣੀ ਦਿਲਚਸਪ ਹੋਣ ਦੇ ਬਾਵਜੂਦ ਕਈ ਥਾਂਈਂ ਅਕਾਊ ਬਣ ਗਈ। ਅਸਲ ਵਿਚ ਬਾਬਾ ਬੰਦਾ ਸਿੰਘ ਦੀ ਅਸਲ ਕਹਾਣੀ ਦੂਜੇ ਅੱਧ ਦੌਰਾਨ ਹੀ ਆਰੰਭ ਹੁੰਦੀ ਹੈ ਅਤੇ ਉਦੋਂ ਹੀ ਫਿਲਮ ਗਤੀ ਫੜਦੀ ਹੈ। ਜੇ ਕਿਤੇ ਇਸ ਗੱਲ ਦਾ ਖਿਆਲ ਰੱਖ ਲਿਆ ਹੁੰਦਾ ਅਤੇ ਪਹਿਲੇ ਅੱਧ ਵੱਲ ਵਧੇਰੇ ਧਿਆਨ ਦਿੱਤਾ ਹੁੰਦਾ ਤਾਂ ਇਹ ਸੀਕੁਅਲ ਵੀ ਪਹਿਲੀ ਫਿਲਮ ਵਾਂਗ ਆਪਣੇ ਝੰਡੇ ਗੱਡਦੀ। ਅਸਲ ਵਿਚ ਹੈਰੀ ਬਵੇਜਾ 'ਚਾਰ ਸਾਹਿਬਜ਼ਾਦੇ' ਤੋਂ ਅਗਲੀ ਗੱਲ ਠੁਕਦਾਰ ਢੰਗ ਨਾਲ ਨਹੀਂ ਕਰ ਸਕਿਆ, ਇਸੇ ਕਰ ਕੇ ਇਹ ਫਿਲਮ ਪਹਿਲੀ ਫਿਲਮ ਦਾ ਹੀ ਦੁਹਰਾਅ ਲਗਦੀ ਹੈ। ਉਂਝ, ਬੰਦਾ ਬਹਾਦਰ ਦੀ ਕਹਾਣੀ ਲੋਕਾਂ ਤੱਕ ਲੈ ਕੇ ਜਾਣੀ ਆਪਣੇ ਆਪ ਵਿਚ ਵੱਡਾ ਅਤੇ ਸਾਰਥਕ ਕਦਮ ਹੈ। ਇਸ ਕੰਮ ਲਈ ਸਾਨੂੰ ਸਭ ਨੂੰ ਉਸ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।

# ਫਾਰਮੂਲਾ ਫਿਲਮਾਂ ਹੁਣ ਬੀਤੇ ਦੀ ਬਾਤ: ਸਵਰਾ

ਸਿਆਣੀ ਅਤੇ ਸੁਘੜ ਅਦਾਕਾਰਾ ਸਵਰਾ ਭਾਸਕਰ ਜਿਸ ਨੇ ਆਪਣੀ ਪ੍ਰਤਿਭਾ ਦੇ ਸਿਰ ਉਤੇ ਹਿੰਦੀ ਫਿਲਮ ਜਗਤ ਵਿਚ ਆਪਣਾ ਨਾਂ ਕਮਾਇਆ ਹੈ, ਦਾ ਮੰਨਣਾ ਹੈ ਕਿ ਫਾਰਮੂਲਾ ਫਿਲਮਾਂ ਦੇ ਦਿਨ ਹੁਣ ਲੱਦ ਗਏ ਹਨ। ਹੁਣ ਤਾਂ ਵੱਡੇ ਸਟਾਰਾਂ ਦਾ ਫਿਲਮ ਵਿਚ ਹੋਣਾ ਵੀ ਫਿਲਮ ਦੀ ਸੁਰੱਖਿਆ ਦਾ ਜ਼ਾਮਨ ਨਹੀਂ ਹੈ। ਇਸੇ ਕਰ ਕੇ ਸਲਮਾਨ ਖਾਨ ਵਰਗੇ ਅਦਾਕਾਰ/ਨਿਰਮਾਤਾ ਵੀ ਹੁਣ ਸਦਾ ਚੰਗੀਆਂ ਕਹਾਣੀਆਂ ਦੀ ਭਾਲ ਵਿਚ ਭੱਜੇ ਫਿਰਦੇ ਦਿਖਾਈ ਦਿੰਦੇ ਹਨ। ਯਾਦ ਰਹੇ ਕਿ ਪਿੱਛੇ ਜਿਹੇ ਸਵਰਾ ਭਾਸਕਰ ਦੀ ਫਿਲਮ 'ਨਿੱਲ ਬਟੇ ਸੰਨਾਟਾ' ਆਈ ਸੀ ਜਿਸ ਦੀ ਕਹਾਣੀ ਨੇ ਤਾਂ ਸਭ ਦਾ ਧਿਆਨ ਖਿੱਚਿਆ ਹੀ ਸੀ, ਸਵਰਾ ਦੀ ਅਦਾਕਾਰੀ ਦੀ ਵੀ ਖੂਬ ਪ੍ਰਸ਼ੰਸਾ ਹੋਈ ਸੀ। ਸਵਰਾ ਭਾਸਕਰ ਹੁਣ ਬਹੁਤ ਖੁਸ਼ ਹੈ ਕਿ ਅਜਿਹੇ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਫਿਲਮ ਜਗਤ ਵਿਚ ਨਿੱਤਰ ਆਏ ਹਨ ਜਿਹੜੇ ਆਜ਼ਾਦਾਨਾ ਸੋਚ ਰੱਖਦੇ ਹਨ ਅਤੇ ਫਿਲਮ ਜਗਤ ਵਿਚ ਕੁਝ ਨਵਾਂ ਸਿਰਜਣ ਦੇ ਆਹਰ ਵਿਚ ਹਨ। ਉਸ ਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਹੋਰ ਵੀ ਵਧੀਆ ਸਿਨੇਮਾ ਦਰਸ਼ਕਾਂ ਨੂੰ ਦੇਖਣ ਨੂੰ ਮਿਲੇਗਾ। ਉਸ ਦੀਆਂ ਦੋ ਫਿਲਮਾਂ 'ਮੈਂਗੋ' ਅਤੇ 'ਵੀਰੇ ਦੀ ਵੈਡਿੰਗ' ਛੇਤੀ ਹੀ ਆ ਰਹੀਆਂ ਹਨ।



# ਖੂਬਸੂਰਤੀ ਦੀ ਧਾਰਨਾ 'ਤੇ ਵਿਅੰਗ: ਖੂਬਸੂਰਤ



ਆਵਾਜ਼ ਦੇ ਕਹਾਂ ਹੈ... -66-

**ਕੁਲਦੀਪ ਕੌਰ**
ਫੋਨ: +91-98554-04330

ਖੂਬਸੂਰਤੀ ਦੀ ਧਾਰਨਾ ਬਾਰੇ ਸਦੀਆਂ ਤੋਂ ਬਹਿਸ ਹੋ ਰਹੀ ਹੈ। ਦੁਨੀਆ ਇੰਨੀ ਜ਼ਿਆਦਾ ਰੰਗ-ਬਿਰੰਗੀ ਹੈ ਕਿ ਖੂਬਸੂਰਤੀ ਦਾ ਕੋਈ ਆਲਮੀ ਮਿਆਰ ਜਾਂ ਪੈਮਾਨਾ ਤੈਅ ਕਰਨ ਦਾ ਯਤਨ ਆਪਣੇ-ਆਪ ਵਿਚ ਹਾਸੋ-ਹੀਣਾ ਭਾਸਦਾ ਹੈ। ਖੂਬਸੂਰਤੀ ਬਾਰੇ ਪੰਜਾਬ ਵਿਚ ਆਮ ਕਿਹਾ ਜਾਂਦਾ ਹੈ- ਕੰਮ ਪਿਆਰਾ ਹੈ, ਚੰਮ ਨਹੀਂ। ਜੇ ਇਸ ਤਰਕ ਨੂੰ ਥੋੜ੍ਹੀ ਹੋਰ ਜ਼ਰਬ ਦਿਤੀ ਜਾਵੇ ਤਾਂ ਲੋਕ-ਦਲੀਲ ਹੈ- ਸੋਹਣਾ ਉਹ ਜੋ ਸੋਹਣੇ ਕੰਮ ਕਰੇ। ਰਿਸ਼ੀਕੇਸ਼ ਮੁਖਰਜੀ ਨੇ ਆਪਣੀ ਫਿਲਮ 'ਖੂਬਸੂਰਤ' ਦੀ ਪਟਕਥਾ ਖੂਬਸੂਰਤੀ ਦੀ ਪ੍ਰੀਭਾਸ਼ਾ ਅਤੇ ਜ਼ਿੰਦਾਦਿਲੀ ਦੇ ਮਾਅਨਿਆਂ ਦੇ ਆਸ-ਪਾਸ ਬੁਣੀ ਹੈ। ਇਹ ਫਿਲਮ ਰਿਸ਼ੀਕੇਸ਼ ਮੁਖਰਜੀ ਦੀਆਂ ਸਫਲ ਫਿਲਮਾਂ ਵਿਚੋਂ ਇਕ ਹੈ। ਇਸ ਨਾਲ ਅਦਾਕਾਰਾ ਦੇ ਤੌਰ 'ਤੇ ਰੇਖਾ ਨੂੰ ਵੀ ਨਵੀਂ ਪਛਾਣ ਮਿਲੀ ਸੀ।

ਫਿਲਮ ਦੀ ਕਹਾਣੀ ਕਾਫੀ ਸਾਧਾਰਨ ਹੈ, ਪਰ ਇਹ ਸਾਬਤ ਕਰਨ ਲਈ ਕਾਫੀ ਹੈ ਕਿ ਕਿਵੇਂ ਕਿਸੇ ਆਮ ਜਿਹੀ ਕਹਾਣੀ ਰਾਹੀਂ ਸਮਾਜਿਕ ਨਜ਼ਰੀਏ ਵਿਚ ਤਬਦੀਲੀ ਲਿਆਉਣ ਦੀ ਸੰਭਾਵਨਾ ਵੀ ਹੁੰਦੀ ਹੈ। ਫਿਲਮ ਦੀ ਕਹਾਣੀ ਅਨੁਸਾਰ, ਲਾਲਾ ਰਾਮ ਦਿਆਲ (ਡੇਵਿਡ) ਦੀ ਕੁੜੀ ਅੰਜੂ ਦਾ ਵਿਆਹ ਅਜਿਹੇ ਘਰ ਵਿਚ ਤੈਅ ਹੁੰਦਾ ਹੈ ਜਿਥੇ ਘਰ ਦੀ ਮਾਲਕਣ ਨਿਰਮਲਾ ਦੇਵੀ (ਦੀਨਾ ਪਾਠਕ) ਦੀ ਤਾਨਾਸ਼ਾਹੀ ਚਲਦੀ ਹੈ। ਉਸ ਨੇ ਘਰ ਵਿਚ ਤੁਰਨ-ਫਿਰਨ, ਖਾਣ-ਪੀਣ ਅਤੇ ਆਪਸੀ ਵਰਤੋਂ-ਵਿਹਾਰ ਲਈ ਇੰਨੇ ਕਾਇਦੇ ਲਾਗੂ ਕੀਤੇ ਹੋਏ ਹਨ ਕਿ ਘਰ ਦੇ ਜੀਆਂ ਨੂੰ ਘਰ ਜੇਲ੍ਹਖਾਨਾ ਜਾਪਦਾ ਹੈ। ਉਸ ਦਾ ਪਰਿਵਾਰ ਦੇ ਜੀਆਂ 'ਤੇ ਇਸ ਤਰ੍ਹਾਂ ਦਾ ਦਬਦਬਾ ਹੈ ਕਿ ਉਹ ਆਪਣੇ ਮੁੰਡਿਆਂ ਦੀਆਂ ਵਹੁਟੀਆਂ ਵੀ ਆਪਣੀ ਪਸੰਦ ਦੀਆਂ ਲੈ ਕੇ ਆਉਂਦੀ ਹੈ। ਵਿਚਕਾਰਲੇ ਮੁੰਡੇ ਦਾ ਵਿਆਹ ਜਦੋਂ ਅੰਜੂ ਨਾਲ ਹੁੰਦਾ ਹੈ ਤਾਂ ਉਸ ਦੀ ਛੋਟੀ ਭੈਣ ਮੰਜੂ ਵੀ ਉਸ ਨਾਲ ਕੁਝ ਦਿਨ ਰਹਿਣ ਲਈ ਆਉਂਦੀ ਹੈ। ਮੰਜੂ (ਰੇਖਾ) ਆਜ਼ਾਦ ਖਿਆਲ ਤੇ ਪੜ੍ਹੀ-ਲਿਖੀ ਕੁੜੀ ਹੈ ਜਿਸ ਨੂੰ ਇਨ੍ਹਾਂ ਕਾਇਦਿਆਂ ਵਿਚੋਂ ਔਰਤਾਂ ਦੀ ਨਾਬਰਾਬਰੀ ਅਤੇ ਖਿਆਲਾਂ ਦੀ ਆਜ਼ਾਦੀ 'ਤੇ ਪਾਬੰਦੀ ਦਾ ਝਲਕਾਰਾ ਪੈਂਦਾ ਹੈ। ਹੌਲੀ-ਹੌਲੀ ਉਸ ਨੂੰ ਸਮਝ ਲੱਗਣ ਲੱਗਦੀ ਹੈ ਕਿ ਕਿਵੇਂ ਇਨ੍ਹਾਂ ਪਾਬੰਦੀਆਂ ਕਾਰਨ ਘਰ ਦੇ ਸਾਰੇ ਜੀਆਂ ਦੀ ਜ਼ਿੰਦਗੀ ਵਿਚੋਂ ਹਾਸਾ ਤੇ ਖੂਬਸੂਰਤੀ ਕਿਰ ਰਹੇ ਹਨ। ਉਧਰ, ਉਸ ਦੇ ਆਜ਼ਾਦ ਖਿਆਲ ਸੁਭਾਅ ਅਤੇ ਸੋਚ ਕਾਰਨ ਨਿਰਮਲਾ ਉਸ ਨੂੰ ਇਕਦਮ ਹੀ ਰੱਦ ਕਰ ਦਿੰਦੀ ਹੈ।

ਨਿਰਮਲਾ ਦਾ ਪਤੀ ਵੀ ਉਸ ਦੀ ਤਾਨਾਸ਼ਾਹੀ ਤੋਂ ਦੁਖੀ ਤਾਂ ਹੈ, ਪਰ ਉਸ ਵਿਚ ਹਿੰਮਤ ਨਹੀਂ ਕਿ ਉਹ ਆਣੀ ਪਤਨੀ ਦਾ ਸਾਹਮਣਾ ਕਰ ਸਕੇ। ਉਹ ਅਤੇ ਉਸ ਦਾ ਛੋਟਾ ਬੇਟਾ ਇੰਦਰ (ਰਾਕੇਸ਼ ਰੋਸ਼ਨ) ਦਿਲੋਂ ਮੰਜੂ ਨੂੰ ਪਸੰਦ ਕਰਨ ਦੇ ਨਾਲ-ਨਾਲ ਪਹਿਲੀ ਵਾਰ ਆਪਣੀ ਜ਼ਿੰਦਗੀ ਦਾ ਹਾਲ ਉਸ ਦੀਆਂ ਅੱਖਾਂ ਨਾਲ ਦੇਖਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚਲੀ ਗੁੰਝਲ ਦੀ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ। ਇਸ ਮਸਲੇ ਦਾ ਹੱਲ ਲੱਭਣ ਲਈ ਮੰਜੂ ਜਾਣ-ਬੁਝ ਕੇ ਨਾਟਕ ਖੇਡਦੀ ਹੈ ਜਿਸ ਵਿਚ ਉਹ ਘਰ ਦੇ ਸਾਰੇ ਜੀਆਂ ਨੂੰ ਸ਼ਾਮਿਲ ਕਰ ਲੈਂਦੀ ਹੈ। ਜਦੋਂ ਉਹ ਸਾਰੇ ਨਿਰਮਲਾ ਬਾਰੇ ਆਪਣੀਆਂ ਅਸਲ ਭਾਵਨਾਵਾਂ ਨਾਟਕ ਰਾਹੀ ਪ੍ਰਗਟਾ ਰਹੇ ਹੁੰਦੇ ਹਨ ਤਾਂ ਅਚਾਨਕ ਆਈ ਨਿਰਮਲਾ ਲਈ ਇਹ ਸਭ ਸੁਣਨਾ ਕਿਸੇ ਸਦਮੇ ਤੋਂ ਘੱਟ ਨਹੀਂ ਹੁੰਦਾ। ਉਸ ਨੂੰ ਜਾਪਦਾ ਹੈ ਕਿ ਉਹਦੀ ਉਮਰ ਭਰ ਦੀ ਕਮਾਈ ਮਿੱਟੀ ਹੋ ਗਈ ਹੈ। ਉਸ ਦਾ ਆਪਣੇ ਪਤੀ ਨਾਲ ਜ਼ਬਰਦਸਤ ਝਗੜਾ ਹੁੰਦਾ ਹੈ ਜਿਸ ਕਾਰਨ ਦੁਆਰਕਾ ਪ੍ਰਸਾਦ ਨੂੰ ਦਿਲ ਦਾ ਦੌਰਾ ਪੈ ਜਾਂਦਾ ਹੈ। ਜਦੋਂ ਸਾਰੇ ਪਰਿਵਾਰਕ ਜੀਅ ਘਬਰਾ ਜਾਂਦੇ ਹਨ ਤਾਂ ਮੰਜੂ ਆਪਣੀ ਹੁਸ਼ਿਆਰੀ ਨਾਲ ਉਸ ਦੀ ਜਾਨ ਬਚਾ ਲੈਂਦੀ ਹੈ ਤੇ ਨਿਰਮਲਾ ਦੇਵੀ ਨੂੰ ਜ਼ਿੰਦਗੀ ਦਾ ਨਵਾਂ ਸਬਕ ਮਿਲਦਾ ਹੈ।

ਇਸ ਫਿਲਮ ਦਾ ਸੰਗੀਤ ਵੀ ਸਾਧਾਰਨ ਹੈ, ਪਰ ਫਿਲਮ ਦੀ ਪਟਕਥਾ ਮੁਤਾਬਿਕ ਢੁਕਵਾਂ ਹੈ। 'ਸਾਰੇ ਨਿਯਮ ਤੋੜ ਦੋ, ਨਿਯਮ ਪੇ ਚਲਨਾ ਛੋੜ ਦੋ' ਅਤੇ 'ਸੁਨ ਦੀਦੀ ਸੁਨ ਦੀਦੀ ਤੇਰੇ ਲੀਏ ਇਕ ਰਿਸ਼ਤਾ ਆਇਆ ਹੈ' ਉਸ ਸਮੇਂ ਦੀ ਅੱਲ੍ਹੜ ਪੀੜ੍ਹੀ ਵਿਚ ਖੂਬ ਮਕਬੂਲ ਹੋਏ ਸਨ। ਇਸ ਫਿਲਮ ਨੂੰ ਤੰਦਰੁਸਤ ਜੀਵਨ ਦਾ ਮੰਤਰ ਦੇਣ ਲਈ ਵੀ ਯਾਦ ਕੀਤਾ ਜਾਂਦਾ ਰਹੇਗਾ।






ਫਿਲਮਸਾਜ਼ ਰਿਸ਼ੀਕੇਸ਼ ਮੁਖਰਜੀ ਦੀ ਫਿਲਮ 'ਖੂਬਸੂਰਤ' ਦਾ ਪੋਸਟਰ ਅਤੇ (ਸੱਜੇ) ਫਿਲਮ ਦੀ ਨਾਇਕਾ ਰੇਖਾ।

ਨਿਰਵਿਘਨ ਪ੍ਰਕਾਸ਼ਨ ਦੇ 17ਵੇਂ ਸਾਲ 'ਚ (ਪਹਿਲੀ ਜਨਵਰੀ 2000-2016)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਸਭ ਨੂੰ


ਰੱਬ ਨੂੰ 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ' ਦਾ ਨਿਹੋਰਾ ਦੇਣ ਵਾਲੇ

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ


**ਪੰਜਾਬ ਟਾਈਮਜ਼ ਨਾਈਟ 2017**
**25 ਮਾਰਚ 2017 ਨੂੰ**

*ਪਿਛਲੇ 16 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ



ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ



ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੁਰਾ


ਜਗਦੀਸ਼ਰ ਸਿੰਘ ਕਲੇਰ


ਅਯੁਧਿਆ ਸਲਵਾਨ

## ਵਿਸ਼ੇਸ਼ ਸਹਿਯੋਗੀ


*ਡਾ. ਹਰਜਿੰਦਰ ਸਿੰਘ ਖਹਿਰਾ*


*ਜੈਰਾਮ ਸਿੰਘ (ਨੀਟੂ) ਕਾਹਲੋਂ*



*ਗੁਰਮੁਖ ਸਿੰਘ ਭੁੱਲਰ*


*ਸੁਰਿੰਦਰ ਸਿੰਘ ਭਾਟੀਆ*


*ਇੰਦਰਮੋਹਨ ਸਿੰਘ ਛਾਬੜਾ*

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


*ਗੁਰਬਚਨ ਸਿੰਘ ਭੁੱਲਰ*



*ਤਰਲੋਚਨ ਸਿੰਘ ਦੁਪਾਲਪੁਰ*


*ਐਸ. ਅਸ਼ੋਕ ਭੌਰਾ*


*ਡਾ. ਗੁਰਨਾਮ ਕੌਰ*


*ਬੀਬੀ ਸੁਰਜੀਤ ਕੌਰ*


*ਡਾ. ਗੁਰਬਖਸ਼ ਸਿੰਘ ਭੰਡਾਲ*


*ਬਲਜੀਤ ਬਾਸੀ*


*ਹਰਪਾਲ ਸਿੰਘ ਪੰਨੂ*


*ਜਤਿੰਦਰ ਪਨੂੰ*


*ਦਲਜੀਤ ਅਮੀ*


*ਮੇਜਰ ਕੁਲਾਰ*


*ਇਕਬਾਲ ਜੱਬੋਵਾਲ*


**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**



**Ph: 847-359-0746**

*e-mail: punjabtimes1@sbcglobal.net, website: www.punjabtimesusa.com*